ੴ ਸਤਿਗੁਰ ਪ੍ਰਸਾਦਿ।।

੧

ਸੋਰਠਿ ਮਹਲਾ ੫ ॥
ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥
ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥
(ਪੰਨਾ ੬੧੨)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ !!

ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥
(ਪੰਨਾ ੮੬੪)

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥ (ਪੰਨਾ ੯੩੦)

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥
(ਪੰਨਾ ੨੭੬)

ਜੀਵ ਨੂੰ ਭੁਲੇਖਾ ਪੈ ਗਿਆ, ਇਸੇ ਕਰਕੇ ਜੀਵ ਹੈ। ਇਹ ਭੁਲੇਖਾ ਨਾ ਪੈਂਦਾ, ਭੁੱਲ ਨਾ ਪੈਂਦੀ ਤਾਂ ਇਹ ਪਰੀਪੂਰਨ ਪਰਮੇਸ਼ਰ ਦੇ ਨਾਲ, ਮਨ ਨੂੰ ਇੱਕ ਕਰ ਲੈਂਦਾ।

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ (ਪੰਨਾ ੬੭੦)

ਜਿਹੜਾ '**ਸਦਾ ਸਤਿ**' ਰਹਿਣ ਵਾਲਾ ਪਰਮੇਸ਼ਰ ਹੈ, ਹੇ ਮੇਰੇ ਮਨ ! ਤੂੰ ਉਸਦਾ ਜਾਪ ਕਰ। ਜਿੰਨਾ ਚਿਰ ਤੂੰ ਦੁਨੀਆਂ ਦੀ ਕਲਪਣਾ ਕਰਦਾ ਰਹੇਂਗਾ, ਓਨਾ ਚਿਰ ਤੈਨੂੰ, ਉਹ ਵਸਤੂ ਪ੍ਰਾਪਤ ਨਹੀਂ ਹੋਏਗੀ 'ਆਤਮ ਵਸਤੂ' । ਉਹ ਆਤਮ ਵਸਤੂ ਕਿਤੇ ਬਾਹਰ ਨਹੀਂ ਹੈ।

ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥

(ਪੰਨਾ ੧੫੨)

ਗੁਰੂ ਸਾਹਿਬ ਨੇ ਇਉਂ ਵਿਧੀ ਦੱਸੀ ਹੈ, ਭਾਈ –

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ (ਪੰਨਾ ੬੭੦)

ਜਿਹੜਾ '**ਸਦਾ ਸਤਿ**' ਰਹਿਣ ਵਾਲਾ ਪਰਮੇਸ਼ਰ ਹੈ। ਉਹ ਸਤਿ, ਚਿਤ, ਅਨੰਦ ਹੈ। ਤੂੰ, ਉਹਦਾ ਜਾਪ ਕਰ। ਕਦੋਂ ਤੱਕ? ਜਦ ਤੱਕ ਤੇਰਾ ਮਨ, ਉਸ ਪਰਮੇਸ਼ਰ ਦੇ ਨਾਲ ਜੁੜ ਨਾ ਜਾਵੇ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥

(ਪੰਨਾ ੨੯੫)

ਹੇ ਜੀਵ ! ਤੇਰਾ ਉਧਾਰ ਸਿਮਰਨ ਵਿੱਚ ਹੈ, ਹੋਰ ਕਾਸੇ ਵਿੱਚ ਨਹੀਂ। ਪਰ ਉਸ ਸਿਮਰਨ ਨੂੰ, ਤੂੰ ਬੰਦ ਨਾ ਕਰ। ਜਦੋਂ ਤੈਨੂੰ ਬਾਹਰਲੇ ਖਿਆਲ ਆਉਣਗੇ, ਤੇਰਾ ਸਿਮਰਨ ਬੰਦ ਹੋ ਜਾਵੇਗਾ। ਉਹ ਜਿਹੜਾ '**ਸਦਾ ਸਤਿ**' ਨਾਮ ਹੈ, ਤੂੰ ਉਸਦਾ ਜਾਪ ਕਰ। ਗੁਰੂ ਸਾਹਿਬ ਕਹਿੰਦੇ ਹਨ, ਉਹ ਇੱਕ, ਸਾਰੇ ਸਮਾਇਆ ਹੋਇਆ ਹੈ। ਸੱਤਾ ਇੱਕ ਹੈ। ਹੋਰ ਕੋਈ ਦੂਸਰੀ ਸੱਤਾ ਨਹੀਂ। ਇੱਕ ਸੱਤਾ ਹੈ, ਉਹ ਪਰੀਪੂਰਨ ਪਰਮੇਸ਼ਰ ਹੈ। ਉਹ ਕੋਟ ਬ੍ਰਹਮੰਡ ਦਾ ਮਾਲਕ ਹੈ। ਉਹ, ਜਿਹੜਾ ਸਾਰੇ ਬ੍ਰਹਮੰਡ ਦੀ ਉਤਪਤੀ, ਪਾਲਣਾ ਅਤੇ ਲੈਅ ਕਰਦਾ ਹੈ, ਉਹ ਇੱਕ ਪਰਮੇਸ਼ਰ ਹੀ ਹੈ।

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ (ਪੰਨਾ ੭)

ਗੁਰੂ ਨਾਨਕ ਸਾਹਿਬ ਦਾ ਸਿਧਾਂਤ ਇੱਕ ਹੈ। ਜਦੋਂ ਖਵਾਜਾ ਦਿਲ ਮੁਹੰਮਦ ਜਪੁ ਜੀ ਦੇ ਅਰਥ ਕਰਦਾ-ਕਰਦਾ ਉਥੇ (30ਵੀਂ ਪਉੜੀ ਤੇ) ਆਇਆ, ਉਹ ਕਹਿਣ ਲੱਗਿਆ ਬਈ ਇਹ ਨਾਨਕ ਸਿਧਾਂਤ ਤਾਂ ਨਹੀਂ। ਗੁਰੂ ਨਾਨਕ ਸਿਧਾਂਤ ਵਿੱਚ ਤਾਂ ਇੱਕ ਸੱਤਾ ਹੈ। ਤੁਸੀਂ ਏਥੇ ਤਿੰਨ ਸੱਤਾ ਕਿਸ ਤਰ੍ਹਾਂ ਕਹਿ ਸਕਦੇ ਹੋਂ ? ਉਤਪਤੀ, ਬ੍ਰਹਮਾ ਕਰਦਾ ਹੈ, ਪਾਲਣਾ, ਵਿਸ਼ਨੂੰ ਕਰਦਾ ਹੈ ਅਤੇ ਲੈਅ ਸ਼ਿਵ ਕਰਦਾ ਹੈ। ਇਹ ਤਾਂ ਕਾਰਕ ਨੇ, ਇਹ ਅਸਲ ਵਿੱਚ ਇਨ੍ਹਾਂ ਕੰਮਾਂ ਦੇ ਦੇਵਤੇ ਹਨ। ਅਸਲੀ ਇਨ੍ਹਾਂ ਦਾ ਇਹ ਕੰਮ ਨਹੀਂ ਹੈ। ਉਹ ਤਾਂ ਇੱਕ ਸੱਤਾ ਹੈ, ਇੱਕ ਈਸ਼ਵਰ ਹੈ। ਉਹ ਈਸ਼ਵਰ ਹੀ ਉਤਪਤੀ, ਪਾਲਣਾ ਤੇ ਲੈਅ ਕਰਦਾ ਹੈ। ਗੁਰੂ ਸਾਹਿਬ ਨੇ, ਉਹੀ ਬਾਤ ਇੱਥੇ ਕਹਿ ਦਿੱਤੀ। ਹੁਣ ਪੜ੍ਹ ਭਾਈ!

ਸੋਰਠਿ ਮਹਲਾ ੫॥

ਸੋਰਠ ਰਾਗ ਵਿੱਚ ਪੰਜਵੇਂ ਪਾਤਸ਼ਾਹ, ਗੁਰੂ ਅਰਜਨ ਦੇਵ ਮਹਾਰਾਜ ਉਪਦੇਸ਼ ਕਰਦੇ ਹਨ-

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ

ਉਹ ਕੋਟ ਬ੍ਰਹਮੰਡ ਦਾ ਮਾਲਕ, ਠਾਕੁਰ, ਸੁਆਮੀ ਪਰਮੇਸ਼ਰ ਹੈ। ਹੋਰ ਕੋਈ ਨਹੀਂ ਹੈ। ਉਹ ਇੱਕ ਹੈ। ਇਸ ਕਰਕੇ, ਸਾਰੇ ਬ੍ਰਹਮੰਡਾਂ ਦਾ ਮਾਲਕ ਇੱਕ ਹੈ। ਇਸਦੇ ਵਿੱਚ ਕਹਿੰਦੇ-ਭੁਲੇਖਾ ਨਾ ਖਾ ਜਾਈਂ ।

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥

ਸਾਰੇ ਜੀਆਂ ਦਾ ਦਾਤਾ ਇੱਕ ਹੈ। ਸਰਬ ਜੀਆਂ ਦਾ ਜੋ ਦਾਤਾ ਹੈ, ਉਹ ਇੱਕ ਪਰਮੇਸ਼ਰ ਹੈ। ਇਸ ਕਰਕੇ, ਜੀਵ ਨੂੰ ਇਸ ਤੇ ਦ੍ਰਿੜ ਨਿਸਚਾ ਰੱਖਣਾ ਚਾਹੀਦਾ ਹੈ। ਜਦ ਤੱਕ ਉਸਦੇ ਵਿੱਚ ਉਹ ਅਵਸਥਾ ਨਾ ਆਵੇ-

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੦੮੩)

ਜੋ ਦੇਖਣ ਵਿੱਚ ਆਉਂਦਾ ਹੈ, ਉਹ ਸਾਰਾ ਝੂਠ ਹੈ। ਪਰ ਜਿਹੜਾ

ਦੇਖਣੇ ਵਾਲਾ ਦ੍ਰਸ਼ਟਾ ਹੈ, ਉਹ ਹਮੇਸ਼ਾ ਹੀ ਇੱਕ ਹੈ। ਦ੍ਰਸ਼ਟਾ ਦਾ ਦ੍ਰਸ਼ਟਾ ਨਹੀਂ ਬਣਦਾ। ਜੇ ਤੁਸੀਂ ਦ੍ਰਸ਼ਟਾ ਭਿੰਨ ਮੰਨ ਲੈਂਦੇ ਹੋ ਤਾਂ ਤੁਹਾਨੂੰ ਉਸਦਾ ਵੀ ਕੋਈ ਦ੍ਰਸ਼ਟਾ ਮੰਨਣਾ ਪਵੇਗਾ। ਇਸ ਕਰਕੇ, ਸਭ ਦਾ ਦ੍ਰਸ਼ਟਾ ਇੱਕ ਪਰਮੇਸ਼ਰ ਹੈ। ਉਹ ਜਨਮ- ਮਰਨ ਤੋਂ ਰਹਿਤ ਹੈ। ਉਹੀ ਉਤਪਤੀ, ਪਾਲਣਾ ਤੇ ਲੈਅ ਕਰਦਾ ਹੈ। ਸਾਰੇ ਬ੍ਰਹਮੰਡ ਦੀ ਉਤਪਤੀ ਅਤੇ ਪਾਲਣਾ ਇੱਕੋ ਹੀ ਪਰਮੇਸ਼ਰ ਕਰਦਾ ਹੈ।

ਪ੍ਰਤਿਪਾਲੈ ਨਿਤ ਸਾਰਿ ਸਮਾਲੈ

ਸਭ ਦੀ ਸਾਰ ਦਾ ਉਸਨੂੰ ਪਤਾ ਹੈ, ਤਾਂ ਹੀ ਉਹ ਪ੍ਰਤਿਪਾਲਣਾ ਤੇ ਸੰਭਾਲ ਕਰਦਾ ਹੈ। ਉਹ ਨਿੱਤ ਹੈ, ਉਹ ਸਰਬੱਗ ਹੈ। ਈਸ਼ਵਰ 'ਨਿੱਤ ਸਰਬੱਗ' ਲਿਖਿਆ ਹੋਇਆ ਹੈ। ਸਾਰੇ ਜੀਵ, ਪਰਮੇਸ਼ਰ ਦੇ ਘੱਲੇ ਹੋਏ ਆਉਂਦੇ ਹਨ। ਹੋਰ ਕਿਸੇ ਨੇ ਨਹੀਂ ਘੱਲਣੇ। ਇਸ ਕਰਕੇ, ਉਹ ਹਮੇਸ਼ਾ ਸਭ ਨੂੰ ਪਾਲਦਾ ਹੈ ਅਤੇ ਸਭ ਨੂੰ ਸੰਭਾਲਦਾ ਹੈ। ਬਈ, ਇਸ ਵਕਤ ਇਸਦਾ ਕੀ ਖਿਆਲ ਹੈ, ਇਸ ਖਿਆਲ ਦਾ ਕੀ ਫਲ ਹੋਏਗਾ ? ਉਸਦੇ ਅਨੁਸਾਰ ਸਭ ਦੀ ਪਾਲਣਾ ਕਰਦਾ ਹੈ।

ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥

ਇਸ ਜੀਵ ਨੇ, ਇਹ ਮੂਰਖਤਾ ਕੀਤੀ ਹੈ ਕਿ ਉਸਦੇ ਗੁਣਾਂ ਨੂੰ ਨਹੀਂ ਜਾਣਿਆਂ ਕਿ ਉਹ ਮੇਰੀ ਉਤਪਤੀ, ਪਾਲਣਾ, ਲੈਅ ਕਰਦਾ ਹੈ, ਕਰਮ ਫਲ ਦਾ ਵਿਧਾਤਾ ਹੈ। ਉਹ ਹਮੇਸ਼ਾ ਕਰਮ ਫਲ ਭੁਗਤਾਉਂਦਾ ਹੈ। ਇਸ ਕਰਕੇ, ਇਸਨੇ ਇਹ ਸਾਰ ਨਹੀਂ ਜਾਣੀ। ਇਸ ਬਾਤ ਦਾ, ਇਸ ਨੂੰ ਪਤਾ ਨਾ ਲੱਗਿਆ। ਜੇ ਉਸਨੂੰ ਦਾਤਾ ਮੰਨ ਕੇ, ਪਾਲਣ-ਕਰਤਾ ਮੰਨ ਕੇ, ਉਸਦਾ ਦਾਸ ਹੋ ਜਾਂਦਾ ਅਤੇ ਮਨ ਨੂੰ ਉਸਦਾ ਜਾਪ ਕਰਨ ਵਿੱਚ ਲਾ ਦਿੰਦਾ ਤਾਂ ਕਿਸੇ ਦਿਨ ਇਸਨੂੰ ਬਹੁਤ ਅੱਛਾ ਫਲ ਮਿਲਦਾ। ਉਹ ਸਭ ਦੀ ਸਾਰ ਸੰਭਾਲ ਕਰਦਾ ਹੈ। ਅਸਲੀ ਤਾਂ ਉਹੀ ਜਾਣਦਾ ਹੈ, ਉਹ ਸਰੱਬਗ ਹੈ। ਇਸ ਕਰਕੇ, ਅਸੀਂ ਉਸਨੂੰ ਅਸਲੀ ਤੌਰ ਤੇ ਨਹੀਂ ਜਾਣਦੇ, ਏਹੀ ਸਾਡੀ ਮੂਰਖਤਾ ਹੈ। ਉਹ ਪਾਲਣਾ ਵੀ ਕਰਦੈ ਤੇ ਸੰਭਾਲ ਵੀ ਕਰਦਾ ਹੈ। ਉਹ ਨਿੱਤ ਵੀ ਹੈ ਪਰ ਉਸਦਾ ਨਾ

ਪਤਾ ਲੱਗਣ ਕਰਕੇ, ਅਸੀਂ ਉਸਦੇ ਗੁਣਾਂ ਦੀ ਸੰਭਾਲ ਨਹੀਂ ਕੀਤੀ। ਜੇ ਉਸਦੇ ਗੁਣਾਂ ਦੀ ਸੰਭਾਲ ਕਰਦੇ-

ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ ॥

(ਪੰਨਾ ੨੮੯)

ਹੇ ਜੀਵ! ਜੇ ਤੂੰ ਉਸਦੇ ਗੁਣ ਗਾਉਂਦਾ ਤਾਂ ਉਹ ਤੇਰੀ ਸੰਭਾਲ ਵੀ ਕਰਦਾ ਅਤੇ ਤੇਰੇ ਜਿੰਨੇ ਵੀ ਮਾੜੇ ਕਰਮ ਸਨ, ਉਹ ਸਾਰੇ ਆਪਣੇ ਆਪ ਸਾਫ ਹੋ ਜਾਂਦੇ। ਤੂੰ ਪਰਮੇਸ਼ਰ ਦੇ ਸਨਮੁੱਖ ਹੋ ਜਾਂਦਾ। ਸਨਮੁੱਖ ਹੋਕੇ, ਤੈਨੂੰ ਸੁਰਤ ਆ ਜਾਂਦੀ, ਬਈ ਪਾਲਣ-ਕਰਤਾ, ਉਤਪਤੀ-ਕਰਤਾ ਅਤੇ ਲੈਅ-ਕਰਤਾ ਇੱਕ ਪਰਮੇਸ਼ਰ ਹੀ ਹੈ। ਉਸਦੀ ਉਪਾਸਨਾ ਕਰਨੀ ਹੈ।

ਹਰਿ ਆਰਾਧਿ ਨ ਜਾਨਾ ਰੇ ॥

ਹਰੀ ਦੀ ਅਰਾਧਨਾ ਨਹੀਂ ਜਾਣੀ, ਸਾਡੇ ਮਨ ਨੇ । ਹਰੀ ਦੇ ਨਾਲ ਬਿਰਤੀ ਜੋੜਕੇ, ਉਸਦਾ ਅਰਾਧਨ ਨਾ ਕੀਤਾ ਤੇ ਧਿਆਨ ਵੀ ਕਰਨਾ ਹੈ। ਧਿਆਨ ਤੋਂ ਅੱਗੇ ਅਰਾਧਨ ਹੈ। ਅਰਾਧਨ ਵੀ ਉਸੇ ਦਾ ਕਰਨਾ ਸੀ। ਕਬੀਰ ਨੇ ਪਰਮੇਸ਼ਰ ਦਾ ਅਰਾਧਨ ਕੀਤਾ। ਧੰਨੇ ਨੇ ਵੀ ਉਸੇ ਦਾ ਅਰਾਧਨ ਕੀਤਾ। ਜਿਸ-2 ਨੇ ਵੀ ਅਰਾਧਨ ਕੀਤਾ, ਉਹ ਬਖਸ਼ੇ ਗਏ ਪਰ ਅਸੀਂ ਉਸਦਾ ਅਰਾਧਨ ਨਹੀਂ ਜਾਣਿਆ। ਸਾਡਾ ਮਨ ਦੁਨੀਆਂ ਵਿੱਚ ਫਸ ਰਿਹਾ ਹੈ। ਦੁਨੀਆਂ ਦੇ ਕੰਮ ਵੀ ਕਰਨੇ ਸਨ, ਪਰ ਅੰਤਰ ਜਿਹੜਾ ਮਨ ਹੈ, ਉਸਨੂੰ ਪਰਮੇਸ਼ਰ ਨਾਲ ਜੋੜਕੇ ਰੱਖਣਾ ਸੀ।

ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥

(ਪੰਨਾ ੪੩੫)

ਇਸਨੇ ਅੰਤਰ ਆਤਮਾ ਨੂੰ ਵਿਆਪਕ ਨਹੀਂ ਜਾਣਿਆ। ਜੇ ਅੰਤਰ ਆਤਮਾ ਨੂੰ ਇਹ ਵਿਆਪਕ ਜਾਣ ਲੈਂਦਾ ਤਾਂ ਇਹ ਉਸ ਨਾਲ ਅਭੇਦ ਹੋ ਜਾਂਦਾ। ਇਸਦੇ ਸਾਰੇ ਦੁੱਖ ਮੁੱਕ ਜਾਂਦੇ। ਤੁਹਾਡਾ ਮਨ ਕਲਪਣਾ ਕਰਦਾ ਹੈ, ਪਰ ਉਥੇ ਕੋਈ ਦੇਖਣ ਵਾਲਾ ਵੀ ਤਾਂ ਹੈ। ਪਿੱਛੋਂ ਸੋਚਿਆ, ਕਿ ਮੈਂ ਤਾਂ ਦੁਨੀਆਂ ਦੀਆਂ ਹੋਰ ਹੀ ਕਲਪਣਾ

ਕਰਦਾ ਰਿਹਾ। ਪਰ ਜੋ ਮਨ ਕਲਪਣਾ ਕਰਦਾ ਹੈ ਤਾਂ ਉਸਨੂੰ ਦੇਖਣ ਵਾਲਾ ਆਤਮਾ ਹੈ। ਉਹ ਦ੍ਰਸ਼ਟਾ ਵੀ ਤਾਂ ਉਥੇ ਹੀ ਹੈ। ਤੇਰੀ ਸਾਰੀ ਕਲਪਣਾ ਨੂੰ ਉਹ ਦੇਖਦਾ ਹੈ, ਪਰ ਆਪ ਅਲਹਿਦਾ ਹੈ। ਉਹ ਗੇਅ ਨਾਲ ਗਿਆਤਾ ਨਹੀਂ ਮਿਲਦਾ, ਗਿਆਨ ਮਿਲ ਜਾਏਗਾ। ਸੋਚਿਆ, ਜਾਣਿਆ, ਫਿਰ ਗਿਆਤਾ ਹੋ ਗਿਆ। ਗਿਆਤਾ, ਗਿਆਨ ਹੀ ਹੁੰਦਾ ਹੈ। ਪਰ ਉਸਨੂੰ ਆਪਣਾ ਗਿਆਤਾ ਨਹੀਂ ਸਮਝਿਆ। ਗਿਆਤਾ, ਗਿਆਤਾ ਹੀ ਰਹੇਗਾ । ਗਿਆਤਾ, ਵਿਆਪਕ ਹੈ, ਇੱਕ ਹੈ। ਹਮੇਸ਼ਾ ਰਹਿਣ ਵਾਲਾ ਹੈ। ਇਹ ਕਲਪਣਾ ਜਿਹੜੀ ਹੈ, ਉਹ ਜਿਤਨੀ ਦੇਰ ਤੁਸੀਂ ਦੇਖਦੇ ਹੋਂ, ਉਤਨਾ ਚਿਰ ਹੀ ਹੈ। ਫਿਰ ਦੂਸਰੀ ਬਾਤ ਦੀ ਕਲਪਣਾ ਹੋ ਜਾਏਗੀ। ਇਸ ਕਰਕੇ, ਗਿਆਤਾ ਨਹੀਂ ਬਦਲੇਗਾ। ਜੇ ਨਾਮ ਨਾ ਹੋਵੇ ਤਾਂ ਮਾਇਆ ਦਾ ਸੰਸਾਰ ਕਿਸ ਤਰ੍ਹਾਂ ਚੱਲੇ? ਜੇ ਗਿਆਤਾ ਇੱਕ ਨਾ ਹੋਵੇ, ਸਰਬੱਗ ਨਾ ਹੋਵੇ ਤਾਂ ਸੰਸਾਰ ਨੂੰ ਚਲਾਵੇ ਕੌਣ? ਇਹ ਤਾਂ ਨਿੱਤ ਸਰਬੱਗ ਹੈ, ਵਿਆਪਕ ਹੈ ਤੇ ਪਰੀਪੂਰਨ ਹੈ। ਇਸ ਕਰਕੇ, ਮਨ ਨੂੰ ਉਸਦੇ ਨਾਲ ਜੋੜਨਾ ਹੈ। ਜੇ ਪਹਿਲੇ ਨਹੀਂ ਜੁੜਿਆ ਤਾਂ ਫਿਰ ਤੁਸੀਂ ਨਾਮ ਦੁਆਰਾ ਜੋੜੋ। ਜੇ ਜੁੜ ਗਿਆ ਤਾਂ ਤੁਹਾਡਾ ਸਾਰਾ ਕੰਮ ਮੁੱਕ ਗਿਆ।

ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥

ਹਰੀ ਨੂੰ, ਗੁਰੂ ਨੂੰ ਕਰਤਾ ਜਾਣੋ।

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ (ਪੰਨਾ ੨੭੬)

ਉਹ ਸਰਬ-ਵਿਆਪਕ ਹੈ। ਉਸਨੂੰ ਮੈਂ ਹਰੀ ਵੀ ਕਹਿੰਦਾ ਹਾਂ, ਗੁਰੂ ਵੀ ਕਹਿੰਦਾ ਹਾਂ। ਭਾਈ ! ਗੁਰੂ ਅਤੇ ਪਰਮੇਸ਼ਰ ਤਾਂ ਇੱਕ ਹੁੰਦੇ ਹਨ।

ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥ (ਪੰਨਾ ੮੬੪)

ਉਹ ਦੋਨੋਂ ਇੱਕ ਹਨ। ਬ੍ਰਹਮ ਗਿਆਨੀ ਨੂੰ ਗੁਰੂ ਕਹਿੰਦੇ ਹਨ। ਗੁਰੂ, ਹੋਰ ਕਿਸੇ ਚੀਜ ਦਾ ਨਾਮ ਨਹੀਂ। ਗੁਰੂ, ਅਗਿਆਨੀ ਦਾ ਨਾਮ ਨਹੀਂ ਹੁੰਦਾ। ਗੁਰੂ, ਬ੍ਰਹਮ ਗਿਆਨੀ ਦਾ ਨਾਮ ਹੈ।

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥ (ਪੰਨਾ ੨੮੬)

'**ਸਤਿ ਪੁਰਖੁ**' ਅਕਾਲ ਪੁਰਖ ਨੂੰ, ਜਿਸਨੇ ਵੀ ਜਾਣ ਲਿਆ, ਉਹ ਬ੍ਰਹਮ ਗਿਆਨੀ ਹੈ। ਉਸਨੂੰ '**ਸਤਿਗੁਰੂ**' ਵੀ ਕਹਿੰਦੇ ਹਨ, '**ਸਾਧ**' ਵੀ ਕਹਿੰਦੇ ਹਨ, '**ਸੰਤ**' ਵੀ ਕਹਿੰਦੇ ਹਨ। ਇਹ ਸਾਰੇ **ਗੁਰੂ** ਦੇ ਵਿਸ਼ੇਸ਼ਣ ਹਨ। ਉਹ ਪਰਮ-ਪੁਰਖ ਹੈ। ਉਹ ਬਦਲਨੇ ਵਾਲਾ ਨਹੀਂ ਹੈ। ਇੱਕ ਚੀਜ, ਦੂਸਰੀ ਨਾਲ ਮਿਲਦੀ ਹੈ। ਪਰ ਇਹ ਮਾਇਆ :-

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ~ ਤਿਨ~ ਹੀ ਪਰਮ ਪਦੁ ਪਾਇਆ॥

(ਪੰਨਾ ੧੧੨੩)

ਕਬੀਰ ਸਾਹਿਬ ਨੇ ਲਿਖਿਆ ਹੈ, ਉਸਨੂੰ ਚੌਥਾ ਪਦ ਪ੍ਰਾਪਤ ਹੋ ਜਾਵੇਗਾ। ਜਦੋਂ ਤੁਹਾਡਾ ਮਨ, ਪਰਮੇਸ਼ਰ ਦੇ ਨਾਲ ਪੂਰਨ ਤੌਰ ਤੇ ਜੁੜ ਗਿਆ ਤਾਂ ਤੁਹਾਨੂੰ ਅਨੁਭਵ ਵਸਤੂ ਪ੍ਰਾਪਤ ਹੋ ਜਾਵੇਗੀ। ਜਦੋਂ ਇਸਦਾ ਮਨ, ਪਰਮੇਸ਼ਰ ਨਾਲ ਜੁੜ ਗਿਆ ਤਾਂ ਫਿਰ ਇਸਨੂੰ ਹਰੇਕ ਹਿਰਦੇ ਦਾ ਗਿਆਨ ਹੋਵੇਗਾ। ਉਹ ਸਾਰਾ ਗਿਆਨ ਜੋ ਹੋਣਾ ਹੈ, ਉਸਦਾ ਨਾਮ ਗਿਆਤਾ ਹੈ।

ਹਰਿ ਹਰਿ ਗੁਰੁ ਗੁਰੁ ਕਰਤਾ ਰੇ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ ਰਹਾਉ॥

ਗੁਰੂ ਸਾਹਿਬ ਕਹਿੰਦੇ ਹਨ, ਉਸ ਹਰੀ ਦਾ ਨਾਮ '**ਰਾਮਦਾਸੁ**' ਪੈ ਗਿਆ। ਥੋਨੂੰ ਇਸ ਗੱਲ ਦਾ ਪਤਾ ਹੈ? ਉਹ ਆਪ ਕਹਿੰਦੇ ਹਨ-

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਪੰਚਮ ਗੁਰੂ ਕਹਿੰਦੇ-ਮੈਂ ਇਸ ਸੰਤ, ਗੁਰੂ ਰਾਮਦਾਸ ਮਹਾਰਾਜ ਜੀ ਦੇ ਸਾਥ ਮਿਲਕੇ, ਆਪਣੇ ਅੰਦਰ ਰੱਬ ਦੇਖਿਆ, ਮੈਂ ਆਪਣੇ ਅੰਦਰ ਪਰਮੇਸ਼ਰ ਦੇਖਿਆ। ਉਹ ਮੇਰੇ ਗੁਰੂ-ਪਰਮੇਸ਼ਰ ਹਨ। ਉਨ੍ਹਾਂ ਦਾ ਨਾਮ '**ਰਾਮਦਾਸ**' ਪੈ ਗਿਆ। ਇਸ ਵਕਤ ਪਰਮੇਸ਼ਰ ਨੂੰ ਰਾਮਦਾਸ ਕਹਿੰਦੇ ਹਨ-

ਹਰਿ ਜੀਉ ਨਾਮੁ ਪਰਿਓ ਰਾਮਦਾਸੁ॥

ਹੁਣ ਹਰੀ ਦਾ ਨਾਮ '**ਰਾਮਦਾਸ**' ਪੈ ਗਿਆ। ਬ੍ਰਹਮ ਗਿਆਨੀ ਦਾ ਜਿੱਥੇ ਲੱਛਣ ਆਇਆ, ਉਥੇ ਉਨ੍ਹਾਂ ਨੇ ਕਿਹਾ–

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥
ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ (ਪੰਨਾ ੨੭੩)

ਜਿਹੜਾ ਬ੍ਰਹਮ ਗਿਆਨੀ ਹੈ, ਉਹ ਪਰਮੇਸ਼ਰ ਨਾਲ ਇੱਕ ਹੈ। ਉਹਦੇ ਵਿੱਚ ਦਵੈਤ ਨਹੀਂ ਹੈ। ਜਿਤਨਾ ਵੀ ਸਾਰਾ ਸੰਸਾਰ ਹੈ, ਉਹ ਬ੍ਰਹਮ ਗਿਆਨੀ ਦਾ ਸਰੀਰ ਹੈ। ਬ੍ਰਹਮ ਗਿਆਨੀ ਆਪ ਤਾਂ ਨਿਰੰਕਾਰ ਹੁੰਦਾ ਹੈ।

ਬ੍ਰਹਮ ਗਿਆਨੀ ਕਾ ਸਗਲ ਅਕਾਰੁ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥ (ਪੰਨਾ ੨੭੩)

ਬ੍ਰਹਮ ਗਿਆਨੀ ਆਪ ਨਿਰੰਕਾਰ ਹੈ। ਏਸ ਕਰਕੇ, ਹੁਣ ਉਸਦਾ ਨਾਮ '**ਰਾਮਦਾਸ**' ਪੈ ਗਿਆ। ਉਹ ਪਰਮੇਸ਼ਰ ਹੈ, ਪਰ ਲੋਕਾਂ ਨੂੰ ਪੱਕਾ ਯਕੀਨ ਨਹੀਂ ਹੋਇਆ। ਭਾਈ ! ਇਹ ਜੋ ਗੁਰੂ ਰਾਮਦਾਸ ਹੈ, ਇਹੀ ਪਰਮੇਸ਼ਰ ਹੈ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥(ਪੰਨਾ ੧੪੦੮)
ਨਾਨਕ ਅੰਗਦ ਕੋ ਬਪ ਧਰਾ॥ ਧਰਮ ਪ੍ਰਚੁਰ ਇਹ ਜਗ ਮੋ ਕਰਾ॥
ਅੰਗਦੁ ਅਮਰ ਦਾਸ ਕਹਾਇਉ॥ ਜਨ ਦੀਪਕ ਤੇ ਦੀਪ ਜਲਾਇਉ॥
ਅਮਰੁ ਦਾਸ ਰਾਮ ਦਾਸ ਕਹਾਇਉ॥ (ਦਸਮ ਗ੍ਰੰਥ)

ਇਹ ਜਿਹੜੀ ਜੋਤ ਧੁਰੋਂ ਆਈ ਸੀ, ਉਹ ਜੋਤ ਇਸ ਵਕਤ ਮੇਰੇ ਗੁਰੂ ਦੇ ਵਿੱਚ ਹੈ। ਉਨ੍ਹਾਂ ਨੇ ਮੈਨੂੰ, ਉਹ ਜੋਤ ਬਖਸ਼ੀ ਹੈ। ਗੁਰੂ ਗ੍ਰੰਥ ਸਾਹਿਬ ਮੇਂ ਸਾਫ ਲਿਖਿਆ ਹੈਃ–

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥
(ਪੰਨਾ ੧੪੦੯)

ਉਹ ਜਿਹੜੀ ਗੁਰੂ ਜੋਤ ਸੀ, ਉਹ ਮੇਰੇ ਗੁਰੂ ਨੇ ਮੇਰੇ ਵਿਚ ਧਰ ਦਿੱਤੀ ਤੇ ਮੇਰੇ ਅੰਦਰ ਵੀ ਪੂਰਨ ਪ੍ਰਕਾਸ਼ ਹੋ ਗਿਆ। ਏਸ ਕਰਕੇ, ਹਰੀ ਦਾ **'ਆਰਾਧਿ'** ਨਾਮ ਨਾ ਜਾਨਿਆ। ਭਾਈ! ਹਰੀ ਹੀ ਪਰਮੇਸ਼ਰ ਹੈ, ਉਹੀ ਗੁਰੂ ਹੈ।

ਗੁਰੁ ਪਰਮੇਸਰੁ ਏਕੋ ਜਾਣੁ॥ (ਪੰਨਾ ੮੬੪)

ਉਹ ਇੱਕ ਹੈ। ਏਸ ਅਰਾਧਨ ਦਾ ਪੂਰਾ ਗਿਆਨ, ਮੈਨੂੰ ਨਾ ਹੋਇਆ। ਇਸ ਕਰਕੇ, ਮੈਂ ਭਰਮ ਵਿੱਚ ਰਿਹਾ।

ਦੀਨ ਦਇਆਲ ਕ੍ਰਿਪਾਲ ਸੁਖ ਸਾਗਰ

ਗੁਰੂ, ਦੀਨਾ ਤੇ ਦਇਆ ਕਰਨ ਵਾਲਾ ਹੈ, ਦਿਆਲੂ ਹੈ। ਉਹ ਸੁੱਖਾਂ ਦਾ ਸਮੁੰਦਰ ਹੈ, ਸੁੱਖ ਸਰੂਪ ਹੈ।

ਸਰਬ ਘਟਾ ਭਰਪੂਰੀ ਰੇ॥

ਸਾਰਿਆਂ ਦੇ ਹਿਰਦਿਆਂ ਵਿੱਚ ਪਰੀਪੂਰਨ ਹੈ। ਕੋਈ ਇਹੋ ਜਿਹਾ ਘਟ (ਹਿਰਦਾ) ਨਹੀਂ ਚਾਰੇ ਖਾਣੀਆਂ ਵਿੱਚ, ਜਿਹੜੇ ਵਿੱਚ ਪਰਮੇਸ਼ਰ ਨਾ ਹੋਵੇ। ਏਹੀ ਪਾਰਬ੍ਰਹਮ ਪਰਮੇਸ਼ਰ ਹੈ, ਜਿਹੜਾ ਤੇਰੇ ਹਿਰਦੇ ਵਿੱਚ ਬੈਠਾ, ਤੇਰੇ ਮਨ ਦੇ ਵਿੱਚ ਬੈਠਾ, ਤੇਰੇ ਮਨ ਨੂੰ ਦੇਖਦਾ, ਜਾਣਦਾ ਹੈ। ਜਦੋਂ ਤੁਸੀਂ ਕਦੇ-ਕਦੇ ਬੈਠੇ ਕਲਪਣਾ ਕਰੋਂਗੇ, ਤਾਂ ਤੁਹਾਨੂੰ ਇਹ ਪਤਾ ਲੱਗ ਜਾਏਗਾ ਕਿ ਮੇਰੇ ਮਨ ਵਿੱਚ ਫਜ਼ੂਲ ਦੀ ਕਲਪਣਾ ਹੈ। ਉਹ ਪਰਮੇਸ਼ਰ, ਮਨ ਦੀ ਕਲਪਣਾ ਨੂੰ ਤੇ ਮਨ ਨੂੰ ਦੇਖਣ ਵਾਲਾ, ਮਨ ਤੋਂ ਅਲਹਿਦਾ ਹੈ। ਉਹ ਸਾਰੇ ਹਿਰਦਿਆਂ ਦੇ ਵਿੱਚ ਪਾਰਬ੍ਰਹਮ ਪਰਮੇਸ਼ਰ ਭਰਪੂਰ ਹੈ, ਪਰੀਪੂਰਨ ਹੈ। ਇਹ ਅਧਿਅਸਤ ਜਿਹੜਾ ਹੁੰਦੈ, ਉਹਤੋਂ ਅਧੀਸ਼ਠਾਨ ਅਲਹਿਦਾ ਨਹੀਂ ਹੁੰਦਾ। ਪਰ ਅਧਿਅਸਤ ਹੁੰਦਾ ਹੈ ਝੂਠਾ, ਸਤਿ ਹੈ ਪਰਮੇਸ਼ਰ ਜੋ ਸਾਰਿਆਂ ਦਾ ਮਾਲਕ ਹੈ। ਉਹ ਸਭ ਦੇ ਵਿੱਚ ਪਰੀਪੂਰਨ ਹੋ ਕੇ ਬੈਠਾ ਹੈ।

ਜਿੱਥੇ ਵੀ ਜਦ, ਉਸਦੀ ਨਿਸ਼ਾਨੀ ਦਾ ਲੱਛਣ ਆਇਆ ਬਈ

ਉਸਦੀ ਹੋਰ ਕੀ ਨਿਸ਼ਾਨੀ ਹੈ? ਤਾਂ ਕਹਿੰਦੇ ਸੱਤਾ ਤੇ ਸਫੁਰਤੀ ਉਹੀ ਵਰਤਦੈ, ਜਿਹੜਾ ਹਿਰਦੇ ਦੇ ਵਿੱਚ ਬੈਠਾ ਹਿਰਦੇ ਨੂੰ, ਮਨ ਨੂੰ, ਬੁੱਧੀ ਨੂੰ ਜਾਣਦੈ, ਗਿਆਨ ਸਰੂਪ ਹੈ। ਉਹ ਗਿਆਤਾ ਹੈ, ਉਹ ਪਰਮੇਸ਼ਰ ਹੈ। ਜਿਹੜਾ ਤੂੰ ਕਿਸੇ ਹੋਰ ਨੂੰ ਕਰਤਾ ਪੁਰਖ ਮੰਨੇਗਾ ਜਾਂ ਮਾਲਕ ਮੰਨੇਗਾ ਤਾਂ ਉਹ ਤੇਰੀ ਭੁੱਲ ਹੋਵੇਗੀ।

ਉਹ ਜੋ ਠਾਕੁਰ ਹੈ, ਉਹ ਮਾਲਕ ਹੈ, ਸਤਿ ਹੈ। ਏਸ ਕਰਕੇ, ਉਹ ਮਾਲਕ ਸਭ ਦਾ ਇੱਕੋ ਹੀ ਹੈ। ਦੂਸਰਾ ਕੋਈ ਨਹੀਂ ਹੈ। ਉਹ ਪਰਮੇਸ਼ਰ ਸਭ ਦਾ ਮਾਲਕ ਹੈ। ਉਹ ਸਾਰੇ ਪਰੀਪੂਰਨ ਹੈ। ਹਰੇਕ ਹਿਰਦੇ ਦੇ ਵਿੱਚ ਪੂਰਨ ਹੈ। ਜੇਕਰ ਹਰ ਇੱਕ ਦੀ ਨਾ ਜਾਣੇ ਤਾਂ ਗਿਆਤਾ ਕੌਣ ਹੋਵੇ। ਇਸ ਕਰਕੇ, ਉਹ ਪਰਮੇਸ਼ਰ, ਭਾਈ! ਸਾਰਿਆਂ ਦੇ ਹਿਰਦਿਆਂ ਵਿੱਚ ਪਰੀਪੂਰਨ ਹੈ।

ਪੇਖਤ ਸੁਨਤ ਸਦਾ ਹੈ ਸੰਗੇ

ਇਹ, ਜੋ ਜੀਵ ਦੇ ਸਦਾ ਸੰਗ ਹੈ, ਉਹ ਦੇਖਦਾ ਹੈ ਤੇ ਸੁਣਦਾ ਹੈ। ਜੋ ਤੂੰ ਬੋਲਦੈਂ, ਉਹ ਤੇਰੀ ਸਾਰੀ ਬੋਲੀ ਸੁਣ ਲਏਗਾ, ਜੋ ਤੂੰ ਦੇਖਦਾ ਹੈਂ, ਉਹ ਤੈਨੂੰ ਵੀ ਦੇਖਦੈ । ਦੇਖਣ ਵਾਲਾ ਉਹੀ ਹੈ, ਵਿਆਪਕ ਵੀ ਉਹੀ ਹੈ। ਇਸ ਕਰਕੇ, ਉਹ ਹਰ ਸਮੇਂ ਤੇਰੇ ਸੰਗ ਹੈ। ਕੋਈ ਇਹੋ ਜਿਹਾ ਸਮਾਂ ਨਹੀਂ ਕਿ ਉਹ ਪਰਮੇਸ਼ਰ, **'ਨਾਮੀ'** ਨਾ ਦੇਖ ਸਕੇ। ਕੋਈ ਇਹੋ ਜਿਹਾ ਸਮਾਂ ਹੀ ਨਹੀਂ, ਜਦ ਬੁੱਧੀ ਨੂੰ ਪਰਮੇਸ਼ਰ ਨਾ ਦੇਖਦਾ, ਜਾਣਦਾ ਹੋਵੇ। ਉਹ ਤੇਰੇ ਸਾਥ ਹੈ, ਅਲੱਗ ਨਹੀਂ ਹੈ। ਆਪਣੇ ਮਨ ਨੂੰ ਨਾਮ ਦੁਆਰਾ ਨਾਮੀ ਦੇ ਅਕਾਰ ਕਰ। ਤੂੰ! ਆਪਣੇ ਮਨ ਨੂੰ ਨਾਮ ਨਾਲ ਜੋੜ। ਜਦੋਂ ਤੇਰਾ ਮਨ, ਨਾਮ ਨਾਲ ਇੱਕ ਹੋ ਜਾਏਗਾ ਤਾਂ ਤੈਨੂੰ ਨਾਮੀ ਪ੍ਰਾਪਤ ਹੋ ਜਾਏਗਾ। ਉਸਨੂੰ ਸਮਾਧੀ ਕਹਿੰਦੇ ਹਨ। ਉਹ ਸਦਾ ਤੇਰੇ ਸੰਗ ਹੈ। ਦੇਖਦਾ ਵੀ ਹੈ, ਸੁਣਦਾ ਵੀ ਹੈ। ਇਸ ਕਰਕੇ, ਉਹ ਗਿਆਨੀ, ਗਿਆਤਾ ਹੈ। ਉਹ ਪਰਮੇਸ਼ਰ ਸਾਰਿਆਂ ਦੇ ਵਿੱਚ ਸੰਪੂਰਨ ਹੈ, ਉਹ ਤਾਂ ਭਾਈ! ਸਾਰਿਆਂ ਦਾ ਮਾਲਕ ਹੈ। ਉਹੋ ਹੀ, **'ਗੁਰੂ ਰਾਮਦਾਸ'** ਹੈ।

ਮੈ ਮੂਰਖ ਜਾਨਿਆ ਦੂਰੀ ਰੇ॥

ਮੈਂ ਪਰਮੇਸ਼ਰ ਨੂੰ ਦੂਰ ਜਾਣਿਆਂ। ਪਰਮੇਸ਼ਰ, ਆਤਮਾ ਦਾ ਨਾਮ ਹੈ, ਗਿਆਤਾ ਦਾ ਨਾਮ ਹੈ। ਜਦ ਇਸਨੂੰ ਆਪਣੀ ਆਤਮਾ ਦਾ ਗਿਆਨ ਹੋ ਗਿਆ-

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥ (ਪੰਨਾ ੪੨੧)

ਉਹ ਜਿਹੜਾ ਤੇਰੇ ਸਾਥ ਹੈ, ਉਹ ਤੇਰਾ ਆਪਾ ਹੈ। ਉਸਤੋਂ ਬਿਨਾਂ ਕੋਈ ਆਪਾ ਨਹੀਂ ਹੈ। 'ਰੰਗ ਰਤਾ' ਕਹੋ, 'ਸਮਾਧੀ' ਕਹੋ, ਇਹ ਸਾਰੀਆਂ ਅਵਸਥਾਂ ਹਨ। ਪਰ ਉਹ ਜਿਹੜਾ ਆਪ ਪਰੀਪੂਰਨ ਹੈ, ਉਹ ਤੇਰਾ ਆਪਾ ਹੈ। ਉਹ ਤੇਰੀ ਅੰਤਰ-ਆਤਮਾ ਹੈ। ਅੰਤਰ, ਇਸ ਕਰਕੇ ਕਹਿੰਦੇ ਨੇ ਕਿ ਬੁੱਧੀ ਨੂੰ ਦੇਖਣ ਵਾਲਾ ਹੈ। ਦ੍ਰਿਸ਼ਟਮਾਨ ਕਦੇ ਪਰਮੇਸ਼ਰ ਨਹੀਂ ਹੋਇਆ ਪਰ ਨਾਲ ਦੇ ਨਾਲ ਇਹ ਬਾਤ ਵੀ ਹੈ, ਕਿ ਪ੍ਰੇਮਾ-ਭਗਤੀ ਵਿਚ ਆਕੇ, ਉਹ ਸਰਗੁਣ ਵੀ ਹੋ ਜਾਂਦਾ ਹੈ-

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਪੰਨਾ ੨੮੭)

ਇਸ ਕਰਕੇ, ਉਹ ਸਰਗੁਣ ਵੀ ਹੈ, ਨਿਰਗੁਣ ਵੀ ਹੈ, ਸਭ ਕੁੱਛ ਹੈ। ਪਰ ਅਸਲੀ, ਕਦੇ ਉਹ ਦ੍ਰਿਸ਼ ਨਹੀਂ ਹੋਇਆ, ਦ੍ਰਸ਼ਟਾ ਹੀ ਰਹੇਗਾ। ਉਸ ਵਕਤ ਹੀ ਉਸਨੂੰ ਗਿਆਨ ਹੋਏਗਾ, ਜਦ ਇਸ ਤੇ ਕ੍ਰਿਪਾ ਹੋਏਗੀ। ਬਈ, ਅੰਤਰ ਆਤਮਾ ਜਿਹੜਾ ਹੈ, ਉਹੀ ਮਨ-ਬੁੱਧੀ ਸਭਨੂੰ ਦੇਖਣੇ, ਜਾਣਨੇ ਵਾਲਾ ਹੈ, ਉਹ ਪਰੀਪੂਰਨ ਹੈ। ਉਸਨੂੰ ਹੀ ਪਰਮੇਸ਼ਰ ਕਹਿੰਦੇ ਨੇ-

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ (ਪੰਨਾ ੬੮੪)

ਜਿੰਨਾਂ ਚਿਰ ਤੂੰ ਆਪੇ ਨੂੰ ਨਹੀਂ ਚੀਨਦਾ (ਜਾਣਦਾ) ਉਤਨਾ ਚਿਰ, ਤੇਰਾ ਭਰਮ ਦੂਰ ਨਹੀਂ ਹੋਏਗਾ। ਉਤਨਾ ਚਿਰ ਤੇਰਾ ਮਨ ਭਰਮ

ਵਿੱਚ ਹੈ। ਜਦ ਤੈਨੂੰ ਉਹ ਦਾਤ, ਅਸਲੀ ਵਸਤੂ ਪ੍ਰਾਪਤ ਹੋ ਗਈ ਤਾਂ ਮਨ ਦਾ ਭਰਮ ਦੂਰ ਹੋ ਜਾਏਗਾ। ਮਨ ਦੀ ਕੋਈ ਸੱਤਾ ਨਹੀਂ, ਬੁੱਧੀ ਦੀ ਕੋਈ ਸੱਤਾ ਨਹੀਂ। ਇਹ ਸਭ ਅਨਾਤਮ ਪਦਾਰਥ ਨੇ, ਝੂਠੇ ਨੇ, ਫਿਰ ਉਦੋਂ-

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਪੰਨਾ ੧)

ਉਹ ਹਮੇਸ਼ਾ ਹੀ ਸੱਚ ਸਰੂਪ ਹੈ। ਉਹ ਕਦੇ ਬਦਲਿਆ ਨਹੀਂ। ਸਤਿ ਕਦੇ ਅਸਤਿ ਨਹੀਂ ਹੋਇਆ। ਅਸਤਿ ਕਦੇ ਸਤਿ ਨਹੀਂ ਹੋਇਆ। ਅੰਮ੍ਰਿਤ ਕਦੇ ਮ੍ਰਿਤ ਨਹੀਂ ਹੋਇਆ, ਮ੍ਰਿਤ ਕਦੇ ਅੰਮ੍ਰਿਤ ਨਹੀਂ ਹੋਇਆ। ਇਹ ਤਾਂ ਨਿਯਮ ਨੇ। ਇਸ ਕਰਕੇ, ਉਹ ਪਰਮੇਸ਼ਰ ਜੋ ਹੈ, ਉਹ ਪਰੀਪੂਰਨ ਹੈ। ਉਹ ਦੇਖਦਾ, ਸੁਣਦਾ, ਸਦਾ ਤੇਰੇ ਸੰਗ ਹੈ। ਅਸੀਂ ਬੜੀ ਭਾਰੀ ਗਲਤੀ ਕੀਤੀ। ਬਈ ਉਹ ਤਾਂ ਬੇਅੰਤ ਹੈ, ਉਸਨੂੰ ਅਸੀਂ ਅੰਤ ਵਾਲਾ ਬਣਾਕੇ, ਮਿੱਤ ਵਿੱਚ ਲੈ ਆਂਦਾ। ਪਰਮੇਸ਼ਰ ਕਦੇ ਕਿਸੇ ਦੀ ਮਰਿਆਦਾ ਵਿੱਚ ਨਹੀਂ ਆਇਆ। ਪਰਮੇਸ਼ਰ ਦੀ ਮਰਿਆਦਾ ਵਿੱਚ ਜੀਵ ਚੱਲੇਗਾ, ਤਾਂ ਪਰਮੇਸ਼ਰ ਨਾਲ ਮਿਲੇਗਾ। ਪਰ ਇਹ ਆਪਣੀ ਬੁੱਧੀ ਨਾਲ ਇਹੋ ਜਿਹੀਆਂ ਬਾਤਾਂ ਘੜ ਲੈਂਦੈ, ਜਿਹੜੀਆਂ ਨਹੀਂ ਕਰਨੀਆਂ ਹੁੰਦੀਆਂ। ਉਸਦੀ ਸਰਬੱਗਤਾ ਨੂੰ, ਉਸਦੀ ਵਿਆਪਕਤਾ ਨੂੰ, (ਠਾਕੁਰ) ਸੁਆਮੀ ਨੂੰ ਇਹ ਨਹੀਂ ਜਾਣਦਾ। ਇਸ ਕਰਕੇ, ਇਹ ਗਲਤੀ ਕਰਦਾ ਹੈ। ਮਿੱਤ ਕਰਕੇ, ਇਹਨੇ ਪਰਮੇਸ਼ਰ ਨੂੰ ਛੋਟਾ ਜਿਹਾ ਮੰਨ ਲਿਆ।

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥

ਕੀ ਜਾਣੀਏ! ਕੀ ਇਹਦਾ ਫਲ ਹੋਏਗਾ, ਹੁਣ ਕੀ ਹੋਵੇਗਾ? ਮੈਂ ਤਾਂ ਹੁਣ ਇਹ ਗਲਤੀ ਕਰ ਬੈਠਾ ਹਾਂ । ਹਾਂ ਜੀ-

ਕਰਉ ਬੇਨਤੀ ਸਤਿਗੁਰ ਅਪੁਨੇ

ਇਹ ਗਿਆਨ ਲੈਣ ਲਈ, ਭਾਈ! ਤੁਸੀਂ ਬ੍ਰਹਮ ਗਿਆਨੀ ਸਤਿਗੁਰੂ ਦੇ ਪਾਸ ਜਾਕੇ ਬੇਨਤੀ ਕਰੋ। ਉਹ ਤੁਹਾਨੂੰ ਸਿੱਧਾ ਰਸਤਾ

ਦੱਸੇਗਾ ਹੋਰ ਇਹ ਤੁਹਾਡੇ ਬਸ ਦੀ ਗੱਲ ਨਹੀਂ। ਅਗਿਆਨੀ ਤੋਂ ਕਦੇ ਗਿਆਨ ਨਹੀਂ ਹੋਇਆ, ਬ੍ਰਹਮ ਗਿਆਨੀ ਤੋਂ ਹੀ ਗਿਆਨ ਹੁੰਦਾ ਹੈ। ਚਾਹੇ ਈਸ਼ਵਰ ਆਪ ਕਰੇ, ਚਾਹੇ ਜੈਸੇ ਉਸਦੀ ਖੁਸ਼ੀ ਹੈ, ਕਰੇ। ਪਰ ਗਿਆਨ ਤਾਂ ਹਮੇਸ਼ਾਂ ਹੀ ਗਿਆਨੀ ਤੋਂ ਹੁੰਦਾ ਹੈ। ਹੋਰ ਕੋਈ ਰਸਤਾ ਨਹੀਂ, ਕੋਈ ਮਾਰਗ ਹੀ ਨਹੀਂ ਹੈ। ਇੱਕ ਗਿਆਨ ਹੀ ਰਸਤਾ ਹੈ, ਇਸ ਬਾਤ ਦਾ। ਜੋ ਪਰਮੇਸ਼ਰ ਕਰੇਗਾ, ਉਹ ਹੋਏਗਾ ਤੇ ਇਸ ਕਰਕੇ ਮੈਂ ਉਸ ਵਿਆਪਕ ਨੂੰ ਮਿੱਤ ਵਾਲਾ ਕਰਕੇ ਮੰਨ ਲਿਆ।

ਮੈ ਮੂਰਖ ਦੇਹੁ ਉਪਦੇਸੋ ਰੇ ॥

ਆਪਣੇ ਸਤਿਗੁਰੂ ਨੂੰ ਕਹੋ, ਕਿ ਮੇਰੀ ਤਾਂ ਜਾਣੇ ਇਹ ਮੂਰਖਤਾ ਸੀ ਬਈ ਜਿਹੜਾ ਮੈਂ ਵਿਆਪਕ ਨੂੰ ਮਿੱਤ ਕਰਕੇ ਮੰਨ ਲਿਆ। ਬੇਅੰਤ ਨੂੰ ਅੰਤ ਵਾਲਾ ਕਰਕੇ ਮੰਨ ਲਿਆ। ਹੁਣ, ਹੇ ਸਤਿਗੁਰੂ! ਮੈਨੂੰ ਉਪਦੇਸ਼ ਦਿਉ। ਪਰਮੇਸ਼ਰ ਜੈਸਾ ਹੈ, ਐਸਾ ਹੀ ਹੈ। ਤੇ ਮੈਨੂੰ ਇਹਦੇ ਅਹਿਸਾਸ ਦਾ ਉਪਦੇਸ਼ ਦਿਉ, ਨਾਮ ਦਿਉ। ਜਿਸ ਨਾਮ ਦੇ ਨਾਲ ਮੈਂ ਨਾਮੀ ਦੇ ਕੋਲ ਪਹੁੰਚ ਜਾਵਾਂ। ਤੁਸੀਂ ਦੁਨੀਆਂ ਦੇ ਨਾਲ ਨਾ ਰਲੀ ਜਾਉ। ਪਰਮੇਸ਼ਰ ਪਾਸ ਪਹੁੰਚ ਜਾਉ। ਜਦ ਪਰਮੇਸ਼ਰ ਦੇ ਪਾਸ ਪਹੁੰਚੋਂਗੇ, ਪਰਮੇਸ਼ਰ ਦਾ ਨਾਮ ਤੁਹਾਡੇ ਮਨ ਨਾਲ ਇੱਕ ਹੋ ਜਾਵੇਗਾ, ਫਿਰ ਸਰਬੱਗ ਹੋ ਜਾਵੇਗਾ। ਦਸਵੇਂ ਪਾਤਸ਼ਾਹ ਦੀ ਕਥਾ ਵਿੱਚ ਇੱਕ ਥਾਂ ਲਿਖਿਆ ਹੈ ਕਿ ਗੁਰੂ ਸਾਹਿਬ ਤਿਆਰ ਹੋ ਕੇ ਘੋੜੇ ਤੇ ਸਵਾਰ ਹੋ ਕੇ ਚੱਲੇ, ਅੱਗੇ ਇੱਕ ਭੋਲਾ (ਸੂਧਾ) ਸਿੱਖ ਖੜ੍ਹਾ ਸੀ। ਉਹ ਕਹਿੰਦਾ ਜੀ ਮੈਨੂੰ ਉਪਦੇਸ਼ ਦੇ ਦਿਉ। 'ਵੇਲਾ ਵਖਤ ਤਾਂ ਵਿਚਾਰ' ਗੁਰੂ ਸਾਹਿਬ ਇਹ ਕਹਿ ਕੇ ਲੰਘ ਗਏ। ਉਸਨੇ, ਉਸੇ ਨੂੰ ਮੰਤਰ ਸਮਝ ਲਿਆ, ਬਈ ਮੈਨੂੰ ਇਹ ਮੰਤਰ ਦੇ ਗਏ। ਉਹ ਤਾਂ ਉੱਥੇ ਹੀ ਬੈਠਕੇ ਜਿਉਂ ਜਪਣ ਲੱਗਿਆ 'ਵੇਲਾ ਵਖਤ ਤਾਂ ਵਿਚਾਰ', 'ਵੇਲਾ ਵਖਤ ਤਾਂ ਵਿਚਾਰ'। ਗੁਰੂ ਸਾਹਿਬ ਕਹਿੰਦੇ ਭਾਈ! ਚੱਲੋ, ਉਹ ਤਾਂ ਉਥੇ ਹੀ ਬੈਠਾ ਹੈ। ਉਹ ਤਾਂ ਉਸੇ ਨੂੰ ਮੰਤਰ ਮੰਨ ਬੈਠਾ। ਉਹ ਤਾਂ ਐਨਾ ਸੂਧਾ (ਸਾਧਾਰਨ) ਹੈ। ਦਸਵੇਂ ਪਾਤਸ਼ਾਹ ਆਏ, ਉਹਨੂੰ ਉਪਦੇਸ਼ ਦੱਸਿਆ, ਜੈਸੇ ਵੀ ਮਾਰਗ ਦੱਸਿਆ। ਨਾਮ ਦਾ ਉਪਦੇਸ਼ ਦੇ ਕੇ ਅਰਾਧਨਾ ਦੱਸੀ। ਇਸ ਕਰਕੇ,

ਭਾਈ ! ਗੁਰੂ ਤੋਂ ਬਾਤ ਪੁੱਛੋ। ਹੁਣ ਮੈਨੂੰ, ਉਹ ਉਪਦੇਸ਼ ਦਿਉ, ਜਿਹੜਾ ਪਰਮੇਸ਼ਰ ਦੇ ਪਾਸ ਪਹੁੰਚਾਉਣ ਵਾਲਾ ਹੈ।

ਮੈ ਮੂਰਖ ਕੀ ਕੇਤਕ ਬਾਤ ਹੈ

ਤੇ ਮੇਰੇ ਵਰਗੇ ਮੂਰਖਾਂ ਦੀ ਤਾਂ ਕੀ ਗੱਲ ਹੈ ?

ਕੋਟਿ ਪਰਾਧੀ ਤਰਿਆ ਰੇ ॥

ਉਹ ਜਿਨ੍ਹਾਂ ਨੂੰ ਤੁਸੀਂ ਅਪਰਾਧੀ ਕਹਿੰਦੇ ਹੋ, ਸਧਨਾ ਕਸਾਈ ਕਹਿੰਦੇ ਹੋਂ, ਸੱਜਣ ਠੱਗ ਕਹਿੰਦੇ ਹੋਂ, ਜਦ ਇਹੋ ਜਿਹੇ ਤਰ ਗਏ ਤਾਂ ਤੁਹਾਡੇ ਤਰਨ ਦਾ ਕੀ ਸੰਸਾ ਹੈ? ਗੁਰੂ ਤੋਂ ਉਪਦੇਸ਼ ਲੈ ਕੇ, ਬ੍ਰਹਮ ਗਿਆਨੀ ਗੁਰੂ ਤੋਂ ਰਸਤਾ ਪੁੱਛਕੇ, ਉਸ ਰਸਤੇ ਤੁਰੀ ਜਾਉ। ਹੋਰ ਤੁਸੀਂ ਕੁੱਛ ਨਹੀਂ ਕਰਨਾ। ਰਸਤੇ ਵਿੱਚ ਤੁਰੇ ਜਾਂਦੇ ਗੱਲਾਂ ਨਾ ਕਰਨ ਲੱਗ ਜਾਇਓ ਕਿਤੇ । ਗੱਲਾਂ ਦੀ ਕਲਪਣਾ ਨਾ ਕਰਨ ਲੱਗ ਜਾਇਓ। ਪਰਮੇਸ਼ਰ ਦਾ ਨਾਮ ਜਪਣ ਲੱਗੇ, ਦੁਨੀਆਂ ਦੀ ਕਲਪਣਾ ਨਾ ਕਰਨ ਲੱਗ ਜਾਇਓ–

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ❑

ੴ ਸਤਿਗੁਰ ਪ੍ਰਸਾਦਿ॥

੨

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥ (ਪੰਨਾ ੧੩੪)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ !!

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਰੱਬੀ ਬਾਣੀ ਦੁਆਰਾ, ਦੁਨੀਆਂ ਨੂੰ ਸਾਂਝਾ ਉਪਦੇਸ਼ ਕਰਦੇ ਹਨ, ਜਿੱਥੇ ਜਾਤੀ, ਵਰਣ ਦਾ ਕੋਈ ਮਤਲਬ ਨਹੀਂ ਹੈ। ਜੀਵ ਮਾਤਰ ਨੂੰ ਆਪਣੇ ਉਧਾਰ ਦਾ ਇੱਕ ਵਸੀਲਾ ਦੱਸਦੇ ਹਨ ਕਿ ਹੇ ਜੀਵ! ਤੇਰੇ ਉਧਾਰ ਦਾ ਇੱਕ ਹੀ ਵਸੀਲਾ ਹੈ, ਹੋਰ ਕੋਈ ਨਹੀਂ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥

ਜਿਸਦੇ ਅੱਗੇ ਸਾਰੇ ਦੇਵਤੇ, ਰਾਕਸ਼ ਆਦਿ ਜੋ ਵੀ ਦੁਨੀਆਂ ਵਿੱਚ

ਹੋਏ, ਸਾਰੇ ਨਿਵੇਂ। ਹਰਨਾਖਸ਼ ਇੱਕ ਇਹੋ ਜਿਹਾ ਬਲੀ ਸੀ, ਉਹ ਕਿਸੇ ਅੱਗੇ ਨਹੀਂ ਨਿਵਿਆ ਸੀ ਤੇ ਰਾਵਣ ਵੀ ਕਿਸੇ ਅੱਗੇ ਨਹੀਂ ਨਿਵਿਆ ਸੀ। ਕਈ ਪੁਰਸ਼ਾਂ ਵਿੱਚ ਐਸੀ ਵਰ ਵਾਲੀ ਸ਼ਕਤੀ ਸੀ ਕਿ ਉਹ ਨਿਵਦੇ ਨਹੀਂ ਸਨ। ਜਦ ਉਹ (ਹਰਨਾਖਸ਼) ਪ੍ਰਹਿਲਾਦ ਦੇ ਪਿੱਛੇ ਪਿਆ, ਤਾਂ ਪ੍ਰਹਿਲਾਦ ਉਸ ਪਰਮੇਸ਼ਰ ਵਿਆਪਕ ਦਾ ਭਗਤ ਸੀ–

ਰਮਤ ਰਾਮ ਜਨਮ ਮਰਣੁ ਨਿਵਾਰੈ॥ (ਪੰਨਾ ੮੬੫)

ਉਹ ਜਿਹੜਾ ਵਿਆਪਕ ਰਾਮ ਹੈ, ਉਹ ਸਭ ਜਗ੍ਹਾ ਸਮਾਇਆ ਹੋਇਆ ਹੈ। ਪ੍ਰਹਿਲਾਦ ਇਸ ਤਰ੍ਹਾਂ ਦੇ ਰਾਮ ਦਾ ਨਾਮ ਜਪਦਾ ਸੀ ਅਤੇ ਸਾਰੇ ਬੱਚਿਆਂ ਨੂੰ ਜਪਾਉਂਦਾ ਸੀ। ਹਰਨਾਖਸ਼ ਦੇ ਪਾਸ, 'ਸੰਡੇ ਮਰਕੇ' (ਪ੍ਰਹਿਲਾਦ ਦੇ ਅਧਿਆਪਕ) ਨੇ ਸ਼ਿਕਾਇਤ ਕੀਤੀ ਕਿ ਤੇਰੇ ਲੜਕੇ ਨੇ, ਸਾਰੇ ਬੱਚੇ ਵਿਗਾੜ ਦਿੱਤੇ ਹਨ। ਜਦ ਅਸੀਂ ਕਹਿੰਦੇ ਹਾਂ ਕਿ ਹਰਨਾਖਸ਼ ਦਾ ਨਾਮ ਜਪੋ ਤਾਂ ਇਹ ਨਹੀਂ ਮੰਨਦਾ। ਆਪ ਵੀ ਰਾਮ ਦਾ ਨਾਮ ਜਪਦਾ ਹੈ ਤੇ ਬੱਚਿਆਂ ਨੂੰ ਇਕੱਠੇ ਕਰਕੇ ਰਾਮ ਦਾ ਨਾਮ ਜਪਾਉਂਦਾ ਹੈ ਤੇ ਬੱਚੇ ਵੀ ਜਪਦੇ ਹਨ। ਹੁਣ ਅਸੀਂ ਕੀ ਕਰੀਏ? ਉਸਨੇ ਕਿਹਾ ਮੇਰੇ ਕੋਲ ਲੈ ਆਉ। ਲਿਆਂਦਾ, ਪਰ ਪ੍ਰਹਿਲਾਦ ਨਹੀਂ ਮੰਨਿਆ। ਹਰਨਾਖਸ਼ ਨੇ ਇੱਕ ਬੜਾ ਭਾਰੀ ਸੁਆਲ ਕੀਤਾ, ਕਹਿੰਦਾ– ਤੂੰ ਮੈਨੂੰ ਆਪਣਾ ਰਾਮ ਦਿਖਾ ਦੇ, ਤਾਂ ਮੈਂ ਮੰਨਾਂਗਾ। ਜਦ ਐਸੀ ਬਾਤ ਹੋਈ ਤਾਂ ਹਰਨਾਖਸ਼ ਨੇ ਪ੍ਰਹਿਲਾਦ ਨੂੰ ਮਾਰਨ ਵਾਸਤੇ ਖੜਗ ਕੱਢੀ। ਪ੍ਰਹਿਲਾਦ ਨੇ ਆਖਿਆ 'ਜਲੇ ਰਾਮ, ਥਲੇ ਰਾਮ' ਸਾਰੇ ਰਾਮ ਵਿਆਪਕ ਹੈ। ਹਰਨਾਖਸ਼ ਨੇ ਆਖਿਆ ਕਿ ਇਸ ਥੰਭ ਵਿੱਚ ਵੀ ਹੈ? ਜੇ ਹੈ ਤਾਂ ਇਸ ਨੂੰ ਜੱਫੀ ਪਾ ਲੈ । ਜਦ ਉਹ ਲੱਗਿਆ ਜੱਫੀ ਪਾਉਣ ਤਾਂ ਭਗਵਾਨ, 'ਨਰਸਿੰਘ' ਦਾ ਰੂਪ ਧਾਰਕੇ ਨਿਕਲਿਆ। ਫੇਰ ਜੋ ਹਰਨਾਖਸ਼ ਦਾ ਹਾਲ ਹੋਇਆ, ਤੁਸੀਂ ਸਾਰੇ ਜਾਣਦੇ ਹੋ। ਉਸਦੇ ਅੱਗੇ ਸਭ ਨੂੰ ਨਿਵਣਾ ਪਿਆ। ਉਸਦੇ ਅੱਗੇ ਕਿਸੇ ਦੀ ਤਾਕਤ ਨਹੀਂ ਹੈ। ਜੇ ਦੋ ਸੱਤਾ ਹੁੰਦੀਆਂ ਤਾਂ ਕੰਮ ਚੱਲ ਜਾਂਦਾ, ਸੱਤਾ ਤਾਂ ਇੱਕ ਹੈ। ਜਦੋਂ ਆਦਮੀ ਨੂੰ ਕੋਈ ਸੱਤਾ ਮਿਲ ਜਾਂਦੀ ਹੈ ਤਾਂ ਇਸਨੂੰ ਭਰਮ ਪੈ ਜਾਂਦਾ ਹੈ। ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਵਕਤ ਸਿੱਖ ਅਰਦਾਸ

ਕਰੇ ਕਿ ਹੇ ਪਰਮੇਸ਼ਰ! ਮੇਰੇ ਤੇ ਕ੍ਰਿਪਾ ਕਰ। ਅਰਦਾਸ ਦਾ ਮਤਲਬ ਇਹ ਹੀ ਹੈ। ਤੁਸੀਂ ਅਰਦਾਸ ਕਰੋਂਗੇ ਕਿ ਹੇ ਪਰਮੇਸ਼ਰ! ਮੇਰੇ ਤੇ ਕ੍ਰਿਪਾ ਕਰ, ਦਇਆ ਕਰ, ਮੇਰਾ ਕੰਮ ਸਫਲ ਕਰ। ਜੇ ਮਨੁੱਖ ਆਪ ਸਫਲ ਕਰ ਸਕਦਾ ਹੁੰਦਾ ਤਾਂ ਅਰਦਾਸ ਦੀ ਜਰੂਰਤ ਹੀ ਨਾ ਪੈਂਦੀ।

ਗੁਰੂ ਨਾਨਕ ਦੇਵ ਜੀ, ਪੰਜਾ ਸਾਹਿਬ ਗਏ। ਉਥੇ ਉਸ ਵਕਤ ਪਾਣੀ ਨਹੀਂ ਸੀ ਚਲਦਾ। ਮੈਂ ਆਪ ਉਥੇ ਗਿਆਂ, ਹੋਰ ਵੀ ਕਈ ਗਏ ਹੋਣਗੇ। ਬੜਾ ਭਾਰੀ ਸਰੋਵਰ ਹੈ, ਜਲ ਨਾਲ ਭਰਿਆ ਹੋਇਆ। ਉਥੇ 'ਬਲੀ ਕੰਧਾਰੀ' ਨਾਂ ਦਾ ਇੱਕ ਸਾਰਿਆਂ ਤੋਂ ਤਕੜਾ ਫਕੀਰ ਰਹਿੰਦਾ ਸੀ। ਗੁਰੂ ਸਾਹਿਬ ਨੇ ਤਾਂ ਨਮਿੱਤ ਬਣਨਾ ਸੀ। ਜਦ ਉਥੇ ਗਏ ਤਾਂ ਮਰਦਾਨਾ ਕਹਿਣ ਲੱਗਿਆ ਕਿ ਮੈਨੂੰ ਪਿਆਸ ਲੱਗੀ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜਾਹ! ਉੱਪਰ ਇੱਕ ਫ਼ਕੀਰ ਰਹਿੰਦਾ ਹੈ। ਉਸਨੇ ਆਪਣੀ ਤਾਕਤ ਨਾਲ ਉੱਥੇ ਜਲ ਇਕੱਠਾ ਕੀਤਾ ਹੋਇਆ ਹੈ। ਉਸਦੇ ਕੋਲ ਜਾ ਕੇ ਜਲ ਪੀ ਆ। ਮਰਦਾਨੇ ਨੇ ਜਾਕੇ ਉਸ ਫਕੀਰ ਨੂੰ ਕਿਹਾ ਕਿ ਹੇ ਫਕੀਰ! ਮੈਨੂੰ ਜਲ ਪਿਆ ਦਿਉ। ਤਾਂ ਅੱਗੋਂ ਫਕੀਰ ਬੋਲਿਆ ਕਿ ਤੂੰ ਤਾਂ ਕਾਫਰ ਨਾਲ ਰਹਿੰਦਾ ਹੈਂ। ਕਾਫਰਾਂ ਦਾ ਤੂੰ ਕੀਰਤਨ ਕਰਦਾ ਹੈਂ। ਇਹ ਗੱਲ ਇਸਲਾਮ ਵਿੱਚ ਮਨ੍ਹਾਂ ਹੈ। ਤੈਨੂੰ ਮੈਂ ਜਲ ਨਹੀਂ ਪਿਲਾਉਂਦਾ, ਹੋਰ ਨੂੰ ਤਾਂ ਪਿਲਾ ਦੂੰਗਾ, ਜਾਂ ਫਿਰ ਤੂੰ ਇਸ ਕਾਫਰ ਨਾਲੋਂ ਅਲੱਗ ਹੋ ਜਾ। ਕਾਫਰਾਂ ਦੀ ਬਾਣੀ ਨਾ ਪੜ੍ਹਿਆ ਕਰ। ਤਾਂ ਮਰਦਾਨਾ ਨਿਰਾਸ ਹੋਕੇ ਗੁਰੂ ਸਾਹਿਬ ਦੇ ਪਾਸ ਚਲਾ ਗਿਆ ਅਤੇ ਸਾਰੀ ਗੱਲ ਦੱਸੀ। ਗੁਰੂ ਸਾਹਿਬ ਕਹਿਣ ਲੱਗੇ-ਮਰਦਾਨਿਆਂ! ਇੱਕ ਵਾਰੀ ਹੋਰ ਜਾਹ। ਮਰਦਾਨਾ ਕਹਿਣ ਲੱਗਾ ਕਿ ਮੈਂ ਤਾਂ ਇੱਕ ਵਾਰ ਵੀ ਬੜੀ ਮੁਸ਼ਕਲ ਨਾਲ ਗਿਆ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਕਰਤਾਰ ਨੂੰ ਯਾਦ ਕਰ ਤੇ ਚਲਿਆ ਜਾਹ। ਬਲੀ ਕੰਧਾਰੀ ਨੇ ਇਸ ਵਾਰ ਵੀ ਜਲ ਨਾ ਦਿੱਤਾ। ਜਦ ਮਰਦਾਨਾ ਮੁੜਕੇ ਗੁਰੂ ਸਾਹਿਬ ਪਾਸ ਆਇਆ ਤਾਂ ਉਸਨੇ ਆਖਿਆ ਕਿ ਜੀ, ਮੈਨੂੰ ਫਕੀਰ ਨੇ ਜਲ ਨਹੀਂ ਦਿੱਤਾ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆਂ! ਇੱਕ ਪੱਥਰ ਤਾਂ ਪੁੱਟ, ਉਥੋਂ ਹੀ ਜਲ ਨਿਕਲ ਆਇਆ। ਬਲੀ ਕੰਧਾਰੀ ਨੇ ਕ੍ਰੋਧ ਕੀਤਾ

ਤੇ ਆਪਣੀ ਸ਼ਕਤੀ ਨਾਲ ਉਪਰੋਂ ਪਹਾੜ ਸੁੱਟਿਆ। ਮਰਦਾਨਾ ਕਹਿਣ ਲੱਗਿਆ ਕਿ ਜਲ ਬਿਨਾਂ ਤਾਂ ਬਚ ਵੀ ਜਾਂਦੇ, ਪਰ ਹੁਣ ਨਹੀਂ ਬਚਦੇ। ਗੁਰੂ ਸਾਹਿਬ ਕਹਿਣ ਲੱਗੇ – ਮਰਦਾਨਿਆਂ ! ਫਿਕਰ ਨਾ ਕਰ, ਸਭ ਦਾ ਰਾਖਾ ਇੱਕ ਕਰਤਾਰ ਹੈ –

ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ (ਪੰਨਾ ੧੧੩੬)

ਜਿਹੜਾ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਅੰਤਰਜਾਮੀ ਰੂਪ, ਪਾਰਖ ਰੂਪ, ਸਾਖਸ਼ੀ ਰੂਪ ਬੈਠਾ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥ (ਪੰਨਾ ੧੪੨੭)

ਭਾਈ ਵੀਰ ਸਿੰਘ ਨੇ ਲਿਖਿਆ ਹੈ – ਉਹ ਜਿਹੜਾ ਸਾਂਈਂ, ਸਾਰਿਆਂ ਵਿੱਚ ਵਿਆਪਕ ਹੈ, ਉਹ ਸਾਖਸ਼ੀ ਰੂਪ ਵਿੱਚ ਸਭ ਦੇ ਅੰਦਰ ਬਿਰਾਜਮਾਨ ਹੈ ਪਰ ਲੋਕਾਂ ਨੂੰ ਇਹ ਪਤਾ ਨਹੀਂ ਕਿ ਸਾਖਸ਼ੀ ਕਿਹੜਾ ਹੈ ? ਤੁਹਾਨੂੰ ਇਸਦਾ ਪਤਾ ਲੱਗਣਾ ਚਾਹੀਦਾ ਹੈ। ਤੁਹਾਡਾ ਮਨ ਕਲਪਣਾ ਕਰਦਾ ਹੈ, ਉਹ ਕਲਪਣਾ ਨੂੰ ਵੇਖਣ ਵਾਲਾ ਪਹਿਲਾਂ ਖੜ੍ਹਾ ਹੁੰਦਾ ਹੈ। ਉਹ ਤੂੰ ਐਵੇਂ ਘੰਟਾ ਲਗਾ ਦਿੱਤਾ, ਫਜ਼ੂਲ ਦੀਆਂ ਗੱਲਾਂ ਸਨ। ਕੀ ਫਾਇਦਾ ਸੀ ਇਸਦੇ ਵਿੱਚ ? ਉਹ ਦੇਖਕੇ ਹੀ ਕਹਿੰਦਾ ਹੈ। ਉਹ ਜਿਹੜਾ ਦੇਖਣ ਵਾਲਾ ਚੇਤਨ, ਅੰਦਰ ਬੈਠਾ ਹੈ ਸਾਖਸ਼ੀ, ਉਹ ਵਿਆਪਕ ਹੈ। ਉਹ ਵਿਆਪਕ ਹੀ ਸਾਖਸ਼ੀ ਹੈ। ਉਹ ਕਲਪਣਾ, ਬਿਰਤੀ, ਤ੍ਰਿਕੁਟੀ ਤਿੰਨਾਂ ਗੁਣਾਂ ਦੀ, ਪੰਜ ਤੱਤਾਂ ਦੀ ਇਹ ਤਾਂ ਜੜ੍ਹ ਹੈ। ਪਰ ਤ੍ਰਿਕੁਟੀ ਨੂੰ ਜਾਨਣ ਵਾਲਾ ਦਾਨਾ ਬੀਨਾ ਵੀ ਅੰਦਰ ਬੈਠਾ ਹੈ। ਜਿਹੜਾ ਤ੍ਰਿਕੁਟੀ ਨੂੰ ਦੇਖਦਾ ਹੈ ਕਿ ਇਹ ਠੀਕ ਹੈ, ਇਹ ਠੀਕ ਨਹੀਂ ਹੈ। ਉਹ ਫਲਾਣਾ ਅੱਛਾ ਨਹੀਂ ਹੈ, ਧਿਮਕਾ ਅੱਛਾ ਨਹੀਂ ਹੈ। ਉਹ ਜਿਹੜਾ ਪਰਮੇਸ਼ਰ ਹੈ, ਉਹ ਰਮਤ ਰਾਮ ਹੈ। ਉਹੀ ਸਾਰੇ ਵਿਆਪਕ ਹੈ। ਉਹ ਸਭ ਦਾ ਮਾਲਕ ਹੈ। ਉਹ ਸਭ ਦਾ ਅੰਤਰਜਾਮੀ ਹੈ, ਏਸ ਕਰਕੇ, ਉਹ ਵਿਆਪਕ ਹੈ। ਉਹ, ਹੈ ਤਾਂ ਇੱਕੋ ਹੀ, ਦੋ ਨਹੀਂ। ਜੇ ਦੋ

ਹੁੰਦੇ ਤਾਂ ਗੁਰੂ ਨਾਨਕ ਦੇਵ ਜੀ ਉੱਥੇ ਦੂਆ (੨) ਲਿਖਦੇ। ਜੇ ਤਿੰਨ ਹੁੰਦੇ ਤਾਂ ਗੁਰੂ ਨਾਨਕ ਦੇਵ ਜੀ ਤੀਆ (੩) ਲਿਖਦੇ–

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥ (ਪੰਨਾ ੧੪੪)

ਜਿਹੜਾ ਖੋਟੇ ਤੇ ਖਰੇ ਸੰਕਲਪਾਂ ਨੂੰ ਜਾਨਣ ਵਾਲਾ ਹੈ, ਉਹ ਪਾਰਖ ਹੈ। ਉਹ ਇਸਦੇ ਅੰਤਹਕਰਣ ਵਿੱਚ ਬੈਠੈ। ਫੁਰਨੇ ਤਾਂ ਹਮੇਸ਼ਾ ਮਾਇਆ ਦੇ ਹੀ ਹੁੰਦੇ ਹਨ।

ਜਿਨ੍ਹ ਕੇ ਰਹੀ ਭਾਵਨਾ ਜੈਸੀ। ਪ੍ਰਭੁ ਮੂਰਤ ਤਿਨ੍ਹ ਦੇਖੀ ਤੈਸੀ॥

(ਰਮਾਇਣ)

ਰਾਮ ਦੀ ਸ਼ਾਦੀ ਹੋਈ, ਬਹੁਤਿਆਂ ਨੇ ਮੱਥਾ ਟੇਕਿਆ ਕਿ ਇਹ ਸਰਗੁਣ ਸਰੂਪ ਹੈ। ਬਹੁਤਿਆਂ ਨੇ ਮੱਥਾ ਟੇਕਿਆ ਕਿ ਨਿਰਗੁਣ ਸਰੂਪ ਹੈ। ਬਹੁਤਿਆਂ ਨੇ ਦੁਸ਼ਮਣ ਦੇ ਰੂਪ ਵਿੱਚ ਦੇਖਿਆ। ਬਹੁਤਿਆਂ ਨੇ ਰਾਜਾ ਦੇਖਿਆ। ਸਭ ਦੀ ਭਾਵਨਾ ਅਲੱਗ-ਅਲੱਗ ਸੀ। ਤੁਲਸੀ ਦਾਸ ਜੀ ਕਹਿੰਦੇ ਹਨ, ਜਿਸਦੀ ਭਾਵਨਾ ਜਿਸ ਤਰ੍ਹਾਂ ਦੀ ਸੀ, ਉਸਨੂੰ ਸ੍ਰੀ ਰਾਮ ਜੀ ਦਾ ਸਰੂਪ ਉਸੇ ਤਰ੍ਹਾਂ ਨਜ਼ਰ ਆਇਆ। ਪਰ ਜੇ ਕਰ ਉਹ ਬਿਰਤੀ ਦਾ ਸਾਖਸ਼ੀ ਹੁੰਦਾ ਤਾਂ ਇੱਕ ਦੇਖਦਾ। ਪਰ ਹੈ ਤਾਂ ਉਹ ਬਿਰਤੀ ਤੋਂ ਅਲਹਿਦਾ, ਇਸਦਾ ਜੋ ਫੁਰਨਾ ਉੱਠਦਾ ਹੈ, ਉਸਨੂੰ ਉਹ ਦੇਖਦਾ ਹੈ। ਫੁਰਨੇ ਨੂੰ ਬਿਰਤੀ ਕਹਿੰਦੇ ਹਨ। ਉਹ ਬਿਰਤੀ ਦਾ ਸਾਖਸ਼ੀ ਪਰਮੇਸ਼ਰ, ਆਪ ਹੈ। ਉਸਦੀ ਬਾਬਤ ਗੁਰੂ ਸਾਹਿਬ ਕਹਿੰਦੇ ਹਨ–

ਹਰਿ ਜੇਠਿ ਜੁੜੰਦਾ ਲੋੜੀਐ

'ਜੇਠਿ' ਵੱਡੇ ਨੂੰ ਕਹਿੰਦੇ ਹਨ, ਜਿਸ ਤਰ੍ਹਾਂ ਮਾਈਆਂ ਆਪਣੇ (ਜੇਠ) ਵੱਡੇ ਤੋਂ ਉਹਲਾ ਕਰਦੀਆਂ ਹਨ। ਉਹਲੇ ਦਾ ਮਤਲਬ ਹੈ ਕਿ ਤੁਸੀਂ ਪਰਮੇਸ਼ਰ ਨੂੰ ਕਦੇ ਸਾਖਸ਼ਾਤ ਵਿਸ਼ੇਸ਼ਣ ਨਾ ਦਿਉ। ਉਸਦਾ ਮਤਲਬ, ਅਦਬ ਰੱਖਕੇ, ਉਸਨੂੰ ਵੱਡਾ ਜਾਣਕੇ ਉਸਦੀ ਗੱਲ ਕਰੋ। ਜੇਠ ਦੇ ਮਹੀਨੇ ਦੁਆਰਾ, ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਭਾਈ! ਪਰਮੇਸ਼ਰ ਨਾਲ ਜੁੜਨਾ ਜਰੂਰੀ ਹੈ। ਇਹ ਲੋੜੀਂਦੀ ਬਾਤ ਹੈ। ਤੁਸੀਂ ਉਸ ਪਰਮੇਸ਼ਰ ਨਾਲ ਆਪਣੇ ਮਨ ਨੂੰ ਜੋੜ ਦੇਵੋ।

ਜਿਸੁ ਅਗੈ ਸਭਿ ਨਿਵੰਨਿ॥

ਜਿਸਦੇ ਅੱਗੇ ਸਾਰੀ ਦੁਨੀਆਂ ਨਿਵਦੀ ਹੈ। ਜਿਸਦੇ ਅਧੀਨ ਸਾਰਾ ਸੰਸਾਰ ਹੈ। ਉਹ ਜਿਹੜਾ ਸੰਸਾਰ ਦਾ ਉਤਪਤੀ ਕਰਤਾ, ਪਾਲਣ ਕਰਤਾ, ਲੈਅ ਕਰਤਾ ਈਸ਼ਵਰ, ਪਰਮੇਸ਼ਰ ਹੈ, ਉਸਦੇ ਨਾਲ ਸਾਨੂੰ ਆਪਣਾ ਮਨ ਜਰੂਰ ਜੋੜਨਾ ਚਾਹੀਦਾ ਹੈ। ਇਹ ਮਨ, ਜੁੜੇ ਬਿਨਾਂ ਤਾਂ ਰਹਿ ਨਹੀਂ ਸਕਦਾ। ਤੁਸੀਂ ਭਾਵੇਂ ਕਿੰਨਾਂ ਜੋਰ ਲਾ ਲਉ, ਇਸ ਮਨ ਨੇ ਕਿਤੇ ਨਾ ਕਿਤੇ ਜਰੂਰ ਜੁੜ ਜਾਣਾ ਹੈ। ਤੁਸੀਂ ਕੋਈ ਵੀ ਸੋਹਣੀ ਚੀਜ ਦੇਖੋ। ਇੱਕ ਸੋਹਣਾ ਫੁੱਲ ਦੇਖੋਂ, ਮਨ ਝੱਟ ਉਸਦੇ ਨਾਲ ਜੁੜ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ, ਤੁਸੀਂ ਇਸ ਮਨ ਨੂੰ ਪਰਮੇਸ਼ਰ ਨਾਲ ਜੋੜ ਦਿਉ। ਜੇ ਤੁਸੀਂ ਪਰਮੇਸ਼ਰ ਦੇ ਦਾਮਨ (ਪੱਲਾ), ਜੋ ਕਿ ਉਸ ਦਾ ਨਾਮ ਹੈ, ਦੇ ਨਾਲ ਲੱਗ ਜਾਉਂਗੇ , ਜੇ ਤੁਸੀਂ ਆਪਣੇ ਮਨ ਨੂੰ ਨਾਮ ਦੇ ਨਾਲ ਇੱਕ ਕਰ ਦਿਉਂਗੇ ਤਾਂ ਇਸ ਵਿੱਚ ਹੀ ਤੁਹਾਡਾ ਭਲਾ ਹੈ। ਪਰ ਇਹ ਪਹਿਲਾਂ ਨਹੀਂ ਜੁੜੇਗਾ। ਉਹ ਹਰੀ ਜੋ ਸਭ ਦਾ ਮਾਲਕ ਹੈ, ਹਰੇ ਕਰਨ ਵਾਲਾ ਹੈ, ਉਸਦੇ ਨਾਲ, ਉਸਦੇ ਪੱਲੇ (ਨਾਮ) ਨਾਲ ਮਨ ਜੋੜੋ। ਪਹਿਲਾਂ ਮਨ ਉਸਦੇ ਨਾਲ ਜੁੜੇਗਾ, ਫਿਰ ਮਨ ਨੂੰ ਆਤਮਾ ਨਾਲ ਇੱਕ ਰੂਪ ਕਰਕੇ, ਮਨ ਤੋਂ ਅੱਗੇ ਉੱਠੋ। ਦਵੈਤ ਵਾਲਾ ਮਨ ਤਾਂ ਪ੍ਰਤੀਬੰਧਕ ਹੈ। ਉਹ, ਇਸਨੂੰ ਜੁੜਨ ਨਹੀਂ ਦਿੰਦਾ। ਵਰਨ, ਜਾਤੀ, ਕੌਮਾਂ, ਫਲਾਣਾ, ਧਿਮਕਾ ਏਹੀ ਸਿਖਾਲਦਾ ਹੈ। ਇਸਦਾ ਮਨ, ਇਸਨੂੰ ਸਾਰੀ ਉਮਰ ਹਿਲਾਉਂਦਾ ਰਹਿੰਦਾ ਹੈ। ਇਹ ਆਪਣੇ ਜਾਣੇ ਬੜਾ ਸਿਆਣਾ ਬਣਿਆ ਰਹਿੰਦਾ ਹੈ। ਇਸਨੂੰ ਆਖੋ ਇਹ ਸਿਆਣਾ ਉਦੋਂ ਹੋਏਗਾ, ਜਦੋਂ–

ਮਨਿ ਜੀਤੈ ਜਗੁ ਜੀਤੁ ॥ (ਪੰਨਾ ੬)

ਮਨ ਨੂੰ ਜਿੱਤ ਲਵੇਂਗਾ ਤਾਂ ਸਾਰਾ ਜੱਗ ਹੀ ਜਿੱਤਿਆ ਗਿਆ। ਪਰ ਮਨ ਤਾਂ ਸਾਥੋਂ ਜਿੱਤਿਆ ਨਹੀਂ ਜਾਂਦਾ, ਜੱਗ ਨੂੰ ਕਿਵੇਂ ਜਿੱਤ ਲਵਾਂਗੇ? ਇਸ ਕਰਕੇ, ਮਨ ਨੂੰ ਪਰਮੇਸ਼ਰ ਨਾਲ ਜੋੜੋ। ਉਸਦੇ ਲੜ (ਨਾਮ) ਨਾਲ ਲੱਗ ਜਾਉ। ਤੁਹਾਨੂੰ ਪਤਾ ਹੈ ਕਿ ਸ਼ਾਦੀ ਵੇਲੇ ਲੜਕੀ

ਨੂੰ ਲੜਕੇ ਦਾ ਪੱਲਾ ਫੜਾਉਂਦੇ ਨੇ। ਜਿਸ ਦਿਨ ਤੁਸੀਂ ਵੀ, ਇਸਦੇ ਪੱਲੇ 'ਨਾਮ' ਨਾਲ ਜੁੜ ਗਏ ਤਾਂ ਤੁਹਾਡਾ ਮਨ, ਪਰਮੇਸ਼ਰ ਨਾਲ ਇੱਕ ਹੋ ਜਾਵੇਗਾ। ਐਂਵੇਂ ਤਾਂ ਹੋਣਾ ਨਹੀਂ।

ਜਦ ਮਰਦਾਨਾ ਫਿਰਕੇ ਆਇਆ ਤਾਂ ਉਸਨੇ ਦੇਖਿਆ ਕਿ ਪੰਜੇ 'ਚੋਂ ਜਲ ਨਿਕਲਦਾ ਹੈ। ਜਾਕੇ ਦੇਖ ਲਉ, ਮੈਂ ਉਥੇ ਨਹਾਉਂਦਾ ਰਿਹਾ ਹਾਂ, ਮੈਂ ਦੇਖਿਆ ਹੈ। ਫਿਰ ਉਹਦਾ ਜਲ ਖਾਲੀ ਹੋ ਗਿਆ। 'ਬਲੀ ਕੰਧਾਰੀ' ਨੂੰ ਬਹੁਤ ਕ੍ਰੋਧ ਆਇਆ। ਉਹਦੀ ਕੋਈ ਵਾਹ ਨਾ ਚੱਲੀ। ਸਭ ਕੁੱਛ ਕਰ ਲਿਆ ਪਰ ਈਸ਼ਰੀ ਤਾਕਤ ਤਾਂ ਉਸ ਵਿੱਚ ਹੈ ਨਹੀਂ ਸੀ।

ਈਸ਼ਰੀ ਤਾਕਤ ਤਾਂ, ਤਾਂ ਮਿਲਦੀ ਹੁੰਦੀ ਹੈ ਜੇ ਇਹ ਹੰਕਾਰ ਨਾ ਕਰੇ। ਅਰਜਨ ਨੂੰ ਹੰਕਾਰ ਹੋ ਗਿਆ ਸੀ ਕਿ ਮੈਨੂੰ ਬਰ ਦਿੱਤਾ ਹੋਇਆ ਹੈ ਮਹਾਂਦੇਵ ਦਾ, ਮੈਂ ਕਿਸੇ ਨੂੰ ਨਹੀਂ ਛਡੂੰਗਾ। ਕ੍ਰਿਸ਼ਨ ਨੇ ਸੋਚਿਆ ਕਿ ਇਸਦੇ ਅੰਦਰ ਤਾਂ ਹੰਕਾਰ ਹੋ ਗਿਆ। ਹੰਕਾਰੀ ਆਦਮੀ ਦੀ ਅੱਜ ਤੱਕ ਕਦੇ ਮੋਕਸ਼ ਨਹੀਂ ਹੋਈ। ਇਹ ਤਾਂ ਉਲਟੇ ਰਸਤੇ ਪੈ ਗਿਆ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

(ਪੰਨਾ ੫੬੦)

ਨਾਮ ਤੇ ਹੰਕਾਰ, ਦੋਵੇਂ ਇਕੱਠੇ ਨਹੀਂ ਰਹਿ ਸਕਦੇ। ਉਸਨੇ ਆਖਿਆ ਗੋਪੀਆਂ ਨੂੰ, ਇੱਕ ਕੰਮ ਕਰੋ । ਅੱਗੇ ਭੀਲਾਂ ਨੇ ਗੋਪੀਆਂ ਵੀ ਖੋਹ ਲਈਆਂ, ਧਨੁਸ਼ ਵੀ ਖੋਹ ਲਿਆ ਤੇ ਅਰਜਨ ਨੂੰ ਕੁੱਟ ਕੁੱਟ ਕੇ ਗਿੱਦੜ ਜਿਹਾ ਬਣਾ ਦਿੱਤਾ। ਉਹ (ਅਰਜਨ) ਸੋਚਦਾ ਹੈ, ਗੱਲ ਕੀ ਹੋਈ? ਕ੍ਰਿਸ਼ਨ ਕਹਿਣ ਲੱਗਿਆ ਹੁਣ ਦੱਸ, ਅੱਜ ਕੀ ਹੋਇਆ? ਕਹਿੰਦਾ, ਮੈਨੂੰ ਨਹੀਂ ਅੱਜ ਪਤਾ ਲੱਗਿਆ। ਉਹ ਮੇਰੇ ਅਖਤਿਆਰ ਨਹੀਂ ਸੀ। ਮੇਰੇ ਤੋਂ ਕੁੱਝ ਨਹੀਂ ਬਣਿਆ। ਉਸ ਟਾਇਮ ਮੈਨੂੰ ਪਤਾ ਲੱਗਿਆ ਕਿ ਉਹ ਸ਼ਕਤੀ ਮੇਰੀ ਨਹੀਂ ਸੀ। ਮੈਨੂੰ ਕ੍ਰਿਸ਼ਨ ਜੀ ਨੇ ਦਿੱਤੀ ਹੋਈ ਸੀ। ਇਸੇ ਤਰ੍ਹਾਂ ਜਦ ਬਲੀ ਕੰਧਾਰੀ ਆਕੇ, ਹਾਰਕੇ, ਗੁਰੂ ਜੀ ਦੇ ਚਰਨਾਂ ਤੇ ਡਿੱਗਿਆ ਕਿ ਮੈਂ ਹੁਣ ਜਲ ਤੋਂ ਬਿਨਾਂ ਕੀ ਕਰੂੰਗਾ? ਮੈਂ ਉੱਥੇ ਜਲ ਤੋਂ

ਬਿਨਾਂ ਨਹੀਂ ਰਹਿ ਸਕਦਾ। ਉਹ ਕਹਿੰਦੇ-ਤੂੰ ਗਲਤੀ ਕੀਤੀ ਹੈ। ਜਲ ਸਾਰਿਆਂ ਦਾ ਸਾਂਝਾ ਹੈ। ਨਦੀ ਦਾ ਜਲ ਸਭ ਦਾ ਸਾਂਝਾ ਹੁੰਦਾ ਹੈ। ਕੋਈ ਨਹਾਉ, ਕੋਈ ਪੀਉ, ਕੋਈ ਖੂਹ ਪੁੱਟੇ ਤੇ ਕੋਈ ਆਪਣੇ ਖੇਤ ਸਿੰਜ ਲਵੇ, ਜੋ ਵੀ ਕਰੋ। ਇਹ ਪੰਜ ਤੱਤ ਸਾਡੇ ਸਭ ਦੇ ਸਾਂਝੇ ਹਨ। ਤੁਸੀਂ ਦੱਸੋ? ਤੁਸੀਂ ਸਾਰੇ ਬੈਠੇ ਹੋ ਪ੍ਰਿਥਵੀ ਤੇ, ਇਹ ਕਿਸੇ ਨੂੰ ਕੁੱਛ ਕਹਿੰਦੀ ਹੈ ਕਿ ਤੂੰ ਉੱਠ ਜਾਹ। ਈਸ਼ਰ ਦੀਆਂ ਬਹੁਤ ਬਾਤਾਂ ਸਾਂਝੀਆਂ ਹਨ। ਏਸ ਕਰਕੇ, ਜਲ ਸਾਰੀ ਦੁਨੀਆਂ ਦਾ ਸਾਂਝਾ ਹੈ। ਤੈਨੂੰ ਆਪਣੀ ਸ਼ਕਤੀ ਦਾ ਬੜਾ ਹੰਕਾਰ ਸੀ। ਹੁਣ ਦੇਖ ਲੈ, ਇਹ ਜਲ ਪੀਣਗੇ ਵੀ, ਨਹਾਉਣਗੇ ਵੀ, ਘਰ ਵੀ ਲਿਜਾਣਗੇ। ਫੇਰ ਇਹ ਲੋਕਾਂ ਦੇ ਖੇਤ ਸਿੰਜੇਗਾ, ਉਥੇ ਉਹ ਪਸ਼ੂ ਖਾਣਗੇ ਤੇ ਜਲ ਵੀ ਪੀਣਗੇ। ਤੂੰ ਫਕੀਰਾ! ਗਲਤੀ ਕੀਤੀ ਹੈ। ਫੇਰ ਉਹ ਮੰਨਿਆ, ਜੀ ਮੈਥੋਂ ਗਲਤੀ ਹੋ ਗਈ।' ਮੈਂ ਰਸਤਾ ਭੁੱਲ ਗਿਆ ਸੀ। ਮੈਂ ਹੰਕਾਰ ਵਿੱਚ ਆ ਗਿਆ ਸੀ ਤੇ ਗੁਰੂ ਸਾਹਿਬ ਨੇ ਕਿਹਾ, ਹੁਣ ਤਾਂ ਫਕੀਰਾ! ਇਸ ਤਰ੍ਹਾਂ ਹੀ ਚੱਲੇਗਾ। ਤੇਰੀ ਗਲਤੀ ਸੀ। ਗੁਰੂ ਸਾਹਿਬ ਕਹਿੰਦੇ-ਤੇਰੇ ਨਾਲ ਧੱਕਾ ਨਹੀਂ ਕੀਤਾ। ਤੂੰ ਸਾਰਿਆਂ ਦੀ ਚੀਜ ਇਕੱਠੀ ਕੀਤੀ ਸੀ। ਦੇਖੋ! ਹੁਣ ਕਿੰਨੇ ਲੋਕ ਜਾ ਰਹੇ ਹਨ ਪੰਜਾ ਸਾਹਿਬ। ਉਥੇ ਕੈਸਾ ਜਲ ਚਲਦਾ ਹੈ। ਉਹ ਸਾਰਾ ਪੰਜਾ ਸਾਹਿਬ ਪੀਂਦਾ ਹੈ। ਸਾਰੇ ਪਸ਼ੂ ਪੀਂਦੇ ਹਨ, ਲੋਕ ਖੇਤ ਸਿੰਜਦੇ ਹਨ। ਉਥੇ ਖੇਤੀਆਂ ਹੁੰਦੀਆਂ ਹਨ। ਇਸ ਕਰਕੇ, ਰੱਬ ਦੀ ਚੀਜ ਸਭ ਦੀ ਸਾਂਝੀ ਹੁੰਦੀ ਹੈ। ਪਰ ਜੀਵ ਜਿਹੜਾ ਹੁੰਦਾ ਹੈ, ਇਸਦੀ ਐਨੀ ਬੁੱਧੀ ਨਹੀਂ ਹੁੰਦੀ, ਇਹ ਰੱਬ ਦੀ ਚੀਜ ਨੂੰ ਸਾਂਝੀ ਨਹੀਂ ਸਮਝਦਾ। ਇਹ ਕਹਿੰਦਾ ਹੈ, ਲੁੱਟ ਲਉ ਜੋ ਲੁੱਟਣਾ ਹੈ, ਫੇਰ ਮੌਕਾ ਨਹੀਂ ਮਿਲਣਾ। ਜਦੋਂ ਇਸਨੂੰ ਕੋਈ ਲੁੱਟਦਾ ਹੈ ਤਾਂ ਇਹ ਪਿੱਟਦਾ ਹੈ। ਉਹਨੂੰ ਆਖੇ, ਜਦੋਂ ਤੂੰ ਲੋਕਾਂ ਨੂੰ ਲੁੱਟਦਾ ਸੀ? ਹੁਣ ਤੈਨੂੰ ਲੁੱਟ ਲਿਆ ਤਾਂ ਕੀ ਹੋ ਗਿਆ? ਇਹ ਸੁਭਾਅ ਹੈ ਇਸਦਾ। ਇਸ ਕਰਕੇ ਭਾਈ! ਜੇ ਕਰ ਤੁਸੀਂ ਆਪਣਾ ਉਧਾਰ ਕਰਨਾ ਹੈ, ਉਸ ਪਰਮੇਸ਼ਰ ਦੇ ਲੜ ਲੱਗ ਜਾਉ, ਨਾਮ ਦੇ ਨਾਲ ਮਨ ਨੂੰ ਜੋੜ ਦਿਉ। ਜਦ ਨਾਮ ਨਾਲ ਤੁਹਾਡਾ ਮਨ ਜੁੜ ਗਿਆ ਤਾਂ ਸਾਰੀਆਂ ਹੋਰ ਬਿਰਤੀਆਂ ਤੁਹਾਡੀਆਂ, ਆਪਣੇ ਆਪ ਨਾਸ਼ ਹੋ

ਜਾਣਗੀਆਂ। ਇੱਕ ਸਮ-ਬਿਰਤੀ ਰਹਿ ਜਾਂਦੀ ਹੈ। ਫੇਰ ਦੂਜੀਆਂ ਸਾਰੀਆਂ ਬਿਰਤੀਆਂ ਨਾਸ਼ ਹੋ ਜਾਂਦੀਆਂ ਹਨ। ਉਸ ਬਿਰਤੀ ਵਿੱਚ ਜਿਹੜਾ ਉਸਦਾ ਸਾਹਿਬ ਬੈਠਾ ਹੈ, ਉਹ ਬਿਰਤੀ ਨੂੰ ਆਪ ਹੀ ਦੇਖਦਾ ਹੈ, ਆਪ ਹੀ ਦੱਸਦਾ ਹੈ। ਕਦੇ, ਕਿਸੇ ਨੂੰ ਪੁੱਛਿਆ ਤਾਂ ਨਹੀਂ ਕਿ ਮੇਰਾ ਕੀ ਫੁਰਨਾ ਹੋਇਆ ਹੈ? ਮੇਰਾ ਮਨ ਬਦਲ ਗਿਆ। ਇਹ ਆਪ, ਫੁਰਨੇ ਨੂੰ ਜੇ ਨਾ ਦੇਖਦਾ ਹੋਵੇ, ਤਾਂ ਦੱਸੇ ਕੌਣ? ਉਹ ਬਿਰਤੀ ਵਿੱਚ ਆਪ ਬੈਠਾ ਹੈ, ਉਹ ਸਾਰੀ ਦੁਨੀਆਂ ਦਾ ਸੁਆਮੀ, ਸਾਰਿਆਂ ਦੇ ਹਿਰਦਿਆਂ ਦਾ ਅੰਤਰਜਾਮੀ ਹੈ। ਜਦ ਤੁਹਾਡਾ, ਮਨ ਨਾਮ ਨਾਲ ਜੁੜ ਗਿਆ ਤਾਂ ਨਾਮੀ ਤੁਹਾਨੂੰ ਪ੍ਰਾਪਤ ਹੋ ਜਾਵੇਗਾ। ਗੁਰੂ ਅਰਜਨ ਦੇਵ ਜੀ ਕਹਿੰਦੇ ਕਿ ਇਹ ਉਪਾਅ ਹੈ ਥੋੜੀ ਮੋਕਸ਼ ਦਾ, ਹੋਰ ਕੋਈ ਨਹੀਂ। ਇਹ ਕੰਮ **'ਲੋੜੀਐ'** ਭਾਵ ਕਰਨਾ ਚਾਹੀਏ।

ਹਰਿ ਸਜਣ ਦਾਵਣਿ ਲਗਿਆ

ਉਹ ਹਰੀ ਜੋ ਸਭ ਦਾ ਸੱਜਣ ਹੈ, ਮਾਲਕ ਹੈ ਸਭ ਦੀ ਉਤਪਤੀ, ਪਾਲਣਾ ਅਤੇ ਲੈਅ ਦਾ ਜੁੰਮੇਵਾਰ ਹੈ, ਜਦ ਉਸਦੇ ਨਾਮ ਦੇ ਨਾਲ, ਤੁਹਾਡਾ ਮਨ ਜੁੜ ਜਾਏਗਾ-

ਕਿਸੈ ਨ ਦੇਈ ਬੰਨਿ॥

ਫੇਰ ਕੋਈ ਉਸਨੂੰ ਬੰਨ੍ਹ ਨਹੀਂ ਸਕੇਗਾ। ਕਬੀਰ ਬੰਨ੍ਹ ਲਿਆ ਕਿਸੇ ਨੇ? ਨਾਮਦੇਵ ਨੂੰ ਬੰਨ੍ਹ ਲਿਆ ਕਿਸੇ ਨੇ? ਈਸਾ ਨੂੰ ਬੰਨ੍ਹ ਲਿਆ ਕਿਸੇ ਨੇ? ਜੋ ਰੱਬ ਦੇ ਨਾਲ ਜੁੜ ਜਾਏਗਾ, ਉਸਨੂੰ ਕੋਈ ਨਹੀਂ ਬੰਨ੍ਹ ਸਕਦਾ। ਇਸ ਕਰਕੇ, ਕਿਸੇ ਹੋਰ ਨੂੰ ਉਹ ਬੰਨ੍ਹਣ ਨਹੀਂ ਦੇਵੇਗਾ। ਸਾਨੂੰ ਹੋਰ ਕੋਈ ਉਲਟੇ ਰਸਤੇ ਨਹੀਂ ਪਾ ਸਕੇਗਾ।

ਮਾਣਕ ਮੋਤੀ ਨਾਮੁ ਪ੍ਰਭ

ਇਹ ਜਿਹੜਾ ਪ੍ਰਭੂ ਦਾ ਨਾਮ ਹੈ, ਉਹ ਕੀ ਚੀਜ ਹੈ? ਉਹ ਮਾਣਕ ਹੈ, ਉਹ ਮੋਤੀ ਹੈ। ਉਹ ਗਿਆਨ ਨੂੰ ਪ੍ਰਾਪਤ ਕਰਾਉਣ ਵਾਲਾ ਹੈ, ਸ਼ੁੱਧ ਹੈ। ਤੇਰਾ ਮਨ, ਨਾਮ ਨਾਲ ਜਦ ਇੱਕ ਹੋ ਗਿਆ, ਸ਼ੁੱਧ ਹੋ ਗਿਆ, ਉਸਨੂੰ ਸਮਾਧੀ ਕਹਿੰਦੇ ਹਨ।

ਗੁਰੂ ਸਾਹਿਬ, ਪਾਤਸ਼ਾਹੀ ਦਸਵੀਂ ਲਿਖਦੇ ਹਨ –

ਏਕ ਚਿਤ ਜਿਹ ਇਕ ਛਿੰਨ ਧਿਆਇਉ॥
ਕਾਲ ਫਾਸ ਕੇ ਬੀਚ ਨਾ ਆਇਉ॥ (ਦਸਮ ਗ੍ਰੰਥ)

ਜੇ ਇੱਕ ਛਿੰਨ ਮਾਤਰ ਵੀ, ਤੁਹਾਡਾ ਮਨ ਉਸ ਪਰਮੇਸ਼ਰ ਨਾਲ ਜੁੜ ਗਿਆ, ਤੁਹਾਡਾ ਜਨਮ ਮਰਨ ਕੱਟਿਆ ਗਿਆ। ਇਕ ਛਿੰਨ ਮਾਤਰ, ਫੇਰ ਤੁਸੀਂ ਹੋਰ ਥਾਂ ਨਹੀਂ ਜਾਉਂਗੇ। ਜੋ ਵੀ ਰਿਸ਼ੀ, ਗੁਰੂ ਸਮਾਧੀ ਦੁਆਰਾ ਗਏ, ਉਹ ਮੁਕਤ ਜਰੂਰ ਹੋਏ।

ਉਨ ਲਗੈ ਨਾਹੀ ਸੰਨਿ॥

ਉਸਨੂੰ ਕੋਈ ਲੁੱਟ ਨਹੀਂ ਸਕਦਾ। ਉਸਨੂੰ ਕੋਈ ਸੰਨ੍ਹ ਨਹੀਂ ਲਾ ਸਕਦਾ। ਉਹ (ਜਮ) ਖੋਹੇਗਾ ਕੀ? ਉਹ ਹੁਣ ਆਪਣਾ ਆਪ ਨਿਰੰਕਾਰ ਹੈ।

ਬ੍ਰਹਮ ਗਿਆਨੀ ਕਾ ਸਗਲ ਅਕਾਰੁ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥ (ਪੰਨਾ ੨੭੩)

ਉਹ ਕਿਸ ਤਰ੍ਹਾਂ ਫਸੇਗਾ? ਉਹਨੂੰ ਕੌਣ ਲੁੱਟੇਗਾ? ਹੁਣ ਉਹਦੇ ਕੋਲ ਹੋਰ ਤਾਂ ਕੋਈ ਚੀਜ ਨਹੀਂ ਸੀ। ਉਸਦੇ ਹਿਰਦੇ ਵਿੱਚ ਪਰਮੇਸ਼ਰ ਦਾ ਸਾਖਸ਼ਾਤ ਹੋਵੇਗਾ। ਉਹ ਇਸ ਰੂਪ ਵਿਚ ਇਸਥਿਤ ਹੋ ਗਿਆ ਹੈ, ਉਸਦੀ ਮੋਕਸ਼ ਹੋ ਗਈ ਹੈ। ਹੁਣ ਇਹ ਹਨੇਰੇ ਵਿੱਚ, ਰੱਸੀ ਵਿੱਚ ਸਰਪ ਨਹੀਂ ਦੇਖੇਗਾ। ਇਸਦੇ ਸਾਰੇ ਭਰਮ ਨਾਸ਼ ਹੋ ਜਾਣਗੇ। ਭਰਮ, ਬ੍ਰਹਮ ਗਿਆਨੀ ਨੂੰ ਨਹੀਂ ਹੁੰਦਾ, ਹੋਰ ਸਭ ਕੋਈ ਭਰਮ ਵਿੱਚ ਹੁੰਦਾ ਹੈ।

ਭਰਮੇ ਸੁਰਿ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ॥
ਭਰਮਿ ਭਰਮਿ ਮਾਨੁਖ ਡਹਕਾਏ॥ ਦੁਤਰ ਮਹਾ ਬਿਖਮ ਇਹ ਮਾਏ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ॥ ਨਾਨਕ ਤੇਹ ਪਰਮ ਸੁਖ ਪਾਇਆ॥
(ਪੰਨਾ ੨੫੮)

ਪਰਮੇਸ਼ਰ ਤੋਂ ਬਿਨਾਂ, ਗੁਰੂ ਤੋਂ ਬਿਨਾਂ, ਬਾਕੀ ਦੇ ਸਾਰੇ ਲੋਕ ਲੁੱਟੇ ਜਾਂਦੇ ਨੇ। ਮਨ, ਕਿਸੇ ਨੂੰ ਦਿਸਦਾ ਨਹੀਂ। ਕਦੇ ਇੱਧਰ ਚਲਿਆ ਜਾਂਦਾ ਹੈ, ਕਦੇ ਉੱਧਰ। ਇਸ ਕਰਕੇ, ਜਿਸ ਤੇ ਈਸ਼ਰੀ ਕ੍ਰਿਪਾ ਹੋਵੇ–

ਰੰਗ ਸਭੇ ਨਾਰਾਇਣੈ

ਫੇਰ ਤੈਨੂੰ ਇਹ ਅਨੁਭਵ ਹੋ ਜਾਏਗਾ ਕਿ ਸਾਰੇ ਨਰਾਇਣ ਹੀ ਹੈ।

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥(ਪੰਨਾ ੪੮੫)

ਨਾਮਦੇਵ ਕਹਿੰਦਾ ਹੈ, ਸਾਰੇ ਗੋਬਿੰਦ ਹੈ, ਗੋਬਿੰਦ ਬਿਨਾਂ ਕੋਈ ਨਹੀਂ ਹੈ। ਇਸ ਕਰਕੇ, ਇਸਨੂੰ ਆਤਮ-ਗਿਆਨ ਹੋ ਜਾਵੇਗਾ ਅਤੇ ਸਾਰੇ ਫਲ ਪ੍ਰਾਪਤ ਹੋ ਜਾਣਗੇ।

ਜੇਤੇ ਮਨਿ ਭਾਵੰਨਿ ॥

ਜਿਹੜੇ ਪਰਮੇਸ਼ਰ ਦੇ ਮਨ ਨੂੰ ਭਾਉਣਗੇ, ਉਨ੍ਹਾਂ ਨੂੰ ਸਭ ਤਰਫ ਪਰਮੇਸ਼ਰ ਦਿੱਸੇਗਾ। ਇਹ ਜੋ ਸੰਸਾਰ ਤੁਸੀਂ ਦੇਖਦੇ ਹੋਂ, ਇਹ ਹਰੀ ਦਾ ਰੂਪ ਹੈ। ਤੀਸਰੇ ਪਾਤਸ਼ਾਹ ਕਹਿੰਦੇ -

ਹਰਿ ਰੂਪੁ ਨਦਰੀ ਆਇਆ ॥ (ਪੰਨਾ ੯੨੨)

ਅਸੀਂ ਹਰੀ ਦਾ ਰੂਪ ਦੇਖਦੇ ਹਾਂ। ਤੁਹਾਨੂੰ ਜਾਂ ਤਾਂ ਸੰਸਾਰ ਦਾ ਗਿਆਨ ਹੋਵੇਗਾ ਜਾਂ ਪਰਮੇਸ਼ਰ ਦਾ। ਜਦੋਂ ਤੱਕ ਇਸਨੂੰ ਸੰਸਾਰ ਦਾ ਗਿਆਨ ਹੈ, ਉਦੋਂ ਤੱਕ ਪਰਮੇਸ਼ਰ ਦਾ ਗਿਆਨ ਨਹੀਂ ਹੋ ਸਕਦਾ। ਦੋ ਚੀਜਾਂ ਤਾਂ ਸਤਿ ਨਹੀਂ ਹੋ ਸਕਦੀਆਂ, ਇਹ ਇੱਕ ਨਿਯਮ ਹੈ। ਇਸ ਕਰਕੇ ਭਾਈ ! ਉਹ ਸਾਰੇ ਪਰਮੇਸ਼ਰ ਹੈ, ਇਹ ਸਾਰੇ ਜੀਵ, ਉਸਦੇ ਹਨ।

ਜੋ ਹਰਿ ਲੋੜੇ ਸੋ ਕਰੇ

ਜੋ ਹਰੀ ਚਾਹੇਗਾ, ਉਹੀ ਕਰੇਗਾ। ਤੁਹਾਨੂੰ ਐਨਾ ਅਖਤਿਆਰ ਨਹੀਂ। ਵੇਦਾਂਤ ਵਿਚ ਪੜ੍ਹਿਆ ਹੈ ਕਿ ਉਹ ਇੱਕ ਚੀਜ ਕਿਸੇ ਨੂੰ ਨਹੀਂ ਦਿੰਦਾ ਹੁੰਦਾ। ਉਤਪਤੀ, ਪਾਲਣਾ ਅਤੇ ਲੈਅ । ਇਹ ਪਰਮੇਸ਼ਰ ਕੋਲ ਹੁੰਦੀ ਹੈ, ਹੋਰ ਕਿਸੇ ਕੋਲ ਨਹੀਂ ਹੁੰਦੀ। ਜੇ ਹੋਰ ਕਿਸੇ ਨੂੰ ਦੇ ਦੇਵੇ ਤਾਂ ਉਹ ਨਹੀਂ ਕਰ ਸਕਦਾ। ਇਸ ਕਰਕੇ, ਸਭ ਈਸ਼ਵਰ ਹੀ ਹੈ। ਉਹ ਜੋ ਚਾਹੇਗਾ, ਉਹੀ ਕਰੇਗਾ, ਤੁਹਾਡੇ ਆਖੇ ਨਹੀਂ ਲੱਗੇਗਾ। ਇਹੀ ਫ਼ਰਕ ਹੈ। ਜੋ ਪੂਰਨ ਬ੍ਰਹਮ ਗਿਆਨੀ ਹੈ, ਉਹ ਭਾਣੇ ਵਿੱਚ ਖੜ੍ਹਾ ਹੋ ਜਾਂਦਾ ਹੈ। ਅਸੀਂ ਭਾਣੇ ਵਿੱਚ ਖੜ੍ਹਦੇ ਨਹੀਂ ਕਿਉਂਕਿ ਸਾਨੂੰ ਮੋਹ ਚਿੰਬੜਿਆ

ਹੋਇਆ ਹੈ। ਅਸੀਂ ਭਾਣੇ ਵਿੱਚ ਖੜ੍ਹ ਨਹੀਂ ਸਕਦੇ। ਪਰਮੇਸ਼ਰ ਤੋਂ ਬਿਨਾਂ, ਹੋਰ ਕੋਈ ਕਰਤਾ ਪੁਰਸ਼ ਨਹੀਂ ਹੈ। ਉਹ ਤਾਂ, ਦਾਸ ਬਣ ਜਾਂਦਾ ਹੈ– ਨਾਨਕ ਦਾਸ, ਕਬੀਰ ਦਾਸ, ਦਾਦੂ ਦਾਸ। ਇਹ ਸਾਰੇ ਜਿੰਨੇ ਸੰਤ ਹੋਏ ਨੇ, ਇਹ 'ਦਾਸ' ਪਦਵੀ ਨੂੰ ਹੀ ਪ੍ਰਾਪਤ ਹੋਏ ਕਿਉਂਕਿ ਉਹ ਇੱਕ ਪਰਮੇਸ਼ਰ ਦੇ ਉਪਾਸ਼ਕ ਸੇ। ਪਰਮੇਸ਼ਰ ਦੀ ਉਪਾਸਨਾ, ਉਨ੍ਹਾਂ ਨੇ ਦੱਸੀ ਸੀ। ਜੇ ਆਪ ਦਾਸ ਨਾ ਬਣਦੇ, ਬ੍ਰਹਮ ਬਣ ਜਾਂਦੇ, ਤਾਂ ਅਸੀਂ ਸਾਰੇ ਹੀ ਕੁਰਾਹੇ ਪੈ ਜਾਂਦੇ। ਉਨ੍ਹਾਂ ਨੇ ਇਹ ਰਸਤਾ ਦੱਸਿਆ। ਇਸ ਕਰਕੇ ਭਾਈ ! ਉਹ ਪਰਮੇਸ਼ਰ ਜੋ ਕਰਦਾ ਹੈ, ਉਸਦਾ ਭਾਣਾ ਮੰਨੋਂ। ਬਈ ! ਪਰਮੇਸ਼ਰ ਜੋ ਕਰਦਾ ਹੈ, ਸਹੀ ਕਰਦਾ ਹੈ, ਠੀਕ ਕਰਦਾ ਹੈ। ਉਹ ਸਰਬੱਗ ਹੈ, ਸਾਨੂੰ ਉਹਦਾ ਪੂਰਨ ਗਿਆਨ ਨਹੀਂ।

ਸੋਈ ਜੀਅ ਕਰੰਨਿ ॥

ਜੋ ਉਹ ਕਰਾਏਗਾ, ਜੀਵਾਂ ਨੂੰ ਉਹੀ ਕਰਨਾ ਪਏਗਾ। ਜੀਵ ਦੀ ਕੀ ਸੱਤਾ ਹੈ ਜਿਹੜਾ ਈਸ਼ਵਰ ਦੀ ਕਰੀ ਨੂੰ ਹਿਲਾ ਦੇਵੇ, ਅਲਹਿਦਾ ਕਰ ਦੇਵੇ? ਨਾ ! ਨਾ ! ਇਸਦੀ ਕੀ ਤਾਕਤ? ਉਸਦੀ ਤਾਕਤ ਨਾਲ ਕਰੇਗਾ। ਕਰੇਗਾ ਤਾਂ ਉਹ ਪਰਮੇਸ਼ਰ ਅਤੇ ਵਡਿਆਈ ਜੀਵ ਦੀ ਹੋਵੇਗੀ। ਗਰੀਬ ਦਾਸ ਨੇ ਗਰੰਥ ਵਿੱਚ ਕਬੀਰ ਦੀ ਬੜੀ ਉਸਤਤੀ ਕੀਤੀ ਹੈ। ਉਸਨੇ ਲਿਖਿਆ ਹੈ –

ਨਾਨਕ ਦਾਦੂ ਅਗਮ ਅਗਾਧੂ ਤੇਰੀ ਜਹਾਜ ਦੇ ਖੇਵਟ ਸਹੀ।
ਸੁੱਖ ਸਾਗਰ ਤੇ ਹੰਸਾ ਆਏ ਭਗਤ ਹੜੰਬੜਾ ਉਰਧ ਗਇਉ।

ਗਰੀਬ ਦਾਸ ਨੇ ਕਿਹਾ ਹੈ ਕਿ ਨਾਨਕ ਅਤੇ ਦਾਦੂ ਦੀ ਮਹਿਮਾ, ਅਗਮ ਅਗਾਧੂ ਹੈ। ਇਹ ਜਹਾਜ ਬੰਨੇ ਲਾਉਣ ਵਾਲੇ ਬੜੇ ਖੇਵਟ ਹਨ। ਇਨ੍ਹਾਂ ਨੇ ਪ੍ਰੇਮਾ ਭਗਤੀ ਦੁਆਰਾ ਕਈਆਂ ਦੇ ਜਹਾਜ ਬੰਨੇ ਲਾਏ। ਪ੍ਰੰਤੂ ਗਰੀਬ ਦਾਸ ਤਾਂ ਕਬੀਰ ਦਾ ਚੇਲਾ ਹੈ।

ਦਾਸ ਗਰੀਬ ਕਬੀਰ ਕਾ ਚੇਲਾ

ਕਬੀਰ ਦਾ ਜੱਗ ਹੋਇਆ, ਬੜੀ ਦੁਨੀਆਂ ਆਈ। ਕਬੀਰ ਘਬਰਾ ਗਿਆ। ਉਸਨੇ ਆਖਿਆ ਘਰ ਤਾਂ ਕੁੱਛ ਹੈ ਨਹੀਂ। ਉਹ ਜੰਗਲ ਵਿੱਚ

ਜਾ ਵੜਿਆ। ਪਿੱਛੋਂ ਪ੍ਰਮਾਤਮਾ ਨੇ ਬੜਾ ਭਾਰੀ ਜੱਗ ਕੀਤਾ। ਆਪੇ ਕੜਾਹੀਆਂ ਆ ਗਈਆਂ, ਆਪੇ ਹਲਵਾਈ ਅਤੇ ਰਸਦ ਆ ਗਈ। ਇੱਕ ਸਾਧੂ ਜੱਗ ਵਿਚੋਂ ਖਾਕੇ ਨਿਹਾਲ ਹੋ ਕੇ ਗਿਆ ਸੀ, ਉਸਨੇ ਕਬੀਰ ਨੂੰ ਪਿਆ ਦੇਖਿਆ। ਉਸਨੂੰ ਕਹਿੰਦਾ-ਤੂੰ ਕੌਣ ਹੈਂ? ਕਬੀਰ ਨੇ ਬਦਨਾਮੀ ਤੋਂ ਡਰਦਿਆਂ, ਆਪਣਾ ਨਾਂ ਹੋਰ ਹੀ ਦੱਸਿਆ। ਉਸ ਸਾਧੂ ਨੇ ਕਿਹਾ ਕਿ ਕਬੀਰ ਦਾ ਜੱਗ ਤਿੰਨ ਦਿਨਾਂ ਤੋਂ ਚੱਲ ਰਿਹਾ ਹੈ। ਤੂੰ ਏਥੇ ਭੁੱਖਾ ਪਿਆ ਹੈਂ! ਲੈ, ਦੋ ਲੱਡੂ ਖਾ ਲੈ, ਮੈਂ ਕਬੀਰ ਦੇ ਜੱਗ 'ਚੋਂ ਲੈਕੇ ਆਇਆ ਹਾਂ। ਕਬੀਰ ਨੇ ਆਖਿਆ-

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥

(ਪੰਨਾ ੧੩੬੭)

ਕਬੀਰ ਜਾ ਕੇ ਘਰ ਬੈਠ ਗਿਆ, ਜਿੱਥੇ ਕਬੀਰ ਰਹਿੰਦਾ ਸੀ। ਲੋਕਾਂ ਨੇ ਉਸ ਦੀ ਬੜੀ ਉਸਤਤ ਕੀਤੀ। ਉਹ ਕਹਿੰਦਾ, ਨਾ ਮੈਂ ਕੁੱਛ ਕਰ ਸਕਦਾ ਹਾਂ, ਨਾ ਮੈਂ ਕੁੱਛ ਕੀਤਾ ਹੈ। ਜੋ ਕੁੱਛ ਕੀਤਾ ਹੈ, ਉਹ ਪਰਮੇਸ਼ਰ ਨੇ ਹੀ ਕੀਤਾ ਹੈ। ਮੇਰੀ ਤਾਂ ਲੋਕ ਐਂਵੇ ਬਦਨਾਮੀ ਹੀ ਕਰਦੇ ਹਨ। ਕੀਤਾ ਹਰੀ ਨੇ, ਬਦਨਾਮ ਮੈਂ ਹੋ ਗਿਆ ਹਾਂ। ਏਸ ਕਰਕੇ ਭਾਈ! ਕਬੀਰ ਦਾਸ ਇਸ ਤਰ੍ਹਾਂ ਦਾ ਸੀ, ਕਿ ਪਰਮੇਸ਼ਰ ਨੇ ਆਪ ਆਕੇ, ਉਸ ਦਾ ਜੱਗ ਕੀਤਾ। ਇਸ ਕਰਕੇ ਕਬੀਰ, ਪਰਮੇਸ਼ਰ ਦਾ ਰੂਪ ਹੀ ਸੀ।

ਜੋ ਪ੍ਰਭਿ ਕੀਤੇ ਆਪਣੇ

ਜੋ ਪ੍ਰਭੂ ਨੇ ਆਪਣੇ ਬਣਾ ਲਏ -

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਜਿਸ ਤੇ ਪਰਮਾਤਮਾ ਬਖਸ਼ਿਸ਼ ਕਰਦਾ ਹੈ, ਉਸਦਾ ਫੇਰ ਲੇਖਾ ਨਹੀਂ ਪੁੱਛਦਾ। ਬਾਬੇ ਬੁੱਢੇ ਦਾ, ਰੰਧਾਵੇ ਦਾ, ਮਨਸੁਖ ਦਾ, ਭਗੀਰਥ ਦਾ, ਜਿੰਨੇ ਵੀ ਹੋਏ, ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹੋ, ਉਥੇ ਸਾਰੇ ਦਰਜ ਹਨ। ਉਨ੍ਹਾਂ ਦਾ ਕੋਈ ਲੇਖਾ, ਬਾਕੀ ਨਹੀਂ ਰਿਹਾ। ਇਸ ਕਰਕੇ

ਭਾਈ! ਬਖਸ਼ਿਸ਼ ਤੋਂ ਪਿੱਛੋਂ, ਕੋਈ ਲੇਖਾ ਨਹੀਂ ਹੁੰਦਾ।

ਹੁਣ ਪੜ੍ਹ ਭਾਈ ਪੰਕਤੀ–

ਜੋ ਪ੍ਰਭਿ ਕੀਤੇ ਆਪਣੇ

ਉਨ੍ਹਾਂ ਨੂੰ ਬਖਸ਼ਕੇ, ਪ੍ਰਭੂ ਨੇ ਆਪਣਾ ਬਣਾ ਲਿਆ। ਜਿਸਨੂੰ ਬਖਸ਼ਦੈ, ਉਸਨੂੰ ਆਪਣਾ ਬਣਾ ਲੈਂਦਾ ਹੈ। ਬਾਬਾ ਬੁੱਢਾ ਤਾਂ ਛੋਟੀ ਉਮਰ ਦਾ ਸੀ। ਉਹ ਗੁਰੂ ਸਾਹਿਬ ਲਈ ਦੁੱਧ ਲੈ ਕੇ ਆਇਆ। ਗੁਰੂ ਸਾਹਿਬ ਨੇ ਪੁੱਛਿਆ, ਤੂੰ ਐਥੇ ਕੈਸੇ ਆ ਗਿਆ? ਉਹ ਕਹਿਣ ਲੱਗਿਆ–ਜੀ! ਤੁਸੀਂ ਮੇਰੇ ਤੇ ਕ੍ਰਿਪਾ ਕਰ ਦਿਉ। ਮੇਰਾ ਜਨਮ ਮਰਨ ਦਾ ਗੇੜ ਮੁਕਾ ਦਿਉ। ਗੁਰੂ ਸਾਹਿਬ ਨੇ ਕਿਹਾ ਕਿ ਤੈਨੂੰ ਇਹ ਬਾਤ ਕਿਸ ਤਰ੍ਹਾਂ ਪਤਾ ਲੱਗੀ? ਤਾਂ ਉਸਨੇ ਕਿਹਾ–ਜੀ ਮੈਂ ਘਰ, ਚੁੱਲ੍ਹੇ 'ਚ ਅੱਗ ਬਾਲਦਾ ਸੀ। ਮੇਰੇ ਸਾਹਮਣੇ ਛੋਟੀਆਂ–ਛੋਟੀਆਂ ਲੱਕੜਾਂ ਪਹਿਲਾਂ ਜਲ ਗਈਆਂ, ਵੱਡੀ ਲੱਕੜ ਰਹਿ ਗਈ। ਮੈਂ ਸੋਚਿਆ ਕਿਤੇ ਛੋਟੀ ਉਮਰ ਵਿੱਚ ਹੀ ਮੌਤ ਨਾ ਹੋ ਜਾਏ। ਮੈਂ ਸੁਣਿਆਂ ਸੀ ਕਿ ਤੁਸੀਂ ਪੂਰਨ ਸੰਤ ਹੋਂ, ਮੈਂ ਇਸ ਕਰਕੇ ਤੁਹਾਡੇ ਦਰ ਤੇ ਆਇਆ ਹਾਂ। ਤਾਂ ਗੁਰੂ ਸਾਹਿਬ ਨੇ ਕਿਹਾ ਕਿ ਭਾਈ! ਗੱਲਾਂ ਤਾਂ ਤੂੰ ਬੁੱਢਿਆਂ ਵਾਲੀਆਂ ਕਰਦਾ ਹੈਂ। ਪਿੱਛੋਂ, ਉਸਦੇ ਘਰਦੇ ਆਏ। ਉਨ੍ਹਾਂ ਨੇ ਕਿਹਾ ਕਿ ਸਾਡਾ ਲੜਕਾ ਇੱਥੇ ਆਇਆ ਸੀ? ਗੁਰੂ ਸਾਹਿਬ ਨੇ ਕਿਹਾ, ਆਹ ਬੈਠਾ ਹੈ। ਉਹ ਕਹਿਣ ਲੱਗੇ, ਇਹ ਤਾਂ ਨਹੀਂ ਹੈ। ਗੁਰੂ ਸਾਹਿਬ ਨੇ ਕਿਹਾ ਦੇਖ ਲਉ ਭਾਈ! ਇਸਨੂੰ ਪੁੱਛ ਲਉ। ਇਸ ਕਰਕੇ, ਭਾਈ! ਉਹ ਬਖਸ਼ਿਆ ਹੋਇਆ ਆਦਮੀ, ਛੇਵੀਂ ਪਾਤਸ਼ਾਹੀ ਤੱਕ ਗੁਰੂ ਘਰ ਲਈ ਘਾਹ ਖੋਤਦਾ ਰਿਹਾ। ਛੇਵੀਂ ਪਾਤਸ਼ਾਹੀ ਤੱਕ ਗੁਰਿਆਈ ਦਾ ਤਿਲਕ ਦਿੰਦਾ ਰਿਹਾ। ਸੋ ਭਾਈ! ਜੋ ਬਖਸ਼ਿਆ ਜਾਵੇ, ਉਹ ਫਿਰ ਉਸਦਾ ਹੀ ਹੋ ਜਾਂਦਾ ਹੈ। ਉਹ ਗੁਰੂ ਦਾ ਹੀ ਹੋ ਗਿਆ। ਬਾਬੇ ਬੁੱਢੇ ਨੇ ਘਰਦਿਆਂ ਨੂੰ ਕਿਹਾ–ਮੇਰਾ ਤੁਹਾਡੇ ਨਾਲ ਕੋਈ ਤੱਲਕ ਨਹੀਂ, ਜਿੱਥੇ ਆਉਣਾ ਸੀ, ਮੈਂ ਆ ਗਿਆ ਹਾਂ। ਮੈਂ ਇੰਨ੍ਹਾਂ ਦਾ ਹੀ ਹਾਂ। ਉਸਨੂੰ ਪਿਛਲਾ ਜਨਮ ਦਿਸਦਾ ਸੀ।

ਹੁਣ ਪੜ੍ਹ ਭਾਈ!

ਸੇਈ ਕਹੀਅਹਿ ਧੰਨਿ॥

ਉਨ੍ਹਾਂ ਨੂੰ ਲੋਕ ਧੰਨ ਕਹਿੰਦੇ ਹਨ। ਉਨ੍ਹਾਂ ਨੂੰ ਧੰਨ ਕਹੋ, ਲੋਕ ਕਹਿੰਦੇ ਵੀ ਹਨ। ਧੰਨ ਰਵਿਦਾਸ, ਧੰਨ ਕਬੀਰ, ਜਲੂਸ ਕੱਢਦੇ ਹਨ। ਮੈਂ ਰਵਿਦਾਸ ਦਾ ਜਲੂਸ ਕੱਢਦੇ ਦੇਖੇ । ਇਸ ਕਰਕੇ, ਉਹ ਧੰਨ ਹੋ ਜਾਂਦੇ ਹਨ।

ਆਪਣ ਲੀਆ ਜੇ ਮਿਲੈ

ਹਾਂ ਜੀ –

ਜੇ ਤੁਸੀਂ ਆਪਣੇ ਆਪ ਲੈ ਸਕਦੇ ਹੁੰਦੇ, ਜੇ ਤੁਹਾਨੂੰ ਆਪਣੇ ਆਪ ਹੀ ਪਿਆਰਾ ਪਰਮੇਸ਼ਰ ਮਿਲ ਜਾਵੇ –

ਵਿਛੁੜਿ ਕਿਉ ਰੋਵੰਨਿ॥

ਫੇਰ ਵਿੱਛੁੜ ਕੇ ਤੁਸੀਂ ਧੱਕੇ ਕਿਉਂ ਖਾਂਦੇ ਫਿਰਦੇ?

ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥ (ਪੰਨਾ ੧੭੬)

ਜੇ ਤੁਸੀਂ ਸਭ ਕੁੱਛ ਆਪਣੇ ਆਪ ਕਰ ਸਕਦੇ ਹੋਂ ਤਾਂ ਗੁਰੂ ਦੀ ਕੋਈ ਜਰੂਰਤ ਨਹੀਂ, ਤਾਂ ਗੁਰੂ ਕਿਉਂ ਭੇਜਿਆ?

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥(ਪੰਨਾ ੧੪੦੮)

ਜੇ ਉਦੋਂ ਖੁਦ ਕੰਮ ਚੱਲ ਸਕਦਾ ਤਾਂ ਗੁਰੂ ਨਾਨਕ ਦੇਵ ਜੀ ਨੂੰ ਚਾਰ ਉਦਾਸੀਆਂ ਕਰਨ ਦੀ ਕੀ ਲੋੜ ਸੀ। ਨਾ! ਨਾ! ਇਹ ਤੁਹਾਡਾ ਅਹੰਕਾਰ ਹੈ। ਇਉਂ ਰੱਬ ਨਹੀਂ ਮਿਲੇਗਾ। ਜਦੋਂ ਤੁਹਾਡੇ ਪੁੰਨ ਇਕੱਠੇ ਹੋਣਗੇ, ਉਦੋਂ ਕੋਈ ਮਹਾਂਪੁਰਸ਼ ਮਿਲੇਗਾ। ਤੁਲਸੀ ਦਾਸ ਲਿਖਦੇ ਨੇ–

ਪੁਨੰਯ ਪੁੰਜ ਬਿਨੁ ਮਿਲਹਿ ਨ ਸੰਤਾ।
ਸਤਸੰਗਤਿ ਸੰਸ੍ਰਿਤਿ ਕਰਿ ਅੰਤਾ॥ (ਰਾਮਾਇਣ)

ਤੁਹਾਨੂੰ ਪੁੰਨਾਂ ਦੇ ਸਮੂਹ ਬਿਨਾਂ ਸੰਤ ਨਹੀਂ ਮਿਲਦਾ। ਫੇਰ ਕੀ ਹੋ

ਜਾਂਦਾ ਹੈ? ਸੰਤ, ਥੋਡੇ ਸੰਸਾਰ ਦਾ ਅੰਤ ਕਰ ਦਿੰਦਾ ਹੈ, ਜਨਮ ਮਰਨ ਛੁਡਾ ਦਿੰਦਾ ਹੈ। ਸੰਤ ਦੀ ਤਾਕਤ ਹੁੰਦੀ ਹੈ। ਗੁਰੂ ਨਾਨਕ ਨੇ ਕਿੰਨੇ ਛੁਡਾਏ? ਗੁਰੂ ਅਮਰਦਾਸ ਜੀ ਨੇ ਲਿਖਿਆ ਹੈ -

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥

(ਪੰਨਾ ੪੯੦)

ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਉਹ ਗੁਰੂ ਅੰਗਦ ਦੇਵ ਜੀ ਨਾਲ ਮਿਲਕੇ ਗੁਰੂ ਬਣ ਗਏ ਹਨ। ਉਸ ਗੁਰੂ ਦੀ ਰਜਾ ਦੇਖੋ-

ਨਾਨਕ ਅੰਗਦ ਕੋ ਬਪੁ ਧਰਾ॥
ਧਰਮ ਪ੍ਰਚੁਰ ਇਹ ਜੱਗ ਮੋ ਕਰਾ॥
ਅਮਰਦਾਸ ਪੁਨਿ ਨਾਮੁ ਕਹਾਯੋ॥
ਜਨ ਦੀਪਕ ਤੇ ਦੀਪ ਜਗਾਯੋ॥ ੭॥ (ਦਸਮ ਗ੍ਰੰਥ)

ਇਸ ਕਰਕੇ, ਗੁਰੂ ਨਾਨਕ ਦੇਵ ਜੀ ਦੀਵਾ ਜਗਾ ਗਏ। ਦੀਵੇ ਨਾਲ ਮਿਲਕੇ ਉਹੋ ਜਿਹਾ ਹੀ ਹੋ ਗਿਆ। ਜਿਹੜਾ ਚਾਨਣ ਉਹਦਾ ਹੋਊ, ਉਹੀ ਚਾਨਣ ਇਹਦਾ ਹੋਏਗਾ। ਇਸ ਕਰਕੇ -

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥

(ਪੰਨਾ ੪੯੦)

ਕਹਿੰਦੇ ਹਨ-ਰੱਬ ਦੀ ਰਜਾ ਦੇਖੋ, ਮੈਂ ਗੁਰੂ ਨਾਲ ਮਿਲਕੇ ਗੁਰੂ ਹੋ ਗਿਆ ਹਾਂ। ਪਰ ਬਾਰਾਂ ਸਾਲ ਗਾਗਰਾਂ ਤਾਂ ਢੋਣੀਆਂ ਹੀ ਪਈਆਂ। ਜੇ ਨਾ ਗਾਗਰ ਚੱਕਦੇ ਫਿਰ ਗੁਰੂ ਨਾਲ ਮਿਲਕੇ, ਗੁਰੂ ਨਹੀਂ ਸੀ ਹੁੰਦੇ। ਹਾਂ ਚੱਲੀਏ!

ਸਾਧੂ ਸੰਗੁ ਪਰਾਪਤੇ

ਭਾਈ! ਸਾਧੂ ਦੇ ਸੰਗ ਤੇ ਉਹ ਵਸਤੂ ਪ੍ਰਾਪਤ ਹੋਏਗੀ। 'ਸਾਧੂ' ਨਾਮ ਹੈ ਸ਼ੁੱਧ ਪੁਰਸ਼ ਦਾ, ਜਿਹੜਾ ਰੱਬ ਨਾਲ ਮਿਲਿਆ ਹੋਇਆ ਹੈ। ਉਸਨੂੰ 'ਬ੍ਰਹਮ ਗਿਆਨੀ' ਕਹਿ ਲਉ, 'ਸਾਧ' ਕਹਿ ਲਉ, 'ਸਾਧੂ' ਕਹਿ ਲਉ, 'ਗੁਰਮੁਖ' ਕਹਿ ਲਉ, ਜੋ ਤੁਹਾਡੀ ਮਰਜੀ ਹੈ ਕਹਿ ਲਉ।

ਜਦੋਂ ਕ੍ਰਿਸ਼ਨ ਜੀ ਨੇ ਊਧੋ ਨੂੰ ਕਿਹਾ ਬਈ ਤੂੰ ਉਥੇ ਬਦਰੀ ਨਾਰਾਇਣ ਦੇ ਐਸ ਪਾਸੇ ਬੈਠੀਂ। ਮੈਂ ਤੈਨੂੰ ਨਾਲ ਲੈ ਕੇ ਜਾਊਂ । ਕਿਉਂਕਿ ਯਾਦਵ ਬਹੁਤ ਮਸਤ ਚੁੱਕੇ ਹਨ। ਲੋਕਾਂ ਨੂੰ ਦੁੱਖ ਦਿੰਦੇ ਹਨ। ਪਿੱਛੋਂ ਤਾਂ ਉਹ ਬਹੁਤ ਦੁੱਖ ਦੇਣਗੇ। ਮੈਂ ਇਨ੍ਹਾਂ ਦਾ ਨਿਬੇੜਾ ਕਰਨਾ ਹੈ। ਉਹ ਦਸਵੇਂ ਪਾਤਸ਼ਾਹ ਵੀ ਮਸੰਦਾਂ ਨੂੰ ਇਸੇ ਕਰਕੇ ਫੂਕ ਕੇ ਗਏ ਸਨ ਬਈ ਇਹ ਸਹੁਰੇ ਕਦ ਖਹਿੜਾ ਛੱਡਣਗੇ ਲੋਕਾਂ ਦਾ? ਉਹ ਆਪ ਹੀ ਕਰਕੇ ਜਾਂਦੇ ਹੁੰਦੇ ਨੇ, ਉਨ੍ਹਾਂ ਵਿੱਚ ਤਾਕਤ ਹੁੰਦੀ ਹੈ। ਊਧੋ ਨੂੰ ਕਹਿੰਦੇ, ਤੂੰ ਚੱਲ, ਬਦਰੀ ਨਾਰਾਇਣ ਦੇ ਐਸ ਪਾਸੇ ਬੈਠੀਂ। ਅਸੀਂ ਤੈਨੂੰ ਜਾਂਦੇ ਹੋਏ ਨਾਲ ਲੈਕੇ ਜਾਵਾਂਗੇ ਤੇ ਸਾਰੇ ਕੰਮ ਕਰਕੇ, ਊਧੋ ਨੂੰ ਨਾਲ ਲੈਕੇ ਗਏ। ਇਸ ਕਰਕੇ ਭਾਈ! ਸਾਧੂ ਦੇ ਨਾਲ ਮਿਲਕੇ ਪਰਮੇਸ਼ਰ ਪ੍ਰਾਪਤ ਹੁੰਦਾ ਹੈ। ਸਾਧੂ ਦੇ ਸੰਗ ਮਿਲਕੇ ਉਧਾਰ ਹੁੰਦਾ ਹੈ। 'ਸਾਧੂ' ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ ਨੂੰ ਕਹਿੰਦੇ ਹਨ।

ਨਾਨਕ ਰੰਗ ਮਾਣੰਨਿ ॥

ਫੇਰ ਇਹਦਾ ਅਨੰਦ ਮਾਣ। '**ਰੰਗ**' ਨਾਮ ਅਨੰਦ ਦਾ ਹੈ। ਫੇਰ ਤੈਨੂੰ ਕੋਈ ਫਿਕਰ ਨਹੀਂ ਹੋਵੇਗਾ। ਫਿਕਰ ਤਾਂ ਤੇਰੇ ਮੁੱਕ ਗਏ, ਤੂੰ ਜੀਵਨ ਮੁਕਤ ਹੋ ਗਿਆ।

ਹਰਿ ਜੇਠੁ ਰੰਗੀਲਾ ਤਿਸੁ ਧਣੀ

ਉਸ ਦਿਨ ਇਹ (ਪਰਮੇਸ਼ਰ) ਧਣੀ। '**ਧਣੀ**' ਨਾਮ ਮਾਲਕ ਦਾ ਹੈ, ਮਾਰਵਾੜੀਆਂ ਦੀ ਇਹ ਬੋਲੀ ਹੈ। ਤੇਰਾ ਧਣੀ ਕਿੱਥੇ ਗਿਆ? ਉਹ ਪੁਛਦੇ ਨੇ ਆਪਸ ਵਿੱਚ ਤੇਰਾ ਧਣੀ ਕਿਥੇ ਗਿਆ? '**ਧਣੀ**' ਨਾਮ ਮਾਲਕ ਦਾ ਹੈ। ਉਹ ਜਿਹੜਾ ਸਾਰਿਆਂ ਦਾ ਮਾਲਕ ਹੈ ਪਰਮੇਸ਼ਰ। ਅੱਜ ਪਰਮੇਸ਼ਰ ਦੀ, ਵਿਆਪਕ ਦੀ, ਗੱਲ ਚੱਲੀ ਹੋਈ ਹੈ। ਹੁਣ ਪੜ੍ਹੋ!

ਹਰਿ ਜੇਠੁ ਰੰਗੀਲਾ ਤਿਸੁ ਧਣੀ

ਇਹ ਧਣੀ (ਮਾਲਕ) ਦੀ ਕ੍ਰਿਪਾ ਨਾਲ, ਤੁਹਾਨੂੰ ਇਹ ਜੇਠ ਦਾ ਮਹੀਨਾ ਸਫਲ ਹੋਵੇਗਾ। ਤੁਹਾਨੂੰ ਕੋਈ ਦੁੱਖ ਵੀ ਨਹੀਂ ਰਹੇਗਾ। ਅਨੰਦ ਹੀ ਅਨੰਦ ਹੋਵੇਗਾ।

ਜਿਸ ਕੈ ਭਾਗੁ ਮਥੰਨਿ ॥

ਜੀਹਦੇ ਮੱਥੇ ਦੇ ਭਾਗ ਸ਼ੁੱਭ ਹੋਣ, ਉਸਨੂੰ ਇਹ ਸਾਧੂ ਪ੍ਰਾਪਤ ਹੋਏਗਾ। ਉਸਦੀ ਕ੍ਰਿਪਾ ਤੇ, ਤੁਸੀਂ ਭਾਈ ਅਨੰਦ ਮਾਣੋਂਗੇ, ਮੋਕਸ਼ ਹੋ ਜਾਏਗੀ। ਉਹਦੇ ਜਨਮ ਮਰਨ ਕੱਟੇ ਜਾਣਗੇ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ॥

੩

ਸੋਰਠਿ ਮਹਲਾ ੫॥
ਗੁਰਿ ਪੂਰੈ ਚਰਨੀ ਲਾਇਆ॥ ਹਰਿ ਸੰਗਿ ਸਹਾਈ ਪਾਇਆ॥
ਜਹ ਜਾਈਐ ਤਹਾ ਸੁਹੇਲੇ॥ ਕਰਿ ਕਿਰਪਾ ਪ੍ਰਭਿ ਮੇਲੇ॥ ੧॥
ਹਰਿ ਗੁਣ ਗਾਵਹੁ ਸਦਾ ਸੁਭਾਈ॥
ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ॥ ੧॥ ਰਹਾਉ॥
ਨਾਰਾਇਣ ਪ੍ਰਾਣ ਅਧਾਰਾ॥ ਹਮ ਸੰਤ ਜਨਾਂ ਰੇਨਾਰਾ॥
ਪਤਿਤ ਪੁਨੀਤ ਕਰਿ ਲੀਨੇ॥ ਕਰਿ ਕਿਰਪਾ ਹਰਿ ਜਸੁ ਦੀਨੇ॥ ੨॥
ਪਾਰਬ੍ਰਹਮੁ ਕਰੇ ਪ੍ਰਤਿਪਾਲਾ॥ ਸਦ ਜੀਅ ਸੰਗਿ ਰਖਵਾਲਾ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥ ੩॥
ਜਿਸੁ ਦੇਵੈ ਪੁਰਖੁ ਬਿਧਾਤਾ॥ ਹਰਿ ਰਸੁ ਤਿਨ ਹੀ ਜਾਤਾ॥
ਜਮਕੰਕਰੁ ਨੇੜਿ ਨ ਆਇਆ॥ ਸੁਖੁ ਨਾਨਕ ਸਰਣੀ ਪਾਇਆ॥ ੪॥

(ਪੰਨਾ ੬੨੩)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!! ਸਤਿਨਾਮ ਸ੍ਰੀ ਵਾਹਿਗੁਰੂ!!! ਆਪ ਨੂੰ ਇਸ ਬਾਤ ਦਾ ਪਤਾ ਹੋਏਗਾ–

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਹ ਹਰਿ॥

(ਪੰਨਾ ੧੪੦੯)

ਸ੍ਰੀ ਗੁਰੂ ਨਾਨਕ ਦੇਵ 'ਜੋਤੀ ਸਰੂਪ', ਜਗਤ ਗੁਰੂ ਬਣਕੇ ਦੁਨੀਆਂ ਵਿੱਚ ਆਏ। ਇਹ ਤੁਸੀਂ ਦੇਖੋਂਗੇ ਬਾਣੀ ਪੜ੍ਹਕੇ, ਗੁਰੂ ਨਾਨਕ ਅਤੇ

ਕਬੀਰ ਦੀ ਜਿਹੜੀ ਬਾਣੀ ਹੋਏਗੀ, ਉਹ ਚੌਥੇ ਪਦ ਦੀ ਹੋਏਗੀ। ਇਹ ਪਖੰਡ ਦਾ ਨਿਸ਼ੇਧ ਹੋਏਗੀ ਅਤੇ ਚੌਥੇ ਪਦ ਦੀ ਹੋਏਗੀ। ਕਬੀਰ ਦੀ ਉਤਪਤੀ ਤੇ ਚਲਾਣਾ ਕਿਤੇ ਨਹੀਂ ਲਿਖਿਆ। ਗੁਰੂ ਨਾਨਕ ਦਾ ਜਿਹੜਾ ਆਉਣਾ ਹੈ, ਉਹ ਇਤਿਹਾਸ ਵਿੱਚ ਵੀ ਲਿਖਿਆ ਹੈ ਅਤੇ ਗੁਰਬਾਣੀ ਵਿੱਚ ਵੀ ਲਿਖਿਆ ਹੈ-

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ (ਪੰਨਾ ੧੪੦੮)

ਅਵਤਾਰ, ਕਾਰਕ, ਸੰਤ ਤੇ ਰਿਸ਼ੀ ਆਦਿ ਦੁਨੀਆਂ ਦੇ ਵਿੱਚ ਬਹੁਤ ਆਉਂਦੇ ਨੇ, ਤੇ ਇਹ ਖੁਦ ਸ਼ਕਤੀ ਵਾਲੇ ਹੁੰਦੇ ਨੇ। ਪਰ ਜਿਹੜਾ ਗੁਰੂ ਅਵਤਾਰ ਹੁੰਦਾ ਹੈ, ਉਹ ਕਦੇ-ਕਦੇ ਆਉਂਦਾ ਹੈ, ਹਮੇਸ਼ਾ ਨਹੀਂ ਆਉਂਦਾ। ਅਵਤਾਰ ਹਮੇਸ਼ਾ ਆਉਂਦਾ ਰਹੇਗਾ ਦੁਨੀਆਂ ਵਿੱਚ। ਈਸ਼ਵਰ ਨੇ ਦੁਨੀਆਂ ਵਿੱਚ ਹਮੇਸ਼ਾ ਰਹਿਣਾ ਹੈ-

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥

(ਪੰਨਾ ੧੪੨੭)

ਦੁਨੀਆਂ ਵਿੱਚ ਅੰਧਕਾਰ ਮੱਚੇਗਾ, ਇੱਕ ਦੀ ਉਪਾਸ਼ਨਾ ਤੋਂ ਦੁਨੀਆਂ ਹਿੱਲ ਜਾਏਗੀ, ਨਾਨਾ ਪ੍ਰਕਾਰ ਦੀਆਂ ਉਪਾਸ਼ਨਾ ਹੋ ਜਾਣਗੀਆਂ। ਉਸ ਵਕਤ ਗੁਰੂ ਅਵਤਾਰ ਆਏਗਾ । ਗੁਰੂ ਨਾਨਕ ਨੇ 'ਏਕੇ' (੧) ਦੀ ਉਪਾਸ਼ਨਾ ਦੱਸੀ-

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥ (ਪੰਨਾ ੮੩੮)

ਈਸ਼ਵਰ ਹਮੇਸ਼ਾ ਹੀ ਘਟ ਘਟ ਮੇਂ ਹੁੰਦਾ ਹੈ। ਉਹ ਵਿਆਪਕ ਹੈ। ਉਸ ਵਿੱਚ ਕਦੇ ਵੀ ਦੇਸ਼ ਕਾਲ, ਵਸਤੂ, ਦਾ ਪ੍ਰਵੇਸ਼ ਨਹੀਂ ਹੁੰਦਾ ਤੇ ਈਸ਼ਵਰ ਫਲਤ- ਵਸਤੂ ਰੂਪ ਹੈ। ਇਸ ਕਰਕੇ, ਉਹ ਵਸਤੂ ਪ੍ਰਛੇਦ

ਨਹੀਂ ਹੁੰਦਾ, ਇਸ ਕਰਕੇ-

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥(ਪੰਨਾ ੧੪੨੭)

ਜਦ ਇਹ ਭਰਮ ਵਿੱਚ ਫਸ ਜਾਂਦਾ ਹੈ, ਤਾਂ ਜੀਵ ਬਣ ਜਾਂਦਾ ਹੈ। ਜਦ ਇਹਦਾ ਭਰਮ ਨਵਿਰਤ ਹੋ ਜਾਂਦਾ ਹੈ, ਤਾਂ ਈਸ਼ਵਰ ਹੋ ਜਾਂਦਾ ਹੈ। ਉਹ ਈਸ਼ਵਰੀ ਸ਼ਕਤੀ ਇਸ ਵਿੱਚ ਆ ਜਾਂਦੀ ਹੈ।

ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥
ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥
ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥
ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥
ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥

(ਪੰਨਾ ੨੯੪)

ਵਸ਼ਿਸ਼ਟ ਜੀ ਨੇ ਇਹਦੀ ਬਾਬਤ ਬਹੁਤ ਲਿਖਿਆ ਹੈ। ਇਸਨੂੰ 'ਭਗਉਤੀ' ਕਹਿੰਦੇ ਹਨ। 'ਭਗਉਤੀ' ਏਥੇ ਕੋਈ ਕਿਸੇ ਦੇਵੀ ਦਾ ਨਾਉਂ ਨਹੀਂ ਹੈ। ਉਹ ਸ਼ਬਦ ਭਗਉਤੀ ਹੈ। ਪੰਡਤ ਕਹਿੰਦੇ- ਜੀ ਭਗਉਤੀ ਦੇਵੀ ਹੈ। ਨਹੀਂ ਭਾਈ! ਉਹ ਭਗਉਤੀ ਤਾਂ ਸ਼ਬਦ ਹੈ -

ਭਗਉਤੀ ਭਗਵੰਤ ਭਗਤਿ ਕਾ ਰੰਗੁ ॥
ਸਗਲ ਤਿਆਗੈ ਦੁਸਟ ਕਾ ਸੰਗੁ ॥ (ਪੰਨਾ ੨੭੪)
ਸੋ ਭਗਉਤੀ ਜੋ ਭਗਵੰਤੈ ਜਾਣੈ ॥
ਗੁਰ ਪਰਸਾਦੀ ਆਪੁ ਪਛਾਣੈ ॥ (ਪੰਨਾ ੮੮)

ਇਹ ਪਹਿਲੀ ਪਾਤਸ਼ਾਹੀ ਨੇ ਗੁਰਬਾਣੀ ਦੇ ਵਿੱਚ ਲਿਖਿਆ ਹੈ ਤੇ ਅਚਿੰਤ ਸ਼ਕਤੀ ਦਾ ਨਾਉਂ ਹੈ। ਉਹ ਸ਼ਕਤੀ ਆਗਿਆ ਤੇ ਚੱਲੇਗੀ।

ਆਗਿਆਕਾਰੀ ਕੀਨੀ ਮਾਇਆ ॥ (ਪੰਨਾ ੨੯੪)

ਜਿਸਦੀ ਆਗਿਆ ਵਿੱਚ ਮਾਇਆ ਚੱਲੇਗੀ, ਉਹ ਈਸ਼ਵਰ ਕੋਟੀ ਮੇਂ ਚਲਿਆ ਜਾਏਗਾ। ਜੀਵ, ਮਾਇਆ ਦੇ ਅਧੀਨ ਹੈ ਤੇ ਮਾਇਆ, ਈਸ਼ਵਰ ਦੇ ਅਧੀਨ ਹੈ। ਇਸਨੂੰ ਪਾਰ ਲੰਘਣਾ ਕੋਈ ਸੁਖਾਲੀ ਬਾਤ ਨਹੀਂ ਹੈ, ਬਖਸ਼ਿਸ਼ ਨਾਲ ਲੰਘਿਆ ਜਾਏਗਾ-

ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)
ਸਭ ਕੈ ਮਧਿ ਅਲਿਪਤੋ ਰਹੈ॥
ਜੋ ਕਿਛੁ ਕਹਣਾ ਸੁ ਆਪੇ ਕਹੈ॥ (ਪੰਨਾ ੨੯੪)

ਮਾਇਆ ਦੀ ਕੋਈ ਤਾਕਤ ਨਹੀਂ ਹੈ, ਉਹ ਹੁਕਮ ਵਿੱਚ ਹੈ ਤੇ ਪਰਮੇਸ਼ਰ ਹੁਕਮੀ ਹੈ। 'ਹੁਕਮ' ਉਹਦਾ ਕਿਉਂ ਨਹੀਂ ਕਿਹਾ ਜਾਂਦਾ? ਉਹ ਬੇਅੰਤ ਹੈ, ਮਨ ਬੁੱਧੀ ਤੋਂ ਪਰੇ ਹੈ। ਜਦ ਤੁਸੀਂ ਸ੍ਰੀ ਗੁਰੂ ਗਰੰਥ ਸਾਹਿਬ ਪੜ੍ਹੋਂਗੇ, ਪਹਿਲੇ ਇੱਕ ਓਅੰਕਾਰ (ੴ) ਭਾਵ ਭਗਉਤੀ ਆਏਗੀ। ਉਹ ਈਸ਼ਵਰ ਦੀ ਸ਼ਕਤੀ ਦਾ ਨਾਉਂ ਹੈ। ਇਨ੍ਹਾਂ ਸਾਰਿਆਂ ਵਿੱਚ ਜੋ ਹੁਕਮੀ ਹੈ, 'ਨਾਮ', ਇਹ ਗੁਰੂ ਪਰਮੇਸ਼ਰ ਤੋਂ ਪ੍ਰਾਪਤ ਹੁੰਦਾ ਹੈ। ਗੁਰੂ, ਕਿਸੇ ਦਾ ਬਣਾਇਆ ਹੋਇਆ ਨਹੀਂ ਹੁੰਦਾ, ਉਹ ਪਰਮੇਸ਼ਰ ਦੇ ਭੇਜੇ ਹੋਏ ਹੁੰਦੇ ਹਨ-

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥
(ਪੰਨਾ ੫੯੯)

ਗੁਰੂ ਕਿਸੇ ਪੰਚਾਇਤ ਦਾ ਮਥਿਆ (ਥਾਪਿਆ) ਨਹੀਂ ਹੋਏਗਾ।

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥ (ਪੰਨਾ ੨)

ਕਿਸੇ ਦਾ ਥਾਪਿਆ ਹੋਇਆ ਗੁਰੂ ਨਹੀਂ ਹੁੰਦਾ, ਗੁਰੂ ਬਖਸ਼ਿਸ਼ ਨਾਲ ਹੁੰਦਾ ਹੈ। ਭਾਈ ਨੰਦ ਲਾਲ ਜੀ ਨੂੰ ਦਸਮ ਪਾਤਸ਼ਾਹ ਨੇ ਇਤਿਹਾਸ ਲਿਖਣ ਲਈ ਹੁਕਮ ਦਿੱਤਾ ਤਾਂ ਸਿੱਖਾਂ ਨੇ ਬੜਾ ਬੁਰਾ ਮਨਾਇਆ ਕਿਉਂਕਿ ਪਾਤਸ਼ਾਹ ਉਹਨੂੰ ਆਪਣੇ ਕੋਲ ਬਿਠਾਲਦੇ ਹੁੰਦੇ ਸੀ। ਸਿੱਖਾਂ ਨੇ ਕਿਹਾ ਕਿ ਅਸੀਂ ਸੇਵਾ ਕਰਦੇ ਹਾਂ, ਅੰਮ੍ਰਿਤ ਵੀ ਛਕਿਆ ਹੈ, ਸਭ ਕੁੱਛ ਕੀਤਾ ਹੈ। ਅਸੀਂ ਐਥੇ ਬੈਠਦੇ ਹਾਂ, ਉਸਨੂੰ ਉਥੇ ਬਿਠਾਲਦੇ ਹੋਂ, ਉਹਨਾਂ ਨੇ ਅਰਜ ਕੀਤੀ। ਗੁਰੂ ਸਾਹਿਬ ਨੇ ਕਿਹਾ-ਕਲ੍ਹ ਸਵੇਰੇ ਆਇਓ। ਉਹ ਆਪਣੀ ਸ਼ਕਤੀ ਵਿਖਾਲਦੇ ਹਨ। ਸਿੱਖ ਕਹਿਣ ਲੱਗੇ ਬਿਲਕੁਲ ਠੀਕ ਹੈ, ਗਲਤੀ ਸਾਡੀ ਹੈ। ਜੀਵ ਤੋਂ ਗਲਤੀ ਹੋ ਹੀ

ਜਾਂਦੀ ਹੈ। ਜਿੰਨਾਂ ਮਾਇਆ ਦੇ ਅਧੀਨ ਹੋਵੇਗਾ, ਓਨੀ ਗਲਤੀ ਜਿਆਦਾ ਕਰੇਗਾ। ਈਸ਼ਵਰ ਤਾਂ ਮਾਇਆ ਦਾ ਮਾਲਕ ਹੈ ਤੇ ਈਸ਼ਵਰ ਤੋਂ ਕਦੇ ਗਲਤੀ ਨਹੀਂ ਹੁੰਦੀ। ਉਹਦੀ ਆਗਿਆ ਵਿੱਚ ਮਾਇਆ ਹੈ, ਉਹ ਤਾਂ –

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥

(ਪੰਨਾ ੧੪੨੭)

ਜੇਕਰ ਇਹ ਜੀਵ, ਉਸ ਈਸ਼ਵਰ, ਵਿਆਪਕ ਦਾ ਭਜਨ ਕਰੇ, ਤਾਂ ਉਹ ਕਦੇ ਵੀ ਨਿਸ਼ਫਲ ਨਹੀਂ ਜਾਏਗਾ, ਕਿਉਂ ?

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ (ਪੰਨਾ ੩੬)

ਜਦ ਉਹ ਸਾਰਾ ਕੁੱਛ ਜਾਣਦਾ ਹੈ। ਕਬੀਰ ਸਾਹਿਬ ਨੇ ਇਹ ਬਾਤ ਬਤਾਈ ਕਿ ਉਪਦੇਸ਼ ਚਾਰ ਪ੍ਰਕਾਰ ਦਾ ਹੁੰਦੈ –

੧. ਬ੍ਰਹਮ ਉਪਦੇਸ਼ — ੨. ਈਸ਼ਵਰ ਉਪਦੇਸ਼
੩. ਜੀਵ ਉਪਦੇਸ਼ — ੪. ਮਾਇਆ ਉਪਦੇਸ਼।

ਇਸ ਬਾਰੇ ਅਸੀਂ ਬੀਜਕ ਗ੍ਰੰਥ ਵਿੱਚ ਪੜ੍ਹਿਆ ਹੈ। ਗੁਰੂ ਸਾਹਿਬਾਂ ਨੇ ਜਿਆਦਾ ਰੱਬੀ ਬਾਣੀ , ਦਾ ਵਰਣਨ ਕੀਤਾ ਹੈ। ਇਹ ਰੱਬੀ ਬਾਣੀ, ਕਿਸੇ ਮਨੁੱਖ ਦੀ ਬਾਣੀ ਤਾਂ ਹੈ ਨਹੀਂ। ਕਈ ਇਹ ਕਹਿੰਦੇ ਹਨ ਕਿ ਬਾਣੀ ਗੁਰੂ ਹੈ। ਨਹੀਂ ! ਗੁਰੂ ਨਹੀਂ, ਬਾਣੀ ਤਾਂ ਗੁਰੂਆਂ ਦਾ ਵੀ ਗੁਰੂ ਹੈ। ਸਾਡੇ ਮਹੰਤ ਨੂੰ ਉਹ ਕਹਿੰਦੇ–ਜੀ ਗੁਰੂਆਂ ਦਾ ਗੁਰੂ ਕਿਵੇਂ ਹੋ ਸਕਦਾ ਹੈ? ਸਾਡਾ ਬੜਾ ਗੁਰੂ, ਗੁਰੂ ਨਾਨਕ ਸਾਹਿਬ ਹੈ। ਉਸ ਜੋਤ (ਗੁਰੂ ਅਰਜਨ ਦੇਵ ਜੀ) ਨੇ ਆਪ ਇਸ (ਸ੍ਰੀ ਗੁਰੂ ਗਰੰਥ ਸਾਹਿਬ) ਨੂੰ ਲਿਖਕੇ, ਇਸਦਾ ਆਦਰ, ਸਤਿਕਾਰ ਕੀਤਾ। ਇਸ ਲਈ ਭਾਈ ! ਇਹ ਗੁਰੂਆਂ ਦਾ ਵੀ ਗੁਰੂ ਹੈ ਇਸ ਲਈ, ਜਦੋਂ ਜੀਵ ਭਜਨ ਕਰਦਾ–ਕਰਦਾ ਈਸ਼ਵਰ ਕੋਟੀ ਵਿੱਚ ਪਹੁੰਚ ਜਾਂਦਾ ਹੈ–

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥

(ਪੰਨਾ ੨੯੫)

ਪਰ ਸਿਮਰਨ ਸਾਡੇ ਤੋਂ ਹੁੰਦਾ ਨਹੀਂ। ਜੇ ਅਸੀਂ ਸੱਚੇ ਮਨ ਨਾਲ ਉਸਦਾ ਭਜਨ ਕਰੀਏ, ਫਿਰ-

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥ (ਪੰਨਾ ੨੯੫)

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥

(ਪੰਨਾ ੭੯੫)

ਇਹ ਸ਼ਬਦ ਤਾਂ ਉਹੀ ਹੈ, ਜਿਹੜਾ ਹਰੇਕ ਸੁਆਸ ਨਾਲ ਆਵੇ ਅਤੇ ਕੋਈ ਵੀ ਸੁਆਸ ਖਾਲੀ ਨਹੀਂ ਜਾਣਾ ਚਾਹੀਦਾ। ਪਰ ਸਾਡੇ ਅੰਦਰ ਖਬਰੈ ਕਿੰਨੇ ਖਿਆਲ, ਸੰਕਲਪ ਭਰੇ ਹੋਏ ਹਨ? ਉਹ ਨਾਮ ਦੀ ਕਦੇ ਵਾਰੀ ਹੀ ਨਹੀਂ ਆਉਣ ਦਿੰਦੇ। ਕਈ ਵਾਰੀ ਤੁਸੀਂ ਦੇਖਦੇ ਹੋਂ, ਆਦਮੀ ਬੈਠੇ-ਬੈਠੇ ਹੀ ਖਿਆਲਾਂ ਦੀ ਲੜੀ ਚਲਾ ਲੈਂਦਾ ਹੈ। ਕੋਠੀ ਬਣਾ ਲਈ, ਹਾੜੀ ਦੀ ਫਸਲ ਵੱਢ ਲਈ । ਕੋਲ ਪੈਸੇ ਵੀ ਨਹੀਂ, ਜਮੀਨ ਖਰੀਦ ਲਈ ।ਕੋਈ ਇਸਨੂੰ ਇਹ ਪੁੱਛੇ, ਬਈ ਇਹ ਮਨੋਰਾਜ ਤੇਰੇ ਕੀ ਕੰਮ ਆਏਗਾ?

ਹੋਇ ਹੈ ਸੋਇ ਜੋ ਰਾਮ ਰਚਿ ਰਾਖਾ।

ਕੋ ਕਰਿ ਤਰਕ ਬਢਾਵੈ ਸਾਖਾ॥ (ਰਾਮਾਇਣ)

ਹੋਏਗਾ ਤਾਂ ਉਹੀ, ਜੋ ਰਾਮ ਨੇ ਲਿਖ ਦਿੱਤਾ ਹੈ, ਤੇਰਾ ਇੱਕ ਵੀ ਤਰਕ ਕੰਮ ਨਹੀਂ ਆਊਗਾ। ਇਹ ਜੀਵ ਮਾਇਆ ਦੇ ਪ੍ਰਤੀਬੰਧਕ, ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਵਿੱਚ ਫਸਿਆ ਹੈ। ਪਰ ਮਨੋਰਾਜ ਤਾਂ ਇਸ ਤੋਂ ਵੀ ਬੁਰਾ ਹੈ। ਜੇ ਕੋਈ ਇਨ੍ਹਾਂ ਵਿਕਾਰਾਂ ਤੋਂ ਬਚ ਜਾਂਦਾ ਹੈ, ਤਾਂ ਮਨੋਰਾਜ ਵਿੱਚ ਫਸ ਜਾਂਦਾ ਹੈ। ਉਹ ਸ਼ਰਧਾ ਤੇ ਵਿਸ਼ਵਾਸ ਨਾਲ ਸੁਆਸ-ਸੁਆਸ ਭਜਨ ਕਰੇ। ਗੁਰੂ ਘਰ ਮੇਂ ਦੋ ਹੀ ਸਾਧਨ ਹਨ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥

ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)

ਸਿਮਰਨ ਨਾਲ, ਤੇਰਾ ਉਧਾਰ ਹੋ ਜਾਊ-

ਸੇਵਾ ਕਰਤ ਹੋਇ ਨਿਹਕਾਮੀ॥

ਤਿਸ ਕਉ ਹੋਤ ਪਰਾਪਤਿ ਸੁਆਮੀ॥ (ਪੰਨਾ ੨੮੬)

ਇਹ ਦੋ ਸਾਧਨ ਹਨ। ਸਿਮਰਨ ਤੇ ਸੇਵਾ। ਇਨ੍ਹਾਂ ਦੋਹਾਂ ਕੰਮਾਂ ਨੂੰ ਕਰਨ ਵਾਲਾ ਮੋਖਸ਼ ਨੂੰ ਪ੍ਰਾਪਤ ਹੋ ਜਾਂਦਾ ਹੈ ।ਜਦੋਂ ਪਹਿਲਾਂ ਹਰਿਮੰਦਰ ਸਾਹਿਬ ਦੀ ਸੇਵਾ ਦੀ ਤਿਆਰੀ ਕੀਤੀ ਤਾਂ ਗੁਰੂ ਰਾਮਦਾਸ ਸਾਹਿਬ ਨੇ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹੁਕਮ ਕੀਤਾ –

੧. ਅੰਮ੍ਰਿਤ ਸਰੋਵਰ ਪੂਰਾ ਕਰਨਾ ਹੈ।

੨. ਤਰਨਤਾਰਨ ਤੀਰਥ ਬਣਾਉਣਾ ਹੈ।

੩. ਗੁਰਬਾਣੀ ਦੀ ਬੀੜ ਬੰਨ੍ਹਣੀ ਹੈ ।

੪. ਕਰਤਾਰਪੁਰ ਵਸਾਉਣਾ ਹੈ।

ਉਹ ਚਾਰੇ ਕੰਮ ਗੁਰੂ ਸਾਹਿਬ ਨੇ ਪੂਰੇ ਕੀਤੇ ।

ਜਦੋਂ ਹਰਿਮੰਦਰ ਸਾਹਿਬ ਦੀ ਸੇਵਾ ਸ਼ੁਰੂ ਹੋਈ, ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਹਾ – ਭਾਈ ਬਹਿਲੋ ਨੂੰ ਲਿਆਉ। ਇਹ 'ਫਫੜੇ' ਪਿੰਡ ਦਾ ਸੀ ।ਇਹਦਾ ਪਿਤਾ ਬਹੁਤ ਭਗਤ ਸੀ ।ਉਸ ਪਿੰਡ ਦੇ ਮੁਸਲਮਾਨਾਂ ਨੇ ਇਸਨੂੰ (ਬਹਿਲੋ ਨੂੰ) ਪਿੰਡ ਦਾ ਨੰਬਰਦਾਰ ਬਣਾਇਆ ਹੋਇਆ ਸੀ ।ਇਸਦੇ ਹੱਥ ਵਿੱਚ ਲੋਹੇ ਦੀ ਛੜੀ ਹੁੰਦੀ ਸੀ ਤੇ ਥੜ੍ਹੇ ਉੱਤੇ ਬੈਠਾ ਹੁੰਦਾ ਸੀ ।ਲੋਕ ਇਹਦੇ ਕੋਲ ਆਉਂਦੇ ਹੁੰਦੇ ਸੇ –

ਇਕੁ ਤਿਲੁ ਨਹੀ ਭੰਨੈ ਘਾਲੇ ॥

ਗੁਰੂ ਸਾਹਿਬ ਨੇ ਕਿਹਾ– ਆਪਾਂ ਇਹ ਕੰਮ ਹੁਣੇ ਪੂਰਾ ਕਰਨਾ ਹੈ। ਉਹਨੂੰ (ਭਾਈ ਬਹਿਲੋ ਨੂੰ) ਲਿਆਉ ।ਪਰ ਉਹ ਤੁਹਾਡੇ ਨਾਲ ਆਏਗਾ ਨਹੀਂ, ਦੋ ਜਣੇ ਅਗੋਂ ਫੜਿਉ, ਚਾਰ ਜਣੇ ਧੱਕੇ ਦਿਉ । ਉਨ੍ਹਾਂ ਨੇ ਇਵੇਂ ਹੀ ਕੀਤਾ ।ਜਦ ਉਸਨੂੰ ਲਿਆਕੇ ਸਤਲੁਜ ਨਦੀ ਵਿੱਚ ਬੇੜੀ ਵਿੱਚ ਬਿਠਾਇਆ ਤਾਂ ਉਸਨੂੰ ਪਿਛਲਾ ਨਕਸ਼ਾ ਯਾਦ ਆ ਗਿਆ। ਬਈ ਮੈਂ ਤਾਂ ਗੁਰੂ ਘਰ ਦਾ ਸਿੱਖ ਸੀ, ਤੇ ਮਾਇਆ ਨੇ ਮੇਰੀ ਮੱਤ ਮਾਰ ਦਿੱਤੀ। ਉਸਨੇ ਖੂੰਡੀ ਚੱਕ ਕੇ ਦਰਿਆ ਵਿੱਚ ਸਿੱਟ ਦਿੱਤੀ, ਕਹਿੰਦਾ– ਛੱਡ ਦਿਉ, ਹੁਣ ਮੈਂ ਭੱਜਦਾ ਨਹੀਂ, ਭੱਜਣ ਜੋਗਾ ਰਿਹਾ ਹੀ ਨਹੀਂ। ਜਾਕੇ, ਜਦੋਂ ਸ੍ਰੀ ਗੁਰੂ ਅਰਜਨੁ ਦੇਵ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ, ਤਾਂ ਗੁਰੂ ਸਾਹਿਬ ਕਹਿਣ ਲੱਗੇ, ਕਿਵੇਂ? ਕਹਿੰਦਾ–ਜੀ,

ਭੁੱਲ ਗਿਆ। ਮਾਇਆ ਨੇ ਭੁਲਾ ਦਿੱਤਾ। ਮਹਾਰਾਜ ਜੀ ਕਹਿਣ ਲੱਗੇ **''ਭਾਈ ਬਹਿਲੋ, ਸਭ ਸੇ ਪਹਿਲੋ।''** ਗੁਰੂ ਨੇ ਕਿਰਪਾ ਕਰ ਦਿੱਤੀ। ਈਸ਼ਵਰ, ਅੰਦਰ ਬਿਰਤੀ ਵਿੱਚ ਬੈਠਕੇ ਕਿਰਪਾ ਕਰਦਾ ਹੈ। ਸਾਰਿਆਂ ਦੀ ਬਿਰਤੀ ਵਿੱਚ ਉਹ ਬਿਰਾਜਮਾਨ ਹੈ। ਇਕੱਲੀ ਬਿਰਤੀ ਤਾਂ ਜੜ੍ਹ ਹੈ। ਚਾਹੇ ਰਜੋ, ਤਮੋ ਯਾ ਸਤੋ ਗੁਣ ਦੀ ਹੋਵੇ, ਉਸ ਵਿੱਚ ਚੇਤਨ ਬਿਰਾਜਮਾਨ ਹੈ –

ਜਾਗਤ ਜੋਤਿ ਜਪੈ ਨਿਸਿ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥

(ਦਸਮ ਗ੍ਰੰਥ)

ਉਸ ਏਕੇ ਤੋਂ ਬਿਨਾਂ ਤੁਸੀਂ ਹੋਰ ਕਿਸੇ ਨੂੰ ਨਹੀਂ ਮੰਨਣਾ, ਉਸ ਏਕੇ ਨੂੰ ਗੁਰੂ ਸਾਹਿਬਾਂ ਨੇ ਮੰਨਿਆ। ਗੁਰੂ ਸਾਹਿਬ ਭਾਈ ਬਹਿਲੋ ਦੀ ਸੇਵਾ ਤੋਂ ਖੁਸ਼ ਹੋਕੇ, ਉਹਨੂੰ ਕਹਿਣ ਲੱਗੇ – ਮੰਗ! ਕੀ ਮੰਗਦਾ ਹੈਂ? ਜੀ! ਮੈਂ ਹੁਣ ਕੀ ਮੰਗਾਂ? ਉਥੇ ਸਾਡੇ ਪਿੰਡ ਪਾਣੀ ਨਹੀਂ ਹੈ। ਗੁਰੂ ਸਾਹਿਬਾਂ ਨੇ ਕਿਹਾ, ਉਥੇ ਜਾ ਕੇ ਇੱਟ ਚੁੱਕ ਦੇਈਂ ਪਾਣੀ ਹੀ ਪਾਣੀ ਹੋਜੂਗਾ। ਉਹਨੇ ਇੱਟ ਚੁੱਕੀ ਤਾਂ ਪਾਣੀ ਹੀ ਪਾਣੀ ਹੋ ਗਿਆ। ਹੁਣ ਉਥੇ ਪੱਕਾ ਤਲਾਅ ਹੈ। ਕਈ ਲੋਕ ਨਹਾਉਂਦੇ ਹਨ। ਉਨ੍ਹਾਂ ਲੋਕਾਂ ਨੇ ਉਹਦੀ ਪੱਕੀ ਉਸਾਰੀ ਕੀਤੀ । ਉਥੋਂ ਦੇ ਲੋਕਾਂ ਨੇ ਕਿਹਾ– ਬਈ ਬੜਾ ਕੰਮ ਕੀਤਾ, ਸਾਨੂੰ ਤਾਰ ਦਿੱਤਾ। ਉਹ ਕਹਿਣ ਲੱਗਿਆ, ਜਿਹੜੀ ਮੇਰੇ ਤੇ ਗੁਰੂ ਦੀ ਬਖਸ਼ਿਸ ਹੋਈ ਹੈ, ਉਹ ਮੈਂ ਹੀ ਜਾਣਦਾ ਹਾਂ। ਇਤਿਹਾਸ ਲਿਖਦਾ ਹੈ ਕਿ ਜਿਸਨੇ ਵੀ ਅੰਮ੍ਰਿਤਸਰ, ਗੁਰੂ – ਘਰ ਦੀ ਸੇਵਾ ਕੀਤੀ, ਉਹ ਮੋਖਸ਼ ਨੂੰ ਪ੍ਰਾਪਤ ਹੋ ਗਿਆ। ਭਾਈ! ਜਦ ਤੱਕ ਇਹ ਗੁਰੂ ਦੇ ਹੁਕਮ 'ਚ ਭਗਤੀ ਨਹੀਂ ਕਰਦਾ, ਸੇਵਾ ਨਹੀਂ ਕਰਦਾ , ਇਸਦਾ ਉਧਾਰ ਹੋਣ ਵਾਲਾ ਨਹੀਂ ਹੈ। ਪਰ ਗੁਰੂ ਹੋਵੇ ਪੂਰਨ–

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥
ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥
ਬ੍ਰਹ ਗਿਆਨੀ ਕਾ ਸਗਲ ਅਕਾਰੁ॥

ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥ (ਪੰਨਾ ੨੭੩)

ਉਹ ਬ੍ਰਹਮ ਗਿਆਨੀ ਕਿੱਕਣ ਹੋਇਆ? ਪੰਚਮ ਪਾਤਸ਼ਾਹ ਕਹਿੰਦੇ, ਉਹ ਕਿਹੜੇ ਪਹਿਲੇ ਹੀ ਗੁਰੂ ਸੀ –

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥

(ਪੰਨਾ ੧੩੯੮)

ਗੁਰਿ ਪੂਰੈ ਚਰਨੀ ਲਾਇਆ ॥
ਹਰਿ ਸੰਗਿ ਸਹਾਈ ਪਾਇਆ ॥

ਜਦੋਂ ਗੁਰੂ ਅਰਜਨ ਦੇਵ ਜੀ, ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਗਏ ਤਾਂ ਗੱਦੀ ਦੇ ਮਾਲਕ ਹੋ ਗਏ। ਇਸ ਲਈ, ਜਦ ਇਹ ਗੁਰੂ ਦੇ ਚਰਨਾਂ ਵਿੱਚ ਜਾਏਗਾ, ਇਹਦਾ ਕੰਮ ਹੋ ਜਾਏਗਾ–

ਹਰਿ ਸੰਗਿ ਸਹਾਈ ਪਾਇਆ ॥ (ਪੰਨਾ ੬੨੩)

ਜਦ ਇਹ ਆਪਣੀ ਬਿਰਤੀ ਵਿੱਚ ਬੈਠੇ 'ਜੋਤੀ ਸਰੂਪ ਪਰਮੇਸ਼ਰ' ਨੂੰ ਦੇਖ ਲਏਗਾ ਤਾਂ '**ਸੰਗਿ ਸਹਾਈ**' ਅੰਦਰੇ ਹੀ ਮਿਲ ਜਾਏਗਾ। ਇੱਕ ਸੰਤ ਹੁੰਦੇ ਸੀ 'ਮਸਤੂਆਣੇ ਵਾਲੇ'। ਅਸੀਂ ਉਨ੍ਹਾਂ ਦਾ ਕੀਰਤਨ ਸੁਣਿਆਂ। ਉਹ ਕਹਿੰਦੇ– ਜਪੋ ਖਾਲਸਾ ਜੀ ! ਤੁਸੀਂ ਜਾਗਦੀ ਜੋਤ ਨੂੰ "ਦੇਖਿਓ ਕਿਤੇ ! ਕਿਸੇ ਹੋਰ ਪਾਸੇ ਨਾ ਤੁਰ ਪਇਓ।" ਇਸ ਕਰਕੇ, ਉਹ ਜਾਗਦੀ ਜੋਤ ਤਾਂ ਇਸਦੇ ਅੰਦਰ ਹੈ।

ਜਾਗਤ ਜੋਤਿ ਜਪੈ ਨਿਸਿ ਬਾਸੁਰ
ਏਕ ਬਿਨਾ ਮਨ ਨੈਕ ਨਾ ਆਨੈ ॥

ਇਹ ਜੋਤ ਸਭ ਵਿੱਚ ਵਿਆਪਕ ਹੈ–

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ (ਪੰਨਾ ੧੪੨੭)

ਜਦ ਇਹ ਗੁਰੂ ਦੇ ਚਰਨਾਂ ਵਿੱਚ ਲੱਗ ਜਾਊ, ਪਰ ਹੋਵੇ ਗੁਰੂ ਪੂਰਾ, ਤਾਂ ਇਹਦੇ ਕਿਵਾੜ ਖੁਲ੍ਹ ਜਾਣਗੇ–

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥

(ਪੰਨਾ ੨੯੩)

ਅਸੀਂ, ਉਸ ਸੰਤ ਦੇ ਸੰਗ ਨਾਲ, ਪਰਮੇਸ਼ਰ ਆਪਣੇ ਅੰਦਰ ਦੇਖ ਲਿਆ ਹੈ, ਆਪਣੇ ਹਿਰਦੇ ਵਿੱਚ। ਇਸ ਲਈ, ਇਸ ਵਿੱਚ ਉਹੀ ਜੋਤ ਬਿਰਾਜਮਾਨ ਹੈ। ਇਹ ਗੁਰੂ ਦੇ ਚਰਨਾਂ ਵਿੱਚ ਚਲਿਆ ਜਾਵੇ, ਉਹ ਪਰਮੇਸ਼ਰ ਜਿਹੜਾ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਅੰਦਰ ਬੈਠਾ ਹੀ ਦਿਸ ਪੈਂਦਾ ਹੈ।

ਇਹ ਸਾਰੀ ਸ੍ਰਿਸ਼ਟੀ ਪੰਜਾਂ ਤੱਤਾਂ ਨਾਲ ਬਣੀ ਹੋਈ ਹੈ–

੧. ਪ੍ਰਿਥਵੀ ੨. ਜਲ ੩. ਅਗਨੀ ੪. ਵਾਯੂ ੫. ਅਕਾਸ਼ – ਇਹ ਪੰਜ ਤੱਤ ਹਨ। ਤਿੰਨ ਗੁਣ ਹਨ – ਰਜੋ, ਤਮੋ ਤੇ ਸਤੋ । ਇਸ ਤਰ੍ਹਾਂ ਇਨ੍ਹਾਂ ਤਿੰਨਾਂ ਗੁਣਾਂ ਅਤੇ ਪੰਜਾਂ ਤੱਤਾਂ ਨਾਲ ਸਾਰਾ ਸੰਸਾਰ ਬਣਿਆ ਹੈ। ਪਰ ਇਹ ਕਿਸਦੇ ਚਲਾਏ ਚਲਦੇ ਹਨ? ਇੱਕ ਉਸ ਪਰਮੇਸ਼ਰ ਦੇ–

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥

(ਪੰਨਾ ੮੩੮)

ਕਹਿੰਦੇ– ਅਸੀਂ ਉਹ ਪਰਮੇਸ਼ਰ, ਜਿਹੜਾ ਸਾਰਿਆਂ ਦੇ ਹਿਰਦੇ ਵਿੱਚ ਬਿਰਾਜਮਾਨ ਹੈ, ਗੁਰੂ ਪਰਮੇਸ਼ਰ ਦੇ ਚਰਨਾਂ ਨਾਲ ਲੱਗ ਕੇ, ਦੇਖ ਲਿਆ, ਹੁਣ ਸਾਡਾ ਉਧਾਰ ਹੋ ਗਿਆ। ਹੁਣ ਦੋ ਹੀ ਚੀਜਾਂ ਨੇ, ਤੀਜੀ ਚੀਜ ਨਹੀਂ ਹੈ –

ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥ (ਪੰਨਾ ੧੫੨)

ਇਹਦੇ ਅੰਦਰ ਦੇਖਣ ਵਾਲਾ ਵੀ ਬੈਠਾ ਹੈ। ਬਾਕੀ, ਇਹ ਜਿੰਨਾਂ ਵੀ ਦ੍ਰਿਸ਼ ਹੈ, ਹੰਕਾਰ ਤੋਂ ਲੈ ਕੇ ਸਾਰਾ ਸੰਸਾਰ, ਇਹ ਸਾਰਾ ਹੀ ਮਿਥਿਆ ਹੈ –

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੦੮੩)

ਪਰ 'ਦ੍ਰਸ਼ਟਾ' ਜਿਹੜਾ ਤੁਹਾਡੇ ਹਿਰਦੇ ਵਿੱਚ ਬੈਠਾ ਹੈ, ਉਹ ਤਾਂ ਨਹੀਂ ਮਿਥਿਆ, ਉਹ ਤਾਂ ਈਸ਼ਵਰ ਹੈ । ਜਦ ਗੁਰੂ ਸਾਹਿਬਾਂ ਨੂੰ ਸਵਾਲ ਕੀਤਾ ਉਸ ਪੰਡਿਤ ਨੇ 'ਜੀ, ਤੁਸੀਂ ਨਹੀਂ ਮਰੋਂਗੇ?' ਉਦੋਂ,

ਉਸ ਪੰਡਿਤ ਦਾ ਲੜਕਾ ਮਰ ਗਿਆ ਸੀ, ਉਹ ਸ਼ੋਕ ਵਿੱਚ ਸੀ । ਗੁਰੂ ਸਾਹਿਬ ਕਹਿੰਦੇ– ਪੰਡਿਤ! ਤੂੰ ਸ਼ੋਕ ਨਾ ਕਰ, ਇਹ ਮਰਨ ਵਾਲਾ ਨਹੀਂ ਹੈ। ਤਾਂ ਪੰਡਿਤ ਕਹਿੰਦਾ– ਜੀ, ਤੁਸੀਂ ਨਹੀਂ ਮਰੋਂਗੇ ? ਤਾਂ ਗੁਰੂ ਜੀ ਨੇ ਸਮਝਾਇਆ ਬਈ ਅਸੀਂ ਨਹੀਂ ਮਰਾਂਗੇ –

ਹਉ ਨ ਮੂਆ ਮੇਰੀ ਮੁਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥ (ਪੰਨਾ ੧੫੨)

ਮੈਂ ਮਰਨ ਵਾਲਾ ਨਹੀਂ ਹਾਂ, ਮੇਰੀ ਜਿਹੜੀ ਅਵਿੱਦਿਆ ਸੀ, ਬਲਾ ਸੀ, ਜੀਹਦਾ ਮੈਂ ਜਕੜਿਆ ਹੋਇਆ ਸੀ, ਉਹ ਮਰ ਗਈ–

ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥ (ਪੰਨਾ ੧੫੨)

ਖਬਰੈ, ਕਿਉਂ ਅਸੀਂ ਐਨਾ ਮਾਇਆ ਦੇ ਅਧੀਨ ਹੋ ਗਏ ਹਾਂ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ–

ਗਲਿ ਚਮੜੀ ਜਉ ਛੋਡੈ ਨਾਹੀ॥ (ਪੰਨਾ ੩੯੨)

ਇਹ ਜੋ ਤੇਰੇ ਗਲ ਚਿੰਬੜੀ ਹੋਈ ਹੈ, ਤੈਨੂੰ ਛੱਡੇਗੀ ਨਹੀਂ। ਤੇਰੇ ਵਿੱਚ ਕੋਈ ਤਾਕਤ ਨਹੀਂ ਛੁੱਟਣ ਦੀ। ਨਾ ਕਿਸੇ ਰਾਜਾ, ਬਾਦਸ਼ਾਹ ਵਿੱਚ ਤਾਕਤ ਹੈ ਤੈਨੂੰ ਛਡਾਉਣ ਦੀ। ਇਹ ਤਾਂ ਬੱਸ–

ਲਾਗਿ ਛੁਟੋ ਸਤਿਗੁਰ ਕੀ ਪਾਈ॥ (ਪੰਨਾ ੩੯੨)

ਜੇ ਤੁਸੀਂ ਛੁੱਟਣਾ ਹੈ, ਤਾਂ ਸਤਿਗੁਰੂ ਦੇ ਚਰਨਾਂ ਵਿੱਚ ਲੱਗ ਜਾਉ। ਉਹੀ ਗੱਲ ਗੁਰੂ ਅਰਜਨ ਦੇਵ ਜੀ ਕਹਿੰਦੇ ਨੇ ਕਿ ਜਦ ਮੈਂ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਗਿਆ, ਤਾਂ ਮੈਂ ਸਾਖਸ਼ੀ ਹੋ ਗਿਆ। ਇਸ ਕਰਕੇ, ਨਾਮ ਅਤੇ ਸੇਵਾ ਨੇ ਇਨ੍ਹਾਂ ਦਾ ਉਧਾਰ ਕਰ ਦਿੱਤਾ। ਸੇਵਾ ਨਾਲ ਅੰਤਹਕਰਣ ਸ਼ੁੱਧ ਹੁੰਦਾ ਹੈ। ਸ਼ੁੱਧ ਸ਼ੀਸ਼ੇ ਵਿੱਚ ਮੂੰਹ ਠੀਕ ਦਿੱਸੇਗਾ, ਸਥਿਰ ਜਲ ਵਿੱਚ ਵੀ ਮੂੰਹ ਠੀਕ ਦਿੱਸੇਗਾ। ਗਿਆਨ ਹੋਏਗਾ ਤਾਂ ਇਸ ਗੱਲ ਦਾ ਅਨੁਭਵ ਹੋਏਗਾ। ਇੱਕ ਲੜਕਾ ਨਦੀ ਦੇ ਕਿਨਾਰੇ ਆਪਣੇ ਬਾਪੂ ਨੂੰ ਕਹਿੰਦਾ, ਤੇਰਾ ਪਾਣੀ ਵਿੱਚ ਸਿਰ ਨੀਚੇ ਅਤੇ ਪੈਰ ਉੱਪਰ ਦਿਖਾਈ ਦਿੰਦੇ ਹਨ। ਪਿਤਾ ਨੇ ਕਿਹਾ, ਕੋਈ ਗੱਲ

ਨਹੀਂ । ਕਿਉਂਕਿ ਬਾਪੂ ਨੂੰ ਅਸਲ ਵਿੱਚ ਪਤਾ ਸੀ ਕਿ ਮੇਰੇ ਪੈਰ ਤਾਂ ਨੀਚੇ ਹੀ ਹਨ ਅਤੇ ਸਿਰ ਉੱਪਰ ਹੈ। ਬੱਚੇ ਨੂੰ ਪਤਾ ਨਹੀਂ ਹੈ, ਉਹ ਅਗਿਆਨੀ ਨੂੰ ਕੀ ਪਤੈ? ਗਿਆਨੀ ਨੂੰ ਤਾਂ ਪਤਾ ਹੈ। ਉਸ ਗਿਆਨੀ ਨੇ ਉਸਨੂੰ ਸਮਝਾਇਆ। ਪਿਤਾ, ਪੁੱਤਰ ਨੂੰ ਕਹਿੰਦਾ-ਤੂੰ ਆਪਣੇ ਦੇਖ, ਤੇਰੇ ਵੀ ਏਦਾਂ ਹੀ ਹੈ। ਉਹ ਕਹਿੰਦਾ-ਤੇਰੇ ਅੰਦਰ ਭਰਮ ਸੀ, ਤੈਨੂੰ ਇਹ ਉਪਾਧੀ ਕਰਕੇ ਭਰਮ ਸੀ। ਉਪਾਧੀ ਹੈ 'ਮਾਇਆ', ਮਾਇਆ ਕਰਕੇ ਭਰਮ ਪੈ ਜਾਂਦਾ ਹੈ ਅਤੇ ਜੀਵ, ਜੀਵ ਹੀ ਰਹਿੰਦੇ ਹਨ। ਜਦ ਇਹ ਆਪਣੇ ਆਪ ਦਾ ਸ਼ਾਖਸਾਤ ਕਰ ਲੈਂਦਾ ਹੈ, ਤਾਂ ਈਸ਼ਵਰ ਬਣ ਜਾਂਦਾ ਹੈ। ਮਾਇਆ ਇਹਦੇ ਅਧੀਨ ਹੋ ਜਾਂਦੀ ਹੈ। ਇਸ ਕਰਕੇ, ਗੁਰੂ ਪੂਰਣ, ਜਦੋਂ ਚਰਨਾਂ ਨਾਲ ਲਾ ਲੈਂਦਾ ਹੈ, ਉਦੋਂ ਹੀ ਆਪੇ ਦਾ ਅਨੁਭਵ ਹੁੰਦਾ ਹੈ-

ਜਹ ਜਾਈਐ ਤਹਾ ਸੁਹੇਲੇ ॥

ਹੁਣ ਜਿੱਥੇ ਵੀ ਜਾਵਾਂਗੇ, ਸੁਹੇਲੇ ਹਾਂ। ਈਸ਼ਵਰ ਦੀ ਮੌਤ ਕਦੇ ਨਹੀਂ ਹੁੰਦੀ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ (ਪੰਨਾ ੧੪੦੮)

ਉਸ ਜੋਤੀ ਸਰੂਪ ਹਰੀ ਨੇ ਗੁਰੂ ਨਾਨਕ ਕਹਾਇਆ ਤੇ ਉਹ ਗੁਰੂ ਅਵਤਾਰ ਸੇ। ਉਹ ਗੁਰੂ ਅਵਤਾਰ ਹੋ ਕੇ ਆਏ ਅਤੇ ਗੁਰੂ ਅਵਤਾਰ ਕਹਾਇਆ । ਜਦੋਂ ਅੰਤਮ ਵੇਲੇ ਸਰੀਰ ਛੁੱਟਿਆ ਤਾਂ ਹਿੰਦੂਆਂ ਤੇ ਮੁਸਲਮਾਨਾਂ ਨੇ, ਚਾਦਰ ਪਾੜ ਕੇ ਅੱਧੀ-ਅੱਧੀ ਕਰ ਲਈ। ਉਨ੍ਹਾਂ ਨੇ ਸਮਾਧ ਬਣਾ ਲਈ ਅਤੇ ਉਨ੍ਹਾਂ ਨੇ ਕਬਰ ਬਣਾ ਲਈ। ਪਹਿਲੀ ਵਾਰ ਮੈਂ ਬੜੇ ਚਾਉ ਨਾਲ ਕਰਤਾਰਪੁਰ ਗਿਆ ਤਾਂ ਉਥੇ ਇਹ ਦੋਵੇਂ ਸੀ । ਜਦ ਦੂਜੀ ਵਾਰ ਗਿਆ ਤਾਂ ਕੇਵਲ ਸਮਾਧ ਸੀ। ਮੈਂ ਪੁੱਛਿਆ ਉੱਥੇ ਦੇ ਜੱਥੇਦਾਰ ਨੂੰ ਬਈ, ਕਬਰ ਕਿੱਥੇ ਗਈ? ਉਸਨੇ ਕਿਹਾ ਲਾਹੌਰ ਮੁਕੱਦਮਾ ਚੱਲਿਆ ਅਤੇ ਫੈਸਲਾ ਹੋਇਆ। ਇਸ ਕਰਕੇ, ਅਸੀਂ ਰਾਹਦਾਰੀ ਦੇਕੇ, ਕਬਰ ਪੱਟ ਕੇ ਲੈ ਗਏ ਸੀ। ਭਾਈ ! ਇਹ ਮਹਾਂਪੁਰਖ ਹੁੰਦੇ ਹਨ, ਪੂਰਨ ਪੁਰਸ਼ ਹੁੰਦੇ ਹਨ। ਉਹ ਆਪਣਾ ਨਾਮ ਨਹੀਂ ਜਣਾਉਂਦੇ, ਅਪਣਾ ਨਾਮ ਨਹੀਂ ਲਿਖਦੇ। ਆਪਾਂ ਦੇਖਿਐ, ਨਾਮ ਤਾਂ ਅੰਗਦ, ਅਮਰਦਾਸ

ਤੇ ਰਾਮਦਾਸ ਸੀ, ਪਰ ਬਾਣੀ ਪੜ੍ਹੀਏ ਤਾਂ ਪਿੱਛੇ 'ਨਾਨਕ' ਆਉਂਦਾ ਹੈ, ਕਿਉਂਕਿ ਉਹ ਆਪ ਜੋਤ ਸੀ। ਇਸ ਲਈ, ਜਦ ਤੱਕ ਤੁਹਾਡਾ ਸਿਮਰਨ ਪੂਰਾ ਨਹੀਂ ਹੁੰਦਾ, ਸੇਵਾ ਪੂਰੀ ਨਹੀਂ ਹੁੰਦੀ, ਤੁਸੀਂ ਈਸ਼ਵਰ ਕੋਟੀ ਵਿੱਚ ਨਹੀਂ ਪਹੁੰਚਦੇ । ਜਦੋਂ ਤੁਸੀਂ ਕੋਈ ਕੰਮ ਪੂਰੇ ਧਿਆਨ ਨਾਲ, ਮਨ ਲਾਕੇ ਨਾ ਕਰੋਂ, ਤਾਂ ਉਹ ਕੰਮ ਵੀ ਕਦੇ ਢੰਗ ਨਾਲ ਪੂਰਾ ਨਹੀਂ ਹੁੰਦਾ। ਇਸ ਤਰ੍ਹਾਂ ਹੀ ਜਦ ਜੀਵ, ਮਾਇਆ ਵਿੱਚ ਮਸਤ ਹੋ ਜਾਂਦਾ ਹੈ ਤਾਂ ਸਿਰਮਨ ਤੋਂ ਸੱਖਣਾ ਰਹਿ ਜਾਂਦਾ ਹੈ। ਹੇ ਭਾਈ! ਬਿਨਾਂ ਗੁਰੂ-ਪਰਮੇਸ਼ਰ ਦੀ ਸ਼ਰਣ ਵਿੱਚ ਗਿਆਂ, ਇਹ ਛੁਟਦੀ ਨਹੀਂ ਹੈ, ਕਿਉਂਕਿ ਮਾਇਆ, ਗੁਰੂ-ਪਰਮੇਸ਼ਰ ਦੀ ਸ਼ਕਤੀ ਹੈ ਅਤੇ ਉਸਦੇ ਅਧੀਨ ਰਹਿੰਦੀ ਹੈ-

ਆਵਨ ਜਾਨੁ ਇਕੁ ਖੇਲੁ ਬਨਾਇਆ॥ ਆਗਿਆਕਾਰੀ ਕੀਨੀ ਮਾਇਆ॥
ਸਭ ਕੈ ਮਧਿ ਅਲਿਪਤੋ ਰਹੈ॥ ਜੋ ਕਿਛੁ ਕਹਣਾ ਸੁ ਆਪੇ ਕਹੈ॥

(ਪੰਨਾ ੨੯੪)

ਹੁਕਮ, ਹੁਕਮੀ ਦਾ ਚਲਦਾ ਹੈ। ਜਿੰਨਾਂ ਚਿਰ ਇਹ ਜੀਵ ਮਾਇਆ ਦੇ ਅਧੀਨ ਹੈ, ਤਾਂ ਈਸ਼ਵਰ ਨਹੀਂ, ਜਦੋਂ ਇਹ ਈਸ਼ਵਰ ਹੋ ਗਿਆ ਤਾਂ ਮਾਇਆ ਇਹਦੀ ਚੇਰੀ ਹੋ ਗਈ-

ਕਰਿ ਕਿਰਪਾ ਪ੍ਰਭਿ ਮੇਲੇ॥

ਜਦੋਂ ਈਸ਼ਵਰ ਕਿਰਪਾ ਕਰਦਾ ਹੈ ਤਾਂ ਪੂਰਾ ਗੁਰੂ ਮਿਲਦਾ ਹੈ। ਪੂਰਾ ਗੁਰੂ ਆਪਣੇ ਆਪ ਨਹੀਂ ਮਿਲਦਾ ਹੁੰਦਾ-

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥ (ਪੰਨਾ ੧੦੦੭)

'**ਸੰਜੋਗੁ ਵਿਜੋਗੁ**' ਜੀਵ ਦਾ ਧੁਰੋਂ ਹੀ ਲਿਖਿਆ ਹੁੰਦਾ ਹੈ। ਪਰਮੇਸ਼ਰ ਨੇ ਕਿਰਪਾ ਕਰਕੇ, ਗੁਰੂ ਮਿਲਾ ਦਿੱਤਾ। ਫਿਰ -

ਹਉ ਨਾ ਮੂਆ ਮੇਰੀ ਮੁਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥ (ਪੰਨਾ ੧੫੨)

ਜਿਹੜਾ ਵਿਆਪਕ ਹੈ, ਮੈਂ ਉਸਨੂੰ ਲਖ ਲਿਆ। ਮੇਰੀ ਸਾਰੀ ਅਵਿੱਦਿਆ ਖਤਮ ਹੋ ਗਈ। ਜਦ ਇਹ ਜਾਗਦੀ ਜੋਤ ਦਾ ਉਪਾਸ਼ਕ ਹੋ ਗਿਆ ਤਾਂ ਇਹਦਾ ਜਨਮ ਮਰਨ ਕੱਟਿਆ ਗਿਆ। ਪ੍ਰਭੂ ਦੀ ਕਿਰਪਾ ਨਾਲ ਸਭ ਹੋਇਆ। ਮੈਨੂੰ ਇੱਕ ਵਾਰ ਦੋ ਸੂਫੀਆਂ ਦੀ ਗੱਲ ਬੜੀ ਪਸੰਦ ਆਈ। ਮੈਂ ਇਕੱਲਾ ਬੈਠਾ ਪੜ੍ਹ ਰਿਹਾ ਸੀ। ਦੋ ਮੁਸਲਮਾਨ ਆਕੇ ਬੈਠ ਗਏ, ਕਹਿਣ ਲੱਗੇ-ਸੁਣਾਉ। ਮੈਂ ਪੜ੍ਹਿਆ-

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ (ਪੰਨਾ ੬੮੪)

ਉਨ੍ਹਾਂ ਨੇ ਕਿਹਾ ਕਿ ਠੀਕ ਹੈ -'ਖੁਦ ਸ਼ਨਾਸੀ, ਖੁਦਾ ਸ਼ਨਾਸੀ'। ਜਿਹੜਾ ਖੁਦ ਨੂੰ ਜਾਣਦਾ ਹੈ, ਉਹੀ ਖੁਦਾ ਨੂੰ ਜਾਣਦਾ ਹੈ-

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਜਦ ਇਹ ਆਪਣੇ ਆਤਮਾ ਨੂੰ ਚੀਨ (ਖੋਜ) ਲਏਗਾ ਤਾਂ ਇਹ ਹੀ ਪਰਮਾਤਮਾ ਹੋਏਗਾ। ਆਤਮਾ ਪ੍ਰਮਾਤਮਾ ਦੋ ਤਾਂ ਹੈ ਨਹੀਂ। ਜਦ ਇਸਨੇ, ਆਪਣੇ ਆਪ ਦਾ ਪ੍ਰਤਯਕਸ਼ ਕਰ ਲਿਆ, ਉਸ ਦਿਨ ਇਹ ਸੁਖੀ ਹੋ ਜਾਏਗਾ, ਕੋਈ ਦੁੱਖ ਨਹੀਂ ਰਹੇਗਾ-

ਹਰਿ ਗੁਣ ਗਾਵਹੁ ਸਦਾ ਸੁਭਾਈ॥

ਹੇ ਸ੍ਰੇਸ਼ਟ ਪੁਰਸ਼ੋ ! ਹਰੀ ਦੇ ਗੁਣ ਗਾਉ ਕਿਉਂਕਿ ਨਾਮ ਤੇ ਨਾਮੀ ਦੇ ਨਾਲ ਮਿਲਣ ਦਾ ਹੋਰ ਕੋਈ ਉਪਾਉ ਨਹੀਂ ਹੈ। ਇਸ ਲਈ, ਹਰੀ ਦੇ ਗੁਣ ਗਾਉ-

ਗੁਨ ਗਾਵਤ ਤੇਰੀ ਉਤਰਸਿ ਮੈਲੁ॥
ਬਿਨਸਿ ਜਾਇ ਹਉਮੈ ਬਿਖੁ ਫੈਲੁ॥ (ਪੰਨਾ ੨੮੯)

ਇਹ ਸਾਰਾ ਛੁਟਕਾਰਾ ਹੋ ਜਾਏਗਾ। ਤੁਸੀਂ ਆਪਣੇ ਮਨ ਦੇ, ਆਪ ਹੀ ਦ੍ਰਸ਼ਟਾ ਹੋ ਜਾਵੋਂਗੇ। ਇਸ ਲਈ, ਹਰੀ ਦੇ ਗੁਣ ਗਾਇਆ ਕਰੋ, ਤੁਹਾਡਾ ਉਧਾਰ ਹੋ ਜੂਗਾ।

ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ॥ ਰਹਾਉ॥

ਜੋ ਵੀ ਤੁਹਾਡਾ ਸ਼ੁੱਭ ਸੰਕਲਪ ਹੋਏਗਾ, ਪੂਰਾ ਹੋ ਜਾਵੇਗਾ।

ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥

(ਪੰਨਾ ੩)

ਸਭ ਮਜ਼ਬਾਂ ਦਾ ਇੱਕੋ ਹੀ ਮਤਿ ਹੈ, 'ਏਕਾ'। ਜਿਸਦੇ ਇੱਕ ਸੰਕਲਪ ਮਾਤਰ ਨਾਲ ਸ੍ਰਿਸ਼ਟੀ ਬਣਦੀ ਹੈ ਅਤੇ ਗੁਰੂ ਸਾਹਿਬ ਨੇ ਇੱਥੇ ਲਿਖਿਆ ਹੈ–

ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ॥

(ਪੰਨਾ ੨੮੪)

ਜਿਸਦੇ ਨੇਤਰ ਖੋਲ੍ਹਣ ਨਾਲ ਸ੍ਰਿਸ਼ਟੀ ਬਣ ਜਾਵੇ, ਅਤੇ ਮੀਟਣ ਨਾਲ ਨਾਸ਼ ਹੋ ਜਾਵੇ। ਜਿਸਦਾ ਮਨ, ਐਸੇ ਈਸ਼ਵਰ ਨਾਲ ਇਕਾਗਰ ਹੋ ਜਾਂਦਾ ਹੈ, ਫਿਰ ਉਸਦਾ ਜਨਮ ਮਰਨ ਨਹੀਂ ਹੋਵੇਗਾ ਪਰ ਆਪਣੇ ਆਪ ਨੂੰ ਪਹਿਚਾਣ ਲਈਏ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥ (ਪੰਨਾ ੪੨੧)

ਜਿਸਨੇ ਰੱਬ ਨੂੰ ਪਹਿਚਾਣ ਲਿਆ, ਉਹ ਰੱਬ ਹੀ ਹੋ ਗਿਆ। ਪਰ ਕੋਈ ਸ਼ੱਕ ਨਾ ਰਹੇ, ਬਣਾਉਟੀ ਨਾ ਹੋਵੇ, ਫਰਕ ਨਾ ਹੋਵੇ ਕਿਤੇ –

ਜੀਅ ਕੈ ਸੰਗਿ ਸਹਾਈ॥ ਰਹਾਉ॥

ਤੇਰੇ ਜੀਅ ਦਾ ਸਹਾਈ, ਜਦ ਤੁਹਾਡੇ ਨਾਲ ਸਦਾ ਹੈ, ਤਾਂ ਉਸਨੂੰ ਸਿਮਰ ਭਾਈ!

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥ ਨਾਨਕ ਜੀਅ ਕਾ ਇਹੈ ਅਧਾਰ॥

(ਪੰਨਾ ੨੯੫)

ਸਿਮਰਨ ਨੇ, ਜੀਵ ਦਾ ਉਧਾਰ ਕਰਨਾ ਹੈ। ਸਿਮਰਨ ਨਾ ਕਦੇ ਛੱਡੋ–

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥

(ਪੰਨਾ ੭੯੫)

ਇੱਕ ਸੰਤ ਨੇ ਸਾਡੇ ਕੋਲੋਂ ਪੁੱਛਿਆ ਕਿ ਸੁਆਸ–ਸੁਆਸ ਨਾਮ ਕੈਸੇ

ਚੱਲ ਸਕਦਾ ਹੈ? ਅਸੀਂ ਕਿਹਾ, ਅਪਣਾ ਗੁਰੂ ਮੰਤਰ ਦੱਸ। ਤਾਂ, ਉਸਨੇ ਲਿਖ ਦਿੱਤਾ। ਅਸੀਂ ਕਿਹਾ– ਰੱਸੇ ਜਿੱਡਾ ਤਾਂ ਤੇਰਾ ਮੰਤਰ ਹੈ, ਤੇਰਾ ਧਿਆਨ ਇਸ ਵਿੱਚ ਕਿਵੇਂ ਲੱਗ ਜੂ? ਸਤਿਨਾਮ ਦਾ ਵਾਹਿਗੁਰੂ ਦਾ, ਰਾਮ ਦਾ, ਅਲਾਹ ਦਾ ਨਾਮ ਸੁਆਸ–ਸੁਆਸ ਚੱਲ ਸਕਦੈ। ਇੱਕ ਸ਼ਬਦ ਨੂੰ ਇੱਕ ਵਾਰੀ, ਸਾਹ ਨਾਲ ਅੰਦਰ ਲੈਕੇ ਜਾਵੇ, ਤੇ ਦੂਜੀ ਵਾਰ ਬਾਹਰ ਲੈਕੇ ਆਵੇ। 'ਵਾਹਿਗੁਰੂ' ਸ਼ਬਦ ਕੱਲਾ ਹੀ ਚੱਲ ਸਕਦਾ ਹੈ। ਪਰ ਨਾਲ ਇਹ ਵੀ ਹੈ –

ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥

(ਪੰਨਾ ੩੮੪)

ਇਹ ਸਾਰਾ ਸਾਡਾ **'ਠਾਠਾ ਬਾਗਾ'** ਹੈ। ਇਹ ਸਾਰੇ ਕਰਮ ਸਾਡੇ ਨਾਲ ਜਾਂਦੇ ਨੇ, ਅਤੇ ਠਾਠੇ ਬਾਗੇ ਨੇ ਬਿਲਕੁਲ ਨਹੀਂ ਜਾਣਾ। ਪੰਚਮ ਪਾਤਸ਼ਾਹ ਕਹਿੰਦੇ ਹਨ, ਕਿ ਤੁਸੀਂ ਨਾਮ ਨੂੰ ਕਦੇ ਨਾ ਭੁੱਲੋ ਅਤੇ ਦੁਨੀਆਂ ਨਾਲ **'ਠਾਠਾ ਬਾਗਾ'** ਰੱਖੋ। ਚੂਹੜਕਾਣੇ (ਪਾਕਿਸਤਾਨ) ਦੇ ਬੜੇ ਸੂਝਵਾਨ ਸੰਤ ਹੁੰਦੇ ਸੀ। ਉਨ੍ਹਾਂ ਕੋਲ ਇਕ ਗੋਬਿੰਦ ਨੰਦ ਨਾਮ ਦਾ ਆਦਮੀ ਆਇਆ। ਕਹਿਣ ਲੱਗਿਆ, ਤੁਹਾਡੇ ਤੋਂ ਇੱਕ ਗੱਲ ਪੁੱਛਣੀ ਹੈ। ਸੰਤਾਂ ਨੇ ਕਿਹਾ– ਅਸੀਂ ਹੁਣ ਤਾਂ ਕਿਤੇ ਕਥਾ ਕਰਨ ਜਾਣਾ ਹੈ, ਵਚਨ ਦਿੱਤਾ ਹੋਇਆ ਹੈ। ਗੋਬਿੰਦ ਨੰਦ ਨੇ ਬੇਨਤੀ ਕੀਤੀ ਤਾਂ ਕਹਿਣ ਲੱਗੇ – ਰੱਬ ਨੂੰ ਭੁੱਲ ਕੇ ਕਦੇ ਕੋਈ ਕੰਮ ਨਾ ਕਰੀਂ। ਜਾਹ, ਹੁਣ ਚਲਿਆ ਜਾਹ! ਉਸਦੇ ਅੰਦਰ ਗੱਲ ਬੈਠ ਗਈ ਅਤੇ ਚਲਿਆ ਗਿਆ। ਇਸ ਲਈ ਭਾਈ! ਜਦੋਂ ਪ੍ਰਮਾਤਮਾ ਨੂੰ ਹਾਜਰ–ਨਾਜਰ ਜਾਣਕੇ ਕੰਮ ਕਰਾਂਗੇ, ਜੀਵਨ ਵਿੱਚ ਵਿਚਰਾਂਗੇ ਤਾਂ ਮਾਇਆ ਦਾ ਪ੍ਰਭਾਵ ਸਾਨੂੰ ਨਹੀਂ ਸਤਾਏਗਾ। ਇਸ ਤਰ੍ਹਾਂ, ਇਹਦਾ ਮਨੋਵਾਦ ਚਲਾ ਜਾਏਗਾ। ਇਹਦਾ ਮਨ ਨਾਮ ਨਾਲ ਲੱਗ ਜਾਏਗਾ–

ਨਾਰਾਇਣ ਪ੍ਰਾਣ ਅਧਾਰਾ॥

ਨਾਰਾਇਣ ਸ਼ਬਦ ਦੇ ਗਿਆਰਾਂ ਅਰਥ ਕੀਤੇ ਨੇ – ਸਾਰਿਆਂ ਦਾ ਕਰਤਾ ਧਰਤਾ ਪਰਮੇਸ਼ਰ। ਸਾਰਿਆਂ ਦਾ ਦਾਤਾ ਪਰਮੇਸ਼ਰ। ਸਾਰਿਆਂ ਨਰਾਂ ਦਾ ਆਸਰਾ ਪਰਮੇਸ਼ਰ। ਉਤਪਤੀ, ਪਾਲਣਾ ਅਤੇ ਲੈਅ ਕਰਤਾ

ਆਦਿ। ਇਸ ਤਰ੍ਹਾਂ ਗਿਆਰਾਂ ਅਰਥ ਕੀਤੇ ਗਏ ਹਨ। ਤੁਹਾਨੂੰ ਪਤਾ ਹੋਏਗਾ–

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥ (ਪੰਨਾ ੬੩੨)

ਸੰਤਾਂ ਨੇ ਉਸਨੂੰ (ਅਜਾਮਲ ਨੂੰ) ਕਿਹਾ–ਤੂੰ ਨਾਮ ਨੂੰ ਨਾ ਭੁੱਲੀਂ ਅਤੇ ਤੇਰੇ ਇੱਕ ਲੜਕਾ ਹੋਏਗਾ, ਉਸਦਾ ਨਾਮ 'ਨਾਰਾਇਣ' ਰੱਖੀਂ। ਉਸਨੇ ਸੰਤਾਂ ਦਾ ਵਚਨ ਮੰਨਿਆਂ ਤਾਂ ਅੰਤ ਵੇਲੇ ਉਸਦੇ ਮੂੰਹ 'ਚੋਂ ਨਾਰਾਇਣ–ਨਾਰਾਇਣ ਹੀ ਨਿੱਕਲ ਰਿਹਾ ਸੀ। ਇਸ ਤਰ੍ਹਾਂ, ਉਹਦੇ ਸਾਰੇ ਪਾਪ ਕੱਟੇ ਗਏ। ਇਸ ਲਈ ਭਾਈ ! ਨਾਰਾਇਣ ਦਾ ਨਾਉਂ ਸਾਰੇ ਪਾਪਾਂ ਨੂੰ ਕੱਟਣ ਵਾਲਾ ਹੈ। ਜਦੋਂ ਕਈ ਸਾਧੂ ਲੰਗਰ ਲੈਣ ਲਈ ਜਾਂਦੇ ਨੇ, ਤਾਂ 'ਹਰੀ ਨਾਰਾਇਣ' ਕਹਿੰਦੇ ਨੇ, ਰੋਟੀ ਨਹੀਂ ਕਹਿੰਦੇ–

ਬਹੁੜਿ ਨ ਜੋਨੀ ਪਾਈਐ ॥

ਸਾਰੇ ਜਨਮ ਮੁੱਕ ਗਏ, ਜਨਮਾਂ ਦਾ ਕੋਈ ਕੰਮ ਹੀ ਨਹੀਂ ਰਿਹਾ। ਉਹ ਸੰਸਕਾਰ ਹੀ ਨਹੀਂ ਰਹੇ। ਹੁਣ ਤਾਂ ਭਾਈ! ਜਨਮ ਮਰਨ ਤੋਂ ਰਹਿਤ ਨਾਰਾਇਣ ਹੋ ਗਏ।

ਜਿਸੁ ਦੇਵੈ ਪੁਰਖੁ ਬਿਧਾਤਾ ॥

ਪਰਮੇਸ਼ਰ ਨੇ ਕਿਰਪਾ ਕਰਕੇ, ਗੁਰੂ ਰਾਮਦਾਸ ਜੀ ਨਾਲ ਸਾਨੂੰ ਮਿਲਾ ਦਿੱਤਾ–

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥ (ਪੰਨਾ ੮੬੪)

ਹੁਣ ਪਰਮੇਸ਼ਰ ਅਤੇ ਗੁਰੂ ਰਾਮਦਾਸ ਜੀ ਤਾਂ ਇੱਕ ਹੀ ਨੇ। ਬ੍ਰਹਮ ਗਿਆਨੀ ਆਪ ਪਰਮੇਸ਼ਰ ਹੁੰਦਾ ਹੈ–

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ (ਪੰਨਾ ੨੭੩)

ਉਸਦਾ ਜਨਮ ਮਰਨ ਹੁੰਦਾ ਹੀ ਨਹੀਂ । ਫੇਰ –

ਹਰਿ ਰਸੁ ਤਿਨ ਹੀ ਜਾਤਾ॥

ਹਰੀ ਰਸ ਨੂੰ ਉਸਨੇ ਜਾਣ ਲਿਆ ਹੈ –

ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ (ਪੰਨਾ ੩੪੨)

ਹਰੀ ਦਾ ਰਸ ਪ੍ਰਾਪਤ ਹੋ ਗਿਆ, ਆਨੰਦ ਪ੍ਰਾਪਤ ਹੋ ਗਿਆ –

ਜਮਕੰਕਰੁ ਨੇੜਿ ਨ ਆਇਆ॥

ਜਮਾਂ ਦੇ ਜਿਹੜੇ ਨੌਕਰ ਹਨ, ਉਹ ਨੇੜੇ ਨਹੀਂ ਆਉਂਦੇ। ਜਮਾਂ ਨਾਲ, ਸਾਡਾ ਕੋਈ ਸੰਬੰਧ ਹੀ ਨਹੀਂ ਰਿਹਾ –

ਦੂਰਿ ਰਹੀ ਉਹ ਜਨ ਤੇ ਬਾਟ॥ (ਪੰਨਾ ੩੯੩)

ਇਹ ਅਲੱਗ ਰਸਤਾ ਹੈ, ਜਿਥੇ ਜਮਾਂ ਦਾ ਕੋਈ ਕੰਮ ਨਹੀਂ ਹੈ –

ਸੁਖੁ ਨਾਨਕ ਸਰਣੀ ਪਾਇਆ॥

ਉਨ੍ਹਾਂ ਨੇ ਸਾਨੂੰ ਗੁਰੂ ਮਿਲਾ ਦਿੱਤਾ। ਸਾਨੂੰ ਆਤਮ-ਸੁੱਖ ਪ੍ਰਾਪਤ ਹੋ ਗਿਆ ਪਰ ਸ਼ਰਣ ਪੈ ਕੇ ਹੋਇਆ –

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ। (ਗੀਤਾ)

ਤੂੰ ਉਸ ਪਾਰਬ੍ਰਹਮ ਦੀ ਸ਼ਰਣ ਵਿੱਚ ਪੈ ਜਾ ਤਾਂ ਤੈਨੂੰ ਸੁੱਖਾਂ ਦੀ ਖਾਣ ਮਿਲ ਜਾਊ। ਹੋਰ ਕਿਸੇ ਦੀ ਸ਼ਰਣ ਵਿੱਚ ਨਹੀਂ ਕਿਹਾ। ਇਹ ਤੈਨੂੰ ਭੁਲੇਖਾ ਹੈ ਕਿ ਕ੍ਰਿਸ਼ਨ ਨੇ ਇਹ ਕਿਹਾ ਹੈ ਬਈ "ਮੇਰੀ ਸ਼ਰਣ ਪੈ", ਇਹ ਨਹੀਂ ਕਿਹਾ। ਉਹਨੇ ਆਪਣੇ ਵਿਅਕਤੀ ਦਾ ਪੱਖ ਨਹੀਂ ਕਿਹਾ, ਵਿਅਕਤੀ ਦਾ ਤਾਂ ਸੱਤਵੇਂ ਅਧਿਆਏ ਵਿੱਚ ਖੰਡਨ ਕਰ ਗਿਆ ਹੈ। ਹੇ ਅਰਜਨ! ਸਾਰਿਆਂ ਵਿੱਚ ਛੇਤ੍ਰੱਗਯ ਤਾਂ ਪਰਮੇਸ਼ਰ ਹੀ ਹੈ। ਹੇ ਅਰਜਨ! ਉਹ ਸਾਰਿਆਂ ਦੇ ਹਿਰਦੇ ਵਿੱਚ ਬਿਰਾਜਮਾਨ ਹੈ–

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥(ਪੰਨਾ ੧੪੨੭)

ਉਹ ਸਾਰਿਆਂ ਦੇ ਹਿਰਦੇ ਵਿੱਚ, (ੴ) 'ਇੱਕ ਓਅੰਕਾਰ' ਬੈਠਾ ਹੈ। ਹੁਣ ਅਸੀਂ ਬਖਸ਼ੇ ਗਏ। ਸਾਨੂੰ ਆਤਮ-ਸੁੱਖ ਪ੍ਰਾਪਤ ਹੋ ਗਿਆ।

ਬੋਲੋ- ਸਤਿਨਾਮ ਸ੍ਰੀ ਵਾਹਿਗੁਰੂ !

❑

ੴ ਸਤਿਗੁਰ ਪ੍ਰਸਾਦਿ॥

੪

ਧਨਾਸਰੀ ਮਹਲਾ ੫॥
ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥
ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥ ੧॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ ਰਹਾਉ॥
ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ॥
ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ॥ ੨॥
ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ॥ ੩॥
ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ॥
ਸੂਖੁ ਸਹਜੁ ਆਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ॥ ੪॥੬॥

(ਪੰਨਾ ੬੭੨)

ਸਾਰੀ ਸੰਗਤ, ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ !!

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ॥

(ਪੰਨਾ ੧੪੦੯)

ਇਹ ਹੁਕਮਨਾਮਾ (ਅਲਹਾਮ) ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੁਆਰਾ ਉਚਾਰਣ ਕੀਤਾ ਹੋਇਆ ਹੈ। ਇਸ ਕਰਕੇ, ਮਥੁਰਾ ਭੱਟ ਨੇ ਗੁਰੂ ਅਰਜਨ ਦੇਵ ਜੀ ਦੀ, ਸਵੱਯਾਂ ਵਿੱਚ ਉਸਤਤ ਕੀਤੀ ਹੈ। ਇਹ

ਭੱਟ ਸਰਾਪੇ ਹੋਏ ਸਨ। ਕਿਤੇ ਵੀ ਇਨ੍ਹਾਂ ਨੂੰ ਖੈਰ ਨਾ ਪਈ। ਇਸ ਕਰਕੇ, ਗੁਰੂ ਅਰਜਨ ਦੇਵ ਜੀ ਦੀ ਸ਼ਰਣ ਵਿੱਚ ਆਏ ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

(ਪੰਨਾ ੫੪੪)

ਜੋ ਪਰਮੇਸ਼ਰ ਦੀ ਸ਼ਰਣ ਆ ਜਾਵੇ, ਉਸਨੂੰ ਪਰਮੇਸ਼ਰ ਬਖਸ਼ ਦਿੰਦਾ ਹੈ। ਸ਼ਰਣ ਆਉਂਦਾ ਹੀ ਉਦੋਂ ਹੈ, ਜਦੋਂ ਇਹਦੀ ਦੁਨੀਆਂ ਵਿੱਚ ਬੇਵਾਹ ਹੋ ਜਾਂਦੀ ਹੈ। ਜਦ ਇਹ ਸਮਝ ਲੈਂਦਾ ਹੈ ਕਿ ਇਸ ਵਿੱਚ ਸਾਰ ਕੁੱਛ ਨਹੀਂ ਹੈ। ਸਾਰੀ ਦੁਨੀਆਂ ਅਸਾਰ ਹੈ। ਸਾਰ, ਇੱਕ ਨਾਮ ਹੈ ਪਰਮੇਸ਼ਰ ਦਾ। ਉਹ ਪੂਰਨ ਗੁਰੂ, ਬ੍ਰਹਮ ਗਿਆਨੀ ਦੁਆਰਾ ਮਿਲਦਾ ਹੈ। ਪਰਮੇਸ਼ਰ ਦੀ ਕਿਰਪਾ ਤੇ ਗੁਰੂ ਪ੍ਰਾਪਤ ਹੁੰਦਾ ਹੈ। ਇਸ ਕਰਕੇ, ਜਦ ਆ ਕੇ ਉਹ ਸ਼ਰਣਾਗਤੀ ਪਏ, ਗੁਰੂ ਸਾਹਿਬ ਨੇ ਕਿਰਪਾ ਕਰਕੇ ਉਨ੍ਹਾਂ ਦਾ ਸਰਾਪ ਹਟਾ ਦਿੱਤਾ ਤੇ ਗਿਆਨ ਵੀ ਬਖਸ਼ ਦਿੱਤਾ। ਉਨ੍ਹਾਂ ਭੱਟਾਂ ਨੇ ਫਿਰ ਸਵੱਯੇ ਉਚਾਰੇ। ਉਨ੍ਹਾਂ ਸਵੱਯਾਂ ਨੂੰ ਲੋਕ 'ਭੱਟਾਂ ਦੇ ਸਵੱਯੇ' ਕਹਿੰਦੇ ਹਨ। ਉਹ ਥੋੜੇ ਜਿਹੇ ਪੜ੍ਹਨੇ ਵੀ ਔਖੇ ਹਨ ਕਿਉਂਕਿ ਭੱਟ ਬਾਣੀ, ਡੂਮ ਬਾਣੀ ਹੈ। ਇਹ ਹਰੇਕ ਆਦਮੀ ਨੂੰ ਪੜ੍ਹਨੀ ਨਹੀਂ ਆਉਂਦੀ। ਇਸ ਕਰਕੇ, ਜਦੋਂ ਭੱਟ ਗੁਰੂ ਸਾਹਿਬ ਕੋਲ ਗਏ, ਗੁਰੂਆਂ ਨੇ ਕਿਰਪਾ ਕੀਤੀ ਤਾਂ ਮਥੁਰਾ ਭੱਟ ਨੇ ਇਹ ਬਾਣੀ ਉਚਾਰੀ–

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥

(ਪੰਨਾ ੧੪੦੯)

ਉਹ ਜੋਤੀ ਸਾਰੇ ਪਰੀਪੂਰਨ ਹੈ -

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ (ਪੰਨਾ ੧੩)

ਜੋਤ ਕਿਤੇ ਬਾਹਰ ਨਹੀਂ ਹੈ, ਜੋਤ ਇਹਦੇ ਹਿਰਦੇ ਵਿੱਚ ਹੀ ਹੈ। ਏਕਾ (੧), ਜੋ ਗੁਰੂ ਸਾਹਿਬ ਨੇ ਲਿਖਿਆ ਹੈ, ਕਿਸੇ ਗ੍ਰੰਥ ਵਿੱਚ ਪਹਿਲੇ

ਏਕਾ ਨਹੀਂ ਲਿਖਿਆ ਗਿਆ। ਏਕਾ, ਗੁਰੂ ਗ੍ਰੰਥ ਸਾਹਿਬ ਦੇ ਆਦਿ ਵਿੱਚ ਲਿਖਿਆ ਹੋਇਆ ਹੈ–

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥

(ਪੰਨਾ ੮੩੮)

ਇਹੋ ਜਿਹੇ ਵਿਸ਼ੇਸ਼ਣਾਂ ਵਾਲਾ ਇੱਕ ਪਰਮੇਸ਼ਰ ਹੀ ਹੈ, ਹੋਰ ਕੋਈ ਨਹੀਂ। ਉਹ ਕਹਿੰਦੇ, ਜੀ ਹੈ ਕਿੱਥੇ? ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ – ਅਸੀਂ ਸਾਰਿਆਂ ਦੇ ਹਿਰਦੇ ਵਿੱਚ ਉਸਨੂੰ ਦੇਖਿਆ ਹੈ। ਉਹ ਸਭ ਦੀ ਬੁੱਧੀ ਵਿੱਚ ਸਾਖਸ਼ੀ ਬੈਠਾ ਹੈ, ਉਹੀ ਪਾਰਖ ਹੈ।

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥ (ਪੰਨਾ ੧੪੪)

ਹਰ ਇੱਕ ਦੇ ਅੰਦਰ ਉਹ ਪਾਰਖ ਬਣਕੇ ਬੈਠਾ ਹੈ। ਸਾਰੇ ਖੋਟੇ ਅਤੇ ਚੰਗੇ ਕਰਮਾਂ ਨੂੰ ਦੇਖਦੈ ਅਤੇ ਟਾਈਪ ਕਰਦਾ ਹੈ। ਜਦ ਤੱਕ ਇਹਦੇ ਚਿੱਤ ਵਿੱਚ ਅਹੰਕਾਰ ਹੈ ਤਦ ਤੱਕ ਇਸਨੂੰ ਏਕੇ (੧) ਦਾ ਗਿਆਨ ਨਹੀਂ ਹੋ ਸਕਦਾ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ (ਪੰਨਾ ੪੬੬)

'ਹੰਕਾਰ', ਸਾਰਿਆਂ ਨਾਲੋਂ ਵੱਡਾ ਰੋਗ ਹੈ। ਦੂਜਾ ਰੋਗ ਹੈ 'ਤ੍ਰਿਸ਼ਨਾ'–

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥

(ਪੰਨਾ ੬੧੯)

ਤ੍ਰਿਸ਼ਨਾ ਕਰਕੇ ਆਦਮੀ, ਸਾਰੀ ਉਮਰ ਧਨ ਪਿੱਛੇ ਦੌੜਦਾ ਹੈ ਪਰ ਉਸਦੀ ਤ੍ਰਿਸ਼ਨਾ ਨਹੀਂ ਮਿਟਦੀ। ਇਹ ਤ੍ਰਿਸ਼ਨਾ ਇੱਕ ਅਗਨੀ ਹੈ–

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥

(ਪੰਨਾ ੩੮੪)

ਇਸ ਤ੍ਰਿਸ਼ਨਾਂ ਨੇ ਦੁਨੀਆਂ ਦੇ ਅੰਤਹਕਰਣ ਨੂੰ ਝੁਲਸ ਕੇ ਰੱਖ ਦਿੱਤਾ। ਕਬੀਰ, ਨਾਮਦੇਵ, ਧੰਨਾ, ਜੈਦੇਵ ਆਦਿ ਜਿੰਨੇ ਭਗਤ ਹਨ,

ਉਹੀ ਇਸਤੋਂ ਬਚੇ ਹਨ, ਜਿਹੜੇ ਹਰੇ ਬੂਟੇ ਹਨ। ਇਸਦੀ ਦਵਾਈ ਹੈ 'ਨਾਮ', ਤੇ ਹੰਕਾਰ ਦੀ ਦਵਾਈ ਵੀ 'ਨਾਮ' ਹੈ। ਪਰ ਨਾਮ ਕਦੋਂ ਪ੍ਰਾਪਤ ਹੋਏਗਾ? ਜਦੋਂ ਇਹਦਾ ਹਿਰਦਾ ਸ਼ੁੱਧ ਹੋ ਜਾਏਗਾ। ਹਿਰਦਾ ਸ਼ੁੱਧ, ਸੱਚ ਨਾਲ ਹੋਏਗਾ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥ (ਪੰਨਾ ੪੬੮)

'ਸਚੁ' ਇੱਕ ਇਹੋ ਜਿਹੀ ਚੀਜ ਹੈ, ਜੋ ਕਿਸੇ ਝੂਠ ਨੂੰ, ਬੇਈਮਾਨੀ ਨੂੰ ਅੰਦਰ ਰਹਿਣ ਨਹੀਂ ਦਿੰਦੀ। ਕਿਸੇ ਬੰਦੇ ਨੇ, ਕਿਸੇ ਦੂਜੇ ਤੋਂ ਸੌ ਰੁਪਿਆ ਲਿਆ। ਦੇਣੇ ਵਾਲਾ ਵਾਪਸ ਦੇਣ ਆਇਆ ਤਾਂ ਇੱਕ ਸੌ ਵੀਹ ਰੁਪਏ ਦੇ ਗਿਆ। ਉਸਤੋਂ ਭੁੱਲ ਹੋ ਗਈ। ਦੂਸਰੇ ਆਦਮੀ ਨੇ ਰੁਪਏ ਗਿਣੇ ਤਾਂ ਇੱਕ ਸੌ ਵੀਹ ਰੁਪਏ ਸੀ ਪਰ ਮਨ ਬੇਈਮਾਨ ਹੋ ਗਿਆ। ਜਦ ਉਹ ਭਾਈ ਨੇ ਦੁਬਾਰਾ ਆਕੇ ਪੁੱਛਿਆ, ਕਿ ਮੈਂ ਵੀਹ ਰੁਪਏ ਜਿਆਦਾ ਦੇ ਗਿਆ ਹਾਂ, ਤਾਂ ਇਹ ਮੁੱਕਰ ਗਿਆ। ਉਹਦੇ ਹਿਰਦੇ ਵਿੱਚੋਂ ਮੁੱਕਰਨ ਦੀ ਆਵਾਜ ਆਈ ਕਿਉਂਕਿ ਇਸਦੇ ਅੰਦਰ ਰਹੱਸਕ ਸੱਚ ਹੈ, ਚੇਤਨ ਹੈ, ਆਤਮਾ ਹੈ, ਜੋ ਇਸਨੂੰ ਸੱਚ ਵੱਲ ਤੋਰੇਗਾ। ਉਸ ਸੱਚ ਨਾਲ ਜਦ ਤੱਕ ਇਸਦੀ ਬੁੱਧੀ ਨਹੀਂ ਜੁੜੇਗੀ, ਇਸਦਾ ਹਿਰਦਾ ਸ਼ੁੱਧ ਨਹੀਂ ਹੋਏਗਾ। ਕਈ ਕਹਿੰਦੇ ਨੇ, 'ਜੀ, ਝੂਠ ਤੋਂ ਬਿਨਾਂ ਦੁਨੀਆਂਦਾਰੀ ਵਿੱਚ ਕੰਮ ਨਹੀਂ ਚਲਦਾ'। ਤੁਲਸੀ ਦਾਸ ਜੀ ਨੇ ਲਿਖਿਆ ਹੈ–

ਨਹਿੰ ਅਸਤਯ ਸਮ ਪਾਤਕ ਪੁੰਜਾ। (ਗੋਸਵਾਮੀ ਤੁਲਸੀਦਾਸ)

ਤੁਲਸੀ ਦਾਸ ਜੀ ਕਹਿੰਦੇ ਹਨ, ਝੂਠ ਜਿੰਨਾ ਵੱਡਾ ਪਾਪ, ਦੁਨੀਆਂ ਵਿੱਚ ਨਹੀਂ ਹੈ। ਇਸ ਕਰਕੇ ਭਾਈ! ਜਦ ਤੱਕ ਇਹ ਰਹੱਸਕ ਸੱਚ ਨਾਲ ਨਹੀਂ ਮਿਲਦਾ, ਜਦੋਂ ਤੱਕ ਇਹ ਪਰਮੇਸ਼ਰ ਦਾ ਭਉ ਨਹੀਂ ਮੰਨਦਾ, ਤਦ ਤੱਕ ਇਹਦਾ ਹੰਕਾਰ ਨਵਿਰਤ ਨਹੀਂ ਹੁੰਦਾ। ਹੰਕਾਰ ਨਵਿਰਤੀ ਤੋਂ ਬਿਨਾਂ, ਇਹਦਾ ਪਾਪ ਪੁੰਨ ਨਹੀਂ ਹਟਦਾ, ਨਾ ਇਹਦਾ ਜਨਮ ਮਰਨ ਮਿਟਦਾ ਹੈ। ਇਹ ਜਿੱਧਰ ਜਾਏਗਾ, ਕਰਮਾਂ ਦੇ ਅਨੁਸਾਰ ਹੀ ਜਾਏਗਾ। ਇਸ ਬਾਬਤ ਗੁਰੂ ਸਾਹਿਬਾਂ ਨੇ ਲਿਖਿਆ ਹੈ –

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ (ਪੰਨਾ ੧੫੭)

ਗੁਰੂ ਜੀ ਕਹਿੰਦੇ ਹਨ-ਦੁਨੀਆਂ ਤਾਂ ਸਾਰੀ ਲੋਚਦੀ ਹੈ, ਪਰ ਕਰਮਾਂ ਤੇ ਹੀ ਨਿਬੇੜਾ ਹੋਣਾ ਹੈ। ਸੋ ਇੱਕ ਦਿਨ ਪੁੰਨ ਵਾਲੇ ਕਰਮ ਨੇ ਵੀ ਆਉਣਾ ਹੈ ਤੇ ਪਾਪ ਵਾਲੇ ਕਰਮ ਨੇ ਵੀ ਆਉਣਾ ਹੈ। ਇਸ ਕਰਕੇ, ਇਸਨੂੰ ਪਹਿਲਾਂ ਪਰਮੇਸ਼ਰ ਦਾ ਦਾਸ ਬਣਨਾ ਚਾਹੀਦਾ ਹੈ। ਬੇਨਤੀ ਕਰਨੀ ਚਾਹੀਦੀ ਹੈ, ਪਿਛਲੀਆਂ ਭੁੱਲਾਂ ਦੀ ਮਾਫੀ ਮੰਗਣੀ ਚਾਹੀਦੀ ਹੈ। ਅੱਗੇ ਨੂੰ ਪਰਮੇਸ਼ਰ ਦਾ ਨਾਮ ਜਪਣਾ ਚਾਹੀਦਾ ਹੈ।

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥

ਜਿੰਨੇ ਵੀ ਦੇਸ਼ਾਂ ਦੇ ਵੱਡੇ ਵੱਡੇ ਰਾਜੇ ਹੋਏ, ਜੋ ਵੀ ਵੱਡੇ ਵੱਡੇ ਭੂਮੀ ਦੇ ਮਾਲਕ ਹੋਏ ਹਨ। ਜੋ ਵੀ ਹੋਏ ਦੇਸ਼ਾਂ ਦੇ ਬੜੇ ਰਾਜੇ , ਰਾਵਣ ਵਗੈਰਾ ਜਿਸਨੇ ਸਾਰੀ ਲੰਕਾ ਸੋਨੇ ਦੀ ਬਣਾਈ, ਤੁਹਾਨੂੰ ਪਤਾ ਹੀ ਹੈ। ਰਾਵਣ ਦਾ ਜਿਹੜਾ ਵੇਦਾਂ ਦਾ ਟੀਕਾ ਹੈ, ਉਹ ਪੰਡਤ ਰਾਮ ਸਿੰਘ ਪੜ੍ਹਦਾ ਹੁੰਦਾ ਸੀ ਅਤੇ ਕਹਿੰਦਾ ਸੀ ਕਿ ਬੜਾ ਹੀ ਡੂੰਘਾ ਲਿਖਿਆ ਹੋਇਆ ਹੈ। ਪਰ ਉਸਦੀ ਕਰਣੀ ਦੇਖੋ ਕਿਹੋ ਜਿਹੀ ਹੈ। ਇਸ ਕਰਕੇ, ਉਹ ਜਿਹੜੇ ਵੱਡੇ ਵੱਡੇ ਲੋਕ ਹੋਏ ਹਨ ਦੁਨੀਆਂ ਵਿੱਚ, ਭੂਮੀ ਦੇ ਮਾਲਕ ਹੋਏ ਹਨ ਉਨ੍ਹਾਂ ਦੀ ਵੀ ਤ੍ਰਿਸ਼ਨਾ ਨਹੀਂ ਬੁਝੀ। ਤੁਹਾਨੂੰ ਪਤਾ ਹੋਏਗਾ, ਇਤਿਹਾਸ ਵਿੱਚ ਪੜ੍ਹਿਆ ਹੋਏਗਾ। ਸ਼ਿਵ ਜੀ ਨੇ ਜਦ ਲੰਕਾ ਬਣਾਈ ਤਾਂ ਰਾਵਣ ਨੂੰ ਬੁਲਾਇਆ ਅਤੇ ਕਿਹਾ ਤੁਸੀਂ ਪਰਤਿਸ਼ਠਾ ਕਰ ਦਿਉ। ਜਦ ਉਸਨੇ ਪਰਤਿਸ਼ਠਾ ਕਰ ਦਿੱਤੀ ਤਾਂ ਸ਼ਿਵ ਜੀ ਕਹਿਣ ਲੱਗਿਆ, ਮੰਗ ਕੀ ਮੰਗਦਾ ਹੈਂ? ਉਸਨੇ ਕਿਹਾ ਕਿ ਮੈਨੂੰ ਲੰਕਾ ਦੇ ਦਿਉ। ਉਹ ਦੇ ਕੇ ਚਲਿਆ ਗਿਆ। ਉਹ ਬੜਾ ਉਦਾਰ ਸੀ, ਬੜਾ ਤਿਆਗੀ ਸੀ। ਦੇਖੋ ਉਸਦੀ ਮੰਗ ਦਾ ਕੀ ਹਾਲ ਹੋਇਆ। ਉਸਦੀ ਸਾਰੀ ਕੁੱਲ ਨਾਸ਼ ਹੋ ਗਈ ਕਿਉਂਕਿ ਉਹਨੇ ਸ਼ਿਵ ਜੀ ਨੂੰ ਆਪਣੇ ਲਾਲਚ ਵਿੱਚ, ਪਹਿਲਾਂ ਹੀ ਵਚਨ-ਬੱਧ ਕਰ ਦਿੱਤਾ ਸੀ ਕਿ ਜੋ ਮੈਂ ਮੰਗਾਂਗਾ, ਉਹੀ ਦੇਵੋਂਗੇ? ਇਸ ਲਈ ਭਾਈ! ਪੰਚਮ ਪਾਤਸ਼ਾਹ ਉਪਦੇਸ਼ ਕਰਦੇ ਹਨ –

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥

ਜਿੰਨੇ ਵੀ ਵੱਡੇ-ਵੱਡੇ ਲੋਕ ਹੋਏ ਹਨ, ਉਨ੍ਹਾਂ ਦੀ ਤ੍ਰਿਸ਼ਨਾਂ ਨਹੀਂ ਬੁਝਦੀ। ਜੀਹਦੇ ਕੋਲ ਪੰਜ ਸੌ ਵਿੱਘਾ ਜਮੀਨ ਹੈ, ਉਹ ਕਹਿੰਦਾ ਛੇ ਸੌ ਵਿੱਘਾ ਹੋ ਜਾਏ ਤਾਂ ਠੀਕ ਹੈ-

ਸਹਸ ਖਟੇ ਲਖ ਕਉ ਉਠਿ ਧਾਵੈ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥ (ਪੰਨਾ ੨੭੮)

ਇਹ ਤਾਂ ਸਾਰੇ ਮਾਇਆ ਦੇ ਪਿੱਛੇ ਭੱਜੇ ਜਾਂਦੇ ਨੇ। ਇਨ੍ਹਾਂ ਨੂੰ ਪਿੱਛੇ ਤਾਂ ਦਿਸਦਾ ਹੀ ਨਹੀਂ ਕੁੱਛ। ਇਹ ਤਾਂ ਮਾਇਆ ਦੇ ਮਗਰ ਭੱਜਦੇ ਨੇ, ਬਈ ਉਹਦੇ ਕੋਲ ਐਨੀ ਮਾਇਆ ਹੈ, ਆਪਾਂ ਵੀ ਇਉਂ ਕਰ ਲਈਏ। ਜੇ ਨਹੀਂ ਹੈ ਤਾਂ ਕਿਸੇ ਦੀ ਚੁਰਾ ਲਉ ਪਰ ਕਰੋ ਜਰੂਰ। ਸੋ ਇਹੋ ਜਿਹੇ ਆਦਮੀ ਜੋ ਦਿਸਦੇ ਨੇ, ਉਨ੍ਹਾਂ ਦੀ ਤ੍ਰਿਸ਼ਨਾ ਕਦੇ ਵੀ ਨਹੀਂ ਬੁਝ ਸਕਦੀ-

ਲਪਟਿ ਰਹੇ ਮਾਇਆ ਰੰਗ ਮਾਤੇ

ਗੁਰੂ ਸਾਹਿਬ ਨੇ ਲਿਖਿਆ ਹੈ ਕਿ-

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥
(ਪੰਨਾ ੩੮੪)

ਫੇਰ ਅੱਗੇ ਕੀ ਹੋਇਆ-

ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥

ਮਾਇਆ ਵਿੱਚ ਮਸਤ, ਮਾਇਆ ਨੂੰ ਚਿੰਬੜੇ ਪਏ ਨੇ। ਵਿਵੇਕ ਤਾਂ ਇਹਦਾ ਖੁਲ੍ਹਿਆ ਹੀ ਨਹੀਂ। ਜਿਹੜਾ ਤੀਸਰਾ ਚਕਸ਼ੂ (ਨੇਤ੍ਰ) ਇਹਦਾ ਖੁਲ੍ਹਣਾ ਸੀ, ਉਹ ਤਾਂ ਵਿਵੇਕ ਦਾ ਚਕਸ਼ੂ ਹੈ। ਮਨ, ਬੁੱਧੀ ਨੇ ਤਾਂ ਵਿਵੇਕ ਨਾਲ ਸ਼ੁੱਧ ਹੋਣਾ ਸੀ, ਜਦ ਇਹਨੇ ਦ੍ਰਿਸ਼ਟਾ ਨੂੰ ਜਾਣ ਲੈਣਾ ਸੀ -

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੦੮੩)

ਉਹ ਦ੍ਰਿਸ਼ ਤਾਂ ਸਾਰਾ ਝੂਠ ਹੈ। ਉਸ ਝੂਠ ਦੇ ਨਾਲ ਲਿਪਟਣਾ ਅੱਛਾ ਨਹੀਂ ਹੈ। ਪਰ ਦ੍ਰਿਸ਼ਟਾ ਤਾਂ ਝੂਠ ਨਹੀਂ ਹੈ -

ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥

(ਪੰਨਾ ੧੫੨)

ਜਦ ਗੁਰੂ ਸਾਹਿਬ ਨੇ, ਉਸ ਪੰਡਤ ਨੂੰ (ਜੀਹਦਾ ਲੜਕਾ ਮਰ ਗਿਆ ਸੀ) ਆਖਿਆ ਬਈ ਤੂੰ ਇਹ ਸ਼ੋਕ ਛੱਡਦੇ ਤਾਂ ਉਹ ਕਹਿੰਦਾ, ਜੀ ਤੁਸੀਂ ਨਹੀਂ ਮਰੋਂਗੇ? ਤਾਂ ਗੁਰੂ ਸਾਹਿਬ ਨੇ ਕਿਹਾ–

ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥

(ਪੰਨਾ ੧੫੨)

ਬ੍ਰਹਮ ਗਿਆਨੀ ਦਾ ਮਰਨਾ ਜੰਮਣਾ ਨਹੀਂ ਹੁੰਦਾ, ਇਹ ਇੱਕ ਨਿਯਮ ਦੀ ਬਾਤ ਹੈ। ਤੱਤਾਂ ਵਿੱਚ ਤੱਤ ਮਿਲ ਜਾਂਦੇ ਹਨ, ਜੋਤ ਵਿੱਚ ਜੋਤ ਪਹਿਲਾਂ ਹੀ ਮਿਲੀ ਹੁੰਦੀ ਹੈ। ਇਸ ਕਰਕੇ, ਗੁਰੂ ਸਾਹਿਬ ਪਹਿਲੀ ਪਾਤਸ਼ਾਹੀ ਕਹਿੰਦੇ ਨੇ ਕਿ ਜੰਮਣਾ ਮਰਨਾ ਤਾਂ ਅਗਿਆਨ-ਪੁਣੇ ਵਿੱਚ ਹੈ ਅਤੇ ਸਾਡੀ ਇਹ ਅਗਿਆਨ ਦੀ ਬਲਾ ਟਲ ਗਈ ਹੈ। ਅਸੀਂ ਜੰਮਣ ਮਰਨ ਵਾਲੇ ਨਹੀਂ ਹਾਂ। ਹੇ ਪੰਡਤ! ਤੂੰ ਵੀ ਵਿਵੇਕ ਕਰਕੇ ਆਪਣਾ ਕੁੱਛ ਬਣਾ ਲੈ। ਤੇਰੀ ਵਿਵੇਕ ਵਾਲੀ ਅੱਖ ਤਾਂ ਖੁੱਲ੍ਹੀ ਹੀ ਨਹੀਂ। ਤੈਨੂੰ ਇਹ ਤਾਂ ਪਤਾ ਨਹੀਂ ਲੱਗਿਆ, ਕਿ 'ਸਤਿ' ਕੀ ਹੈ ਅਤੇ 'ਅਸਤਿ' ਕੀ ਹੈ? ਰਹਿਣ ਵਾਲੀ ਕਿਹੜੀ ਚੀਜ ਹੈ ਅਤੇ ਨਾ ਰਹਿਣ ਵਾਲੀ ਕਿਹੜੀ ਚੀਜ ਹੈ? ਇਸ ਨੂੰ ਗਿਆਨ ਹੀ ਨਹੀਂ ਹੋਇਆ। ਇਸ ਕਰਕੇ, ਇਹਦੀ ਅੱਖ ਹੀ ਨਹੀਂ ਖੁੱਲ੍ਹੀ। ਗੁਰੂ ਸਾਹਿਬ ਕਹਿੰਦੇ ਕਿ ਭਾਈ! ਤੂੰ ਅਭਿਮਾਨ ਵਿੱਚ ਹੀ ਰਹਿ ਗਿਆ, ਜਮੀਨ ਤੇ ਘਰਾਂ ਦੇ ਮਾਲਕ, ਹੋਰ ਪਤਾ ਨਹੀਂ ਕਿੰਨਾਂ ਕੁ ਅਭਿਮਾਨ ਹੈ, ਉਹਦੇ ਵਿੱਚ ਇਹਦਾ ਮਨ ਫਸਿਆ ਪਿਆ ਹੈ।

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥

ਅੱਜ ਤੱਕ, ਤੁਸੀਂ ਦੱਸੋ ਕਿ ਵਿਸ਼ਿਆਂ ਵਿੱਚ ਕਿਸੇ ਦੀ ਮੋਖਸ਼ ਹੋਈ

ਹੈ, ਦੁਨੀਆਂ ਵਿੱਚ? ਪੰਜ ਵਿਸ਼ੇ ਨੇ – ੧. ਸ਼ਬਦ ੨. ਸਪਰਸ਼ ੩. ਰੂਪ ੪. ਰਸ ੫. ਗੰਧ। ਪੰਜ ਵਿਕਾਰ ਨੇ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ। ਇਸਤੋਂ ਵੱਧ ਤਾਂ ਕੁੱਛ ਹੈ ਨਹੀਂ। ਇਨ੍ਹਾਂ ਦੇ ਵਿੱਚ ਇਹਦਾ ਮਨ ਫਿਰਦਾ ਰਹਿੰਦਾ ਹੈ।

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥ (ਪੰਨਾ ੧੩੮੪)

ਫਰੀਦ ਸਾਹਿਬ ਕਹਿੰਦੇ–ਜੀਵ ਇੱਕ ਹੈ, ਇਹਦੇ ਫਾਹੀ ਪਾਉਣ ਵਾਲੇ ਪੰਜਾਹ ਨੇ– ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਜਿਨ੍ਹਾਂ ਦੇ ਜਾਲ ਵਿਚ ਜੀਵ ਫਸਿਆ ਰਹਿੰਦਾ ਹੈ। ਇਹ ਜੀਵ, ਉਦੋਂ ਹੀ ਤਰੇਗਾ, ਜਦੋਂ ਇਹਦੇ ਤੇ ਈਸ਼ਵਰ ਦੀ ਕਿਰਪਾ ਹੋਏਗੀ ਤੇ ਸ਼ਰਣ ਪੈ ਜਾਏਗਾ।

ਜਿਉ ਪਾਵਕੁ ਈਧਨਿ ਨਹੀ ਧ੍ਰਾਪੈ

ਤੁਸੀਂ ਅੱਗ ਵਿੱਚ ਭਾਵੇਂ, ਜਿੰਨਾਂ ਮਰਜੀ ਬਾਲਣ ਪਾ ਦੇਵੋ, ਉਹ ਕਦੇ ਬੁਝੇਗੀ ਨਹੀਂ। ਅਹਿਸਤਾ–ਅਹਿਸਤਾ ਸਾਰਾ ਬਾਲਣ ਜਲਾ ਕੇ ਸੁਆਹ ਬਣਾ ਦੇਵੇਗੀ। ਭਾਵ ਕਹਿਣ ਦਾ ਇਹ ਹੈ ਕਿ ਵਿਸ਼ਿਆਂ ਵਿੱਚ ਕਦੇ ਵੀ ਕਿਸੇ ਨੂੰ ਮੁਕਤੀ ਪ੍ਰਾਪਤ ਨਹੀਂ ਹੋਈ। ਕਿਸੇ ਦਾ ਵੀ ਮਨ ਤ੍ਰਿਪਤ ਨਹੀਂ ਹੋਇਆ। ਅੱਗੇ ਤੋਂ ਅੱਗੇ ਵਾਸ਼ਨਾ ਉਪਜਦੀ ਰਹਿੰਦੀ ਹੈ।

ਬਿਨੁ ਹਰਿ ਕਹਾ ਅਘਾਈ॥ ਰਹਾਉ॥

ਮੈਨੂੰ ਦੱਸੋ, ਪਰਮੇਸ਼ਰ ਦੀ ਕਿਰਪਾ ਦੇ ਬਿਨਾਂ, ਕੌਣ ਰੱਜਿਆ ਹੈ? ਜਿਸਦੇ ਉੱਤੇ ਪਰਮੇਸ਼ਰ ਦੀ ਕਿਰਪਾ ਹੋ ਗਈ, ਉਹ ਰੱਜ ਗਿਆ। ਤੁਹਾਨੂੰ ਇਹ ਬਾਤ ਪਤਾ ਹੋਵੇਗੀ ਕਿ ਮਾਲਵੇ ਵਿੱਚ ਇੱਕ ਫਫੜੇ ਪਿੰਡ ਹੈ। ਭਾਈ ਬਹਿਲੋ, ਉੱਥੇ ਦਾ ਰਹਿਣ ਵਾਲਾ ਸੀ। ਉਹ ਪਿੰਡ ਦਾ ਨੰਬਰਦਾਰ ਸੀ । ਉਹ, ਗੁਰੂ ਦਾ ਬੜਾ ਪੁਰਾਣਾ ਸਿੱਖ ਸੀ। ਜਦ ਅੰਮ੍ਰਿਤਸਰ ਸਰੋਵਰ ਬਣਾਉਣਾ ਸ਼ੁਰੂ ਕੀਤਾ, ਤਾਂ ਉਥੇ ਇੱਕੋ ਹੀ ਬਾਤ ਚੱਲੀ। ਗੁਰੂ ਸਾਹਿਬਾਂ ਦੇ ਪਾਸ ਸਾਰਿਆਂ ਨੇ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਕਹਿੰਦੇ– ਉਹ 'ਭਾਈ ਬਹਿਲੋ' ਫਫੜੀਂ ਬੈਠਾ ਹੈ। ਉਹ ਪਿੰਡ ਦਾ ਨੰਬਰਦਾਰ ਹੈ। ਮੁਸਲਮਾਨਾਂ ਨੇ ਉਸਨੂੰ ਨੰਬਰਦਾਰੀ ਦਿੱਤੀ ਹੈ।

ਲੋਹੇ ਦੀ ਛੜੀ ਕੋਲ ਰੱਖਦਾ ਹੈ। ਸੁਲਤਾਨ ਦੇ ਪੀਰਾਂ ਨੂੰ ਮੰਨਦਾ ਹੈ, ਉਸਨੂੰ ਲਿਆਉ। ਸਿੱਖ ਕਹਿਣ ਲੱਗੇ, ਗੁਰੂ ਜੀ! ਉਸਨੂੰ ਕਿਸ ਤਰ੍ਹਾਂ ਲਿਆਈਏ ? ਪਾਤਸ਼ਾਹ ਨੇ ਹੁਕਮ ਕੀਤਾ ਕਿ ਛੇ ਸਿੱਖ ਜਾਉ, ਦੋ ਜਣੇ ਪਕੜਿਉ, ਚਾਰ ਜਣੇ ਉਸਨੂੰ ਪਿੱਛਿਉਂ ਧੱਕਿਉ। ਤੁਹਾਨੂੰ ਪਿੰਡ ਵਾਲੇ ਕਹਿਣਗੇ ਬਈ ਕਿਉਂ ਧੱਕਾ ਕਰਦੇ ਹੋ ਭਾਈ! ਤੁਸੀਂ ਕਹਿ ਦੇਣਾ ਜੀ ! ਇਹ ਪਹਿਲਾਂ ਦਾ ਸਾਡੇ ਗੁਰੂ ਕਾ ਸਿੱਖ ਹੈ, ਅਸੀਂ ਗੁਰੂ ਦੇ ਹੁਕਮ ਵਿੱਚ ਆਏ ਹਾਂ। ਜਦ ਉਹ ਲੈਣ ਆਏ, ਤਾਂ ਬਹਿਲੋ ਨਾ ਮੰਨਿਆ। ਉਸਨੇ ਕਿਹਾ, ਤੁਹਾਡੇ ਨਾਲ ਮੇਰਾ ਕੋਈ ਤਾਲੁੱਕ ਹੀ ਨਹੀਂ ਹੈ। ਮੈਂ ਤਾਂ ਸੁਲਤਾਨ ਦਾ ਚੇਲਾ ਹਾਂ। ਗੁਰੂ ਕਿਆਂ ਨੂੰ ਮੈਂ ਨਹੀਂ ਮੰਨਦਾ। ਇਹ ਗੱਲਾਂ ਉਹ ਮਾਇਆ ਦੇ ਪ੍ਰਭਾਵ ਵਿੱਚ ਕਹਿ ਰਿਹਾ ਸੀ। ਮਾਇਆ ਦਾ ਮੋਹ, ਜੀਵ ਦੀ ਮਤਿ ਮਾਰ ਦਿੰਦਾ ਹੈ। ਇੱਕ ਵਾਰੀ ਮੈਂ ਕੀਰਤਨ ਵਿੱਚ ਵੀ ਸੁਣਿਆ ਸੀ।

"ਤੇਰੀ ਮਤਿ ਵਿਸ਼ਿਆਂ ਨੇ ਮਾਰੀ, ਭੁੱਲ ਗਿਐਂ ਨਾਮ ਜਪਣਾ"

ਉਹ, ਇਹ ਤੁਕ ਬੜੀ ਉੱਚੀ ਬੋਲਦਾ ਹੁੰਦਾ ਸੀ। ਉਹ ਕਹਿੰਦਾ- ਤੇਰੀ ਤਾਂ ਵਿਸ਼ਿਆਂ ਨੇ ਮਤਿ ਮਾਰੀ ਹੋਈ ਹੈ। ਤੂੰ ਭੱਜਿਆ ਫਿਰਦਾ ਹੈਂ, ਤੂੰ ਨਾਮ ਕੀ ਜਪ ਲੇਂਗਾ। ਇਸ ਕਰਕੇ, ਭਾਈ! ਜਦ ਬਹਿਲੋ ਨਾ ਮੰਨਿਆਂ ਤਾਂ ਉਨ੍ਹਾਂ ਨੇ ਉਸਨੂੰ ਬੰਨ੍ਹ ਲਿਆ ਤੇ ਲੈ ਕੇ ਚੱਲ ਪਏ। ਜਦੋਂ ਦਰਿਆ ਸਤਲੁਜ ਤੇ ਆਕੇ ਬੇੜੀ ਉੱਤੇ ਚੜ੍ਹ ਗਏ, ਤਾਂ ਉਹ ਕਹਿਣ ਲੱਗਿਆ, ਮੈਨੂੰ ਖੋਲ੍ਹ ਦਿਉ। ਸਿੱਖ ਕਹਿਣ ਲੱਗੇ-ਫੇਰ ਭੱਜੇਂਗਾ? ਬਹਿਲੋ ਕਹਿਣ ਲੱਗਿਆ ਨਾ ਜੀ, ਮੈਂ ਹੁਣ ਭੱਜਣ ਜੋਗਾ ਤਾਂ ਰਿਹਾ ਹੀ ਨਹੀਂ।

ਬੋਲੋ - ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ॥

੫

ਟੋਡੀ ਮਹਲਾ ੫॥
ਰਸਨਾ ਗੁਣ ਗੋਪਾਲ ਨਿਧਿ ਗਾਇਣ॥
ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥ ੧॥ ਰਹਾਉ॥
ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥
ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ॥ ੧॥
ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥ ੨॥

(ਪੰਨਾ-੭੧੩)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਤੁਸੀਂ ਸਾਰਿਆਂ ਨੇ ਮਹਾਂਵਾਕ, ਈਸ਼ਰੀ ਬਾਣੀ, ਧੁਰ ਕੀ ਬਾਣੀ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉੱਤਰੀ, ਉਸਨੂੰ ਸੁਣਿਆ। ਇਸ ਬਾਣੀ ਨੂੰ 'ਅਲਹਾਮ' ਕਹਿੰਦੇ ਹਨ। ਅਲਹਾਮ ਵਿੱਚ ਕਦੇ ਵੀ ਕੋਈ ਫਰਕ ਨਹੀਂ ਆਇਆ ਕਰਦਾ, ਕਿਸੇ ਦਾ ਹਿਰਦਾ ਦੁਖੀ ਨਹੀਂ ਹੁੰਦਾ, ਇਹ ਪਰਮੇਸ਼ਰ ਦੀ ਬਾਣੀ ਹੈ। ਬ੍ਰਾਹਮਣ ਦੀ ਕਲਮ, ਮੀਏਂ ਦੀ ਕਲਮ ਵਿੱਚ ਫਰਕ ਆ ਜਾਊਗਾ ਜਾਂ ਆ ਸਕਦਾ ਹੈ, ਜਿੱਧਰ ਉਨ੍ਹਾਂ ਦਾ ਝੁਕਾਅ ਹੋਏਗਾ, ਉੱਧਰ ਨੂੰ ਚਲੇ ਜਾਣਗੇ। ਪਰ ਰੱਬੀ ਬਾਣੀ ਵਿੱਚ ਕਦੇ ਕਿਸੇ ਨੂੰ ਦੁੱਖ ਨਹੀਂ ਲੱਗੇਗਾ। ਉਸਨੂੰ ਇੱਕ ਚੀਜ ਪਰਾਪਤ ਹੋ ਜਾਏਗੀ ਕਿ ਔਗੁਣ ਮੇਰੇ ਵਿੱਚ ਹਨ, ਇਹ ਮੈਨੂੰ ਕੱਢਣੇ ਚਾਹੀਦੇ ਹਨ, ਪਰ ਇਹ ਸਭ ਤਾਂ ਹੋਏਗਾ ਜੇ ਤੁਸੀਂ ਬਾਣੀ ਦੇ ਅਨੁਸਾਰ

ਚੱਲੋਂਗੇ। ਇਹ ਬਾਣੀ ਜਿੱਥੋਂ ਆਈ ਹੈ, ਜੀਵ ਨੂੰ ਉੱਥੇ ਹੀ ਲੈ ਜਾਏਗੀ। ਇਹ ਬਾਣੀ ਧੁਰ ਦਰਗਾਹ ਤੋਂ ਆਈ ਹੈ। ਜਿਸਦਾ ਵੀ ਹਿਰਦਾ ਇਸ ਨਾਲ ਇੱਕ ਹੋ ਜਾਏਗਾ, ਉਹ ਧੁਰ ਪਹੁੰਚ ਜਾਏਗਾ। ਇਹ ਧੁਰ ਕੀ ਬਾਣੀ, ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਹੈ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ (ਪੰਨਾ ੧੪੦੮)

ਉਹ ਜੋਤੀ ਸਰੂਪ, ਹਰੀ ਆਪ, ਗੁਰੂ ਨਾਨਕ ਕਹਾਇਆ। ਕਿਉਂ ਕਹਾਇਆ? ਤੁਹਾਨੂੰ ਪਤਾ ਹੈ ਇਸ ਬਾਤ ਦਾ, ਕਿ ਅਵਤਾਰ ਹਮੇਸ਼ਾ ਆਉਂਦੇ ਨੇ, ਕਾਰਕ ਹਮੇਸ਼ਾ ਆਉਂਦੇ ਨੇ । ਇਹ ਸਾਰੇ ਗ੍ਰੰਥਾਂ ਦਾ, ਸਾਰੇ ਮੱਤਾਂ ਦਾ ਅਖੀਰੀ ਤੇ ਅਸਲੀ ਵਾਕ ਹੈ, ਕਥਨ ਕੀਤਾ ਹੋਇਆ। ਤੁਸੀਂ ਐਂ ਦੇਖੋ–

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥
(ਪੰਨਾ ੧੪੦੯)

ਜਿਸਦੇ ਨਾਲ ਇਹ ਬਾਤ ਬੀਤੀ, ਉਸਨੇ ਆਪਣੇ ਮੁੱਖ ਤੋਂ ਇਹ ਬਾਤ ਕਹੀ। ਇਹ ਭੱਟ ਸਰਾਪੇ ਹੋਏ ਸੇ। ਇਨ੍ਹਾਂ ਦਾ ਇਤਿਹਾਸ ਲੰਬਾ ਚੌੜਾ ਹੈ। ਜਦ ਇਨ੍ਹਾਂ ਨੇ ਪਰਮੇਸ਼ਰ ਅੱਗੇ ਬੇਨਤੀ ਕੀਤੀ ਕਿ ਸਾਥੋਂ ਇਹ ਗਲਤੀ ਹੋਈ ਹੈ। ਸਾਨੂੰ ਹੁਣ ਏਹੋ ਜੇਹੀ ਬਾਤ ਦੱਸੋ ਜੀਹਦੇ ਨਾਲ ਅਸੀਂ ਬਖਸ਼ੇ ਜਾਈਏ । ਅਸੀਂ ਕਦੇ ਬਖਸ਼ੇ ਵੀ ਜਾਵਾਂਗੇ? ਉਨ੍ਹਾਂ ਨੇ ਆਖਿਆ ਜਦ ਪੰਜਵੇਂ ਨਾਨਕ ਆਉਣਗੇ, ਗੁਰੂ ਅਰਜਨ ਦੇਵ ਜੀ, ਤਾਂ ਉਹ ਤੁਹਾਨੂੰ ਬਖਸ਼ਣਗੇ, ਤੇ ਤੁਹਾਡਾ ਉਧਾਰ ਹੋਵੇਗਾ। ਜਦ ਇਹ ਭੱਟ ਬਖਸ਼ੇ ਗਏ ਤਾਂ ਉਨ੍ਹਾਂ ਦਾ ਅੰਦਰਲਾ ਗਿਆਨ ਪ੍ਰਗਟ ਹੋ ਗਿਆ ਤਾਂ ਉਨ੍ਹਾਂ ਨੇ ਸਵੱਈਏ ਉਚਾਰਨ ਕੀਤੇ। ਗਿਆਨ, ਇੱਕ ਹੀ ਹੁੰਦਾ ਹੈ, ਦੋ ਚਾਰ ਗਿਆਨ ਤਾਂ ਕਦੇ ਹੁੰਦੇ ਨਹੀਂ। ਇਹ ਨਿਯਮ ਹੈ ਕਿ ਰੱਬ ਵੀ ਇੱਕ ਹੈ ਤੇ ਗਿਆਨ ਵੀ ਇੱਕ ਹੈ। ਗਿਆਨ ਨੂੰ ਹੀ ਰੱਬ ਕਹਿੰਦੇ

ਨੇ ਤੇ ਰੱਬ ਨੂੰ ਹੀ ਗਿਆਨ ਹਮੇਸ਼ਾ ਕਹਿੰਦੇ ਨੇ। ਗਿਆਨ ਇੱਕ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥

(ਪੰਨਾ ੧੪੨੭)

ਈਵਰਃ ਸਰਵ ਭੂਤਾਨਾਂ ਹਿਰਦੇ ਦੇ ਅਰਜੁਨ ਤਿਠਤਿ। (ਗੀਤਾ)

ਜਿਤਨੇ ਵੀ ਦੁਨੀਆਂ ਦੇ ਗ੍ਰੰਥ ਨੇ, ਉਹ ਰਾਜ ਜੋਗ ਤੋਂ ਚੱਲੇ। ਹੱਠ ਜੋਗ, ਆਪ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਮਿਲੇਗਾ, ਜੇ ਮਿਲੇਗਾ ਤਾਂ ਖੰਡਨ ਮਿਲੇਗਾ। ਸਕਾਮ ਕਰਮ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਮਿਲੇਂਗੇ ਜਾਂ ਖੰਡਨ ਮਿਲੇਗਾ। ਏਸ ਕਰਕੇ, ਗੁਰੂ ਸਾਹਿਬ ਰਾਜ ਜੋਗ ਅਤੇ ਸਹਿਜ ਜੋਗ ਤੇ ਗਏ। ਗੁਰੂ ਸਾਹਿਬ ਦਾ ਸਿਧਾਂਤ, ਜੋਤੀ ਸਰੂਪ ਦਾ ਸਿਧਾਂਤ ਹੈ।

ਰਾਮਦਾਸ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥

(ਪੰਨਾ ੧੪੦੯)

ਜਦ ਗੁਰੂ ਰਾਮਦਾਸ ਮਹਾਰਾਜ ਬੈਕੁੰਠ ਮੇਂ ਗਏ ਜਾਂ ਸਰੂਪ ਮੇਂ ਸਮਾ ਗਏ ਤਾਂ

ਜੋਤਿ ਅਰਜੁਨ ਮਾਹਿ ਧਰੀ॥ (ਪੰਨਾ ੧੪੦੯)

ਪੰਚਮ ਪਾਤਸ਼ਾਹ ਨੂੰ ਗੱਦੀ ਮਿਲੀ ਤੇ ਪ੍ਰਿਥੀਏ ਨੂੰ ਨਹੀਂ ਮਿਲੀ, ਮਹਾਂਦੇਵ ਨੂੰ ਵੀ ਨਹੀਂ ਮਿਲੀ। ਮਹਾਂਦੇਵ ਨੂੰ ਗੁਰੂ ਅਰਜਨ ਦੇਵ ਜੀ ਨੇ ਬਖਸ਼ਿਆ ਬਾਅਦ ਵਿੱਚ–

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ। (ਪੰਨਾ ੬੧੧)

ਉਸ ਵੇਲੇ ਇਹ ਸ਼ਬਦ ਉਚਾਰਿਆ। ਇਸ ਕਰਕੇ, ਇਹ ਈਸ਼ਰੀ ਬਾਣੀ ਹੈ, ਈਸ਼ਰੀ ਗਿਆਨ ਹੈ, ਤੇ ਬਖਸ਼ਿਸ਼ ਕਰਨ ਵਾਲਾ ਵੀ ਈਸ਼ਵਰ ਹੀ ਹੈ, ਕੋਈ ਹੋਰ ਨਹੀਂ ਹੈਗਾ।

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਗੁਰ ਸਾਖੀ ਜੋਤਿ ਪਰਗਟੁ ਹੋਇ॥ (ਪੰਨਾ ੧੩)

ਇਹ ਜੋਤ ਸਾਰਿਆਂ ਦੇ ਹਿਰਦੇ ਵਿੱਚ ਹੈ, ਚਾਰ ਖਾਣੀਆਂ ਦੇ ਹਿਰਦੇ ਵਿੱਚ ਹੈ। ਉਹ ਕਿਹੜੀ ਜੋਤ ਹੈ? ਭਾਈ ਸਾਹਿਬ ਲਿਖਦੇ ਹਨ-

ਏਕਾ ਏਕੰਕਾਰ ਲਿਖ ਦਿਖਾਲਿਆ॥
ਊੜਾ ਓਅੰਕਾਰ ਪਾਸ ਬਹਾਲਿਆ॥ (ਭਾਈ ਗੁਰਦਾਸ ਜੀ)

ਜਦ ਤੁਸੀਂ ਦੁਨੀਆਂ ਦੇ ਗ੍ਰੰਥ ਪੜ੍ਹੋਂਗੇ ਤਾਂ 'ਏਕਾ' ਪਹਿਲੇ ਨਹੀਂ ਆਵੇਗਾ, 'ਓਮ ਤੱਤ ਸੱਤ' ਆਊਗਾ ਕਿਤੇ ਓਮ ਆਏਗਾ ਕਿਤੇ ਮੀਆਂ ਦੇ ਅੱਲਾ, ਜਾਂ ਕੁੱਛ ਹੋਰ ਆਵੇਗਾ। ਉਨ੍ਹਾਂ ਨੇ ਨਾਮ ਦਾ ਮੰਗਲ ਕੀਤਾ। ਗੁਰੂ ਸਾਹਿਬ ਨੇ ਕਿਰਪਾ ਕਰਕੇ, ਪਹਿਲਾਂ ਨਾਮੀ ਲਿਖਿਆ ਤੇ ਫੇਰ ਨਾਮ ਵੀ ਨਾਲ ਹੀ ਲਿਖਿਆ। 'ਏਕਾ' ਪਹਿਲਾਂ ਲਿਖਿਆ।

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥
(ਪੰਨਾ ੮੩੮)

ਉਹ ਕਹਿੰਦੇ, ਏਕਾ ਕੀ ਹੈ? ਉਸਦਾ ਅਰਥ ਕੀ ਹੈ? ਜਿਹੜਾ ਕਿ ਗੁਰੂ ਨਾਨਕ ਸਾਹਿਬ ਨੇ ਆਪ, ਉੱਪਰ ਬਿਲਾਵਲ ਰਾਗ ਵਿੱਚ ਕਥਨ ਕੀਤਾ ਹੈ। ਏਕਾ, ਕਿਸੇ ਪਦ ਦਾ ਵਾਚਕ ਨਹੀਂ ਹੁੰਦਾ। ਜਦ ਇਹ ਆਪ ਨੂੰ ਲਖ ਲਵੇਗਾ, ਤਦ ਇਸਨੂੰ ਏਕੇ ਦਾ ਪਤਾ ਲੱਗੇਗਾ। ਗੁਰੂ ਸਾਹਿਬ ਨੇ ਏਕਾ ਘਟ-ਘਟ ਮੇਂ ਦੇਖਿਆ, ਸਾਰੇ ਹਿਰਦਿਆਂ ਵਿੱਚ, ਚਾਰੇ ਖਾਣੀਆਂ ਵਿੱਚ ਏਕਾ ਦੇਖਿਆ। ਭਾਈ ਘਨੱਈਏ ਤੇ ਜਦ ਬਖਸ਼ਿਸ਼ ਹੋਈ ਤਾਂ ਉਸਨੂੰ ਇਹ ਲਖਸ਼ ਕਰਾਇਆ, ਗੁਰੂ ਦਸਮ ਪਾਤਸ਼ਾਹ ਨੇ। ਜਦ ਉਸਨੇ ਗੁਰੂ ਜੀ ਦੇ ਹੁਕਮ ਨਾਲ ਜੰਗ ਵਿੱਚ ਪਾਣੀ ਪਿਲਾਉਣ ਵਾਸਤੇ ਮਸ਼ਕ ਲਈ ਤਾਂ ਹਿੰਦੂ, ਮੁਸਲਮਾਨ ਅਤੇ ਸਿੱਖਾਂ ਨੂੰ, ਸਭ ਨੂੰ ਪਾਣੀ ਪਿਲਾਈ ਗਿਆ। ਉਸਨੇ ਕਿਸੇ ਦੀ ਬਾਤ ਨਹੀਂ ਕੀਤੀ, ਕਿਸੇ ਦੀ ਨਿੰਦਾ ਨਹੀਂ ਕੀਤੀ, ਕਿਸੇ ਦੀ ਉਸਤਤੀ ਨਹੀਂ ਕੀਤੀ। ਸਿੱਖਾਂ ਨੂੰ ਦਿਖਾਲ ਦਿੱਤਾ ਕਿ ਇਹ ਬਖਸ਼ਿਆ ਹੋਇਆ

ਹੈ। ਇਸ ਲਈ, ਇਹ ਏਕਾ ਉਹ ਹੈ ਜੋ ਸਾਰਿਆਂ ਵਿੱਚ ਪਰੀਪੂਰਨ ਤੇ ਵਿਆਪਕ ਹੈ। ਕਬੀਰ ਜੀ ਨੂੰ ਜਦੋਂ ਸਾਰੇ ਬ੍ਰਾਹਮਣਾਂ ਨੇ ਮਿਲਕੇ ਬੜਾ ਤੰਗ ਕੀਤਾ ਕਿ ਇਹ ਸ਼ੂਦਰ ਹੈ, ਨਾਮ ਉੱਪਰ ਇਸਦਾ ਕੋਈ ਅਧਿਕਾਰ ਨਹੀਂ, ਕਥਾ ਵਾਰਤਾ ਸੁਣਨ ਦਾ ਵੀ ਕੋਈ ਅਧਿਕਾਰ ਨਹੀਂ ਤਾਂ ਗੁਰੂ ਸਾਹਿਬ ਨੇ ਸਪਸ਼ਟ ਬਾਤ ਕਹਿ ਦਿੱਤੀ।

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

(ਪੰਨਾ ੭੪੭)

ਗਿਆਨ ਸਾਡਾ ਸਾਰਿਆਂ ਦਾ ਸਾਂਝਾ ਹੈ। ਸਾਰਿਆਂ ਦੇ ਘਟਾਂ ਵਿੱਚ ਹਰੀ ਵੱਸ ਰਿਹਾ ਹੈ। ਪੰਡਤਾਂ ਨੇ, ਕਬੀਰ ਜੀ ਨੂੰ ਕਿਹਾ ਕਿ ਤੂੰ 'ਓਮ' ਨਹੀਂ ਜਪ ਸਕਦਾ। ਅਜੇ ਤੱਕ ਵੀ ਕਹਿੰਦੇ ਹਨ ਕਿ ਬੀਬੀਆਂ ਨੂੰ 'ਓਮ' ਦਾ ਉਪਦੇਸ਼ ਨਾ ਦਿਉ। ਪਰ ਕਬੀਰ ਸਾਹਿਬ ਨੇ ਤਾਂ ਇਸ ਪ੍ਰਤੀ ਕਿਹਾ ਕਿ ਮੈਂ ਉਸ 'ਓਮ' ਨੂੰ ਨਹੀਂ ਮੰਨਦਾ, ਜਿਸਨੂੰ ਤੁਸੀਂ ਲਿਖਦੇ ਹੋਂ ਅਰ ਮਿਟਾ ਦੇਂਦੇ ਹੋਂ–

ਓਅੰਕਾਰ ਆਦਿ ਮੈ ਜਾਨਾ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ॥
ਓਅੰਕਾਰ ਲਖੈ ਜਉ ਕੋਈ॥ ਸੋਈ ਲਖਿ ਮੇਟਣਾ ਨ ਹੋਈ॥

(ਪੰਨਾ ੩੪੦)

ਮੈਂ 'ਓਮ' ਉਸਨੂੰ ਮੰਨਦਾ ਹਾਂ, ਜਿਹੜਾ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈ ਅਤੇ ਲੈ ਕਰਨ ਵਾਲਾ ਹੈ। ਮੇਰਾ 'ਓਮ' ਉਹ ਹੈ। ਜਿਹੜਾ ਤੁਸੀਂ ਲਿਖਦੇ ਅਰ ਮੇਟਦੇ ਹੋਂ, ਉਸਨੂੰ ਮੈਂ ਨਹੀਂ ਮੰਨਦਾ। ਜੇ 'ਓਮ' ਦੇ ਲਖਸ਼ ਨੂੰ ਕੋਈ ਜਾਣ ਲਏਗਾ, ਫੇਰ ਉਹ ਲਖਸ਼ ਮਿਟਣੇ ਵਾਲਾ ਨਹੀਂ, ਉਹ ਹਸਤੀ ਹੈ, ਜੋ ਵਿਆਪਕ ਹੈ। ਪਰਮੇਸ਼ਰ ਸਤਿ ਹੈ, ਸ੍ਰਿਸ਼ਟੀ ਦੀ ਉਤਪਤੀ ਕਰਨ ਵਾਲਾ ਹੈ।

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥ (ਪੰਨਾ ੨੮੫)

ਜਿਹੜਾ ਸਤਿ ਹੈ, ਉਸਨੂੰ ਉਹ ਆਪਣੇ ਹਿਰਦੇ ਵਿੱਚ ਹੀ ਜਾਣ ਲਏਗਾ। ਕਿਵੇਂ ਜਾਣ ਲਏਗਾ? ਜਦ ਤੁਸੀਂ ਸੋਨੇ ਦਾ ਗਹਿਣਾ ਚੁੱਕੋਂਗੇ

ਤਾਂ ਤੁਹਾਡੀਆਂ ਅੱਖਾਂ ਸੋਨੇ ਨਾਲ ਲੱਗਣਗੀਆਂ, ਦਿੱਸੇਗਾ ਵੀ ਸੋਨਾ, ਕੜਾ ਤਾਂ ਕਲਪਣਾ ਮਾਤਰ ਹੈ। ਮਿੱਟੀ ਵਿੱਚ ਘੜਾ ਵੀ ਕਲਪਣਾ ਮਾਤਰ ਹੈ। ਇਸ ਲਈ ਤਰਖਾਣ ਨੇ, ਲੁਹਾਰ ਨੇ, ਸੁਨਿਆਰ ਨੇ, ਕਲਪਣਾ ਨੂੰ ਅਲੱਗ ਕੀਤਾ ਹੈ। ਉਹ ਕਲਪਣਾ ਜਿੱਥੇ ਅਲਹਿਦਾ ਕੀਤੀ ਹੈ ਤਾਂ ਉਹ ਕਲਪਿਤ ਪਦਾਰਥ ਹੁੰਦਾ ਹੈ, ਉਹ ਸੱਚ ਨਹੀਂ ਹੁੰਦਾ, ਮੂਲ ਤਾਂ ਸਤਿ ਹੈ। ਪਰ ਜਦ ਵੀ ਤੁਸੀਂ ਕੜਾ, ਕੁੰਡਲ ਜਾਂ ਹੋਰ ਕੋਈ ਗਹਿਣਾ ਕੁੱਛ ਵੀ ਦੇਖੋਂਗੇ ਤਾਂ ਹੋਏਗਾ ਸੋਨਾ ਹੀ, ਭਾਅ ਸੋਨੇ ਦੇ ਵਿਕੇਗਾ। ਇਸ ਕਰਕੇ, ਇਹ ਵਸਤੂਆਂ ਕਲਪਿਤ ਹਨ, ਅਧਿਅਸਤ ਹਨ, ਝੂਠੀਆਂ ਹਨ ਤੇ ਸਤਿ ਜੋ ਹੈ, ਉਹ ਵਿਆਪਕ ਹੈ।

ਮੁਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥

(ਪੰਨਾ-੧੫੨)

ਉਹ ਮਰਨੇ ਵਾਲੀ ਵਸਤੂ ਨਹੀਂ, ਜਿਹੜਾ ਤੁਹਾਡੇ ਅੰਦਰ –

ਦਾਨਾ ਬੀਨਾ ਸਾਈ ਮੈਡਾ -ਹੈ, (ਪੰਨਾ ੫੨੦)

'ਦਾਨਾ' ਨਾਉਂ ਹੈ ਜਾਨਣੇ ਵਾਲੇ ਦਾ, **'ਬੀਨਾ'** ਨਾਉਂ ਹੈ ਦੇਖਣੇ ਵਾਲੇ ਦਾ। ਤੁਸੀਂ ਆਪਣੇ ਖਿਆਲ ਨੂੰ ਆਪ ਦੇਖਦੇ ਹੋਂ, ਮਨ ਨੂੰ ਦੇਖਦੇ ਹੋਂ। ਮਨ ਦਾ ਸਰੂਪ ਹੈ, ਸੰਕਲਪ-ਵਿਕਲਪ। ਸੰਕਲਪ ਕਰਨਾ ਫਿਰ ਵਿਕਲਪ ਕਰਨਾ, ਇਹੀ ਹੈ ਮਨ। ਪਰ ਮਨ ਤਾਂ ਜੜ੍ਹ ਹੈ, ਔਰ ਮਨ ਦਾ ਦ੍ਰਿਸ਼ਟਾ ਚੇਤਨ ਹੈ, ਗਿਆਨ ਹੈ, ਅਨੰਦ ਹੈ। ਇਸ ਕਰਕੇ, ਉਹ ਜੋ ਪਰਮੇਸ਼ਰ ਪਰੀਪੂਰਨ ਹੈ ਸਾਰੇ, ਜਿਸਨੇ ਵੀ ਉਸਨੂੰ ਸਤਿ ਜਾਣ ਲਿਆ ਤਾਂ ਉਸ ਲਈ ਦ੍ਰਿਸ਼ਟਮਾਨ ਮਿਥਿਆ ਹੋ ਜਾਏਗਾ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧੦੮੩)

ਜਿੰਨਾਂ ਵੀ ਦੇਖਣੇ ਵਿੱਚ ਆਉਂਦਾ ਹੈ, ਉਹ ਸਾਰਾ ਮਿਥਿਆ ਹੈ, ਪਰਣਾਮੀ ਹੈ, ਬਦਲਣ ਵਾਲਾ ਹੈ। ਤੁਸੀਂ, ਪਹਿਲਾਂ ਆਪਣੇ ਅੰਦਰ ਦੇਖ ਲਉ, ਖਿਆਲ ਕਿੰਨੇ ਅੱਠਾਂ ਪਹਿਰਾਂ ਵਿੱਚ ਬਦਲਦੇ ਹਨ ਤੇ ਖਿਆਲਾਂ ਨੂੰ ਦੇਖਣੇ ਵਾਲਾ, ਕਦੇ ਇੱਧਰ ਉੱਧਰ ਹੋਇਆ ਹੈ? ਉਹ ਜਿਉਂ ਕਾ ਤਿਉਂ ਹੈ। ਤਾਂ ਹੀ ਦੱਸਦੇ ਹੋਂ ਕਿ ਕਲ੍ਹ ਮੇਰਾ ਆਹ ਖਿਆਲ

ਸੀ ਤੇ ਅੱਜ ਆਹ ਹੈ। ਦ੍ਰਿਸ਼ਟਾ ਤਾਂ ਦੇਖਣੇ ਆਲਾ ਵੀ ਹੈ, ਔਰ ਜਾਨਣੇ ਆਲਾ ਵੀ ਹੈ। ਉਹ ਸਤਿ ਸਰੂਪ ਹੈ। ਜਦੋਂ ਤੁਸੀਂ ਨਿਸਚੇ ਕਰ ਲਿਆ, ਤੁਹਾਡੀ ਬੁੱਧੀ ਵਿੱਚ ਠੀਕ ਇਹ ਗੱਲ ਬੈਠ ਗਈ ਤਾਂ ਫੇਰ ਤੁਸੀਂ ਸਤਿ ਸਰੂਪ ਤੋਂ ਭਿੰਨ ਨਹੀਂ ਹੋ ਸਕਦੇ। ਗਿਆਨ ਵੀ ਇੱਕ ਹੈ, ਸਤਿ ਵੀ ਇੱਕ ਹੈ, ਤੇ ਅਨੰਦ ਵੀ ਇੱਕ ਹੈ।

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
(ਪੰਨਾ ੯੧੭)

ਅਤੇ ਵਿਆਪਕ ਵੀ ਇੱਕ ਹੈ। ਇਹ ਚਾਰ ਵਿਸ਼ੇਸ਼ਣ ਹਨ ਪਰ ਵਸਤੂ ਤਾਂ ਇੱਕ ਹੀ ਹੈ। ਉਹ ਪਰਮੇਸ਼ਰ ਹੈ, ਤੁਹਾਡੇ ਅੰਦਰ ਹੈ, ਤੁਸੀਂ ਆਪ ਦੇਖਦੇ ਤੇ ਜਾਣਦੇ ਹੋਂ। ਜੇ ਅੰਦਰ ਦਾਨਾ ਬੀਨਾ ਨਾ ਹੋਵੇ ਤਾਂ ਖਿਆਲਾਂ ਨੂੰ ਕੌਣ ਦੇਖੇ ਤੇ ਜਾਣੇ। ਜਿਹੜੀ ਅੰਦਰ ਆਤਮਾ ਹੈ, ਉਸਨੂੰ ਹੀ ਪਰਮਾਤਮਾ ਕਹਿੰਦੇ ਨੇ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਆਤਮਾ ਨੂੰ ਚੀਨ ਕੇ ਪਰਮਾਤਮਾ ਹੀ ਹੋ ਜਾਉਂਗੇ। ਗੁਰੂ ਔਰ ਸ਼ਾਸਤ੍ਰ, ਤੁਹਾਨੂੰ ਦਾਨਾ ਬੀਨਾ ਤੱਕ ਪਹੁੰਚਾ ਦੇਣਗੇ ਪਰ ਵਿਆਪਕ ਤਾਂ ਤੁਸੀਂ ਅਭਿਆਸ ਨਾਲ ਹੋਵੋਂਗੇ। ਪਹਿਲਾਂ ਜੋ ਕੁੱਛ ਉਹ ਕਹੇਗਾ, ਤੁਸੀਂ ਉਹੀ ਕੁੱਛ ਕਹੋਂਗੇ। ਜਾਪ ਤਾਂ ਤੁਸੀਂ ਕਰਦੇ ਹੋਂ ਪਰ ਤੁਹਾਡਾ ਮਨ ਕਿਤੇ ਹੋਰ ਗਿਆ ਹੁੰਦਾ ਹੈ। ਨਾਮ ਨਾਲ, ਤੁਹਾਡਾ ਮਨ ਮਿਲਿਆ ਨਹੀਂ। ਪਹਿਲਾਂ ਮਨ, ਨਾਮ ਦੇ ਨਾਲ ਮਿਲੇਗਾ ਤਾਂ ਨਿਰੰਤਰ ਜਾਪ ਚੱਲੇਗਾ। ਜਾਪ ਦੇ ਪਿੱਛੋਂ ਸਿਮਰਨ ਆਏਗਾ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)

ਉਹ ਸਿਮਰਨ, ਤੁਹਾਡਾ ਉਧਾਰ ਕਰ ਦੇਵੇਗਾ।

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥

ਉਹ ਸਿਮਰਨ, ਜਦ ਤੁਹਾਡਾ ਪੂਰਾ ਹੋ ਜਾਏਗਾ ਤਾਂ ਅੱਗੇ ਇਕ ਰਸ ਚੱਲ ਜਾਏਗਾ, ਉਸਨੂੰ ਅਨਾਹਦ ਸ਼ਬਦ ਜਾਂ ਅਨਾਹਦ ਬਾਣੀ ਵੀ ਕਹਿੰਦੇ ਨੇ।

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ (ਪੰਨਾ ੨੬੩)

ਉਹ ਤੁਹਾਡੀ ਮੈਲ ਤਾਂ ਸਿਮਰਨ ਨੇ ਕੱਟ ਦੇਣੀ ਹੈ। ਫੇਰ ਅਮਰ ਕਰਨੇ ਵਾਲਾ ਨਾਮੀ, ਪਰਮੇਸ਼ਰ ਤੁਹਾਡੇ ਅੰਦਰ ਵੱਸ ਜਾਵੇਗਾ।

ਨਾਮ ਕੇ ਧਾਰੇ ਖੰਡ ਬ੍ਰਹਮੰਡ॥ (ਪੰਨਾ ੨੮੪)

ਉਹ ਜਿਹੜਾ ਸਾਰੇ ਖੰਡਾਂ ਬ੍ਰਹਮੰਡਾਂ ਦਾ ਮਾਲਕ ਹੈ, ਸਾਰਿਆਂ ਦਾ ਆਸਰਾ ਹੈ, ਉਹ ਨਾਮੀ ਤੁਹਾਡੇ ਅੰਦਰ ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਜਦ ਤੁਹਾਡਾ ਸਿਮਰਨ ਸਹੀ ਹੋ ਜਾਏਗਾ ਤਦ ਤੁਹਾਡਾ ਹੰਕਾਰ ਟੁੱਟ ਜਾਏਗਾ, ਇੱਕ ਰਸ ਸਿਮਰਨ ਚੱਲ ਪੈਣ ਨਾਲ। ਉਸਤੋਂ ਬਾਅਦ ਆਏਗੀ 'ਧੁਨ'। ਉਹ ਤੁਸੀਂ ਪੜ੍ਹਦੇ ਹੋਂ ਲਾਵਾਂ ਦੇ ਵਿੱਚ, ਉਸਤੋਂ ਬਾਅਦ ਲਿਵ ਲੱਗ ਜਾਏਗੀ। ਇਹ ਹੈ ਮਾਰਗ ਪ੍ਰਭੂ ਨੂੰ ਮਿਲਣ ਦਾ, ਦੂਸਰਾ ਰਾਹ ਹੈ ਧਾਤ ਦਾ-

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥ (ਪੰਨਾ ੮੭)

ਜੇ ਤੁਸੀਂ ਦੁਨੀਆਂ ਦੇ ਪਦਾਰਥਾਂ ਨਾਲ ਮੋਹ ਪਾ ਲਉਂਗੇ ਤਾਂ ਤੁਹਾਨੂੰ ਉਨ੍ਹਾਂ ਦੇ ਨਾਲ ਹੀ ਜਾਣਾ ਪਊ।

ਵਾਸਨਾ ਬਧਾ ਆਵੈ ਜਾਇ॥ (ਭਾਈ ਗੁਰਦਾਸ ਜੀ)

ਭਾਈ ਸਾਹਿਬ ਕਹਿੰਦੇ ਹਨ ਕਿ ਜਿੰਨਾਂ ਚਿਰ ਤੂੰ ਵਾਸ਼ਨਾ ਦਾ ਬੰਨ੍ਹਿਆ ਹੋਇਆ ਹੈਂ ਤਾਂ ਤੇਰਾ ਜਨਮ-ਮਰਨ ਜਰੂਰ ਹੋਏਗਾ। ਤੂੰ ਆਪ ਦੇਖ ਕਿ ਮੇਰੇ ਅੰਦਰ ਕੀ ਵਾਸ਼ਨਾ ਹੈ, ਮੇਰੇ ਅੰਦਰ ਇੱਕ-ਰਸ ਨਾਮ ਚੱਲ ਪਿਆ ਹੈ ਕਿ ਨਹੀਂ। ਜਿਸਦੀ ਲਿਵ ਲੱਗ ਗਈ, ਉਸਨੂੰ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਏਗੀ। ਜੇ ਨਾਸ਼ਵਾਨ ਪਦਾਰਥਾਂ ਨਾਲ ਮੋਹ ਕਰੇਂਗਾ ਤਾਂ ਮੋਹ ਦੀ ਦਲ-ਦਲ ਵਿੱਚੋਂ ਨਿੱਕਲ ਨਹੀਂ

ਸਕੇਂਗਾ। ਫੇਰ ਤੁਸੀਂ ਇਉਂ ਨਾ ਸਮਝਿਓ ਕਿ ਤੁਹਾਡੀ ਮੋਖਸ਼ ਹੋ ਜਾਏਗੀ। ਇਹ ਸਭ ਬਾਤ ਤੁਸੀਂ ਆਪ ਦੇਖਣੀ ਹੈ, ਦੂਜੇ ਕਿਸੇ ਤੋਂ ਨਹੀਂ ਪੁੱਛਣੀ। ਏਸ ਕਰਕੇ, ਹੁਣ ਗੁਰੂ ਦੇ ਸ਼ਬਦ ਦਾ ਵਖਿਆਨ ਕਰਦੇ ਹਾਂ, ਜਿਹੋ ਜਿਹਾ ਪ੍ਰਭੂ ਕਰਾਏਗਾ-

ਟੋਡੀ ਮਹਲਾ ੫॥

ਟੋਡੀ ਰਾਗ ਵਿੱਚ ਪੰਚਮ ਪਾਤਸ਼ਾਹ ਨੂੰ ਜੋ ਬਾਣੀ ਆਈ, ਉਹ ਕਥਨ ਕਰਦੇ ਨੇ-

ਰਸਨਾ ਗੁਣ ਗੋਪਾਲ ਨਿਧਿ ਗਾਇਣ॥

ਰਸਨਾ ਤੋਂ ਸ਼ੁਰੂ ਕੀਤੀ ਕਿ ਭਾਈ! ਜੀਭ ਦੇ ਨਾਲ ਗੋਬਿੰਦ ਦੇ ਗੁਣ ਗਾਇਆ ਕਰੋ। ਜੇ ਆਖੋ ਕਿ ਦੋ ਕੰਮ ਇਕੱਠੇ ਨਹੀਂ ਹੋ ਸਕਦੇ ਤਾਂ ਨਾਮਦੇਵ ਇਸ ਬਾਤ ਨੂੰ ਸਹੀ ਕਰ ਗਿਆ -

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (ਪੰਨਾ ੧੩੭੬)

ਨਿਰੰਜਨ ਦੇ ਨਾਲ ਚਿੱਤ ਨੂੰ ਲਾਕੇ ਰੱਖਣਾ ਹੈ ਤੇ ਹੱਥਾਂ ਪੈਰਾਂ ਨਾਲ ਕੰਮ ਕਰਨਾ ਹੈ। ਗੁਰੂ ਸਾਹਿਬ ਵੀ ਕਥਨ ਕਰਦੇ ਹਨ -

ਸਾਚਿ ਨਾਮਿ ਮੇਰਾ ਮਨੁ ਲਾਗਾ॥
ਲੋਗਨ ਸਿਉ ਮੇਰਾ ਠਾਠਾ ਬਾਗਾ॥ (ਪੰਨਾ ੩੮੪)

ਇੱਕ ਫਕੀਰ ਸੀ। ਉਸਨੇ ਕਿਸੇ ਤੋਂ ਪੁੱਛਿਆ ਕਿ ਕੋਈ ਐਸੀ ਜਗ੍ਹਾ ਹੈ, ਜਿੱਥੇ ਜੀਵਾਂ ਦਾ ਉਧਾਰ ਹੋ ਜਾਏ? ਤਾਂ ਉਸ ਆਦਮੀ ਨੇ ਕਿਹਾ ਕਿ ਏਸ ਸਮੇਂ ਗੁਰੂ ਅਰਜਨ ਦੇਵ ਜੀ, ਪੰਜਵੇਂ ਗੁਰੂ ਨਾਨਕ, ਗੱਦੀ ਤੇ ਬਿਰਾਜਮਾਨ ਹਨ। ਉਹ ਅੰਮ੍ਰਿਤਸਰ 'ਚ ਤਲਾਅ ਪੁਟਵਾ ਰਹੇ ਹਨ। ਉਹ ਸਾਰਾ ਕੰਮ ਉਨ੍ਹਾਂ ਨੇ ਕਰਵਾਉਣਾ ਹੈ। ਤੂੰ ਓਥੇ ਪਹੁੰਚ ਜਾ। ਜਦ ਫਕੀਰ ਉੱਥੇ ਪਹੁੰਚਿਆ ਤਾਂ ਉਸ ਵਕਤ ਗੁਰੂ ਜੀ ਇਲੈਚੀ ਬੇਰੀ ਥੱਲੇ, ਛਟੀ ਲੈਕੇ ਖੜ੍ਹੇ ਸੀ। ਉਨ੍ਹਾਂ ਦੇ ਮੁੱਖ ਤੋਂ ਸ਼ਾਬਾਸ਼! ਸ਼ਾਬਾਸ਼!! ਸੁਣਕੇ, ਫਕੀਰ ਨੇ ਸੋਚਿਆ ਕਿ ਨਾ ਇਨ੍ਹਾਂ ਨੇ ਸਮਾਧੀ ਲਾਈ ਹੋਈ ਹੈ ਤੇ ਨਾ ਹੀ ਬੈਠੇ ਨੇ। ਇਹ ਤਾਂ ਦੁਨੀਆਂ ਦਾ ਕੰਮ ਕਰਾਉਂਦੇ ਨੇ। ਮੈਨੂੰ ਐਂਵੇਂ ਦੋ ਸੌ ਕੋਹ ਵਾਟ ਪਵਾ ਦਿੱਤੀ। ਗੁਰੂ ਜੀ ਨੇ ਕਿਹਾ ਬਾਬੇ ਬੁੱਢੇ ਨੂੰ ਕਿ ਉਸ

ਫਕੀਰ ਨੂੰ ਉਰੇ ਲਿਆਓ। ਉਸਨੂੰ ਜਲੋਧਰ ਦਾ ਰੋਗ ਹੈ। 'ਸਤਿਨਾਮ' ਕਹਿਕੇ, ਉਸਦੇ ਇੱਕ ਟੋਕਰੀ ਮਾਰ ਦਿਉ, ਉਹਦਾ ਜਲੋਧਰ ਦਾ ਰੋਗ ਟੁੱਟ ਜਾਊਗਾ। ਬਾਬੇ ਬੁੱਢੇ ਨੇ ਤਾਂ ਹੁਕਮ ਹੀ ਮੰਨਣਾ ਸੀ। ਉਸਨੇ 'ਸਤਿਨਾਮ' ਕਹਿ ਕੇ ਮਾਰਿਆ ਤਾਂ ਫਕੀਰ ਦਾ ਰੋਗ ਮੁੜ ਗਿਆ। ਉਸ ਦੀਆਂ ਅੱਖਾਂ ਖੁੱਲ੍ਹ ਗਈਆਂ। ਉਹ ਬਾਬੇ ਬੁੱਢੇ ਦੇ ਪੈਰੀਂ ਹੱਥ ਲਾਉਣ ਲੱਗਿਆ। ਉਸਨੇ ਆਖਿਆ ਨਾ ਨਾ, ਉਹ ਜਿਹੜੇ ਛਟੀ ਵਾਲੇ ਖੜ੍ਹੇ ਨੇ, ਉਹ ਨੇ ਮਾਲਕ, ਇਹ ਸ਼ਕਤੀ ਉਨ੍ਹਾਂ ਦੀ ਹੈ। ਫੇਰ, ਫਕੀਰ ਨੇ ਗੁਰੂ ਜੀ ਤੋਂ ਆਕੇ ਪੁੱਛਿਆ? ਗੁਰੂ ਜੀ ਕਹਿੰਦੇ –

ਸਾਚਿ ਨਾਮ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥

(ਪੰਨਾ ੩੮੪)

ਮੇਰਾ ਮਨ, ਸੱਚੇ ਨਾਮ ਨਾਲ ਜੁੜ ਚੁੱਕਿਆ ਹੈ। ਜੇ ਇੱਕ ਵਾਰੀ ਲਿਵ ਲੱਗ ਜਾਏ ਤਾਂ ਫਿਰ ਨਹੀਂ ਟੁੱਟਦੀ ਹੁੰਦੀ। ਜੇ ਮਨ ਦੁਬਾਰਾ ਹਟਦਾ ਹੁੰਦਾ ਤਾਂ ਗੁਰੂ ਸਾਹਿਬ ਇਹ ਨਾ ਲਿਖਦੇ –

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥

(ਪੰਨਾ ੨੯੩)

ਗੁਰੂ ਅਰਜਨ ਦੇਵ ਮਹਾਰਾਜ ਸੁਖਮਨੀ ਵਿੱਚ ਕਥਨ ਕਰਦੇ ਨੇ ਕਿ ਉਹ ਸੰਤ, ਮਹਾਂਪੁਰਸ਼, ਉਹ ਦੇਵ ਗੁਰੂ, ਅਵਤਾਰ ਨਾਲ ਜਦੋਂ ਮੇਰਾ ਮਨ ਮਿਲ ਗਿਆ ਤਾਂ ਮੈਨੂੰ ਰੱਬ ਅਪਣੇ ਅੰਦਰ ਹੀ ਦਿੱਸ ਗਿਆ। ਹੁਣ ਉਹ ਮੈਨੂੰ ਕਦੇ ਭੁੱਲਦਾ ਈ ਨਹੀਂ। ਉਹ ਦੁਨੀਆਵੀ ਨਹੀਂ ਹੁੰਦਾ। ਉਹ ਦੁਨੀਆਂ ਦਾ ਅਧਿਸ਼ਠਾਨ, (ਆਸਰਾ) ਤੇ ਰਖਸ਼ਕ ਹੁੰਦਾ ਹੈ, ਅੰਤਰਜਾਮੀ ਹੁੰਦਾ ਹੈ।

ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥

(ਪੰਨਾ ੧੧੩੬)

ਏਸ ਕਰਕੇ, ਉਹ ਚੀਜ ਉਨ੍ਹਾਂ ਨੇ ਦੇਖੀ ਤੇ ਨਾਮ ਮਿੱਠਾ ਲੱਗਣ ਲੱਗ ਪਿਆ। ਏਸ ਕਰਕੇ ਭਾਈ! ਨਾਮ ਜਪਣਾ ਸ਼ੁਰੂ ਕਰ। ਏਹ ਜਿਹੜੀ ਜਣੇ-ਖਣੇ ਦੀ ਉਪਮਾ ਕਰੀ ਜਾਣੀ, ਇਹ ਗਲਤ ਹੈ, ਐਵੇਂ

ਕਰੀ ਜਾਣੀ, ਨਾ ਕੋਈ ਗੱਲ ਨਾ ਵਾਸਤਾ। ਤੁਸੀਂ ਗੁਰੂ ਗ੍ਰੰਥ ਸਾਹਿਬ ਦੇ ਪਾਸ ਬੈਠਕੇ ਰੱਬੀ ਬਾਣੀ ਪੜ੍ਹੋ, ਰੱਬੀ ਬਾਣੀ ਸੁਣੋ, ਫੇਰ ਜੇ ਕੋਈ ਬਹਿ ਜਾਏ ਤਾਂ ਵੀ ਚੰਗਾ। ਐਵੇਂ ਕਿਸੇ ਹੋਰ ਦੀਆਂ ਗੱਲਾਂ ਕਰੀ ਜਾਣੀਆਂ। ਇਹ ਤੁਸੀਂ ਅਲਹਿਦਾ ਬਹਿ ਕੇ ਚਲਾਇਆ ਕਰੋ। ਗੁਰੂ ਗ੍ਰੰਥ ਸਾਹਿਬ ਦੇ ਸਾਮ੍ਹਣੇ, ਉਹ ਗੱਲਾਂ ਕਰਨ ਦਾ ਕੀ ਮਤਲਬ? ਏਸ ਦਰਬਾਰ ਦੀਆਂ ਉਹ ਗੱਲਾਂ ਨਹੀਂ ਹੁੰਦੀਆਂ। ਏਥੇ ਤਾਂ ਵਿਚਾਰ ਕਰਨਾ ਹੈ, ਉਸ ਸ਼ਬਦ ਦਾ। ਜਦ ਸ਼ਬਦ ਅਰ ਮਨ ਇੱਕ ਹੋ ਜਾਏਗਾ, ਤੁਸੀਂ ਸਿੱਧੇ ਪਰਮੇਸ਼ਰ ਕੋਲ ਜਾਉਂਗੇ, ਜੇ ਮਨ, ਸ਼ਬਦ ਨਾਲ ਨਾ ਜੁੜਿਆ ਤਾਂ ਤੁਸੀਂ ਪਾਰ ਕਿਵੇਂ ਜਾਵੋਂਗੇ?

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥ (ਪੰਨਾ ੯੩੮)

ਉਹ ਜਦ ਸਾਰੇ ਸਿੱਧ ਪ੍ਰਸ਼ਨ ਕਰ ਚੁੱਕੇ, ਸਾਰੇ ਹਾਰ ਗਏ। ਚਰਪਟ ਕਹਿੰਦਾ, ਮੈਨੂੰ ਵੀ ਪ੍ਰਸ਼ਨ ਕਰ ਲੈਣ ਦਿਉ। ਫਿਰ ਉਹਨੇ ਆਹ ਪ੍ਰਸ਼ਨ ਕੀਤਾ। ਗੁਰੂ ਸਾਹਿਬ ਨੇ ਆਖਿਆ, ਠੀਕ ਹੈ –

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
(ਪੰਨਾ ੯੩੮)

ਪਹਿਲਾਂ ਤੁਸੀਂ ਆਪਣੇ ਮਨ ਨੂੰ ਖੜ੍ਹਾ ਕਰੋ। ਖੜ੍ਹਾ ਵੀ ਤੁਸੀਂ ਪਰਮੇਸ਼ਰ ਦੇ ਨਾਮ ਨਾਲ ਮਿਲਾ ਕੇ ਕਰੋ। ਜੈਸੇ ਮੁਰਗਾਈ ਪਾਣੀ ਦੇ ਟੋਭੇ ਵਿੱਚੋਂ ਦੀ ਲੰਘ ਜਾਂਦੀ ਹੈ, ਉਸ ਦਾ ਖੰਭ ਨਹੀਂ ਭਿੱਜਦਾ, ਅਸੰਗ ਰਹਿੰਦੀ ਹੈ। ਬੁੱਧੀ ਨੂੰ ਇਹੋ ਜਿਹਾ ਬਣਾਉ। ਗੁਰੂ ਸਾਹਿਬ ਕਹਿੰਦੇ–ਚਰਪਟ! ਪਹਿਲੇ ਆਪਣੀ ਬੁੱਧੀ ਨੂੰ ਸ਼ਬਦ ਨਾਲ ਇੱਕ ਕਰੋ।

ਨਾਨਕ ਨਾਮੁ ਵਖਾਣੇ ॥ (ਪੰਨਾ ੯੩੮)

ਗੁਰੂ ਸਾਹਿਬ ਕਹਿੰਦੇ ਕਿ ਨਾਮ ਨੂੰ ਕਦੇ ਨਾ ਛੱਡੀਂ। ਉਸ ਨਾਮ ਨੇ ਤੈਨੂੰ ਨਾਮੀ ਦੇ ਪਾਸ ਲੈ ਜਾਣਾ ਹੈ। ਨਾਮ, ਨਾਮੀ ਦਾ ਤਾਂ ਅਭੇਦ ਹੈ, ਇਹ ਦੋ ਨਹੀਂ ਹੁੰਦੇ, ਇੱਕ ਹੀ ਹੁੰਦਾ ਹੈ। ਇਸ ਕਰਕੇ ਭਾਈ! ਜਿੰਨਾ

ਚਿਰ ਐਥੇ ਵਿਚਾਰ ਕਰੋ ਤਾਂ ਪ੍ਰਭੂ ਬਾਰੇ ਕਰੋ। ਜਿਹੜੇ ਵਾਧੂ ਜਿਹੇ ਵਿਚਾਰ ਨੇ, ਉਹ ਆਪਣੇ ਅਲੱਗ ਬਹਿ ਕੇ ਕਰਿਆ ਕਰੋ। ਐਵੇਂ ਚੱਕੀ ਜਿਹੀ ਨਾ ਚਲਾਈ ਜਾਇਆ ਕਰੋ, ਵਾਧੂ ਵਿਚਾਰਾਂ ਦੀ।

ਸਾਂਤਿ ਸਹਜੁ ਰਹਸੁ ਮਨਿ ਉਪਜਿਓ

ਕਹਿੰਦੇ-ਕਿ ਉਹ ਜਾਪ ਜਦੋਂ ਤੂੰ ਪਾ ਲਏਂਗਾ ਤਾਂ ਸ਼ਾਂਤੀ ਆ ਜਾਏਗੀ। ਜਦੋਂ ਤੇਰੇ ਗੁਣ ਪੂਰਨ ਹੋ ਜਾਣਗੇ, ਤੈਨੂੰ ਸ਼ਾਂਤੀ ਆਪੇ ਹੀ ਆ ਜਾਣੀ ਹੈ। '**ਸਹਜੁ**' ਗਿਆਨ ਦਾ ਨਾਉਂ ਹੈ। ਤੂੰ ਸਹਜ ਨਾਲ ਮਿਲ ਜਾਏਂਗਾ, ਕਿਉਂਕਿ -

ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥ (ਪੰਨਾ ੫੫)

ਇਹਨੂੰ ਅਕਾਸ਼ ਬਾਣੀ ਦਸਦੇ ਹੁੰਦੇ ਥੇ ਪੜ੍ਹਾਉਣ ਵਾਲੇ, ਭਾਈ! ਇਹ ਈਸ਼ਵਰੀ ਬਾਣੀ ਹੈ। ਪ੍ਰਮੇਸ਼ਰ ਕਹਿੰਦਾ ਹੈ ਕਿ ਮੈਂ ਨਾਮ ਦੇ ਅੰਦਰ ਵੱਸਦਾ ਹਾਂ, ਤਾਂ ਫਿਰ ਤੇਰੇ ਮਨ ਵਿੱਚ ਨਾਮ ਵੱਸ ਜਾਏ। ਜੇ ਨਾਮ ਤੇਰੇ ਮਨ ਵਿੱਚ ਨਾ ਵੱਸਿਆ ਤਾਂ ਤੈਨੂੰ ਕੋਈ ਸ਼ਾਂਤੀ ਨਹੀਂ ਆਉਣੀ ਹੈ ਤੇ ਨਾ ਹੀ ਕੋਈ ਗਿਆਨ ਪ੍ਰਾਪਤੀ ਹੋਣੀ ਹੈ। ਮਨ ਵਿੱਚ ਰਹੱਸ ਉਪਜ ਜਾਏਗਾ। ਰਹੱਸ ਹੁੰਦਾ ਹੈ, ਅਸਲੀ ਚੀਜ। ਤੁਹਾਨੂੰ ਪਤਾ ਹੈ ਕਿ ਗ੍ਰੰਥਕਾਰਾਂ ਨੇ ਸੱਚ ਦੋ ਪ੍ਰਕਾਰ ਦਾ ਲਿਖਿਆ ਹੈ। ਇੱਕ ਹੁੰਦਾ ਹੈ ਸੱਚ, ਝੂਠ ਵਾਲਾ ਸੱਚ, ਪਰ ਇਹ ਕੋਈ ਕੰਮ ਨਹੀਂ ਸਾਰਦਾ। ਐਥੇ ਕੋਈ ਆਇਆ ਵੋਟ ਮੰਗਣ। ਉਸਨੇ ਕਿਹਾ, ਵੋਟ ਮੈਨੂੰ ਪਾਓ। ਇੱਕ ਕਹਿੰਦਾ, ਹਾਂ ਤੈਨੂੰ ਪਾਵਾਂਗੇ। ਪਾਉਣਾ ਤਾਂ ਉਹਨੂੰ ਹੈ ਨਹੀਂ। ਮੇਰੇ ਸਾਮ੍ਹਣੇ ਆਹ ਗੱਲ ਹੋਈ। ਕਹਿੰਦਾ ਕਿ ਹੋਰ ਕੀਹਨੂੰ ਪਾਉਣਾ ਹੈ ਤੁਹਾਡੇ ਤੋਂ ਬਿਨਾਂ। ਮੈਂ ਓਸ ਬੰਦੇ ਨੂੰ ਪੁੱਛਿਆ ਕਿ ਤੂੰ ਸੱਚੀਂ ਇਸਨੂੰ ਵੋਟ ਪਾਏਂਗਾ? ਕਹਿੰਦਾ, ਜੀ ਕਾਹਨੂੰ ਪਾਊਂ। ਮੈਂ ਕਿਹਾ - ਤਾਂ ਤੈਂ ਇਸਨੂੰ ਹਾਂ ਕਿਉਂ ਕੀਤੀ? ਕਹਿੰਦਾ, ਜੀ ਉਸਨੂੰ ਖੁਸ਼ ਕਰਨਾ ਸੀ। ਵੋਟ ਪਾਉਣਾ ਤਾਂ ਜਿੱਥੇ ਹੈ ਉਥੇ ਹੀ ਪਾਉਣਾ ਹੈ, ਤਾਂ ਇਹ ਹੈ 'ਸੱਚ-ਝੂਠ' ਦੁਨੀਆਂ ਵਾਲਾ। ਇਹ ਤੁਹਾਨੂੰ ਰੱਬ ਕੋਲ ਨਹੀਂ ਪਹੁੰਚਾਏਗਾ। ਪਰ ਇੱਕ ਹੈ 'ਰਹੱਸਕ ਸੱਚ'। ਇਹ ਸੱਚ ਉਹ ਹੈ ਜੋ ਅਸਲੀ ਹੈ। ਉਹਦੇ

ਵਿੱਚ ਕਦੇ ਕੋਈ ਗਲਤੀ ਨਹੀਂ ਆਈ। ਜੇ ਤੁਸੀਂ ਕਿਸੇ ਤੋਂ ਵੀਹ ਰੁਪਏ ਲੈਣੇ ਹੋਣ, ਤਾਂ ਦੇਣ ਵਾਲਾ, ਗਲਤੀ ਨਾਲ ਤੀਹ ਦੇ ਗਿਆ। ਤੁਹਾਨੂੰ ਪਤਾ ਲੱਗ ਗਿਆ ਪਰ ਦੱਸਿਆ ਨਾ, ਮਨ ਲੋਭ ਵਿੱਚ ਆ ਗਿਆ। ਉਸਨੇ ਦੁਬਾਰਾ ਆਕੇ ਪੁੱਛਿਆ ਕਿ ਮੈਂ ਦਸ ਰੁਪਏ ਵਾਧੂ ਦੇ ਗਿਆ ਹਾਂ ਤਾਂ ਤੁਸੀਂ ਮੁੱਕਰ ਗਏ। ਪਰ ਅੰਦਰ ਤੁਹਾਡੇ ਆਵਾਜ ਦੇਖਿਓ ਕੀ ਆਏਗੀ ਕਿ ਤੈਂ ਤੀਹ ਲਏ ਨੇ, ਤੇਰੀ ਜੇਬ ਵਿੱਚ ਨੇ ਜਾਂ ਫਲਾਣੀ ਜਗ੍ਹਾ ਰੱਖੇ ਹੋਏ ਨੇ। ਇਹ ਜੋ ਅਸਲੀ ਗੱਲ ਦੱਸਦਾ ਹੈ ਇਹ ਰਹੱਸਕ ਸੱਚ ਹੈ, ਇਸਨੂੰ ਆਤਮਕ ਸੱਚ ਕਹਿੰਦੇ ਨੇ, ਈਸ਼ਰੀ ਸੱਚ ਕਹਿੰਦੇ ਨੇ। ਏਸ ਕਰਕੇ, ਜਦ ਤੱਕ ਤੁਸੀਂ ਉਸ ਸੱਚ ਨਾਲ ਨਹੀਂ ਮਿਲੋਂਗੇ, ਤਦ ਤੱਕ ਤੁਸੀਂ ਪੂਰੇ ਸੱਚੇ ਵੀ ਨਹੀਂ ਹੋ ਸਕਦੇ। ਉਹ ਤੁਹਾਡੇ ਅੰਦਰੋਂ ਆਵਾਜ ਆਊ, ਇਸ ਵਿੱਚ ਕੋਈ ਪੜ੍ਹੇ ਜਾਂ ਅਨਪੜ੍ਹੇ ਦੀ ਬਾਤ ਨਹੀਂ ਹੈ, ਸਗੋਂ ਅਨਪੜ੍ਹ ਸੱਚ ਬੋਲ ਜਾਊ। ਜਦ ਇਹਨਾਂ ਜੱਟਾਂ, ਹਾਲੀਆਂ (ਹਲ ਵਾਹੁਣ ਵਾਲਿਆਂ) ਨਾਲ ਗੱਲ ਕਰਦੇ ਹਾਂ ਤੇ ਇਹ ਸੱਚ ਜਿਆਦਾ ਬੋਲ ਜਾਂਦੇ ਨੇ, ਪੜ੍ਹੇ ਹੋਏ ਤਾਂ ਝੂਠ ਹੀ ਬੋਲ ਦਿੰਦੇ ਨੇ। ਏਹ ਕੋਈ ਹਾਸੇ ਵਾਲੀ ਗੱਲ ਤਾਂ ਨਹੀਂ । ਜਦ ਤੱਕ ਤੁਹਾਨੂੰ ਉਹ ਰਹੱਸਕ ਸੱਚ ਨਹੀਂ ਮਿਲੇਗਾ, ਤਦ ਤੱਕ ਕੰਮ ਨਹੀਂ ਬਣੇਗਾ। ਉਹ ਸੱਚ ਹੈ ਗਿਆਨ, ਆਤਮਾ ਅਤੇ ਉਹੀ ਹੈ ਪ੍ਰਮਾਤਮਾ।

ਸਗਲੇ ਦੂਖ ਪਲਾਇਣ ॥ ਰਹਾਉ ॥

ਜਿੰਨੇ ਵੀ ਤੁਹਾਡੇ ਦੁੱਖ ਹਨ, ਉਹ ਸਾਰੇ ਭੱਜ ਜਾਏਂਗੇ! ਕਿਉਂ? ਜਦ ਤੁਹਾਡਾ ਹੰਕਾਰ, ਅਨਾਹਦ ਮੇਂ ਜਾ ਕੇ ਡਿੱਗ ਜਾਏਗਾ ਤਾਂ ਫਿਰ ਦੁੱਖ ਕਿੱਥੇ ਰਹਿਣਗੇ। ਸਾਰੇ ਦੁੱਖਾਂ ਦਾ ਮੂਲ ਹੈ ਤ੍ਰਿਸ਼ਨਾ। ਤ੍ਰਿਸ਼ਨਾ ਉਪਜਦੀ ਹੈ ਹੰਕਾਰ ਤੋਂ। ਹੰਕਾਰ ਜਿੱਥੇ ਹੋਏਗਾ, ਉਥੇ ਤ੍ਰਿਸ਼ਨਾ ਆਏਗੀ। ਤ੍ਰਿਸ਼ਨਾ ਤੇ ਹੰਕਾਰ ਦੀ ਬਾਬਤ ਵੀ ਬਹੁਤ ਲਿਖਿਆ ਹੈਗਾ ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ (ਪੰਨਾ ੪੬੬)

ਇਸਦਾ ਉਪਾਅ ਇੱਕ ਹੀ ਹੈ, ਸ਼ਬਦ। ਹੋਰ ਇਸਦਾ ਕੋਈ ਉਪਾਅ

ਨਹੀਂ, ਤੇ ਤ੍ਰਿਸ਼ਨਾ ਦੀ ਬਾਬਤ ਵੀ ਲਿਖਿਆ ਹੈ।

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥

(ਪੰਨਾ ੯੧੯)

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥

(ਪੰਨਾ ੩੮੪)

ਗੁਰੂ ਅਰਜਨ ਦੇਵ ਨੇ ਕਿਹਾ ਹੈ ਕਿ ਤ੍ਰਿਸ਼ਨਾ ਰੂਪੀ ਅੱਗ ਨੇ ਸਾਰੇ ਅੰਤਹਕਰਣ ਰੂਪੀ ਬੂਟੇ ਝੁਲਸ ਦਿੱਤੇ ਹਨ।

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ॥
ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ॥ (ਪੰਨਾ ੧੪੨੬)

ਐਨਾਂ ਇਹਦਾ ਕਰਮ ਹੀ ਨਹੀਂ ਹੈ ਜਿਸਤੋਂ ਇਹਦੀ ਤ੍ਰਿਸ਼ਨਾ ਛੁੱਟ ਜਾਏ। ਇਸ ਲਈ ਕਹਿੰਦੇ ਕਿ ਕੁੱਝ ਹਰੇ ਬੂਟੇ ਵੀ ਹਨ, ਜਿਵੇਂ ਕਬੀਰ, ਧੰਨਾ, ਨਾਮਦੇਵ, ਰਵਿਦਾਸ, ਜੈਦੇਵ ਆਦਿ, ਇਹ ਸਾਰੇ ਹਰੇ ਬੂਟੇ ਹਨ। ਹੰਕਾਰ ਦਾ ਇੱਕੋ ਹੀ ਅਰਥ ਹੈ, ਅਨਾਤਮ ਪਦਾਰਥਾਂ ਮੇਂ ਆਤਮ-ਬੁੱਧੀ। ਜੋ ਝੂਠੀ ਚੀਜ ਹੈ, ਉਸਨੂੰ ਸੱਚ ਮੰਨ ਲੈਣਾ ਤੇ ਹੋਰ ਹੰਕਾਰ ਦਾ ਕੀ ਅਰਥ ਹੈ? ਜੈਸੇ ਇੱਕ ਰੱਸੀ ਹੁੰਦੀ ਹੈ, ਰਾਤ ਨੂੰ ਉਸਨੂੰ ਦੇਖੋ ਤਾਂ ਸਰਪ ਦਾ ਭਰਮ ਪੈ ਜਾਂਦਾ ਹੈ ਤਾਂ ਡਰਕੇ ਪਿੱਛੇ ਨੂੰ ਭੱਜਦਾ ਹੈ। ਜਦ ਗੁਰੂ ਜੀ ਨੇ ਸਾਨੂੰ, ਤੁਹਾਨੂੰ ਕਹਿ ਦਿੱਤਾ -

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੦੮੩)

ਜਿੰਨਾਂ ਵੀ ਦ੍ਰਿਸ਼ਟੀ ਵਿੱਚ ਆ ਰਿਹਾ ਹੈ, ਉਹ ਮਿਥਿਆ ਹੈ। ਤੁਸੀਂ ਦੇਖਦੇ ਹੋ ਕਿ ਆਪਣੀ ਬੁੱਧੀ ਬਦਲ ਜਾਂਦੀ ਹੈ। ਅਵਰੁੱਧ ਹੁੰਦੀ ਹੈ ਤਾਂ ਕੰਮ ਹੀ ਨਹੀਂ ਕਰਦੀ, ਦੇਖਣ ਵਾਲਾ ਜਿਹੜਾ ਅੰਦਰ ਦ੍ਰਸ਼ਟਾ ਹੈ-

ਦਾਨਾ ਬੀਨਾ ਸਾਈ ਮੈਡਾ (ਪੰਨਾ ੫੨੦)

ਉਹ ਕਦੇ ਨਹੀਂ ਬਦਲਿਆ। ਨਾ ਉਹ ਕਦੇ ਬੱਚਾ ਹੋਇਆ, ਨਾ ਜਵਾਨ, ਉਹ ਤਾਂ ਇੱਕ ਰਸ ਹੈ। ਸਾਰੇ ਦੁੱਖ ਤੁਹਾਡੇ, ਇੱਥੇ ਜਾਕੇ ਨਿਵਿਰਤ ਹੋਣਗੇ। ਗਿਆਨ ਤੇ ਜਾਕੇ, ਤੁਹਾਡਾ ਅਗਿਆਨ ਨਾਸ ਹੋਏਗਾ। ਜਿੰਨਾਂ ਵੀ ਤੁਹਾਡੇ ਅੰਦਰ ਝੂਠ- ਸੱਚ ਹੈ, ਇਹ ਆਪੇ ਹੀ

ਚਲਿਆ ਜਾਊਗਾ। ਤੁਹਾਨੂੰ ਇੱਕ ਬਾਤ ਮੈਂ ਦਸਦਾ ਹਾਂ, ਜੈਸੀ ਮੈਂ ਪੜ੍ਹੀ ਹੋਈ ਹੈ। ਤਿੰਨ ਅਵਸਥਾ ਨੇ - ਜਾਗ੍ਰਤ, ਸੁਪਨ ਤੇ ਸਸ਼ੁਪਤੀ, ਚੌਥਾ ਤਾਂ ਚੇਤਨ ਹੈ। ਉਸਦੀ ਤਾਂ ਕੋਈ ਅਵਸਥਾ ਹੀ ਨਹੀਂ ਹੁੰਦੀ, ਨਾ ਕੋਈ ਜਾਤੀ ਅਤੇ ਨਾ ਕੋਈ ਮਜ੍ਹਬ ਹੁੰਦਾ ਹੈ। ਪਰ ਤੁਸੀਂ ਐਂ ਦੱਸੋ ਆਪਣੇ ਅੰਦਰ ਖਿਆਲ ਕਰਕੇ? ਜਦ ਤੁਸੀਂ ਜਾਗ੍ਰਤ ਹੁੰਦੇ ਹੋਂ ਤਾਂ ਤੁਸੀਂ ਅੱਖਾਂ ਨਾਲ ਦੇਖਦੇ, ਕੰਨਾਂ ਨਾਲ ਸੁਣਦੇ ਹੋਂ, ਸਭ ਕੁੱਛ ਕਰਦੇ ਹੋਂ। ਪਰ ਤੁਹਾਨੂੰ ਭੁਲੇਖਾ ਪੈ ਗਿਆ ਕਿ ਅੱਖਾਂ ਨਾਲ ਹੀ ਮੈਂ ਦੇਖਿਆ। ਜਦ ਸੁਪਨ ਵਿੱਚ ਜਾਂਦੇ ਹੋ ਤਾਂ ਪਿਛਲੇ ਸੰਸਕਾਰਾਂ ਅਨੁਸਾਰ ਸੁਪਨਾ ਆਉਂਦਾ ਹੈ। ਉਥੇ ਮਨ ਦੇ ਦੋ ਹਿੱਸੇ ਹੋ ਜਾਂਦੇ ਹਨ, ਇੱਕ ਦ੍ਰਿਸ਼ ਬਣ ਜਾਂਦਾ ਹੈ ਤੇ ਇੱਕ ਦ੍ਰਸ਼ਟਾ ਹੋ ਜਾਂਦਾ ਹੈ। ਪਰ ਉਥੇ ਰੋਸ਼ਨੀ ਕਿਹੜੀ ਹੈ? ਭੌਤਿਕ ਰੋਸ਼ਨੀ ਛੇ ਪ੍ਰਕਾਰ ਦੀ ਹੈ- ਸੂਰਜ, ਚੰਦਰਮਾ, ਬਿਜਲੀ, ਤਾਰੇ, ਗ੍ਰਹਿ ਔਰ ਅੱਗ। ਪਰ ਉਥੇ ਤਾਂ ਕੋਈ ਵੀ ਨਹੀਂ ਹੈ। ਫਿਰ ਉਸ ਸੁਪਨੇ ਨੂੰ ਕਾਹਦੇ ਨਾਲ ਦੇਖਦੇ ਹੋਂ? ਫਿਰ ਦੱਸਦੇ ਵੀ ਹੋਂ ਕਿ ਸੁਪਨਾ ਆਇਆ ਹੈ। ਉਸ ਤੋਂ ਅੱਗੇ ਇੱਕ ਘੋਰ ਨਿੰਦ੍ਰਾ ਆਵੇਗੀ ਜਿਸਨੂੰ ਸਸ਼ੁਪਤੀ ਕਹਿੰਦੇ ਨੇ। ਉਥੇ ਤੁਹਾਡੇ ਪੰਜ ਗਿਆਨ ਇੰਦਰੇ, ਮਨ, ਬੁੱਧੀ ਸਭ ਲੀਨ ਹੋ ਜਾਣਗੇ। ਪਰ ਫੇਰ ਵੀ ਦੇਖਦੇ ਹੋਂ ਤੇ ਸਵੇਰੇ ਉੱਠਕੇ ਕਹਿੰਦੇ ਹੋਂ ਕਿ 'ਬੜੇ ਸੁੱਖ ਸੇ ਸੋਏ', ਕੁੱਛ ਪਤਾ ਨਹੀਂ ਲੱਗਿਆ। ਹੁਣ ਇਹ ਸੁੱਖ ਸਰੂਪ ਤਾਂ ਤੁਹਾਡਾ ਆਪਣਾ ਆਪ ਹੈ ਪਰ ਅਜੇ ਅਗਿਆਨ ਖੜ੍ਹਾ ਹੈ। ਜੇ ਅਗਿਆਨ ਨਾ ਹੁੰਦਾ ਤਾਂ ਸਾਰਿਆਂ ਨੂੰ ਸਸ਼ੁਪਤੀ ਵਿੱਚ ਗਿਆਨ ਹੋ ਜਾਂਦਾ, ਬ੍ਰਹਮ ਗਿਆਨੀ ਹੋ ਜਾਂਦਾ। 'ਬੜੇ ਸੁੱਖ ਸੇ ਸੋਇਆ, ਕੁੱਛ ਨਾ ਜਾਨਤਾ ਭਇਆ', ਅਗਿਆਨ ਦਾ ਪੜਦਾ ਸੀ। ਪਰ ਜਦ ਸਮਾਧੀ ਵਿੱਚ ਜਾਉਂਗੇ ਤਾਂ ਨਿਰਵਿਕਲਪ ਸਮਾਧੀ ਹੋਵੇਗੀ। ਵਿਕਲਪ ਨਾਮ ਹੈ ਤ੍ਰਿਪੁਟੀ ਦਾ, ਗਿਆਤਾ, ਗਿਆਨ, ਗੇਯ ਅਤੇ ਧਿਆਤਾ, ਧਿਆਨ, ਧੇਯ। ਉਥੇ ਇੱਕ ਵਸਤੂ ਸੀ, ਉਹ ਤੁਹਾਨੂੰ ਐਣ ਪੱਕੀ, ਦ੍ਰਿੜ੍ਹ ਨਿਸ਼ਚੇ ਹੋ ਜਾਊ। ਉਹ ਜਿਹੜੀ ਤੁਹਾਡੀ ਕਮਾਈ ਕੀਤੀ ਹੋਈ ਹੈ ਅਭਿਆਸ ਦੀ, ਉਹ ਸਾਰੀ ਅੱਜ ਤੁਹਾਡੀ ਸਫਲ ਹੋ ਗਈ। ਗਿਆਨ, ਚੇਤਨ ਹੈ। ਜੇ ਇੰਦਰੀਆਂ ਦੁਆਰੇ ਗਿਆਨ ਹੁੰਦਾ ਤਾਂ ਸਸ਼ੁਪਤੀ ਵੇਲੇ

ਤੁਹਾਨੂੰ ਗਿਆਨ ਹੋਣਾ ਹੀ ਨਹੀਂ ਚਾਹੀਦਾ। ਉਥੇ ਗਿਆਨ ਤਾਂ ਚੇਤਨ ਹੀ ਹੈ। ਸਸ਼ੁਪਤੀ ਵਿੱਚ ਇੰਦਰੀਆਂ, ਮਨ, ਬੁੱਧੀ ਲੀਨ ਹੋ ਜਾਂਦੇ ਹਨ। ਉਥੇ ਸਾਨੂੰ ਸਾਖਿਆਤ ਹੋ ਗਿਆ, ਪਰ ਅਗਿਆਨ ਦਾ ਪੜਦਾ ਸੀ, ਉਸਨੇ ਸਾਨੂੰ ਉਥੇ ਪਹੁੰਚਣ ਨਹੀਂ ਦਿੱਤਾ, ਜਿੱਥੇ ਪਹੁੰਚਣਾ ਸੀ। ਉਸ ਸਮਾਧੀ ਤੇ ਜਾਕੇ, ਮਨ ਇਸਥਿਤ ਹੋ ਜਾਏਗਾ –

ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥

(ਪੰਨਾ ੪੭੫)

ਤੁਹਾਨੂੰ ਭਰਮ ਸੀ ਕਿ ਇੱਕ ਜੀਵ ਹੁੰਦਾ ਹੈ ਤੇ ਇੱਕ ਈਸ਼ਰ ਹੁੰਦਾ ਹੈ। ਇਹ ਭਰਮ ਆਮ ਹੈ ਸਾਰਿਆਂ ਨੂੰ। ਪਰ ਤੁਸੀਂ ਐਂ ਦੱਸੋ ਕਿ ਜਦ ਉਹ ਕੁੰਭ ਵਾਲਾ ਜਲ ਡੋਲ੍ਹ ਦਿੱਤਾ, ਤਾਂ ਸੂਰਜ ਦਾ ਪ੍ਰਤਿਬਿੰਬ ਕਿੱਥੇ ਗਿਆ? ਉਹ ਬਿੰਬ ਮੇਂ ਜਾ ਕੇ ਮਿਲ ਗਿਆ। ਜੇ ਸੱਚ ਹੁੰਦਾ ਤਾਂ ਬਣਿਆ ਰਹਿੰਦਾ। ਪਰ ਜਦ ਘੜਾ ਢਕ ਦਿੱਤਾ ਤਾਂ ਪ੍ਰਤੀਬਿੰਬ ਕਿੱਥੇ ਗਿਆ? ਇਹ ਭਰਮ ਸੀ। ਉਹ ਆਤਮਾ ਮੇਂ ਅਨਾਤਮ ਬੁੱਧੀ ਸੀ। ਏਸ ਕਰਕੇ ਹੇ ਭਾਈ! ਜਦ ਤੱਕ ਤੁਸੀਂ ਇੱਥੇ ਨਹੀਂ ਪਹੁੰਚੋਗੇ, ਤਬ ਤੱਕ ਰਹੱਸਕ ਸੱਚ ਤੁਹਾਨੂੰ ਪ੍ਰਾਪਤ ਨਹੀਂ ਹੋਏਗਾ। ਤੁਹਾਨੂੰ ਸ਼ੁੱਧ ਗਿਆਨ ਪ੍ਰਾਪਤ ਨਹੀਂ ਹੋਏਗਾ। ਜਦ ਸ਼ੁੱਧ ਗਿਆਨ ਹੋ ਗਿਆ ਫੇਰ ਤੁਹਾਡੀਆਂ ਅੱਖਾਂ ਖੁਲ੍ਹ ਜਾਣਗੀਆਂ, ਨੀਂਦ ਖੁਲ੍ਹ ਜਾਏਗੀ। ਫੇਰ ਤੁਸੀਂ ਜਾਗਦੀ ਜੋਤ ਦੇ ਨਾਲ ਇੱਕ ਹੋ ਜਾਉਂਗੇ। ਜਾਗਦੀ ਜੋਤ ਇੱਕੋ ਹੈ। ਸੰਤ ਅਤਰ ਸਿੰਘ ਜੀ ਮਹਾਂਪੁਰਸ਼ ਹੋਏ ਨੇ ਮਸਤੂਆਣੇ ਵਾਲੇ। ਪਹਿਲੇ ਮੈਂ ਉਨ੍ਹਾਂ ਤੋਂ ਇੱਕ ਵਾਰੀ ਸੁਣਿਆ ਸੀ– "ਜਪੋ ਖਾਲਸਾ ਜੀ ਸਾਰੇ ਜਾਗਦੀ ਜੋਤ ਨੂੰ"। ਤੁਸੀਂ ਜਾਗਦੀ ਜੋਤ ਦੇ ਉਪਾਸ਼ਕ ਹੋਂ ਖਾਲਸਾ ਜੀ ! ਹੋਰ ਕਿਸੇ ਦੇ ਨਹੀਂ। ਜਾਗਦੀ ਜੋਤ ਦੀ ਗੱਲ ਬਾਤ ਕਰਨੀ ਹੈ।

ਜੋ ਮਾਗਹਿ ਸੋਈ ਸੋਈ ਪਾਵਹਿ

ਜੋ ਵੀ ਪਰਮੇਸ਼ਰ ਤੋਂ ਸੱਚੇ ਦਿਲੋਂ ਮੰਗੋਂਗੇ, ਉਹੀ ਪਾਵੋਂਗੇ। ਜਿੰਨੇ ਦੁਨੀਆਂ ਦੇ ਭਗਤ ਹਨ ਸਭਨੇ ਇੱਕੋ ਚੀਜ ਮੰਗੀ। ਨਰਸੀ ਨੇ ਵੀ ਇੱਕੋ ਹੀ ਚੀਜ ਮੰਗੀ। ਉਹਨੂੰ ਕਹਿੰਦਾ ਕਿ ਤੇਰੇ ਕੋਈ ਭਾਤ ਭਰਨ

ਆਲਾ ਹੀ ਨਹੀਂ। ਉਸਨੇ ਕਿਹਾ ਕਿ ਈਸ਼ਵਰ ਜੋ ਹੈ, ਉਹ ਭਰੇਗਾ। ਉਸੇ ਤਰ੍ਹਾਂ ਪ੍ਰਭੂ ਸਮੇਂ ਤੇ ਆਇਆ ਅਰ ਭਾਤ ਭਰਕੇ ਚਲਾ ਗਿਆ। ਫੇਰ ਨਰਸੀ ਨੂੰ ਲੋਕਾਂ ਨੇ ਮੰਨਿਆ ਕਿ ਇਹ ਤਾਂ ਰੱਬ ਦਾ ਭਗਤ ਹੈ।

ਸੇਵਿ ਹਰਿ ਕੇ ਚਰਣ ਰਸਾਇਣ॥

ਜਿਹੜੇ ਹਰੀ ਦੇ ਚਰਨ ਹਨ, ਇਹ ਰਸਾਇਣ ਨੇ । ਇਨ੍ਹਾਂ ਦੀ ਸੇਵਾ ਕਰਨੇ ਤੇ ਤੈਨੂੰ ਸਭ ਕੁੱਛ ਮਿਲ ਜਾਏਗਾ। ਜਿਸਨੇ ਵੀ ਸੇਵਾ ਕੀਤੀ, ਉਸਨੂੰ ਸਭ ਕੁੱਛ ਮਿਲ ਗਿਆ। ਇਹ ਪਹਿਲੇ ਹੀ ਤੁਸੀਂ ਜਾਣਦੇ ਹੋਂ। ਗੁਰੂ ਨਾਨਕ, ਕਿਸੇ ਸੁਸਾਇਟੀ ਦਾ ਬਣਾਇਆ ਹੋਇਆ ਗੁਰੂ ਨਹੀਂ ਸੀ, ਨਾ ਹੀ ਦੁਨੀਆਂ ਨੇ ਗੁਰੂ ਬਣਾਇਆ ਸੀ। ਉਹ ਤਾਂ–

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ (ਪੰਨਾ ੧੪੦੮)

ਉਸ ਜੋਤ ਨੇ ਆਪਣਾ ਨਾਮ '**ਨਾਨਕੁ**' ਕਹਾਇਆ।

ਨਾਨਕ ਅੰਗਦ ਕੋ ਬਪੁ ਧਰਾ॥
ਧਰਮ ਪ੍ਰਚੁਰ ਇਹ ਜਗੁ ਮੋ ਕਰਾ॥ (ਦਸਮ ਗ੍ਰੰਥ)

ਗੁਰੂ ਸਾਹਿਬ ਦੀ, ਬਾਬੇ ਲਹਿਣੇ ਨੇ ਪੂਰਨ ਸ਼ਰਧਾ ਕਰਕੇ ਸੇਵਾ ਕੀਤੀ, ਉਹ ਅੰਗਦ ਦੇ ਰੂਪ ਵਿੱਚ ਆ ਗਏ –

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਪਰਮੇਸ਼ਰ ਫੇਰ ਦੂਸਰੇ ਘਟ ਵਿੱਚ, ਜੋਤ ਸਰੂਪ ਪ੍ਰਗਟ ਹੋ ਗਿਆ, ਪਰ ਜੋਤ ਤੇ ਜੁਗਤੀ ਉਹੀ ਹੈ, ਉਹ ਧੁਰ ਤੱਕ ਜਾਏਗੀ।

ਜਨਮ ਮਰਣ ਦੁਹਹੂ ਤੇ ਛੂਟਹਿ

ਜਨਮ ਮਰਨ ਦੁਹਾਂ ਤੋਂ ਛੁੱਟ ਜਾਏਗਾ। ਜੇ ਤੁਸੀਂ ਅੱਛੀ ਤਰ੍ਹਾਂ ਵਿਚਾਰੋਂਗੇ, ਤਾਂ ਜਨਮ ਮਰਨ ਤੁਹਾਡਾ ਧਰਮ ਨਹੀਂ ਹੈ। ਚੇਤਨ, ਅੱਜ ਤੱਕ ਨਾ ਜਨਮਿਆ ਨਾ ਮਰਿਆ। ਜੈਸੇ ਸਫੁਟਕ ਮਣੀ ਪਈ ਹੋਵੇ, ਉਹਦੇ ਕੋਲ ਲਾਲ ਰੰਗ ਦਾ ਫੁੱਲ ਰੱਖ ਦਿਉ ਤਾਂ ਉਹ ਲਾਲ ਹੋ ਜਾਂਦੀ ਹੈ। ਪਰ ਉਹ ਮਣੀ ਦਾ ਧਰਮ ਤਾਂ ਨਹੀਂ ਬਦਲਿਆ। ਉਹ ਜਿਹੜੇ

ਤੁਹਾਡੇ ਅੰਦਰ ਦੁੱਖ-ਸੁੱਖ, ਜਨਮ-ਮਰਨ, ਭੈ ਆਦਿ ਨੇ, ਇਹ ਸਾਰੇ ਚੇਤਨ ਦੇ ਧਰਮ ਨਹੀਂ ਹਨ। ਦੁੱਖ-ਸੁੱਖ, ਜਨਮ-ਮਰਨ ਇਹ ਅੰਤਹਕਰਣ ਦੇ ਧਰਮ ਹਨ ।ਇਹ ਤੁਹਾਨੂੰ ਆਪਣੇ ਆਪ ਪਰਤੀਤ ਹੋਏਗਾ। ਜੋਤ ਨ ਕਦੇ ਜੰਮਦੀ ਹੈ, ਨਾ ਮਰਦੀ ਹੈ ।

ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ॥ (ਦਸਮ ਪਾਤਸ਼ਾਹ)

ਜੋਤ ਇੱਕ ਹੈ, ਵਿਆਪਕ ਹੈ, ਦੋ ਜੋਤਾਂ ਕਦੇ ਨਹੀਂ ਹੋਈਆਂ -

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥

(ਪੰਨਾ ੭੪੯)

ਜਿਹੜੇ ਪੂਰਨ ਤੱਤਵੇਤਾ ਪੁਰਸ਼ ਹੁੰਦੇ ਹਨ, ਉਹ ਜਨਮ ਮਰਨ ਵਿੱਚ ਨਹੀਂ ਆਉਂਦੇ।ਉਹ ਰੱਬ ਦੇ ਭੇਜੇ ਆਉਂਦੇ ਹਨ।ਕਦੇ-ਕਦੇ ਰੱਬ ਆਪ ਵੀ ਆਉਂਦਾ ਹੈ। ਪਰ ਆਪ ਕਿਉਂ ਆਉਂਦਾ ਹੈ? ਉਸਦੇ ਇਤਨੇ ਅਹਿਲਕਾਰ ਵੀ ਤਾਂ ਹਨ, ਉਨ੍ਹਾਂ ਨੂੰ ਕਿਉਂ ਨਹੀਂ ਭੇਜਦਾ? ਇਹ ਸ਼ੰਕਾ ਕੀਤੀ ਇੱਕ ਰਾਜੇ ਨੇ।ਸੰਤ ਕਹਿੰਦੇ ਉੱਤਰ ਦੇਈਏ ਸ਼ਬਦ ਦੁਆਰਾ ਕਿ ਕਰਕੇ ਦਿਖਾਈਏ? ਅਖੇ ਕਰਕੇ ਦਿਖਾਓ। ਰਾਜਾ ਜਿਹੜਾ ਪੁੱਛ ਰਿਹਾ ਸੀ, ਉਹ ਇੱਕ ਸੰਤਾਂ ਦਾ ਸ਼ਿਸ਼ ਸੀ। ਉਸਨੂੰ, ਪਰਮੇਸ਼ਰ ਨੇ ਇੱਕ ਬੱਚਾ ਦਿੱਤਾ ਸੀ ਪਰ ਉਹਨੂੰ ਇਹ ਇੱਕ ਸ਼ੱਕ ਪੈ ਗਿਆ ਸੀ ਬਈ ਰੱਬ ਕਦੇ ਆਪ ਨਹੀਂ ਆਉਂਦਾ ਹੁੰਦਾ। ਓਸ ਰਾਜੇ ਨੂੰ ਉਥੇ ਰੱਖ ਲਿਆ। ਤਲਾਬ ਪੁਟਾਇਆ, ਸਭ ਕੁੱਛ ਹੋਇਆ। ਰਾਜਾ ਸ਼ਾਮ ਨੂੰ ਜਾਕੇ ਉਥੇ ਬਹਿੰਦਾ ਹੁੰਦਾ। ਇਹ ਸ਼ੰਕਾ ਰਾਜਾ ਹੀ ਜਿਆਦਾ ਕਰਦਾ ਸੀ, ਉਸਨੂੰ ਦਿਖਾਉਣ ਲਈ ਸਭ ਕੁੱਛ, ਸੰਤਾਂ ਨੇ ਕੀਤਾ। ਇੱਕ ਬੱਚਾ ਬਣਾਇਆ, ਰਾਜੇ ਦੇ ਬੱਚੇ ਵਰਗਾ। ਸੰਤ, ਬੱਚੇ ਨੂੰ ਲੈ ਕੇ ਤਲਾਬ ਦੇ ਕੰਢੇ ਬਹਿ ਗਏ। ਜਦ ਰਾਜੇ ਨੇ ਉੱਧਰ ਦੇਖਿਆ, ਤਾਂ ਸੰਤਾਂ ਨੇ ਬੱਚੇ ਨੂੰ ਤਲਾਬ ਵਿੱਚ ਸੁੱਟ ਦਿੱਤਾ। ਰਾਜੇ ਨੇ ਉਸੇ ਵੇਲੇ ਛਾਲ ਮਾਰੀ ਤਲਾਅ ਵਿੱਚ, ਪਰ ਉਹ, ਉਹਦਾ ਬੱਚਾ ਤਾਂ ਨਹੀਂ ਸੀ, ਬਣਾਉਟੀ ਸੀ, ਪਰ ਸ਼ਕਲ ਉਸੇ ਤਰ੍ਹਾਂ ਦੀ ਸੀ। ਸੰਤਾਂ ਨੇ ਰਾਜੇ ਨੂੰ ਪੁੱਛਿਆ ਕਿ ਕਿਉਂ ਛਾਲ ਮਾਰੀ? ਤੇਰੇ ਕੋਲ ਇਤਨੇ ਅਹਿਲਕਾਰ ਬੈਠੇ ਸਨ, ਉਨ੍ਹਾਂ ਨੂੰ ਹੁਕਮ ਕਰ ਦਿੰਦਾ। ਤਾਂ ਉਹ ਰਾਜਾ ਕਹਿੰਦਾ ਕਿ ਮੈਨੂੰ ਵਕਤ ਹੀ ਨਹੀਂ

ਮਿਲਿਆ। ਕਹਿੰਦੇ-ਪਰਮੇਸ਼ਰ ਨੂੰ ਭਗਤ ਇਹੋ ਜਿਹੇ ਪਿਆਰੇ ਹੁੰਦੇ ਨੇ, ਉਨ੍ਹਾਂ ਦੀ ਰੱਖਿਆ ਕਰਨ ਵਾਸਤੇ ਕਦੇ-ਕਦੇ ਉਹ ਆਪ ਵੀ ਆਉਂਦਾ ਹੈ।

ਭਵਜਲੁ ਜਗਤੁ ਤਰਾਇਣ॥

ਕਹਿੰਦੇ - ਇਹ ਜਿਹੜਾ ਭਵਜਲ ਹੈ ਸੰਸਾਰ ਜਗਤ, ਇਹਦੇ ਤੋਂ ਤੂੰ ਤਰ ਜਾਏਂਗਾ। ਜਿਸ ਦਿਨ ਤੈਨੂੰ ਇਹ ਗਿਆਨ ਮਿਲ ਗਿਆ, ਰਹੱਸਕ ਗਿਆਨ ਮਿਲ ਗਿਆ। ਆਹ, ਤੁਸੀਂ ਦੇਖਦੇ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਸਾਰਾ ਅਲਹਾਮ ਹੈ। ਅਲਹਾਮ ਕਿਹੜਾ ਹੁੰਦਾ ਹੈ? ਜਿਹੜਾ ਪਰਮੇਸ਼ਰ ਦਾ ਗਿਆਨ ਹੋਵੇ। ਕਈ ਕਹਿੰਦੇ, ਜੀ ਮੱਥਾ ਕਿਉਂ ਟੇਕਦੇ ਹੋਂ ਕਾਗਜਾਂ ਨੂੰ? ਇਨ੍ਹਾਂ ਪਾਗਲਾਂ ਨੂੰ ਇਹ ਨਹੀਂ ਪਤਾ ਕਿ ਜੇ ਕਾਗਜਾਂ ਨੂੰ ਹੀ ਮੱਥਾ ਟੇਕਣਾ ਸੀ ਤਾਂ ਪਟਵਾਰੀ ਦੇ ਕਾਗਜਾਂ ਨੂੰ ਨਾ ਟੇਕਦੇ? ਇਹ ਤਾਂ ਬੇਵਕੂਫੀ ਹੈ, ਇਹ ਤਾਂ ਗਿਆਨ ਨੂੰ ਮੱਥਾ ਟੇਕਿਆ ਜਾਂਦਾ ਹੈ, ਗਿਆਨ ਦੀ ਹੀ ਪੂਜਾ ਹੁੰਦੀ ਹੈ ਸੰਸਾਰ ਵਿੱਚ। ਇਹ ਜਿਹੜੇ ਲੋਕ ਸੰਸਾ ਕਰਦੇ ਹਨ, ਉਹਨਾਂ ਨੂੰ ਸ਼ੱਕ ਪੈ ਜਾਂਦਾ ਹੈ ਕਿ ਇਹ ਕਾਗਜ ਵੀ ਖੌਰੇ ਗਿਆਨ ਹੀ ਹੈਗਾ। ਵਾਸਤਵ ਮੇਂ ਪਰਮੇਸ਼ਰ ਤੋਂ ਬਿਨਾਂ, ਹੋਰ ਕੋਈ ਗਿਆਨ ਨਹੀਂ ਹੈ। ਗਿਆਨ ਇੱਕ ਹੈ, ਇਸ ਲਈ ਏਕਾ ਲਿਖਿਆ ਹੈ। ਸਤ, ਚਿਤ, ਅਨੰਦ ਇੱਕੋ ਹੀ ਹੈਗਾ, ਤੁਸੀਂ ਜਾਣਦੇ ਹੋਂ-

ਖੋਜਤ ਖੋਜਤ ਤਤੁ ਬੀਚਾਰਿਓ

ਕਹਿੰਦੇ-ਦੁਨੀਆਂ ਸਾਰੀ ਖੋਜੀ, ਮਨ ਖੋਜਿਆ, ਬੁੱਧੀ ਖੋਜੀ, ਮਹਾਂਪੁਰਸ਼ਾਂ ਕੋਲ ਜਾ ਕੇ ਖੋਜ ਕੀਤੀ, ਪਰ ਇੱਕ ਚੀਜ ਨਿਕਲੀ- '**ਤਤੁ**'। ਅਸਲੀ ਚੀਜ ਇੱਕ ਨਿਕਲੀ। ਇਹ ਅਸਲੀ ਚੀਜ ਏਕਾ, ਵਿਆਪਕ ਹੈ, ਸਾਰਿਆਂ ਦੇ ਅੰਦਰ ਹੈ, ਸਭ ਵਿੱਚ ਇੱਕ ਹੀ ਹੈ। ਮੈਂ ਜਦ ਰਾਤ ਨੂੰ ਖੜ੍ਹਿਆ ਕਰਾਂ ਤਾਂ ਇੱਕ ਕੁੱਤੀ ਮੇਰੇ ਕੋਲ ਆ ਜਾਏ। ਮੈਂ ਕਿਹਾ ਕਿ ਲਿਆ ਭਾਈ! ਇਸ ਨੂੰ ਰੋਟੀ ਪਾ, ਇਹ ਤਾਂ ਭੁੱਖੀ ਹੈ। ਇਹ ਗਿਆਨ ਸਭ ਵਿੱਚ ਹੈ ਪਰ ਸ਼ੁੱਧ ਗਿਆਨ ਪਰਮੇਸ਼ਰ ਦੀ ਕਿਰਪਾ ਤੇ ਆਉਂਦਾ ਹੈ। ਨੌਂਵੇਂ ਪਾਤਸ਼ਾਹ ਕਹਿੰਦੇ ਹਨ ਕਿ ਜਦ ਇਸਨੂੰ ਗਿਆਨ

ਪਰਾਪਤ ਹੋ ਜਾਏ ਤਾਂ ਹਿਰਦੇ ਵਿੱਚੋਂ ਹੀ ਇਸਨੂੰ, ਨਿਰੰਜਨ ਪ੍ਰਾਪਤ ਹੋ ਜਾਏਗਾ।

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਬੱਸ ਗਿਆਨ ਤਾਂ ਐਥੇ ਪੂਰਾ ਹੋ ਗਿਆ ਪਰ –

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥

(ਪੰਨਾ ੬੮੪)

ਜਿੰਨਾਂ ਚਿਰ ਤੁਸੀਂ ਆਪਣੇ ਆਪ ਨੂੰ ਨਹੀਂ ਖੋਜਦੇ, ਤੱਤ ਨੂੰ ਨਹੀਂ ਜਾਣ ਲੈਂਦੇ, ਓਨਾ ਚਿਰ ਭਰਮ ਨਹੀਂ ਮਿਟੇਗਾ। ਫੇਰ ਤੁਹਾਡਾ ਭਰਮ ਨਵਿਰਤ ਹੋ ਜਾਏਗਾ। ਫੇਰ ਤੁਸੀਂ ਗਿਆਨੀ ਹੋ ਜਾਉਂਗੇ। ਜੋ ਤੁਹਾਡਾ ਅਨੁਭਵ ਹੈ, ਉਹ ਤੁਹਾਨੂੰ ਹੀ ਪਤਾ ਹੈ, ਹੋਰ ਕਿਸੇ ਨੂੰ ਨਹੀਂ ਪਤਾ। ਇਸ ਕਰਕੇ ਭਾਈ! ਉਹ ਅਸੀਂ ਤੱਤ ਵਿਚਾਰਿਆ।

ਦਾਸ ਗੋਵਿੰਦ ਪਰਾਇਣ॥

ਇੱਕੋ ਹੀ ਗੱਲ ਹੈ ਕਿ ਦਾਸ, ਜਗਿਆਸੂ ਪ੍ਰਭੂ ਦੇ ਪਰਾਇਣ ਹੋ ਜਾਣ। ਕੈਸੇ ਹੋਏਗਾ ਪਰਾਇਣ? ਤੁਹਾਡੇ ਹਿਰਦੇ ਵਿੱਚ ਕੋਈ ਹੋਰ ਕਾਮਨਾ, ਵਾਸ਼ਨਾ ਨਾ ਰਹੇ। ਸੰਕਲਪ ਵੀ ਨਾ ਰਹੇ ਤਾਂ ਮਨ ਪਰਮੇਸ਼ਰ ਨਾਲ ਜੁੜ ਜਾਏਗਾ। ਦਾਸ ਨੂੰ ਚਾਹੀਦਾ ਹੈ ਕਿ ਪ੍ਰਭੂ ਦੀ ਸ਼ਰਨ ਵਿੱਚ ਪੈ ਜਾਏ, ਤੇ ਜੋ ਪ੍ਰਭੂ ਕਰੇ, ਉਸਨੂੰ ਭਲਾ ਕਰਕੇ ਮੰਨੇ।

ਅਬਿਨਾਸੀ ਖੇਮ ਚਾਹਹਿ ਜੇ ਨਾਨਕ

ਜੇ ਤੂੰ ਨਾਸ ਤੋਂ ਰਹਿਤ ਸੁੱਖ ਚਾਹੁੰਦਾ ਹੈਂ ਤਾਂ ਗੁਰੂ ਅਰਜਨ ਦੇਵ ਜੀ ਕਹਿੰਦੇ –

ਸਦਾ ਸਿਮਰਿ ਨਾਰਾਇਣ॥

ਪਰਮੇਸ਼ਰ ਦਾ ਸਿਮਰਨ ਕਦੇ ਨਾ ਭੁੱਲੀਂ। ਕਬੀਰ ਸਾਹਿਬ ਨੇ ਆਖਿਆ

ਕਿ ਮੈਂ ਬਉਰਾ ਨਹੀਂ, ਬਉਰਾ ਤਾਂ ਉਹ ਹੈ ਜੋ ਆਪ ਨੂੰ ਨਹੀਂ ਪਛਾਣਦਾ।

ਸੋ ਬਉਰਾ ਜੋ ਆਪੁ ਨ ਪਛਾਨੈ॥ ਆਪੁ ਪਛਾਨੈ ਤ ਏਕੈ ਜਾਨੈ॥

(ਪੰਨਾ ੮੫੫)

ਕਹਿੰਦੇ ਕਿ ਜਦ ਉਸਨੂੰ ਪਛਾਣ ਆ ਗਈ ਤਾਂ ਉਹ ਇੱਕੋ ਪਰਮੇਸ਼ਰ ਨੂੰ ਜਾਣੇਗਾ। ਇਹ ਪਛਾਣ ਕੀ ਹੈ? ਪਛਾਣ ਇਹ ਹੈ ਕਿ ਉਹ ਇਕੋ ਪਰਮੇਸ਼ਰ ਨੂੰ ਹੀ ਜਾਣੇਗਾ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥(ਪੰਨਾ ੧੪੨੭)

ਸਾਰਿਆਂ ਦੇ ਹਿਰਦੇ ਵਿੱਚ ਉਸਨੂੰ ਇੱਕ ਪਰਮੇਸ਼ਰ ਹੀ ਦਿਸੇਗਾ, ਦਵੈਤ ਕੱਟੀ ਜਾਏਗੀ ਤੇ ਨਾਲ ਹੀ ਜਨਮ ਮਰਨ ਕੱਟਿਆ ਜਾਏਗਾ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ ॥

੬

ਜੈਤਸਰੀ ਮਹਲਾ ੫ ॥
ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥ ੧ ॥ ਰਹਾਉ ॥
ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥
ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥ ੧ ॥
ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ~ਰੀ ਓਰਿ ॥
ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥ ੨ ॥

(ਪੰਨਾ ੭੦੧)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰ! ਸਤਿਨਾਮ ਸ੍ਰੀ ਵਾਹਿਗੁਰੂ!! ਸਤਿਨਾਮ ਸ੍ਰੀ ਵਾਹਿਗੁਰੂ!!!

ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਇੱਕ ਤਰੀਕਾ ਦੱਸਿਆ ਕਿ ਤੁਸੀਂ ਪਰਮੇਸ਼ਰ ਨੂੰ ਇਸ ਤਰੀਕੇ ਨਾਲ ਪਾਉ । ਬਾਤ ਇਹ ਹੈ –

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥

(ਪੰਨਾ ੯੬੪)

ਦੁਨੀਆਂ ਵਿੱਚ ਪਰਮੇਸ਼ਰ ਦੇ ਦੋ ਸਰੂਪ ਹਨ, ਇੱਕ ਨਿਰਗੁਣ ਤੇ ਇੱਕ ਸਰਗੁਣ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥ (ਪੰਨਾ ੨੮੭)

ਜਦ ਦੁਨੀਆਂ ਵਿੱਚ ਪਾਪ ਵਧ ਜਾਣ ਜਾਂ ਕੋਈ ਵਿਸ਼ੇਸ਼ ਕੰਮ ਹੋਵੇ ਤਾਂ ਉਹੀ ਨਿਰੰਕਾਰ ਉਦੋਂ ਸਰਗੁਣ ਰੂਪ ਹੋਕੇ, ਦੁਨੀਆਂ ਵਿੱਚ ਸ਼ਾਂਤੀ ਵਰਤਾਉਂਦਾ ਹੈ। ਗੁਰੂ ਸਾਹਿਬ ਨੇ ਇੱਕ ਬੇਨਤੀ ਦੱਸੀ ਹੈ –

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ (ਪੰਨਾ ੨੯੩)

ਮੈਨੂੰ, ਪ੍ਰਭੂ ਦੀ ਕਿਰਪਾ ਨਾਲ ਸੰਤ ਮਿਲਿਆ।

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥

(ਪੰਨਾ ੨੯੩)

ਉਹ ਪਰਮੇਸ਼ਰ ਦਾ ਭੇਜਿਆ ਹੋਇਆ ਸੰਤ, ਮੈਨੂੰ ਗੁਰੂ ਰਾਮ ਦਾਸ ਜੀ ਦੇ ਰੂਪ ਵਿੱਚ ਮਿਲਿਆ, ਜਿਨ੍ਹਾਂ ਨੇ ਕਿਰਪਾ ਕਰਕੇ, ਮੈਨੂੰ ਇਹ ਉਪਦੇਸ਼ ਦਿੱਤਾ –

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥

(ਪੰਨਾ ੧੨੯੯)

ਉਸ ਸੰਤ ਨੇ ਮੈਨੂੰ, ਮੇਰੇ ਅੰਦਰ ਪ੍ਰਭੂ ਦਾ ਸਾਖਸ਼ਾਤ ਕਰਵਾ ਦਿੱਤਾ। ਸਾਰੇ ਸੰਸਾਰ ਵਿੱਚ ਵਿਆਪਕ ਪ੍ਰਭੂ, ਸਭ ਦੇ ਹਿਰਦੇ ਵਿੱਚ ਦਿਖਾ ਦਿੱਤਾ –

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨਾ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥
ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ ੮੩੮)
ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥

(ਪੰਨਾ ੧੪੨੭)

ਗੁਰੂ ਨੇ ਕਿਰਪਾ ਕੀਤੀ, ਸਾਰਿਆਂ ਦੇ ਹਿਰਦੇ ਵਿੱਚ ਪ੍ਰਭੂ ਦਾ ਸਾਖਸ਼ਾਤ ਕਰਵਾ ਦਿੱਤਾ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ– ਕਿ ਮੇਰੇ ਉਤੇ ਗੁਰੂ ਰਾਮਦਾਸ ਜੀ ਨੇ ਕਿਰਪਾ ਕੀਤੀ ਤੇ ਇੱਥੇ ਪਹੁੰਚਾ

ਦਿੱਤਾ। ਉਹ ਨਿਰੰਕਾਰ, ਸਰਗੁਣ ਹੋਕੇ ਮਿਲਿਆ। ਇਸੇ ਬਾਬਤ ਪੰਚਮ ਪਾਤਸ਼ਾਹ ਕਹਿੰਦੇ ਹਨ ਕਿ ਇਸ ਤਰ੍ਹਾਂ ਪ੍ਰਭੂ ਅੱਗੇ ਬੇਨਤੀ ਕਰਿਆ ਕਰੋ।

ਜੈਤਸਰੀ ਮਹਲਾ ੫॥

ਜੈਤਸਰੀ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਕਹਿੰਦੇ ਨੇ-

ਕੋਈ ਜਨੁ ਹਰਿ ਸਿਉ ਦੇਵੈ ਜੋਰਿ॥

ਕੋਈ ਰੱਬ ਦਾ ਪਿਆਰਾ, ਕੋਈ ਭਗਤ, ਪਰਮੇਸ਼ਰ ਦਾ ਪਿਆਰਾ, ਮੈਨੂੰ ਹਰੀ ਦੇ ਨਾਲ ਜੋੜ ਦੇਵੇ। ਮੈਂ ਇੱਕੋ ਹੀ ਬੇਨਤੀ ਕਰਦਾ ਹਾਂ ਕਿ ਮੈਨੂੰ ਕੋਈ ਅਜਿਹਾ ਪਰਮੇਸ਼ਰ ਦਾ ਪਿਆਰਾ, ਜੋ ਰੱਬ ਦੇ ਨਾਲ ਮਿਲਿਆ ਹੋਵੇ ਤੇ ਜੋ ਮੇਰੇ ਮਨ ਨੂੰ, ਮੇਰੇ ਖਿਆਲਾਂ ਨੂੰ ਪਰਮੇਸ਼ਰ ਨਾਲ ਜੋੜ ਦੇਵੇ।

ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥ (ਅਕਾਲ ਉਸਤਤਿ-੧੦)

ਇੱਕ ਛਿੰਨ ਲਈ ਵੀ ਜਿਹੜਾ ਮੇਰੇ ਮਨ ਨੂੰ ਪਰਮੇਸ਼ਰ ਨਾਲ ਜੋੜ ਦੇਵੇ, ਤਾਂ ਮੈਂ ਕਾਲ ਫਾਸ ਤੋਂ ਬਚ ਜਾਵਾਂ। ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ-

ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥

ਮੈਂ ਉਨ੍ਹਾਂ ਦੇ ਚਰਨ ਫੜ ਲਊਂਗਾ, ਚਰਨਾਂ ਤੇ ਆਪਣਾ ਮੱਥਾ ਰੱਖ ਦੇਊਂਗਾ। ਮੈਂ ਆਪਣੀ ਰਸਨਾ ਤੋਂ ਬੜੇ ਸ਼ੁੱਭ ਬਚਨਾਂ ਨਾਲ ਉਨ੍ਹਾਂ ਦੀ ਉਸਤਤੀ ਕਰੂੰਗਾ। ਆਪਣੇ ਪ੍ਰਾਣ ਵੀ ਉਸਨੂੰ ਅਰਪਣ ਕਰ ਦੇਊਂਗਾ, ਜਿਹੜਾ ਮੈਨੂੰ ਰੱਬ ਨਾਲ ਮਿਲਾ ਦੇਵੇ। ਜਿਵੇਂ ਬਾਬਾ ਬੁੱਢਾ ਜੀ ਛੋਟੀ ਉਮਰ ਵਿੱਚ ਹੀ, ਮੱਖਣ ਲੈਕੇ ਗੁਰੂ ਨਾਨਕ ਦੇ ਪਾਸ ਗਏ । ਜਾਕੇ ਨਮਸ਼ਕਾਰ ਕੀਤੀ ਤੇ ਕਿਹਾ ਕਿ ਹੇ ਪਰੀਪੂਰਨ ਸ੍ਰੀ ਗੁਰੂ ਨਾਨਕ ਸਾਹਿਬ! ਮੈਂ ਸੁਣਿਆ ਹੈ ਤੁਸੀਂ ਸੰਤ ਹੋਂ, ਤੁਸੀਂ ਮੇਰਾ ਪਾਰ ਉਤਾਰਾ ਕਰ ਦਿਉ। ਗੁਰੂ ਜੀ ਨੇ ਕਿਹਾ ਕਿ ਤੂੰ ਤਾਂ ਅਜੇ ਬੱਚਾ ਹੈਂ, ਤੈਂ ਤਾਂ ਅਜੇ ਦੁਨੀਆਂ ਵੀ ਨਹੀਂ ਦੇਖੀ। ਬੱਚੇ ਨੇ ਕਿਹਾ ਕਿ ਅੱਜ ਮੈਂ ਇੱਕ ਗੱਲ ਦੇਖੀ ਹੈ ਲੱਕੜੀਆਂ ਮਚਾਉਂਦੇ ਹੋਏ। ਛੋਟੀਆਂ ਲੱਕੜਾਂ ਚੁੱਲ੍ਹੇ ਵਿੱਚ

ਪਹਿਲਾਂ ਮੱਚ ਗਈਆਂ। ਤਾਂ ਮੇਰੇ ਦਿਲ ਵਿੱਚ ਆਈ ਕਿ ਇਸ ਸਰੀਰ ਦਾ ਕੋਈ ਪਤਾ ਨਹੀਂ ਕਿ ਕਦੋਂ ਇਸਨੇ ਚਲੇ ਜਾਣਾ ਹੈ। ਇਸ ਲਈ, ਮੈਂ ਤੁਹਾਡੀ ਸ਼ਰਨ ਵਿੱਚ ਆਇਆ ਹਾਂ। ਇਹ ਸੁਣਕੇ, ਗੁਰੂ ਜੀ ਨੇ ਕਿਹਾ ਕਿ ਬਾਤਾਂ ਤਾਂ ਤੂੰ ਬੁੱਢਿਆਂ ਵਾਲੀਆਂ ਕਰਦਾ ਹੈਂ। ਉਸੇ ਵੇਲੇ ਬੱਚੇ ਦਾ ਸਰੂਪ ਵੀ ਬੁੱਢਿਆਂ ਵਰਗਾ ਹੋ ਗਿਆ, ਇਹ ਇਤਿਹਾਸਕਾਰ ਲਿਖਦੇ ਹਨ। ਉਹ ਬਖਸ਼ਿਆ ਗਿਆ ਤੇ ਉਸਨੇ ਹੀ ਛੇਵੀਂ ਪਾਤਸ਼ਾਹੀ ਤੱਕ ਤਿਲਕ ਦਿੱਤਾ। ਗੁਰੂ ਘਰ ਦੇ ਘੋੜਿਆਂ ਲਈ ਘਾਹ ਖੋਤਿਆ, ਲੰਗਰ ਦੀ ਸੇਵਾ ਕੀਤੀ, ਆਪਣਾ ਤਨ ਮਨ ਸਾਰਾ ਗੁਰੂ ਨੂੰ ਦੇ ਦਿੱਤਾ।

ਤੇ ਜੇ ਕੋਈ ਮੈਨੂੰ ਪ੍ਰਭੂ ਨਾਲ ਜੋੜ ਦੇਵੇ, ਤਾਂ ਮੈਂ ਉਸਨੂੰ ਆਪਣਾ ਤਨ, ਮਨ, ਧਨ ਤੇ ਪ੍ਰਾਣ ਸਭ ਅਰਪਣ ਕਰ ਦੇਵਾਂ, ਬਾਕੀ ਕੁੱਛ ਨਹੀਂ ਰੱਖਾਂਗਾ।

ਮਨੁ ਤਨੁ ਨਿਰਮਲ ਕਰਤ ਕਿਆਰੋ

ਕਹਿੰਦੇ–ਭਾਈ! ਪਹਿਲਾਂ ਤੂੰ ਮਨ ਤੇ ਤਨ ਨੂੰ ਨਿਰਮਲ ਕਰ ਲੈ।

ਤਨ ਮਹਿ ਮਨੂਆ ਮਨ ਮਹਿ ਸਾਚਾ॥ ਸੋ ਸਾਚਾ ਮਿਲਿ ਸਾਚੇ ਰਾਚਾ॥

(ਪੰਨਾ ੬੮੬)

ਇੱਕ, ਇਸ ਸਰੀਰ ਵਿੱਚ ਮਨ ਹੈ, ਤੁਹਾਨੂੰ ਸਾਰਿਆਂ ਨੂੰ ਪਤਾ ਹੈ। '**ਮਨ**' ਨਾਮ ਖਿਆਲ ਦਾ ਹੈ, ਜਿਹੜਾ ਨਾਨਾ ਪ੍ਰਕਾਰ ਦੇ ਖਿਆਲ ਕਰਦਾ ਹੈ, ਉਹ ਖਿਆਲ ਕੋਈ ਸਰੀਰ ਤਾਂ ਨਹੀਂ ਹੁੰਦਾ। ਜਿੱਧਰ ਦਾ ਖਿਆਲ ਹੁੰਦਾ ਹੈ, ਸਰੀਰ ਉੱਧਰ ਹੀ ਉੱਠਕੇ ਤੁਰ ਪੈਂਦਾ ਹੈ। ਪਰ ਖਿਆਲ ਦੇ ਵਿੱਚ ਸੱਚ ਹੈ, ਖਿਆਲ ਝੂਠਾ ਹੈ, ਇਹ ਪ੍ਰਕਿਰਤੀ ਦਾ ਕਾਰਜ ਹੈ। ਖਿਆਲ ਨੂੰ ਉਠਾਉਣ ਵਾਲਾ, ਕਰਮਾਂ ਦੇ ਅਨੁਸਾਰ, ਵਾਸ਼ਨਾਂ ਦੇ ਅਨੁਸਾਰ, ਮਨ ਨੂੰ ਚਲਾਉਂਦਾ ਹੈ। ਉਹ ਦ੍ਰਸ਼ਟਾ, ਸਾਖਸ਼ੀ, ਚੇਤਨ, ਪਰਮੇਸ਼ਰ, ਦਾਨਾ–ਬੀਨਾ ਤੁਹਾਡੇ ਅੰਦਰ ਬੈਠਾ ਹੈ। ਜੇ ਤੁਹਾਡਾ ਮਨ, ਉਸ ਨਾਲ ਮਿਲ ਗਿਆ ਤਾਂ ਤੁਸੀਂ ਉਸ ਸੱਚ ਨੂੰ ਪ੍ਰਾਪਤ ਕਰ ਲਵੋਂਗੇ। ਮਨ ਨੂੰ ਤੁਸੀਂ ਹਰ ਵਕਤ ਦੇਖ ਰਹੇ ਹੋਂ, ਕਿ ਉਹ ਕੀ ਕਰ

ਰਿਹਾ ਹੈ। ਕੋਈ ਐਸਾ ਕੰਮ ਨਹੀਂ ਜਿਹੜਾ ਤੁਸੀਂ ਦ੍ਰਸ਼ਟਾ ਪਾਸੋਂ ਛੁਪਾ ਕੇ ਕਰ ਸਕੋਂ। ਤੁਸੀਂ ਖੁਦ ਦ੍ਰਸ਼ਟਾ ਹੋਂ, ਆਤਮਾ ਹੋਂ, ਸਾਖਸ਼ੀ ਹੋਂ। ਲੇਖਾ ਜੋ ਤੁਹਾਡਾ ਲਿਖਿਆ ਜਾਣਾ ਹੈ, ਉਹ ਮਨ ਦੇ ਭਾਵ ਅਨੁਸਾਰ ਲਿਖਿਆ ਜਾਣਾ ਹੈ। ਤੁਸੀਂ ਚਾਹੇ ਕਿਤਨਾ ਹੀ ਓਹਲਾ ਕਰ ਲਿਓ, ਕਿਤਨਾ ਹੀ ਘੱਟਾ ਪਾ ਲਿਓ ਦੁਨੀਆਂ ਦੀਆਂ ਅੱਖਾਂ ਵਿੱਚ, ਪਰ ਪੈਣਾ ਤਾਂ ਉਹ ਆਕੇ ਤੁਹਾਡੇ ਉੱਤੇ ਹੀ ਹੈ, ਉਹ ਸਾਰਾ ਤੁਹਾਨੂੰ ਹੀ ਭੋਗਣਾ ਪਏਗਾ। ਇਹ ਗੁਰੂ ਸਾਹਿਬ ਦਾ ਹੁਕਮ ਹੈ –

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਪੰਨਾ ੧੩੪)

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥ (ਪੰਨਾ ੧੫੭)

ਐਂ ਤਾਂ ਸਾਰੇ ਹੀ ਲੋਕ ਅੱਛਾ ਬਣਨਾ ਚਾਹੁੰਦੇ ਨੇ ਪਰ ਨਿੱਬੜਨਾ ਤਾਂ ਕਰਮਾਂ ਉੱਤੇ ਹੈ। ਕਰਮਾਂ ਦਾ ਨਿਅੰਤਾ ਤਾਂ ਈਸ਼ਵਰ ਹੈ, ਕੋਈ ਆਦਮੀ ਤਾਂ ਨਹੀਂ ਹੈ? ਉਸ ਅੱਗੇ ਪੈਸੇ ਜਾਂ ਸਿਫਾਰਸ਼ ਨਹੀਂ ਚੱਲੇਗੀ। ਇਸਦੇ ਵਿੱਚ ਤੁਸੀਂ ਕੁੱਛ ਨਹੀਂ ਕਰ ਸਕਦੇ। ਜਦ ਵੀ ਤੁਸੀਂ ਮਾੜਾ ਜਾਂ ਚੰਗਾ ਖਿਆਲ ਕੀਤਾ, ਉਹ ਟਾਈਪ ਹੋ ਜਾਣਾ ਹੈ। ਫੇਰ ਚਾਹੇ ਸਾਰਾ ਜੋਰ ਲਾ ਲਿਓ ਬੇਨਤੀਆਂ ਕਰ ਲਿਓ, ਈਸ਼ਵਰ ਹੀ ਬਖਸ਼ ਦੇਵੇ ਤਾਂ ਬਖਸ਼ ਦੇਵੇ, ਹੋਰ ਕੋਈ ਬਖਸ਼ਿੰਦ ਨਹੀਂ।

ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥
(ਪੰਨਾ ੨੭੭)

ਉਸ ਪਰਮੇਸ਼ਰ ਨੇ ਤਾਂ ਸਧਨਾ ਬਖਸ਼ ਦਿੱਤਾ, ਅਜਾਮਲ ਬਖਸ਼ ਦਿੱਤਾ, ਕੌਡਾ ਰਾਖਸ਼ ਬਖਸ਼ ਦਿੱਤਾ, ਸੱਜਣ ਠੱਗ ਬਖਸ਼ਿਆ ਗਿਆ। ਤੁਸੀਂ ਵੀ ਯਾਦ ਕਰੋ ਤਾਂ ਬਖਸ਼ੇ ਜਾਉਂਗੇ। ਉਸਤੋਂ ਬਿਨਾਂ ਹੋਰ ਕੋਈ ਬਖਸ਼ਿੰਦ ਨਹੀਂ –

ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥
(ਪੰਨਾ ੧੧੩੬)

ਉਸਨੂੰ ਆਪਣਾ ਮਨ, ਤਨ ਤੇ ਧਨ ਸਭ ਕੁੱਛ ਅਰਪਣ ਕਰ ਦੇਵਾਂ, ਜਿਹੜਾ ਮੈਨੂੰ ਪਰਮੇਸ਼ਰ ਨਾਲ ਜੋੜ ਦੇਵੇ।

ਮਨੁ ਤਨੁ ਨਿਰਮਲ ਕਰਤ ਕਿਆਰੋ

ਜੈਸੇ ਜਿਮੀਂਦਾਰ, ਇੱਕ ਕਿਆਰੇ ਨੂੰ ਬੀਜਣ ਵਾਸਤੇ ਪਹਿਲਾਂ ਉਸ ਵਿੱਚ ਹਲ ਚਲਾਉਂਦੇ ਨੇ, ਸੁਹਾਗਾ ਚਲਾਉਂਦੇ ਨੇ, ਚੰਗੀ ਤਰ੍ਹਾਂ ਤਿਆਰ ਕਰਦੇ ਹਨ, ਫੇਰ ਉਸ ਵਿੱਚ ਬੀਜ ਪਾਉਂਦੇ ਹਨ। ਜਦ ਉਹ ਬੀਜ ਹਰਾ ਹੋ ਜਾਂਦਾ ਹੈ ਤਾਂ ਫਿਰ ਉਸਨੂੰ ਸਿੰਜਦੇ ਹਨ। ਇਸੇ ਤਰ੍ਹਾਂ, ਤੁਸੀਂ ਆਪਣਾ ਮਨ ਸ਼ੁੱਧ ਕਰ ਲਵੋ। ਜਦ ਸ਼ੁੱਧ ਹੋ ਜਾਏਗਾ ਤਾਂ ਉਸ ਵਿੱਚੋਂ ਅੰਮ੍ਰਿਤ ਪ੍ਰਾਪਤ ਹੋ ਜਾਏਗਾ। ਅੰਮ੍ਰਿਤ ਕੋਈ ਬਾਹਰੋਂ ਨਹੀਂ ਆਉਣਾ, ਉਹ ਅੰਮ੍ਰਿਤ ਤਾਂ ਥੋਡੇ ਅੰਦਰ ਹੈ –

ਅੰਮ੍ਰਿਤੁ ਨਾਮ ਨਿਧਾਨੁ ਹੈ ਮਿਲਿ ਪੀਵਹੁ ਭਾਈ॥ (ਪੰਨਾ ੩੧੮)

ਪਰਮੇਸ਼ਰ ਦਾ **'ਨਾਮ'** ਰੂਪੀ ਅੰਮ੍ਰਿਤ ਤਾਂ ਥੋਡੇ ਅੰਦਰ ਹੈ, ਉਹ ਬਾਹਰੋਂ ਨਹੀਂ ਆਉਂਦਾ। ਉਹ ਤੁਹਾਡਾ ਆਪਾ ਹੈ, ਉਹ ਪਰਮੇਸ਼ਰ ਹੈ। ਜਦ ਮਨ ਸਾਫ ਹੋ ਗਿਆ ਤਾਂ –

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥ (ਪੰਨਾ ੧੩੬੭)

ਕਬੀਰ ਸਾਹਿਬ ਨੂੰ ਜਦ ਕਿਸੇ ਨੇ ਇਹ ਆਖਿਆ ਕਿ ਪ੍ਰਭੂ ਦੇ ਮਿਲਣੇ ਦੀ ਜੁਗਤੀ ਦੱਸੋ, ਉਹ ਕਹਿੰਦਾ ਕਿ ਇਹ ਕਿਹੜਾ ਕੋਈ ਬੜੀ ਬਾਤ ਹੈ? ਪਰਮੇਸ਼ਰ ਨੂੰ ਤੈਂ ਮਿਲਣਾ ਹੈ ਤਾਂ ਮਨ ਨੂੰ ਸ਼ੁੱਧ ਕਰ। ਮੈਂ ਆਪਣਾ ਮਨ ਸ਼ੁੱਧ ਕਰ ਲਿਆ ਹੈ। ਮਨ ਦੇ ਵਿੱਚ ਜਿਹੜੇ ਖੋਟੇ ਸੰਸਕਾਰ ਨੇ, ਉਨ੍ਹਾਂ ਨੂੰ ਕੱਢ ਦੇ ਤੇ ਜਿਹੜੇ ਸ਼ੁੱਭ ਸੰਸਕਾਰ ਨੇ, ਉਹ ਵੀ ਕੱਢ ਦੇ। ਮਨ ਨੂੰ ਐਦਾਂ ਸ਼ੁੱਧ ਕਰ ਲੈ, ਜਿਵੇਂ ਫੱਗਣ ਦੇ ਮਹੀਨੇ ਵਿੱਚ ਗੰਗਾ ਦਾ ਜਲ, ਇਤਨਾ ਨਿਰਮਲ ਹੁੰਦਾ ਹੈ ਕਿ ਜੇ ਕੌਡੀ ਵੀ ਸੁੱਟੋ ਤਾਂ ਉਹ ਸਾਫ ਨਜਰ ਆਉਂਦੀ ਹੈ। ਫੇਰ ਤਾਂ ਪਰਮੇਸ਼ਰ ਤੇਰੇ ਪਿੱਛੇ ਲੱਗਿਆ ਫਿਰੇਗਾ। ਇਹ ਦ੍ਰਿਸ਼ਟਾਂਤ, 'ਦਾ ਦ੍ਰਿਸ਼ਟਾਂਤ' ਹੈ।

ਹਰਿ ਸਿੰਚੈ ਸੁਧਾ ਸੰਜੋਰਿ॥

ਜੈਸੇ ਜਿਮੀਂਦਾਰ ਪਾਣੀ ਦੇ ਨਾਲ ਬੀਜਾਂ ਨੂੰ ਸਿੰਜਦਾ ਹੈ, ਉਸੇ ਤਰ੍ਹਾਂ **'ਨਾਮ'** ਰੂਪੀ ਅੰਮ੍ਰਿਤ ਨਾਲ ਤੂੰ ਆਪਣੇ ਮਨ ਨੂੰ ਸਿੰਜ। ਮਨ ਹਰਾ

ਭਰਾ ਹੋ ਜਾਏਗਾ, ਸ਼ੁੱਧ ਹੋ ਜਾਏਗਾ। ਅੰਮ੍ਰਿਤ ਰੂਪ ਪਰਮੇਸ਼ਰ ਆਪਣੇ ਆਪ ਪ੍ਰਗਟ ਹੋ ਜਾਏਗਾ।

ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਦ ਪਰਮੇਸ਼ਰ ਦੀ ਪੂਰਨ ਕਿਰਪਾ ਹੋ ਜਾਏ ਤੇ ਪੂਰੇ ਗੁਰੂ ਦੀ ਕਿਰਪਾ ਹੋ ਜਾਏ, ਤਾਂ ਇਸਨੂੰ ਅੰਮ੍ਰਿਤ ਪ੍ਰਾਪਤ ਹੋਏਗਾ। ਪਰਮੇਸ਼ਰ ਤੇ ਗੁਰੂ ਦੋਨਾਂ ਦੀ ਕਿਰਪਾ ਨਾਲ –

ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥

(ਪੰਨਾ ੮੬੪)

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ (ਪੰਨਾ ੨੭੩)

ਪਰਮੇਸ਼ਰ ਮੇਂ ਔਰ ਗੁਰੂ ਮੇਂ ਕੋਈ ਭੇਦ ਨਹੀਂ ਹੈ। ਬ੍ਰਹਮ ਗਿਆਨੀ ਨੂੰ ਗੁਰੂ ਕਹਿੰਦੇ ਹਨ। ਉਹ ਕੋਈ ਵਸਤੂ ਜਾਂ ਆਦਮੀ ਨਹੀਂ ਹੈ, ਗੁਰੂ ਤਾਂ ਪਰਮੇਸ਼ਰ ਨਾਲ ਅਭੇਦ ਹੁੰਦਾ ਹੈ –

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥(ਪੰਨਾ ੧੪੦੮)

ਕਿਰਪਾ ਨਾਲ ਜਦ ਤੇਰਾ ਅੰਤਹਕਰਣ ਸ਼ੁੱਧ ਹੋ ਜਾਏਗਾ, ਤਾਂ ਤੂੰ ਭਗਤ ਬਣ ਜਾਏਂਗਾ। ਜੈਸੇ ਕਬੀਰ, ਨਾਮਦੇਵ, ਧੰਨਾ ਆਦਿ ਹੋਏ ਨੇ।

ਮਹਾ ਬਿਖਿਆ ਤੇ ਤੋਰਿ ॥

ਪਰ ਇੱਕ ਬੜੀ ਭਾਰੀ ਸ਼ਰਤ ਹੈ ਕਿ ਪੰਜੇ ਵਿਸ਼ੇ–ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਅਤੇ ਪੰਜ ਵਿਕਾਰ–ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ। ਇਹਨਾਂ ਸਾਰਿਆਂ ਨਾਲੋਂ ਤੂੰ ਆਪਣੇ ਮਨ ਨੂੰ ਤੋੜ ਲੈ। ਜੇ ਮੁਕਤੀ ਚਾਹੁੰਦਾ ਹੈਂ ਤਾਂ ਦੋ ਚੀਜਾਂ ਨਹੀਂ ਹੋਣੀਆਂ ਕਿ ਭਗਤੀ ਵੀ ਹੋ ਜਾਏ ਤੇ ਮਨ ਵਿਸ਼ਿਆਂ ਨੂੰ ਵੀ ਭੋਗੀ ਜਾਏ। ਇਸ ਤਰ੍ਹਾਂ ਨਾ ਅੱਜ ਤੱਕ ਕਿਸੇ ਨੂੰ ਮਿਲਿਆ ਹੈ ਪ੍ਰਭੂ ਤੇ ਨਾ ਅਗਾਂਹ ਨੂੰ ਮਿਲੇਗਾ ਕਦੇ। ਕਦੇ ਵੀ

ਮਨ ਵਿੱਚ ਵਿਸ਼ੇ ਵਿਕਾਰਾਂ ਦਾ ਧਿਆਨ ਆਵੇ ਤਾਂ ਉਸ ਨਾਲ ਜੁੜੋ ਨਾ, ਜੇ ਮਨ ਵਿਸ਼ਿਆਂ ਨਾਲ ਜੁੜ ਗਿਆ ਤਾਂ ਉਥੇ ਹੀ ਫੜਕੇ ਬਹਿ ਜੂ, ਜਿੱਥੇ ਦਾ ਉਹ ਹੈ। ਇਸ ਕਰਕੇ, ਵਿਸ਼ਿਆਂ ਨੂੰ ਤਿਆਗ ਦੇ ਜੇ ਆਤਮ-ਰਸ ਪੀਣਾ ਚਾਹੁੰਦਾ ਹੈਂ, ਜਾਂ ਅਮਰ ਹੋਣਾ ਚਾਹੁੰਦਾ ਹੈਂ ਤਾਂ ਗੁਰੂ ਅਰਜਨ ਦੇਵ ਜੀ ਕਹਿੰਦੇ ਕਿ ਆਹ ਤਰੀਕਾ ਹੈ ਜੋ ਸਾਨੂੰ ਪ੍ਰਾਪਤ ਹੋਇਆ ਹੈ, ਤੁਹਾਨੂੰ ਅਸੀਂ ਦਸਦੇ ਹਾਂ -

ਆਇਓ ਸਰਣਿ ਦੀਨ ਦੁਖ ਭੰਜਨ

ਪ੍ਰਭੂ ਅੱਗੇ ਅਰਦਾਸ ਕਰਿਆ ਕਰੋ ਕਿ ਹੇ! ਦੀਨਾਂ ਦੇ ਮਾਲਕ, ਦੁੱਖਾਂ ਦੇ ਨਾਸ਼ ਕਰਨ ਵਾਲੇ ਪ੍ਰਭੂ! ਮੈਂ ਤੇਰੀ ਸ਼ਰਨ ਆਇਆ ਹਾਂ -

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

(ਪੰਨਾ ੫੪੪)

ਇਹ ਪਰਮੇਸ਼ਰ ਦਾ ਇੱਕ ਨਿਯਮ ਹੈ ਕਿ ਜੋ ਸ਼ਰਣ ਵਿੱਚ ਆਵੇ, ਉਸਨੂੰ ਗਲੇ ਨਾਲ ਲਾ ਲੈਂਦਾ ਹੈ। ਜਦ ਬਿਧੀ ਚੰਦ ਸਾਰਾ ਕਾਰਜ ਕਰਕੇ, ਗੁਰੂ ਜੀ ਦੇ ਸਾਹਮਣੇ ਆਇਆ ਤਾਂ ਗੁਰੂ ਜੀ ਨੇ ਉਸਨੂੰ ਗਲੇ ਨਾਲ ਲਾ ਲਿਆ ਅਤੇ ਕਿਹਾ, "ਛੀਨਾ ਗੁਰੂ ਕਾ ਸੀਨਾ।" ਉਹ ਪਹਿਲਾਂ ਇੱਕ ਡਾਕੂ ਸੀ, ਚੋਰ ਸੀ ਪਰ "ਅੱਜ ਤੋਂ ਤੂੰ ਸਾਡਾ ਰੂਪ ਹੈਂ।" ਇਸ ਕਰਕੇ ਭਾਈ! ਉਸ ਪ੍ਰਭੂ, ਗੁਰੂ ਦੀ ਸ਼ਰਨ ਵਿੱਚ ਪੈ ਜਾਉ ਜੇ ਤੁਸੀਂ ਮੁਕਤੀ ਚਾਹੁੰਦੇ ਹੋਂ ਅਤੇ ਬੇਨਤੀ ਕਰੋ ਕਿ ਸਾਨੂੰ ਕਿਸੇ ਸ਼ੁੱਭ ਰਸਤੇ ਲਾ ਦਿਉ, ਮਨ ਨੂੰ ਨਾਮ ਨਾਲ ਜੋੜ ਦਿਉ, ਕਿਰਪਾ ਕਰੋ।

ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ~ਰੀ ਓਰਿ॥

ਹਰ ਵੇਲੇ ਮੇਰਾ ਮਨ ਆਪ ਦੀ ਓਟ ਹੀ ਚਿਤਵਦਾ ਹੈ, ਮੈਂ ਆਪ ਦਾ ਹੀ ਚਿੰਤਨ ਕਰਦਾਂ ਅਤੇ ਆਪ ਵੱਲ ਹੀ ਤੱਕਦਾ ਰਹਿੰਦਾ ਹਾਂ। ਮੇਰਾ ਮਨ, ਆਪ ਨਾਲ ਜੁੜਿਆ ਰਹਿੰਦਾ ਹੈ ਜਿਵੇਂ ਧਰੂਅ ਦਾ, ਪ੍ਰਹਿਲਾਦ ਦਾ ਜੁੜਿਆ ਰਹਿੰਦਾ ਸੀ। ਆਪ ਤੋਂ ਬਿਨਾਂ, ਹੁਣ ਮੇਰਾ ਮਨ ਕਿਸੇ ਵੀ ਵਸਤੂ ਨੂੰ ਨਹੀਂ ਚਾਹੁੰਦਾ।

ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥

ਉਹ ਕਹਿੰਦੇ ਕਿ ਮੰਗਦਾ ਕੀ ਹੈਂ ਤੂੰ? ਮੈਂ ਕੋਈ ਸੰਸਾਰੀ ਚੀਜ ਜਾਂ ਵਸਤੂ ਨਹੀਂ ਮੰਗਦਾ, ਬਸ ਦੋ ਚੀਜਾਂ ਮੰਗਦਾ ਹਾਂ– ਇੱਕ ਪਰਮੇਸ਼ਰ ਦਾ ਸਿਮਰਨ ਅਤੇ ਦੂਜੀ ਪ੍ਰੇਮ ਵਾਲੀ ਨਿਰਭੈਤਾ ਮੰਗਦਾ ਹਾਂ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥ (ਪੰਨਾ ੨੯੫)
ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥
(ਪੰਨਾ ੭੧੪)

ਮੈਂ, ਉਹ ਸਿਮਰਨ ਚਾਹੁੰਦਾ ਹਾਂ ਪਰਮੇਸ਼ਰ ਦਾ, ਜਿਸ ਨਾਲ ਮੈਨੂੰ ਅਭੈ ਪਦ ਪ੍ਰਾਪਤ ਹੋ ਜਾਵੇ, ਜਨਮ ਮਰਨ ਕੱਟਿਆ ਜਾਏ। ਪੰਚਮ ਪਾਤਸ਼ਾਹ ਕਹਿੰਦੇ ਹਨ ਕਿ ਹੇ ਪ੍ਰਭੂ ! ਮੇਰੇ ਸਾਰੇ ਬੰਧਨ ਕੱਟ ਦਿਉ, ਮੈਨੂੰ ਸਿਮਰਨ ਦੇਕੇ, ਆਪਣੀ ਪ੍ਰਾਪਤੀ ਕਰਾਕੇ, ਮੇਰਾ ਜਨਮ–ਮਰਨ ਕੱਟ ਦਿਉ।

ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ~ਰੀ ਓਰਿ ॥
ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥

ਹੇ ਪ੍ਰਭੂ ! ਤੇਰੀ ਕਿਰਪਾ ਨਾਲ ਹੀ, ਆਪਣੇ ਆਪ ਨੂੰ ਜਾਣ ਸਕੀਦਾ ਹੈ, ਅਤੇ ਕਿਰਪਾ ਨਾਲ ਹੀ ਆਤਮਾ ਦਾ ਲਖਸ਼ ਹੁੰਦਾ ਹੈ –

ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥
ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥ (ਪੰਨਾ ੧੩੮੪)
ਤੇਰਾ ਦੀਆ ਨਾਮੁ ਵਖਾਣੈ ॥ (ਪੰਨਾ ੫੬੩)

ਤੇਰੀ ਕਿਰਪਾ ਨਾਲ ਹੀ ਆਤਮ–ਬੋਧ ਹੁੰਦਾ ਹੈ ਅਤੇ ਨਾਮ ਪ੍ਰਾਪਤ ਹੁੰਦਾ ਹੈ। ਇਹ ਸਾਰੇ ਗਰੰਥਾਂ ਦਾ ਨਿਚੋੜ ਹੈ ਕਿ ਬਿਰਤੀ ਦਾ ਸਾਖਸ਼ੀ ਜੋ ਵਿਆਪਕ ਬ੍ਰਹਮ ਹੈ, ਉਸਦਾ ਪ੍ਰਤਯਕਸ਼ ਵੀ ਕਿਰਪਾ ਕਰਕੇ ਹੀ ਹੁੰਦਾ ਹੈ। ਪਰਕ੍ਰਿਤੀ ਮਿਥਿਆ ਹੈ ਤੇ ਦ੍ਰਸ਼ਟਾ ਸਤਿ ਹੈ –

ਸਾਖੀ ਬ੍ਰਹਮ ਸ੍ਵਰੂਪ ਇਕ, ਨਹੀਂ ਭੇਦ ਕੋ ਗੰਧ।
ਰਾਗ ਦਵੇ ਮਤੀ ਕੇ ਧਰਮ, ਤਾ ਮੈਂ ਮਾਨਤ ਅੰਧ॥

(ਨਿਹਚਲ ਦਾਸ)

ਉਹ ਵਿਆਪਕ ਖੇਤ੍ਰੱਯ, ਤੂੰ ਮੈਨੂੰ ਜਾਣ ਅਰਜੁਨ॥

ਕ੍ਰਿਸ਼ਨ ਭਗਵਾਨ ਕਹਿੰਦੇ-ਮੈਂ ਸਾਰੇ ਸਰੀਰਾਂ ਦਾ ਸਾਖਸ਼ੀ ਹਾਂ, ਬਿਰਤੀ ਦਾ ਤੇ ਬੁੱਧੀ ਦਾ ਵੀ ਸਾਖਸ਼ੀ ਹਾਂ, ਪਰ ਹਾਂ ਵਿਆਪਕ। ਮੈਂ ਭਗਵਾਨ ਹਾਂ, ਇਸ ਲਈ ਤੁਹਾਨੂੰ ਭਗਵਾਨ ਉਵਾਚ ਕਹਿੰਦਾ ਹਾਂ, ਕਿ ਮੈਂ ਉਹ ਸਵਯੰ ਪ੍ਰਕਾਸ਼ ਹਾਂ। ਜਿਤਨੇ ਵੀ ਦੁਨੀਆਂ ਦੇ ਸੰਸਕਾਰ ਹਨ-ਹਰਖ, ਸੋਗ, ਰਾਗ, ਦਵੈਸ਼, ਭਲੇ, ਬੁਰੇ ਆਦਿ ਉਹ ਸਾਰੇ ਬਿਰਤੀ ਵਿੱਚ ਹਨ।

ਜਿਹੜਾ ਸਭ ਦੇ ਹਿਰਦੇ ਵਿੱਚ ਦਾਨਾ-ਬੀਨਾ, ਸਾਈਂ, ਦ੍ਰਸ਼ਟਾ, ਜਨਮ-ਮਰਨ ਤੇ ਰਹਿਤ ਨਾਰਾਇਣ ਬੈਠਾ ਹੈ, ਉਸਨੂੰ ਪਾਉਣਾ ਹੈ-

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥

(ਪੰਨਾ ੧੪੨੭)

ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥

(ਪੰਨਾ ੨੬੯)

ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥

(ਪੰਨਾ ੮੮੫)

ਜੋ ਕੁੱਝ ਵੀ ਸਾਡੇ ਦੁਆਰਾ ਜਾਣਿਆ ਜਾ ਸਕਦਾ ਹੈ, ਉਹ ਪ੍ਰਭੂ ਨਹੀਂ ਹੈ। ਪ੍ਰੰਤੂ ਜੋ ਸਾਨੂੰ ਵੀ ਜਾਣ ਰਿਹਾ ਹੈ, ਉਹ ਪਰਮੇਸ਼ਰ ਹੈ।

ਮੁਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥

(ਪੰਨਾ ੧੫੨)

ਉਹ ਦੇਖਣੇ ਵਾਲਾ 'ਦ੍ਰਸ਼ਟਾ' ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ ।।

੭

ਰਾਮਕਲੀ ਸਦੁ ੴ ਸਤਿਗੁਰ ਪ੍ਰਸਾਦਿ ॥
ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ ॥
ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ ॥
ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ ॥
ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ ॥
ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ ॥
ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ ॥ ੧ ॥
ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥
ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ ॥
ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮ ਨਿਰੰਜਨੋ ॥
ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ ॥
ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ॥
ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ ॥ ੨ ॥
ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥
ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥
ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ ॥
ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥
ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥
ਧੁਰ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥੩ ॥
ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥
ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥
ਸਭ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥੪॥
ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥
ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥੫॥
ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥
ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ॥੬॥

(ਪੰਨਾ ੯੨੩)

ਸਾਰੀ ਸੰਗਤ, ਦਇਆ, ਕਿਰਪਾ ਅਤੇ ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ! ਸਤਿਨਾਮ ਸ੍ਰੀ ਵਾਹਿਗੁਰੂ !! ਸਤਿਨਾਮ ਸ੍ਰੀ ਵਾਹਿਗੁਰੂ !!!

ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ॥

ਸਾਰੇ ਜੱਗ ਦਾ ਮਾਲਕ ਉਹ ਆਪ ਭਗਤ ਵੱਛਲ ਹੈ। ਉਹ ਭਗਤਾਂ ਦਾ ਬੇਅੰਤ ਪਿਆਰਾ ਹੈ ਅਤੇ ਉਹ ਤਿੰਨਾਂ ਲੋਕਾਂ ਵਿੱਚ ਸਮਾਇਆ ਹੋਇਆ ਹੈ।

ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ॥

ਭਾਈ! ਕੋਈ ਹੋਰ ਬਾਤ ਨਹੀਂ ਜਾਨਣੀ, ਜੇ ਤੁਸੀਂ ਮੁਕਤੀ ਦੀ ਇੱਛਾ ਕਰਦੇ ਹੋ ਤਾਂ ਗੁਰੂ ਦੇ ਸ਼ਬਦ ਵਿੱਚ ਆਪਣੇ ਮਨ ਨੂੰ ਮਿਲਾ ਲਉ–

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)

ਸਿਮਰਨ ਨਾਲ ਬਿਰਤੀਆਂ ਨੂੰ ਇਕਾਗਰ ਕਰਕੇ, ਮਨ ਨੂੰ ਨਾਮ ਨਾਲ ਅਭੇਦ ਕਰ ਲਓ–

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥

(ਪੰਨਾ ੭੧੪)

ਉਸਦਾ ਸਿਮਰਨ ਕਦੇ ਨਾ ਭੁੱਲੋ ਜੇ 'ਅਬਿਨਾਸੀ ਪਦ' ਨੂੰ ਪ੍ਰਾਪਤ ਕਰਨਾ ਹੈ ਤਾਂ–

ਉਸਤਤਿ ਮਨ ਮਹਿ ਕਰਿ ਨਿਰੰਕਾਰ॥
ਕਰਿ ਮਨ ਮੇਰੇ ਸਤਿ ਬਿਉਹਾਰ॥ (ਪੰਨਾ ੨੮੧)

ਹਮੇਸ਼ਾ ਪ੍ਰਭੂ ਦੀ ਉਸਤਤੀ ਕਰੋ ਅਤੇ ਆਪਣਾ ਵਿਹਾਰ ਵੀ ਸ਼ੁੱਧ ਰੱਖੋ –

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ (ਪੰਨਾ ੨)

ਉਹ ਜੋ ਇੱਕ ਪ੍ਰਭੂ ਸਾਰੇ ਜੀਵਾਂ ਦਾ ਮਾਲਕ ਹੈ, ਉਸਨੂੰ ਕਦੇ ਮਨ ਵਿੱਚੋਂ ਵਿਸਾਰੋ ਨਾ –

ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ॥

ਗੁਰੂ ਦੇ ਸ਼ਬਦ ਤੋਂ ਬਿਨਾਂ, ਹੋਰ ਕੋਈ ਭੀ ਮੁਕਤੀ ਦਾ ਹੇਤੂ ਨਹੀਂ ਹੈ ਤੇ ਨਾ ਹੀ ਜਾਣੋ ।ਜੰਤਰ-ਮੰਤਰ ਜੋ ਵੀ ਹੋਵੇ, ਉਹ ਗੁਰੂ ਦਾ ਸ਼ਬਦ ਹੀ ਹੋਵੇ।'ਗੁਰੂ ਮੰਤਰ' ਜਿਵੇਂ ਪ੍ਰਹਿਲਾਦ ਨੇ, ਕਬੀਰ ਨੇ, ਰਵਿਦਾਸ ਨੇ ਨਹੀਂ ਛੱਡਿਆ, ਇਸਨੂੰ ਕਦੇ ਵੀ ਛੱਡਣਾ ਨਹੀਂ –

ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ॥ (ਪੰਨਾ ੪੨੫)

ਧਿਆਨ ਅਤੇ ਜਪ, ਕੇਵਲ ਪ੍ਰਭੂ ਦੇ ਨਾਮ ਦਾ ਹੀ ਕਰਨਾ ਹੈ।

ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥

ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰ ਇਹ ਜਗ ਮੋ ਕਰਾ ॥ (ਦਸਮ ਗ੍ਰੰਥ)

ਜਿਵੇਂ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਨਾਲ, ਅੰਗਦ ਦੇਵ ਜੀ ਨੂੰ ਗੁਰੂ ਪਦਵੀ ਮਿਲੀ ।ਅੰਗਦ ਦੇਵ ਜੀ ਦਾ ਸਰੂਪ ਬਣਾ ਕੇ, ਗੁਰੂ ਨਾਨਕ ਨੇ ਫੇਰ ਧਰਮ ਦਾ ਪ੍ਰਚਾਰ ਕੀਤਾ।ਉਸੇ ਤਰ੍ਹਾਂ ਪੰਚਮ ਪਾਤਸ਼ਾਹ ਤੇ, ਗੁਰੂ ਰਾਮਦਾਸ ਜੀ ਦੀ ਕ੍ਰਿਪਾ ਹੋਈ।

ਆਇਆ ਹਕਾਰਾ ਚਲਣਵਾਰਾ

ਸਾਨੂੰ ਪ੍ਰਭੂ ਦਾ ਹੁਕਮ ਆਇਆ ਹੈ, ਅਸੀਂ ਹੁਣ ਚਲੇ ਜਾਣਾ ਹੈ, ਕਹਿੰਦੇ ਹਨ, ਗੁਰੂ ਅਮਰਦਾਸ ਜੀ।

ਹਰਿ ਰਾਮ ਨਾਮਿ ਸਮਾਇਆ॥

ਸਾਡਾ ਮਨ, ਹਰੀ ਦੇ ਨਾਮ ਵਿੱਚ ਸਮਾ ਗਿਆ ਹੈ, ਉਸ ਨਾਲ ਇੱਕ ਹੋ ਗਿਆ ਹੈ।

ਜਗਿ ਅਮਰੁ ਅਟਲੁ ਅਤੋਲੁ ਠਾਕੁਰੁ

ਇਸ ਸਾਰੇ ਸੰਸਾਰ ਦਾ ਮਾਲਕ ਅਟੱਲ ਹੈ, ਅਮਰ ਹੈ ਤੇ ਉਸ ਨਾਲ ਸਾਡਾ ਮਨ ਜੁੜ ਗਿਆ ਹੈ।

ਭਗਤਿ ਤੇ ਹਰਿ ਪਾਇਆ॥

ਅਸੀਂ ਪ੍ਰੇਮਾ ਭਗਤੀ ਦੁਆਰਾ, ਉਹ ਹਰੀ ਪਾ ਲਿਆ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਪਿੱਛੋਂ ਇਸ ਗੱਲ ਦਾ ਕਿਸੇ ਨੇ ਸ਼ੰਕਾ ਨਹੀਂ ਕਰਨਾ।

ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥

ਹਰੀ ਦਾ ਭਾਣਾ ਹਮੇਸ਼ਾ ਗੁਰੂ ਨੂੰ ਭਾਉਂਦਾ ਹੈ, ਅਤੇ ਸਾਨੂੰ ਵੀ ਹਰੀ ਦਾ ਭਾਣਾ ਭਾਅ ਗਿਆ, ਚੰਗਾ ਲੱਗ ਗਿਆ ਅਤੇ ਗੁਰੂਆਂ ਦਾ

ਬਚਨ ਵੀ ਸਾਨੂੰ ਭਾਅ ਗਿਆ –

ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥

(ਪੰਨਾ ੪)

ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਅਸੀਂ ਹਰੀ ਪ੍ਰਭੂ ਦੇ ਪਾਸ ਜਾਵਾਂਗੇ, ਤੁਹਾਨੂੰ ਪਹਿਲੇ ਹੀ ਦੱਸ ਦਿੱਤਾ ਹੈ।

ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ॥

ਗੁਰੂ ਅਮਰਦਾਸ ਜੀ ਕਹਿੰਦੇ ਕਿ ਹੇ ਹਰੀ ਜੀ! ਮੇਰੀ ਇੱਜਤ ਤੁਸੀਂ ਰੱਖਣੀ ਹੈ । ਇਹ ਅਰਦਾਸ ਹੈ –

ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ॥

ਆਪਣੇ ਸਾਰੇ ਭਗਤਾਂ ਦੀ ਪੈਜ ਤੁਸੀਂ ਰੱਖੀ ਹੈ, ਤੇ ਮੇਰੀ ਪੈਜ ਵੀ ਆਪ ਜੀ ਨੇ ਰੱਖਣੀ ਹੈ। ਮੈਨੂੰ ਕਿਰਪਾ ਕਰਕੇ ਨਿਰੰਜਨ, ਨਿਰੰਕਾਰ ਦਾ ਨਾਮ ਦੇਵੋ।

ਅੰਤਿ ਚਲਦਿਆ ਹੋਇ ਬੇਲੀ

ਉਹ ਨਾਮ, ਅੰਤ ਨੂੰ ਮੇਰਾ ਮਿੱਤਰ ਬਣੇਗਾ, ਸਾਥ ਜਾਏਗਾ, ਨਾਮ-ਨਾਮੀ ਦਾ ਅਭੇਦ ਹੈ।

ਜਮਦੂਤ ਕਾਲੁ ਨਿਖੰਜਨੋ॥

ਜਮਦੂਤ, ਜਿਨ੍ਹਾਂ ਨੂੰ ਕਾਲ ਕਹਿੰਦੇ ਹਨ, ਉਨ੍ਹਾਂ ਦਾ ਨਾਸ਼ ਪ੍ਰਭੂ ਨੇ ਕਰ ਦਿੱਤਾ ਹੈ। ਉਨ੍ਹਾਂ ਦੀ ਹੁਣ ਮੇਰੇ ਉੱਤੇ ਕੋਈ ਤਾਕਤ ਨਹੀਂ ਰਹੀ।

ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ॥

ਸਤਿਗੁਰੂ ਨੇ ਪ੍ਰਭੂ ਅੱਗੇ ਬੇਨਤੀ ਕੀਤੀ ਤੇ ਪਰਮੇਸ਼ਰ ਨੇ ਉਹ ਪਰਵਾਨ ਕਰ ਲਈ।

ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ

ਸਾਡੇ ਤੇ ਬੜੀ ਕਿਰਪਾ ਕੀਤੀ ਅਤੇ ਸਾਨੂੰ ਗੁਰੂ ਅੰਗਦ ਦੇਵ ਜੀ

ਦਾ ਮਿਲਾਪ ਕਰਵਾ ਦਿੱਤਾ, ਜਿਸ ਗੁਰੂ ਨੇ ਸਾਨੂੰ ਬਖਸ਼ਕੇ, ਗੁਰੂ ਹੀ ਬਣਾ ਦਿੱਤਾ।

ਧਨੁ ਧਨੁ ਕਹੈ ਸਾਬਾਸਿ ਜੀਉ॥

ਸਾਰੇ ਲੋਕ ਧੰਨ-ਧੰਨ ਕਹਿੰਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਮਿਲਕੇ, ਸਰੂਪ ਦੀ ਪ੍ਰਾਪਤੀ ਕਰ ਲਈ।

ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥

ਮੇਰੇ ਸਿੱਖੋ, ਮੇਰੇ ਭਾਈਓ, ਮੇਰੇ ਪੁੱਤਰੋ, ਮੇਰੀ ਬਾਤ ਸੁਣ ਲਵੋ! ਤੁਸੀਂ ਸਾਰੇ, ਮੇਰਾ ਹੁਕਮ ਮੰਨਕੇ ਮੇਰੇ ਪਾਸ ਆ ਜਾਉ।

ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥

ਹਰੀ ਦਾ ਭਾਣਾ ਗੁਰੂ ਨੂੰ ਭਾਅ ਗਿਆ, ਮੇਰੇ ਹਰੀ, ਪ੍ਰਭੂ, ਪ੍ਰਮਾਤਮਾ ਨੇ ਮੈਨੂੰ ਸਾਬਾਸ਼ ਦਿੱਤੀ ਅਤੇ ਆਪਣੇ ਨਾਲ ਮਿਲਾ ਲਿਆ।

ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ॥

ਜਿਸਨੂੰ ਪ੍ਰਭੂ ਦਾ ਭਾਣਾ ਮਿੱਠਾ ਲੱਗ ਗਿਆ ਤੇ ਜਿਹੜਾ ਹੁਕਮ ਵਿੱਚ ਖੜ੍ਹਾ ਹੋ ਗਿਆ, ਉਹੀ ਭਗਤ ਹੈ, ਉਹੀ ਸਤਿਗੁਰੂ ਹੈ।

ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ॥

ਅਨੰਦ ਰੂਪੀ ਅਨਹਦ ਵਾਜੇ ਵੱਜਣ ਲੱਗ ਪਏ, ਹੁਣ ਸਾਨੂੰ ਹਰਖ-ਸੋਗ ਨਹੀਂ ਆਉਂਦਾ -

ਹਰਖ ਅਨੰਤ ਸੋਗ ਨਹੀ ਬੀਆ॥
ਸੋ ਘਰੁ ਗੁਰਿ ਨਾਨਕ ਕਉ ਦੀਆ॥ (ਪੰਨਾ ੧੮੬)

ਹਰਖ-ਸੋਗ ਤੋਂ ਰਹਿਤ ਘਰ, ਸਾਨੂੰ ਪ੍ਰਾਪਤ ਹੋ ਗਿਆ ਹੈ। ਹਰੀ ਨੇ ਆਪਣੇ ਗਲ ਨਾਲ ਸਾਨੂੰ ਲਾ ਲਿਆ ਹੈ। ਮੈਨੂੰ, ਪ੍ਰਭੂ ਨੇ ਆਪ ਕ੍ਰਿਪਾ ਕਰਕੇ, ਗੁਰੂ ਦੁਆਰਾ ਮਿਲਾਇਆ।

ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ॥

ਮੇਰੇ ਪੁੱਤਰ, ਭਾਈ ਹੋਰ ਜਿੰਨਾਂ ਵੀ ਮੇਰਾ ਪ੍ਰੀਵਾਰ ਹੈ, ਤੁਸੀਂ ਸਾਰੇ

ਆਪਣੇ ਮਨ ਵਿੱਚ ਨਿਰਣਾ ਕਰਕੇ ਦੇਖ ਲਉ, ਜਿਹੜਾ ਅਸੀਂ ਉਪਦੇਸ਼ ਕਰਦੇ ਹਾਂ, ਉਸਨੂੰ ਵਿਚਾਰ ਕਰਕੇ ਦੇਖ ਲਉ।

ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ

ਜੋ ਧੁਰੋਂ ਲਿਖਿਆ ਪਰਵਾਨਾ ਹੈ, ਉਸਨੂੰ ਕੋਈ ਸੋਧ ਨਹੀਂ ਸਕਦਾ ਜਾਂ ਬਦਲ ਨਹੀਂ ਸਕਦਾ। ਪਰਮੇਸ਼ਰ ਦਾ ਹੁਕਮ ਅਟੱਲ ਹੁੰਦਾ ਹੈ।

ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥

ਹੁਣ ਅਸੀਂ, ਹਰੀ-ਪ੍ਰਭੂ ਦੇ ਪਾਸ ਜਾਵਾਂਗੇ, ਕਹਿੰਦੇ ਨੇ ਗੁਰੂ ਅਮਰਦਾਸ ਜੀ।

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥

ਗੁਰੂ ਜੀ ਕਹਿੰਦੇ-ਕਿ ਮੈਂ ਹੁਣ ਹਰੀ ਪ੍ਰਭੂ ਦੇ ਪਾਸ ਜਾਊਂਗਾ। ਉਨ੍ਹਾਂ ਨੇ ਆਪਣਾ ਸਾਰਾ ਪ੍ਰੀਵਾਰ ਆਪਣੇ ਪਾਸ ਬੁਲਾ ਲਿਆ ਅਤੇ ਕਿਹਾ -

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥

ਭਾਈ ! ਇਹ ਬਾਤ ਗੌਰ ਨਾਲ ਸੁਣ ਲਵੋ, ਮੇਰੇ ਪਿੱਛੋਂ ਕਿਸੇ ਨੇ ਵੀ ਰੋਣਾ ਨਹੀਂ। ਜੋ ਰੋਏਗਾ, ਉਹ ਮੈਨੂੰ ਕਦਾਚਿਤ ਨਹੀਂ ਭਾਏਗਾ। ਤੁਸੀਂ ਮੇਰੇ ਬਚਨਾਂ ਨੂੰ ਮੰਨਕੇ ਖੁਸ਼ ਹੋਣਾ, ਰੋਣਾ ਕਦੇ ਨਹੀਂ। ਮੈਂ, ਪਰਮੇਸ਼ਰ ਨੂੰ ਭਾਅ ਗਿਆ ਹਾਂ। ਪ੍ਰਭੂ ਨੂੰ ਪ੍ਰਾਪਤ ਹੋ ਕੇ, ਮੈਂ ਉਸ ਨਾਲ ਇੱਕ ਹੋ ਗਿਆ ਹਾਂ । ਇਸ ਕਰਕੇ ਤੁਸੀਂ ਕਦੇ ਸੋਗ ਨਹੀਂ ਕਰਨਾ ।

ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥

ਸਤਿਗੁਰੂ ਨੇ ਪਹਿਲਾਂ ਮੈਨੂੰ ਸਿਰਪਾਉ ਦੇ ਦਿੱਤਾ ਅਰਥਾਤ ਬਖਸ਼ਿਸ਼ ਕਰ ਦਿੱਤੀ। ਸ਼ਰਨਾਗਤੀ ਮੇਂ ਬਖਸ਼ਿਸ਼ ਹੁੰਦੀ ਹੈ। ਮੈਨੂੰ ਪ੍ਰੇਮਾ ਭਗਤੀ ਦੇ ਕੇ ਆਪਣੇ ਨਾਲ ਮਿਲਾ ਲਿਆ। ਤੁਸੀਂ ਸਾਰੇ ਇਸ ਬਾਤ ਨੂੰ ਸਮਝ ਲਉ।

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥

ਗੁਰੂ ਅਮਰਦਾਸ ਜੀ ਨੇ ਆਪ, ਗੁਰੂ ਰਾਮਦਾਸ ਜੀ ਨੂੰ ਗੁਰੂ ਗੱਦੀ ਉਤੇ ਬਿਠਾ ਦਿੱਤਾ ਅਤੇ ਤਿਲਕ ਲਗਾ ਦਿੱਤਾ।

ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥

ਸਭ ਸਿੱਖਾਂ ਨੂੰ ਗੁਰੂ ਜੀ ਨੇ, ਗੁਰੂ ਰਾਮ ਦਾਸ ਜੀ ਦੇ ਚਰਨਾਂ ਨਾਲ ਲਗਾ ਦਿੱਤਾ ਬਈ ਹੁਣ ਮੈਂ, ਰਾਮਦਾਸ ਜੀ ਦੇ ਹਿਰਦੇ ਵਿੱਚ ਆ ਗਿਆ ਹਾਂ। ਹੁਣ ਮੇਰੀ, ਜੋਤ ਚੌਥੀ ਪਾਤਸ਼ਾਹੀ ਵਿੱਚ ਆ ਗਈ ਹੈ।

ਜਬ ਬਰਦਾਨਿ ਸਮੈ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥
ਤਿਹ ਬਰਦਾਨਿ ਪੁਰਾਤਨ ਦੀਆ॥ਅਮਰਦਾਸ ਸੁਰ ਪੁਰਿ ਮਗੁ ਲੀਆ॥

(ਬਚਿੱਤ੍ਰ ਨਾਟਕ)

ਗੁਰੂ ਅਮਰਦਾਸ ਜੀ ਬੈਕੁੰਠ ਨੂੰ ਜਾਣਗੇ, ਗੱਦੀ ਦਾ ਮਾਲਕ ਆ ਗਿਆ ਹੈ। ਅਮਾਨਤ ਜਿਸਦੀ ਸੀ, ਉਸਨੂੰ ਦੇ ਕੇ ਚਲੇ ਗਏ।

ਅੰਤੇ ਸਤਿਗੁਰੁ ਬੋਲਿਆ
ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

ਫੇਰ ਸਤਿਗੁਰੂ ਜੀ ਨੇ ਕਿਹਾ ਕਿ ਅੰਤ ਸਮੇਂ ਨਿਰਬਾਣ ਕੀਰਤਨ ਹੀ ਕਰਨਾ। ਇਸ ਵਿੱਚ ਹੋਰ ਬੋਲ ਕੇ ਕੋਈ ਦ੍ਰਿਸ਼ਟਾਂਤ ਨਹੀਂ ਦੇਣਾ ਹੁੰਦਾ। ਨਿਰੋਲ ਬਾਣੀ ਹੀ ਪੜ੍ਹਨਾ ਤੇ ਗਾਉਣਾ –

ਕੇਸੋ ਗੋਪਾਲ ਪੰਡਿਤ ਸਦਿਅਹੁ
ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥

ਕੇਸੋ ਗੋਪਾਲ ਪੰਡਿਤ ਨੂੰ ਬੁਲਾ ਕੇ, ਹਰੀ-ਪ੍ਰਭੂ ਦੀ ਕਥਾ ਪੜ੍ਹਨਾ ਤੇ ਸੁਣਨਾ।

ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ
ਬੇਬਾਣੁ ਹਰਿ ਰੰਗੁ ਗੁਰ ਭਾਵਏ॥

ਲੋਕਾਂ ਦੀ ਰੀਤ ਹੈ, ਹਰਾ ਕੱਪੜਾ ਪਾਉਣਾ ਜਾਂ ਹਰੀਆਂ ਝੰਡੀਆਂ ਲਾਉਣੀਆਂ। ਹਰੀ ਨੂੰ ਪ੍ਰੇਮ-ਰੰਗ ਰੂਪੀ ਬਿਬਾਣ ਭਾਉਂਦਾ ਹੈ, ਗੁਰੂ-ਪਰਮੇਸ਼ਰ ਨਾਲ ਪ੍ਰੇਮ ਕਰਨਾ।

ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥

'ਹਰੀ ਸਰ' ਵਿੱਚ ਫੁੱਲ ਪਾਉਣੇ । ਇਹ ਸਭ ਕੁੱਝ ਮੇਰਾ 'ਨਾਮ' ਹੀ ਹੈ । ਗੁਰਬਾਣੀ ਵਿੱਚੋਂ ਗੌਰ ਨਾਲ, ਨਾਮ ਦਾ ਮਹਾਤਮ ਦੇਖਿਆ ਤਾਂ ਪਤਾ ਲੱਗਿਆ ਕਿ 'ਨਾਮ' ਸਭ ਦਾ ਸ਼੍ਰੋਮਣੀ ਹੈ।

ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ॥
ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ॥

(ਪੰਨਾ ੧੩੯੩)

ਹਰਿ ਭਾਇਆ ਸਤਿਗੁਰੁ ਬੋਲਿਆ

ਹਰੀ ਦਾ ਨਾਮ ਹੀ ਮੇਰਾ ਸਭ ਕੁੱਛ ਹੈ। ਜਦ ਹਰੀ ਨੂੰ ਭਾਅ ਗਿਆ ਤਾਂ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ –

ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥

ਉਹ ਜਿਹੜਾ ਵਿਆਪਕ ਹੈ, ਨਿੱਤ ਹੈ, ਗਿਆਨ ਸਰੂਪ ਹੈ, ਪਰੀਪੂਰਣ ਪਰਮੇਸ਼ਰ ਹੈ, ਉਹ ਹਰੀ ਸਾਨੂੰ ਮਿਲ ਗਿਆ ਹੈ। ਇਹ, ਸਭ ਨੂੰ ਹਰੇ ਕਰਨ ਵਾਲਾ, ਹਰ ਜਗ੍ਹਾ ਵਿਆਪਕ ਹੈ।

ਰਾਮਦਾਸ ਸੋਢੀ ਤਿਲਕੁ ਦੀਆ

ਰਾਮਦਾਸ ਜੀ, ਜਿਹੜੇ ਸੋਢੀ ਬੰਸ ਦੇ ਸੀ, ਉਨ੍ਹਾਂ ਨੂੰ ਤਿਲਕ ਦੇ ਦਿੱਤਾ ਅਤੇ ਗੱਦੀ ਦਾ ਮਾਲਕ ਬਣਾ ਦਿੱਤਾ।

ਗੁਰ ਸਬਦੁ ਸਚੁ ਨੀਸਾਣ ਜੀਉ॥

ਗੁਰੂ ਦਾ ਸ਼ਬਦ, 'ਨਾਮ' ਜੋ ਸੱਚ ਹੈ, ਉਹ ਨਿਸ਼ਾਨ ਦੇ ਦਿੱਤਾ। ਉਹ 'ਸੈਭੰ' ਹੈ, ਹੋਰ ਨਿਸ਼ਾਨ ਕੀ ਹੋਣਾ ਹੈ? ਸੁਤੇ ਪ੍ਰਕਾਸ਼, ਜੋ ਸ੍ਵੈਛੰਦ ਪਰਮੇਸ਼ਰ ਹੈ, ਏਹੀ ਨਿਸ਼ਾਨ ਹੈ। ਨਾਮ ਅਤੇ ਨਾਮੀ ਅਭੇਦ ਹੈਂ। ਨਾਮ ਨਾਲ ਮਨ ਨੂੰ ਇਸਥਿਤ ਕਰਕੇ ਸਿਮਰਨ ਕਰਨਾ ਹੈ, ਫੇਰ ਨਾਮੀ ਦੀ ਪ੍ਰਾਪਤੀ ਹੋਜੂ। ਉਹ ਜੋ ਤੁਹਾਡੀ ਬਿਰਤੀ ਦਾ ਸਾਖਸ਼ੀ ਹੈ, ਬਿਰਤੀ ਦੇ ਵਿੱਚ ਬੈਠਾ ਹੈ, ਉਹ ਸਵਯੰ ਪ੍ਰਕਾਸ਼ ਹੈ ਤੇ ਸੁਤੇ ਸਿੱਧ ਹੈ।

ਸਤਿਗੁਰ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥

ਸਾਰੇ ਸਿੱਖਾਂ ਨੇ ਗੁਰੂ ਜੀ ਦੀ ਰਜ਼ਾ, ਹੁਕਮ ਮੰਨ ਲਿਆ। ਸਾਰਿਆਂ ਨੇ ਹੱਥ ਜੋੜ ਕੇ, ਗੁਰੂ ਰਾਮਦਾਸ ਜੀ ਦੇ ਚਰਨਾਂ ਉੱਪਰ ਨਮਸ਼ਕਾਰ ਕਰ ਦਿੱਤੀ।

ਮੋਹਰੀ ਪੁਤੁ ਸਨਮੁਖੁ ਹੋਇਆ

ਮੋਹਰੀ ਪੁੱਤ ਅੱਗੇ ਹੋਇਆ ਤੇ ਉਸਨੂੰ ਗੁਰੂ ਰਾਮਦਾਸ ਜੀ ਦੇ ਚਰਨੀਂ ਲਾ ਦਿੱਤਾ। ਦੂਸਰਾ ਪੁੱਤ ਮੋਹਨ ਹੱਠ ਜੋਗੀ ਸੀ। ਉਸਨੂੰ ਕੁੱਛ ਹੰਕਾਰ ਸੀ। ਉਹ ਗੁਰੂ ਜੀ ਦੇ ਕੋਲ ਨਾ ਆਇਆ ਤਾਂ ਉਸਦੇ ਦਰਦ ਹੋਣ ਲੱਗ ਪਿਆ। ਉਹ ਈਰਖਾ ਕਰਦਾ ਹੁੰਦਾ ਸੀ। ਗੁਰੂ ਜੀ ਨੇ ਕਿਹਾ ਕਿ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗੇਂਗਾ ਤਾਂ ਇਹ ਦਰਦ ਹਟੇਗਾ। ਉਸਨੇ ਹਜ਼ੂਰੀ ਵਿੱਚ ਜਾਕੇ ਸ਼ਬਦ ਪੜ੍ਹਿਆ, ਪੋਥੀਆਂ ਵੀ ਰੱਖੀਆਂ ਅਤੇ ਚਰਨਾਂ ਉੱਪਰ ਸਿਰ ਰੱਖ ਦਿੱਤਾ। ਉਸਦਾ ਦਰਦ ਬੰਦ ਹੋ ਗਿਆ।

ਰਾਮਦਾਸੈ ਪੈਰੀ ਪਾਇ ਜੀਉ ॥

ਬਾਕੀ ਵੀ ਜਿੰਨੀ ਸਿੱਖ ਸੰਗਤ ਸੀ, ਉਹ ਵੀ ਗੁਰੂ ਰਾਮਦਾਸ ਜੀ ਦੀ ਚਰਨੀਂ ਪੈ ਗਏ। ਮੋਹਰੀ ਪੁੱਤ ਨੇ, ਗੁਰੂ ਅਮਰਦਾਸ ਜੀ ਦੀ ਆਗਿਆ ਪੂਰੀ ਤਰ੍ਹਾਂ ਮੰਨੀ। ਸਤਿਗੁਰੂ ਤਾਂ ਪਾਰਬ੍ਰਹਮ ਪਰਮੇਸ਼ਰ ਹੈ। ਪ੍ਰਭੂ ਨਾਲ ਅਭੇਦ ਹੈ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ (ਪੰਨਾ ੨੭੩)

ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ ॥

ਗੁਰੂ ਅਮਰਦਾਸ ਜੀ ਨੇ ਉਹ ਰੱਬੀ-ਜੋਤ, ਗੁਰੂ ਰਾਮਦਾਸ ਜੀ ਵਿੱਚ ਰੱਖ ਦਿੱਤੀ ਤੇ ਜਿਹੜਾ ਉਹਨੂੰ ਨਹੀਂ ਸੀ ਮੰਨਦਾ, ਉਨ੍ਹਾਂ ਨੂੰ ਵੀ ਆਪ ਨਿਵਾਇਆ।

ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥

ਸਤਿਗੁਰੂ ਨੇ ਸਾਰਿਆਂ ਨੂੰ ਆਪ, ਗੁਰੂ ਰਾਮਦਾਸ ਜੀ ਦੇ ਅੱਗੇ ਨਿਵਾਇਆ।

ਹਰਿ ਗੁਰਹਿ ਭਾਣਾ ਦੀਈ ਵਡਿਆਈ

ਹਰੀ ਦੇ ਹੁਕਮ ਦੀ ਬੜੀ ਵਡਿਆਈ ਹੈ, ਬਹੁਤ ਮਹੱਤਵ ਵਾਲੀ ਹੈ।

ਧੁਰਿ ਲਿਖਿਆ ਲੇਖੁ ਰਜਾਇ ਜੀਉ ॥

ਧੁਰੋਂ 'ਰਜਾਈ ਪ੍ਰਭੂ' ਦਾ ਲੇਖ ਲਿਖਿਆ ਹੋਇਆ ਹੈ, ਜਿਹੜਾ ਕਿ ਅਸੀਂ ਤੁਹਾਨੂੰ ਸੁਣਾਇਆ ਹੈ।

ਕਹੈ ਸੁੰਦਰੁ ਸੁਣਹੁ ਸੰਤਹੁ

'ਸੁੰਦਰ' ਕਵੀ ਨੂੰ ਗੁਰੂ ਸਾਹਿਬ ਨੇ ਬੁਲਾ ਕੇ ਇਹ ਲਿਖਾਇਆ ਸੀ, ਕਿ ਹੇ ਸੰਤੋ ! ਸੁਣੋ–

ਸਭੁ ਜਗਤੁ ਪੈਰੀ ਪਾਇ ਜੀਉ ॥

ਸਾਰਾ ਜਗ, ਗੁਰੂ ਰਾਮ ਦਾਸ ਜੀ ਦੇ ਚਰਨਾਂ ਵਿੱਚ ਪਾ ਦਿੱਤਾ।

ਇਸ ਸਾਰੇ ਸ਼ਬਦ ਦਾ ਨਾਉਂ 'ਸਦੁ' ਹੈ। ਜੀਵ ਦੇ ਪ੍ਰਾਣ ਛੱਡਣ ਤੋਂ ਪਿੱਛੋਂ, ਗੁਰੂ ਘਰ ਵਿੱਚ, ਇਹ ਸ਼ਬਦ ਪੜ੍ਹਨ ਦੀ ਰੀਤ ਹੈ। ਇਸ ਕਰਕੇ, ਇਸਦਾ ਅਰਥ ਜਿਹੋ ਜਿਹਾ ਸਾਨੂੰ ਆਇਆ, ਉਹ ਕਰ ਦਿੱਤਾ ਹੈ।

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ॥

੮

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥ (ਪੰਨਾ ੧੩੫)

ਸਾਰੀ ਸੰਗਤ, ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!! ਸਤਿਨਾਮ ਸ੍ਰੀ ਵਾਹਿਗੁਰੂ!!!

ਅੱਜ ਕੱਤਕ ਦਾ ਮਹੀਨਾ ਚੜ੍ਹਿਆ ਹੈ, ਨਾਲੇ ਅੱਜ ਸਕਰਾਂਤ ਹੈ, ਦੋ ਚੀਜਾਂ ਦਾ ਸੰਗ ਹੋਇਆ ਹੈ। ਪਹਿਲੀ ਰਾਸ ਤੋਂ ਹਟ ਕੇ, ਅੱਜ ਸੂਰਜ ਦੂਜੀ ਰਾਸ ਵਿੱਚ ਆਏਗਾ। ਇਸਦਾ ਮਿਲਾਪ ਸਮਾਂ, ਪੁੰਨ ਸਮਾਂ ਹੁੰਦਾ ਹੈ। ਇਸ ਕਰਕੇ, ਲੋਕ ਸਕਰਾਂਤ ਮਨਾਉਂਦੇ ਹਨ। ਅੱਜ ਕੱਤਕ ਦੀ ਸਕਰਾਂਤ ਹੈ, ਸਾਰੇ ਮਿਲਕੇ ਕੱਤਕ ਦੇ ਮਹੀਨੇ ਦਾ ਅਰਥ ਸੁਣੋ।

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥

ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਜਿਹੜੇ ਤੈਂ ਕਰਮ ਕਮਾਏ ਹਨ, ਉਹ ਤੈਨੂੰ ਹੀ ਭੋਗਣੇ ਪੈਣਗੇ। ਲੋਕਾਂ ਨੂੰ ਦੋਸ਼ ਦੇਣ ਦਾ ਕੋਈ

ਲਾਭ ਨਹੀਂ ਭਾਈ!

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ (ਪੰਨਾ ੧੫੭)

ਤੇਰੇ ਕਰਮਾਂ ਦਾ ਨਿਬੇੜਾ ਐਂ ਹੋਣਾ ਨਹੀਂ, ਭਾਵੇਂ ਏਸ ਜਨਮ ਦੇ ਹੋਣ, ਭਾਵੇਂ ਪਿਛਲੇ ਜਨਮ ਦੇ। ਬ੍ਰਹਮ ਗਿਆਨ ਤੋਂ ਬਿਨਾਂ, ਅੱਜ ਤੱਕ ਕਿਸੇ ਦੇ ਕਰਮ ਨਿੱਬੜੇ ਨਹੀਂ। ਇਸ ਕਰਕੇ ਭਾਈ! ਤੂੰ ਕਰਮ ਸੋਚ ਸਮਝ ਕੇ ਕਰੀਂ।

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਪੰਨਾ ੧੩੪)

ਹੇ ਭਾਈ! ਇਹ ਤੇਰਾ ਸਰੀਰ, ਤੇਰੇ ਸੰਚਿਤ ਕਰਮਾਂ ਦਾ ਹੀ ਫਲ ਹੈ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ (ਪੰਨਾ ੨)

ਉਹ ਦ੍ਰਸ਼ਟਾ ਸਭ ਵਿੱਚ, ਸਾਖਸ਼ੀ ਰੂਪੇਣ ਬਿਰਾਜਮਾਨ ਹੈ। ਤੇਰਾ ਇਹ ਛੇਤਰ (ਸਰੀਰ) ਕਰਮਾਂ ਦਾ ਬਣਿਆ ਹੋਇਆ ਹੈ। ਇਸ ਲਈ ਭਾਈ! ਤੂੰ ਆਪਣੇ ਮਨ ਵਿੱਚ ਇਹ ਗੱਲ ਨਾ ਲਿਆਈਂ ਕਿ ਉਹਦੇ ਕੋਲ ਜਿਆਦਾ ਧਨ ਹੈ, ਮੈਨੂੰ ਗਰੀਬ ਬਣਾ ਦਿੱਤਾ। ਫਲਾਨੇ ਨੂੰ ਸੁੰਦਰਤਾ ਦੇ ਦਿੱਤੀ ਹੈ, ਮੈਨੂੰ ਨਹੀਂ ਦਿੱਤੀ ਆਦਿ। ਇਹ ਸਭ ਤੇਰੇ ਕਰਮਾਂ ਦਾ ਹੀ ਫਲ ਹੈ। ਕਰਮ ਚਾਰ ਪ੍ਰਕਾਰ ਦੇ ਹਨ।

(੧) **ਵਿਹਿਤ ਕਰਮ** (੨) **ਨਿੱਤ ਕਰਮ**

(੩) **ਨਮਿੱਤ ਕਰਮ** (੪) **ਨਸ਼ਿੱਧ ਕਰਮ**

੧. ਵਿਹਿਤ ਕਰਮ – ਵਿਹਿਤ ਕਰਮ ਉਹ ਹੁੰਦੇ ਹਨ, ਜਿਨ੍ਹਾਂ ਦੀ ਵਿਧੀ ਹੁੰਦੀ ਹੈ। ਮੁਸਲਮਾਨਾਂ ਦਾ ਵਿਹਿਤ ਕਰਮ ਹੈ, ਪੰਜ ਨਿਮਾਜਾਂ ਪੜ੍ਹਨੀਆਂ ਅਤੇ ਰੋਜੇ ਰੱਖਣੇ। ਸਿੱਖਾਂ ਦਾ ਵਿਹਿਤ ਕਰਮ ਹੈ, ਪੰਜ ਬਾਣੀਆਂ ਦਾ ਪਾਠ ਕਰਨਾ ਅਤੇ ਹਿੰਦੂਆਂ ਦਾ ਵਿਹਿਤ ਕਰਮ ਹੈ, ਤਿੰਨ ਵਖਤ ਸੰਧਿਆ ਕਰਨੀ।

ਇਹ ਜੋ ਸੰਕੇਤ ਕੀਤੇ ਹਨ, ਇਨ੍ਹਾਂ ਨੂੰ ਭਾਈ, ਵੀਚਾਰ ਲਵੋ। ਇਸ ਤੋਂ ਪਿੱਛੋਂ ਨਿੱਤ ਕਰਮ ਆਉਂਦਾ ਹੈ।

੨. ਨਿੱਤ ਕਰਮ – ਨਾਮ ਜਪਣਾ, ਰੋਜ ਬਾਣੀ ਪੜ੍ਹਨੀ, ਗੁਰਦੁਆਰੇ

ਜਾਣਾ, ਸੇਵਾ ਕਰਨੀ ਆਦਿ ਨਿੱਤ ਕਰਮਾਂ ਵਿਚ ਆਉਂਦੇ ਹਨ।

੩. ਨਮਿੱਤ ਕਰਮ – ਜਦੋਂ ਕੋਈ ਨਮਿੱਤ ਹੋਵੇ, ਜਿਵੇਂ ਅੱਜ ਸਕਰਾਂਤ ਹੈ, ਆਪਾਂ ਸਾਰੇ ਮਿਲ ਕੇ ਬੈਠੇ ਹਾਂ, ਇਹ ਸਕਰਾਂਤ ਦੇ ਨਮਿੱਤ ਨਾਲ ਇਕੱਠੇ ਹੋਏ ਹਾਂ। ਇਸ ਕਰਕੇ, ਇਹ ਕਰਮ ਵੀ ਬੜੀ ਖੁਸ਼ੀ ਨਾਲ ਕਰਨਾ ਹੈ, ਨਮਿੱਤ ਕਰਕੇ ਹੀ ਅੱਜ ਸੇਵਾ ਕਰਨੀ ਹੈ। ਝਾੜੂ ਵੀ ਲਾਉਣਾ ਹੈ, ਲੋਕਾਂ ਨੂੰ ਰੋਟੀਆਂ ਬਣਾਕੇ ਵੀ ਖੁਆਉਣੀਆਂ ਹਨ, ਕੜਾਹ ਪ੍ਰਸ਼ਾਦ ਵੀ ਵੰਡਣਾ ਹੈ। ਸਾਰਾ ਕੰਮ ਕਰਨਾ ਹੈ।

੪. ਨਸ਼ਿੱਧ ਕਰਮ – ਗੁਰੂ ਸਾਹਿਬ ਕਹਿੰਦੇ–ਨਸ਼ਿੱਧ ਕਰਮ ਕਦੇ ਨਹੀਂ ਕਰਨੇ, ਨਸ਼ਿੱਧ ਕਰਮ ਕਰੋਂਗੇ ਤਾਂ ਤੁਹਾਨੂੰ ਪਸ਼ਚਾਤਾਪ ਕਰਨਾ ਪਏਗਾ। ਮੁਹੰਮਦ ਨੂੰ ਖੁਦਾ ਦਾ ਹੁਕਮ ਹੋਇਆ ਕਿ ਮੂਸਾ! ਤੂੰ ਮੇਰਾ ਇਕ ਸੰਦੇਸ਼ ਪਹੁੰਚਾ ਦੇ ਲੋਕਾਈ ਵਿੱਚ, ਤੈਨੂੰ ਸਵਰਗ ਦੇ ਦੇਵਾਂਗਾ। ਜਿਹੜੇ ਵੀ ਮੰਨ ਲੈਣਗੇ, ਉਨ੍ਹਾਂ ਦਾ ਠੀਕ ਜੁੰਮੇਵਾਰ ਮੈਂ ਹੋਵਾਂਗਾ। ਤੂੰ ਪੈਗਾਮ ਵਿੱਚ ਫਰਕ ਨਾ ਕਰੀਂ, ਨਹੀਂ ਤਾਂ ਤੈਨੂੰ ਵੀ ਜਹੰਨਮ ਵਿੱਚ ਸਿੱਟਾਂਗਾ। ਇਸ ਲਈ ਭਾਈ! ਨਸ਼ਿੱਧ ਕਰਮ ਕਦੇ ਨਹੀਂ ਕਰਨਾ, ਸ਼ੁੱਭ ਕਰਮ ਕਰਨਾ ਹੈ। ਇਸ ਲਈ, ਗੁਰੂ ਸਾਹਿਬ ਉਹੀ ਗੱਲ ਕਰ ਰਹੇ ਹਨ।

ਕਤਿਕਿ ਕਰਮ ਕਮਾਵਣੇ

ਕੱਤਕ ਦੇ ਮਹੀਨੇ ਵਿੱਚ ਭਾਈ ਤੁਸੀਂ ਸ਼ੁੱਭ ਕਰਮ ਕਮਾਉਣੇ ਹਨ। ਦੇਸ਼ ਦੀ ਸੇਵਾ ਕਰਨੀ ਹੈ, ਈਸ਼ਵਰ ਦੀ ਉਪਾਸ਼ਨਾ ਕਰਨੀ ਹੈ, ਗਰੀਬਾਂ ਦੀ ਮੱਦਦ ਕਰਨੀ ਹੈ। ਮੁਹੰਮਦ ਨੇ ਵੀ ਪੰਜ ਕਰਮ ਲਿਖੇ ਹਨ – ਯਤੀਮਾਂ ਦੀ, ਮੁਸਾਫਿਰਾਂ ਦੀ, ਗਰੀਬਾਂ ਦੀ ਅਤੇ ਜਿਸ ਮਾਈ ਦਾ ਕੋਈ ਵਾਲੀ ਵਾਰਿਸ ਨਾ ਹੋਵੇ। ਉਨ੍ਹਾਂ ਦੀ ਮੱਦਦ ਕਰਨੀ ਹੈ। ਕਾਫਰਾਂ ਨੂੰ ਮੈਂ ਸਜਾ ਦੇਵਾਂਗਾ। ਜੇ ਤੁਸੀਂ ਆਪਣੇ ਦਸਾਂ ਨਹੁੰਆਂ ਦੀ ਕਮਾਈ ਕਰਦੇ ਹੋਂ ਤਾਂ ਚਾਲੀਵਾਂ ਹਿੱਸਾ ਜਰੂਰ ਯਤੀਮਾਂ ਨੂੰ ਦੇਣਾ ਹੈ। ਜੇ ਕਾਫਰਾਂ ਨੂੰ ਲੁੱਟੋਂ ਤਾਂ ਪੰਜਵਾਂ ਹਿੱਸਾ ਦੇਣਾ ਹੈ। ਇਸ ਵਾਸਤੇ ਭਾਈ! ਕੱਤਕ ਦੇ ਮਹੀਨੇ ਵਿੱਚ ਖੂਬ ਪੁੰਨ ਕਰਮ ਕਮਾਉਣੇ ਹਨ। ਕੁਰਾਣ ਵਿੱਚ, ਗੁਰੂ ਗ੍ਰੰਥ ਸਾਹਿਬ ਵਿੱਚ ਅਤੇ ਹੋਰ ਸਾਸ਼ਤਰਾਂ ਵਿੱਚ ਲਿਖਿਆ

ਹੋਇਆ ਹੈ। ਇਉਂ ਨਾ ਸੋਚਿਓ ਕਿ ਕੋਈ ਦੇਖ ਨਹੀਂ ਰਿਹਾ, ਜਿਵੇਂ ਮਰਜੀ ਲੁੱਟੀ ਜਾਉ। ਨਹੀਂ ਭਾਈ! ਦੇਖਣ ਵਾਲਾ ਤਾਂ ਸਾਡੇ ਅੰਦਰ ਬੈਠਾ ਹੈ।

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ (ਪੰਨਾ ੩੯)

ਉਸਤੋਂ ਆਪਾਂ ਛੁਪਾ ਨਹੀਂ ਸਕਦੇ। ਤੁਹਾਨੂੰ ਇੱਕ ਦ੍ਰਿਸ਼ਟਾਂਤ ਦਿੰਦੇ ਹਾਂ। ਇੱਕ ਦਿਨ ਲਕਸ਼ਮੀ ਨੇ ਸੋਚਿਆ ਬਈ, ਮੈਂ ਦੇਖਦੀ ਹਾਂ ਕਿ ਵਿਸ਼ਨੂੰ ਭਗਵਾਨ ਸਾਰਿਆਂ ਨੂੰ ਅੰਨ ਕਿਸ ਤਰ੍ਹਾਂ ਦਿੰਦਾ ਹੈ। ਉਸਨੇ ਇੱਕ ਕੀੜਾ ਡੱਬੀ ਵਿੱਚ ਬੰਦ ਕਰ ਦਿੱਤਾ। ਲਕਸ਼ਮੀ ਦੇ ਟਿੱਕਾ ਲੱਗਾ ਹੋਇਆ ਸੀ, ਉਸ ਵਿੱਚੋਂ ਚੌਲ ਦਾ ਇੱਕ ਦਾਣਾ ਡੱਬੀ ਵਿੱਚ ਡਿੱਗ ਗਿਆ ਸੀ, ਉਸਨੂੰ ਪਤਾ ਨਹੀਂ ਸੀ ਲੱਗਿਆ। ਉਸਨੇ ਵਿਸ਼ਨੂੰ ਭਗਵਾਨ ਨੂੰ ਪੁੱਛਿਆ, ਜੀ ! ਕੀ ਤੁਸੀਂ ਸਾਰਿਆਂ ਨੂੰ ਭੋਜਨ ਦੇ ਦਿੱਤਾ ਹੈ? ਭਗਵਾਨ ਨੇ ਕਿਹਾ, ਹਾਂ! ਦੇ ਦਿੱਤਾ ਹੈ। ਫੇਰ ਲਕਸ਼ਮੀ ਜੀ ਕਹਿਣ ਲੱਗੇ ਕਿ ਮੈਂ ਕੱਲ੍ਹ ਦਾ ਇੱਕ ਕੀੜਾ ਡੱਬੀ ਵਿੱਚ ਬੰਦ ਕੀਤਾ ਹੋਇਆ ਹੈ, ਉਸਦਾ ਭੋਜਨ ਕਿੱਥੇ ਹੈ ? ਭਗਵਾਨ ਨੇ ਕਿਹਾ ਕਿ ਡੱਬੀ ਖੋਲ੍ਹ। ਜਦ ਖੋਲ੍ਹਿਆ ਤਾਂ ਉਸ ਵਿੱਚ ਚੌਲ ਦਾ ਅੱਧਾ ਦਾਣਾ ਉਸਨੇ ਖਾ ਲਿਆ ਅਤੇ ਅੱਧਾ ਦਾਣਾ ਪਿਆ ਸੀ। ਭਗਵਾਨ ਨੇ ਕਿਹਾ, ਜਦ ਤੂੰ ਸੰਕਲਪ ਕੀਤਾ ਸੀ, ਮੈਂ ਜਾਣ ਰਿਹਾ ਸੀ। ਇਸਨੂੰ ਮੈਂ ਪਹਿਲਾਂ ਹੀ ਦੋ ਤਿੰਨ ਦਿਨ ਦੀ ਖੁਰਾਕ ਸੁੱਟ ਦਿੱਤੀ ਸੀ, ਫਿਰ ਉਹ ਮੰਨ ਗਈ।

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ (ਪੰਨਾ ੩੯)

ਸਾਸ਼ਤਰਾਂ, ਗ੍ਰੰਥਾਂ ਆਦਿ ਵਿੱਚ ਸਾਰੀ ਮਰਿਆਦਾ ਲਿਖੀ ਹੋਈ ਹੈ, ਬਈ ਚੰਗਾ ਕੰਮ ਕਰੋ, ਮਾੜਾ ਨਾ ਕਰੋ, ਕਿਸੇ ਨਾਲ ਧੋਖਾ ਨਾ ਕਰੋ। ਪਰ ਲੋਕਾਂ ਨੇ ਇਹ ਮਰਿਆਦਾ ਛੱਡ ਦਿੱਤੀ ਅਰ ਆਪਣੇ ਆਪ ਹੀ ਚੱਲ ਪਏ, ਇਕ ਦੂਜੇ ਦੇ ਅੱਗੇ। ਇਸ ਕਰਕੇ ਭਾਈ !

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥

ਜੋ ਵੀ ਦੁੱਖ-ਸੁੱਖ ਮਿਲਦੇ ਹਨ, ਉਹ ਤੁਹਾਡੇ ਕੀਤੇ ਹੋਏ ਕਰਮਾਂ ਦਾ ਫਲ ਹੈ, ਐਵੇਂ ਲੋਕਾਂ ਨੂੰ ਦੋਸ਼ ਨਹੀਂ ਲਾਉਣਾ ਚਾਹੀਦਾ।

ਦੋਸੁ ਦੇਤ ਆਗਹ ਕਉ ਅੰਧਾ॥ (ਪੰਨਾ ੨੫੮)

ਜਿਹੜਾ ਦੂਜਿਆਂ ਨੂੰ ਦੋਸ਼ ਦਿੰਦਾ ਹੈ, ਉਹ ਅਗਿਆਨੀ ਹੈ, ਕਰਮ ਤਾਂ ਤੇਰੇ ਆਪਣੇ ਕੀਤੇ ਹੋਏ ਹਨ ਤੇ ਦੋਸ਼ ਦੂਜਿਆਂ ਨੂੰ ?

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

ਜੇ ਤੁਸੀਂ ਇਨ੍ਹਾਂ ਕਰਮਾਂ ਵਿੱਚ ਲੱਗੇ ਰਹੇ ਅਤੇ ਪ੍ਰਭੂ ਨੂੰ ਭੁੱਲ ਗਏ ਤਾਂ ਤੁਹਾਨੂੰ ਸਾਰੇ ਰੋਗ ਵਿਆਪ ਜਾਣਗੇ। ਡਾਕਟਰਾਂ ਦਾ ਹੀ ਘਰ ਭਰੋਂਗੇ ਤੁਸੀਂ –

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥

ਜਿਹੜੇ ਰੱਬ ਤੋਂ ਬੇਮੁੱਖ ਹੋ ਗਏ, ਉਨ੍ਹਾਂ ਨੂੰ ਜਨਮਾਂ ਦੇ ਦੁੱਖ ਲੱਗਣਗੇ। ਜੰਮਣਗੇ, ਮਰਨਗੇ, ਭਾੜਾ ਭਰਨਗੇ ਆਪਣੇ ਕਰਮਾਂ ਦਾ।

ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥

ਜਿਤਨੇ ਵੀ ਮਾਇਆ ਦੇ ਭੋਗ ਹਨ, ਉਹ ਪਲਾਂ ਵਿੱਚ '**ਕਉੜੇ**' ਭਾਵ ਦੁੱਖ ਰੂਪ ਹੋ ਜਾਣਗੇ, ਤੁਸੀਂ ਪਛੁਤਾਉਂਗੇ। ਇੱਕ, ਦੌਦ ਪਿੰਡ ਦਾ ਥਾਣੇਦਾਰ ਸੀ, ਉਦੇ ਸਿੰਘ ਉਹਦਾ ਨਾਂ ਸੀ। ਮੇਰਾ ਸਰੀਰ ਵੀ ਉੱਥੋ ਦਾ ਸੀ। ਮੈਂ ਸਾਧੂ ਹੋਕੇ ਉੱਥੇ ਇੱਕ ਗੁਫਾ ਵਿੱਚ ਗਿਆ। ਮੈਨੂੰ ਕਿਸੇ ਨੇ ਜਪੁਜੀ ਸਾਹਿਬ ਦੇ ਪਾਠ ੪੦ ਦਿਨ ਕਰਨ ਨੂੰ ਦੱਸਿਆ ਸੀ। ਥਾਣੇਦਾਰ ਦਾ ਲੜਕਾ ਮੇਰੇ ਕੋਲ ਆਇਆ ਅਤੇ ਕਹਿਣ ਲੱਗਿਆ ਕਿ ਮੇਰੇ ਪਿਤਾ ਜੀ ਨੇ ਤੁਹਾਨੂੰ ਸੱਦਿਆ ਹੈ, ਉਹ ਚੱਲ ਨਹੀਂ ਸਕਦੇ, ਅਧਰੰਗ ਹੋ ਗਿਆ ਹੈ। ਮੈਂ ਕਿਹਾ ਕਿ ਮੈਂ ਤਾਂ ਨਾਲ ਚੱਲ ਸਕਦਾਂ, ਇਸ ਵਿੱਚ ਕੋਈ ਦੁੱਖ ਨਹੀਂ ਪਰ ਕਰਮਾਂ ਨੂੰ ਕੱਟਣ ਦੀ ਤਾਂ ਮੇਰੇ ਕੋਲ ਕੋਈ ਦਵਾਈ ਨਹੀਂ। ਜਦ ਮੈਂ ਉਹਦੇ ਪਿਤਾ ਕੋਲ ਪਹੁੰਚਿਆ ਤਾਂ ਉਹ ਆਦਮੀ ਬੜਾ ਰੋਇਆ, ਪਰ ਬੋਲਿਆ ਸੱਚ। ਕਹਿੰਦਾ ਕਿ ਮੈਂ ਐਸੇ ਕਰਮ ਕੀਤੇ ਹਨ ਥਾਣੇਦਾਰੀ ਦੇ ਸਮੇਂ ਵਿੱਚ ਕਿ ਜਿਨ੍ਹਾਂ ਦਾ ਫਲ ਹੁਣ ਮੈਨੂੰ ਮਿਲਿਆ ਹੈ, ਮੈਂ ਬੜਾ ਦੁਖੀ ਹਾਂ। ਜੇ ਕਿਰਪਾ ਕਰਕੇ ਤੁਸੀਂ ਅਰਦਾਸ ਕਰ ਦਿਓਂ ਤਾਂ ਮੇਰਾ ਸਰੀਰ ਛੁੱਟ ਜਾਏ ਤੇ ਮੈਂ ਸੁਖੀ ਹੋ

ਜਾਵਾਂ। ਮੈਂ ਉਸਨੂੰ ਕਿਹਾ ਕਿ ਇਹ ਸਰੀਰ, ਮੇਰੀ ਅਰਦਾਸ ਨਾਲ ਨਹੀਂ ਛੁੱਟੇਗਾ। ਇਹ ਕਰਮ ਤੈਨੂੰ ਭੋਗਣੇ ਹੀ ਪੈਣਗੇ ਪਰ ਤੂੰ ਸੁਖੀ ਹੋ ਕੇ, ਨਾਮ ਜਪਦੇ ਹੋਏ ਭੋਗ। ਉਹ ਨਾਮ ਤਾਂ ਮੂੰਹੋਂ ਬੋਲੇ, ਪਰ ਬੋਲਿਆ ਨਾ ਜਾਵੇ, ਅਧਰੰਗ ਕਰਕੇ। ਇਸ ਕਰਕੇ ਭਾਈ ! ਇਹ ਸਰੀਰ, ਕਰਮਾਂ ਸੰਦੜਾ ਖੇਤ ਹੈ। ਜੇ ਤੁਸੀਂ ਇਨ੍ਹਾਂ ਕਰਮਾਂ ਵਿੱਚ ਪਏ ਰਹੇ ਤਾਂ ਤੁਹਾਡੀ ਬੁੱਧੀ ਮੈਲੀ ਹੋ ਜਾਏਗੀ। ਆਤਮਾ ਦਾ ਪ੍ਰਤਯਕਸ਼ ਨਹੀਂ ਹੋ ਸਕੇਗਾ ਤੇ ਤੁਸੀਂ ਬੇਮੁੱਖ ਹੋ ਜਾਉਂਗੇ। ਜਨਮਾਂ ਦੇ ਵਿਜੋਗ ਲੱਗ ਜਾਣਗੇ, ਪਤਾ ਨਹੀਂ , ਫੇਰ ਉਨ੍ਹਾਂ ਕਰਮਾਂ ਦੇ ਬੰਨ੍ਹੇ ਹੋਏ, ਕਿੰਨੇ ਜਨਮ ਭੋਗਣੇ ਪੈ ਜਾਣ। ਸੱਤ-ਸੱਤ ਜਨਮ ਇੱਕ ਆਦਮੀ ਦੇ ਹੋਏ, ਸਿਰਫ ਇੱਕ ਕਰਮ ਦੇ ਕਾਰਣ। ਸਾਸ਼ਤਰਾਂ ਵਿੱਚ ਲਿਖਿਆ ਹੈ ਕਿ ਨਸ਼ਿੱਧ ਕਰਮ ਕਦੇ ਵੀ ਨਾ ਕਰੋ, ਨਿੱਤ ਕਰਮ ਜ਼ਰੂਰ ਕਰੋ। ਨਮਿੱਤ ਕਰਮ ਵੀ ਜਰੂਰ ਕਰੋ ਪਰ ਵਿਧੀ ਕਰਮ ਤਾਂ ਇਹੀ ਹੈ ਕਿ ਅੱਠੇ ਪਹਿਰ ਨਾਮ ਨੂੰ ਤਾਂ ਕਦੇ ਛੱਡੋ ਹੀ ਨਾ।

ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥ (ਪੰਨਾ ੨੮੬)

ਕੁਸੰਗ ਕਦੇ ਭੁੱਲ ਕੇ ਨਾ ਕਰੋ, ਜੇ ਕਦੇ ਫਸ ਜਾਉਂ ਤਾਂ ਉੱਥੋਂ ਨਿਕਲ ਜਾਉ ਕੁਸੰਗ 'ਚੋਂ। ਤੁਹਾਡਾ ਸਰੀਰ ਕਰਮਾਂ ਦਾ ਖੇਤ ਹੈ, ਕਰਮਾਂ ਨਾਲ ਹੀ ਮਿਲਿਆ ਹੈ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ (ਪੰਨਾ ੨)

ਜਦ ਪ੍ਰਭੂ ਦੀ ਨਦਰਿ ਹੋ ਗਈ, ਕਿਰਪਾ ਹੋ ਗਈ ਤਾਂ ਮੁਕਤੀ ਦੀ ਪ੍ਰਾਪਤੀ ਹੋ ਜਾਏਗੀ।

ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥

ਮੁਹੰਮਦ ਨੂੰ ਖੁਦਾ ਨੇ ਕਿਹਾ ਕਿ ਵਿਚੋਲਾ ਨਹੀਂ ਹੋਊਗਾ ਕੋਈ ਮੇਰੇ ਅਤੇ ਤੇਰੇ ਵਿੱਚ । ਮੈਂ ਆਪ ਸਭ ਕੁੱਛ ਕਰਨਾ ਹੈ। ਕਾਫਰਾਂ ਨੂੰ ਮਾਰਨਾ

ਹੈ ਤੇ ਮੋਮਨਾਂ ਨੂੰ ਗਲੇ ਲਾਉਣਾ ਹੈ, ਉਨ੍ਹਾਂ ਦੀ ਰਖਸ਼ਾ ਕਰਨੀ ਹੈ। ਇਸ ਵਿੱਚ ਕੋਈ ਵਿਚੋਲਾ ਨਹੀਂ ਹੋਏਗਾ। ਇਹ ਕੋਈ ਸੰਸਾਰ ਦਾ ਕੰਮ ਤਾਂ ਹੈ ਨਹੀਂ, ਜਿੱਥੇ ਵਕੀਲ ਦੀ ਲੋੜ ਪਵੇ, ਕਰਮਾਂ ਤੋਂ ਕੋਈ ਨਹੀਂ ਛੁਡਾ ਸਕੇਗਾ। ਪਰਮੇਸ਼ਰ ਹੀ ਤੇਰਾ ਵਿਚੋਲਾ ਬਣੇਗਾ। ਜੇ ਤੁਸੀਂ ਆਖੋਂ ਕਿ ਗੁਰੂ ਬਖਸ਼ ਸਕਦੇ ਸੀ ਤਾਂ ਕਹਿੰਦੇ ਕਿ ਉਹ ਵੀ ਤਾਂ ਆਪ ਪ੍ਰਭੂ ਹੀ ਆਇਆ ਸੀ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ (ਪੰਨਾ ੧੪੦੮)

ਉਹ ਜੋਤੀ ਸਰੂਪ ਪ੍ਰਭੂ, ਆਪ ਹੀ ਗੁਰੂ ਨਾਨਕ ਦੇ ਰੂਪ ਵਿੱਚ ਆਇਆ ਸੀ, ਇਹ ਉਸਦੀ ਖੁਸ਼ੀ ਹੈ। 'ਜੈਮਿਨੀ' ਨੇ ਇੱਕ ਸੂਤਰ ਲਿਖਿਐ, ਜਿਸ ਵਿੱਚ ਦੱਸਿਆ ਹੈ ਕਿ ਈਸ਼ਰ ਕੀਹਨੂੰ ਕਹਿੰਦੇ ਨੇ-

ਕਰਤੂ, ਅਕਰਤੂ, ਅਨਥਾ ਕਰਤੂ, ਈਸ਼ਵਰਾ

ਜਿਹੜਾ ਕਰ ਦੇਵੇ, ਚਾਹੇ ਨਾ ਕਰੇ ਯਾ ਉਲਟੀ ਕਰ ਦੇਵੇ, ਉਸਨੂੰ ਈਸ਼ਵਰ ਕਹਿੰਦੇ ਨੇ। ਉਸਨੂੰ ਸਾਰੇ ਅਖਤਿਆਰ ਨੇ, ਯਾ ਤਾਂ ਤੁਸੀਂ ਉਸਦੀ ਸ਼ਰਨ ਪੈ ਜਾਉ।

ਜਿਤੇ ਸ਼ਰਣ ਜੈਹੈ ਤਿਤਯੋ ਰਾਖ ਲਏ ਹੈ ॥
ਬਿਨਾ ਸ਼ਰਣ ਤਾ ਕੀ ਨਹੀਂ ਔਰ ਓਟੰ ॥
ਲਿਖੇ ਜੰਤਰ ਕੇਤੇ ਪੜ੍ਹੇ ਮੰਤਰ ਕੋਟੰ ॥
ਬਚੇਗਾ ਨਾ ਕੋਈ ਕਰੇ ਕਾਲ ਚੋਟੰ ॥
ਜਿਤੇ ਸ਼ਰਣ ਅਏ ਹੈ ਤਿਤੇ ਰਾਖ ਲਏ ਹੈ ॥ (ਬਚਿੱਤ੍ਰ ਨਾਟਕ ੧.੭੫)

ਕਬੀਰ, ਨਾਮਦੇਵ, ਧੰਨਾ, ਜੈਦੇਵ ਆਦਿ ਸ਼ਰਣ ਵਿੱਚ ਪੈ ਗਏ। ਸਾਰੇ ਦੇ ਸਾਰੇ ਪ੍ਰਭੂ ਨੇ ਰੱਖ ਲਏ, ਮੁੜਕੇ ਜਨਮ ਵਿੱਚ ਨਾ ਪਏ। ਇਸ ਤਰ੍ਹਾਂ, ਤੁਸੀਂ ਵੀ ਸ਼ਰਣ ਵਿੱਚ ਪੈ ਜਾਉ।

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ। (ਗੀਤਾ)

ਕ੍ਰਿਸ਼ਨ ਜੀ ਕਹਿੰਦੇ-ਕਿ ਸ਼ਰਣ ਵਿੱਚ ਪੈ ਜਾਉ, ਉਹ ਜਿਹੜਾ ਸੱਚਿਦਾਨੰਦ ਵਿਆਪਕ ਹੈ, ਉਸਦੀ ਸ਼ਰਣ ਵਿੱਚ ਪੈ ਜਾਉ। ਦਸਮ

ਪਾਤਸ਼ਾਹ ਕਹਿੰਦੇ ਹਨ – ਸ਼ਰਣ ਵਿੱਚ ਆਇਆ, ਕੋਈ ਵੀ ਵਾਪਿਸ ਨਹੀਂ ਗਿਆ, ਸ਼ਰਣ ਪੈ ਕੇ ਬਚ ਜਾਉਂਗੇ।

ਕਿਸ ਥੈ ਰੋਵਹਿ ਰੋਜ॥

ਰੋਜ–ਰੋਜ ਦੁੱਖ ਕਿਸਦੇ ਕੋਲ ਰੋਵੇਂਗਾ ?

ਈਸ਼ਵਰ ਤੋਂ ਬਿਨਾਂ ਕੋਈ ਵੀ ਬਖਸ਼ਣ ਵਾਲਾ ਨਹੀਂ ਹੈ, ਚਾਹੇ ਉਹ ਸਰਗੁਣ ਹੋ ਕੇ ਬਖਸ਼ੇ, ਚਾਹੇ ਬਿਨਾਂ ਰੂਪ ਤੇ ਬਖਸ਼ੇ, ਉਹ ਬਖਸ਼ਿੰਦ ਹੈ।

ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)

ਲੇਖਾ ਤਾਂ ਬਖਸ਼ਿਸ਼ ਮੇਂ ਹੀ ਕੱਟਿਆ ਜਾਣਾ ਹੈ। ਜੋ ਬਖਸ਼ੇ ਗਏ, ਉਹ ਕਦੇ ਵਾਪਸ ਨਹੀਂ ਆਏ।

ਕੀਤਾ ਕਿਛੂ ਨ ਹੋਵਈ

ਹੁਣ ਤੇਰਾ ਕੀਤਾ ਕੁੱਛ ਨਹੀਂ ਹੋਣਾ, ਤੂੰ ਕਰ ਬੈਠਾ ਹੈਂ। ਜਿਹੜਾ ਬਾਣ ਤੇਰੇ ਹੱਥੋਂ ਛੁੱਟ ਗਿਆ, ਉਹ ਤਾਂ ਤੇਰੇ ਵੱਸ ਨਹੀਂ ਹੈ। ਬਾਣ ਛੱਡਿਆ ਬਾਬੇ ਗੁਰਦਿੱਤੇ ਨੇ ਕਿਸੇ ਨਿਸ਼ਾਨੇ ਤੇ, ਪਰ ਉਹ ਗਊ ਨੂੰ ਲੱਗ ਗਿਆ। ਸਾਰੇ ਪਹਾੜੀ ਇੱਕਠੇ ਹੋਕੇ ਉਨ੍ਹਾਂ ਕੋਲ ਆ ਗਏ ਕਿ ਤੁਸੀਂ ਆਹ ਕੀ ਕੰਮ ਕੀਤਾ ਹੈ? ਉਹ ਕਹਿਣ ਲੱਗੇ ਭਾਈ! ਸਾਡੇ ਤੋਂ ਅਚਾਨਕ ਹੋ ਗਿਆ ਹੈ, ਤੁਸੀਂ ਹੁਣ ਜਾਣ ਦਿਉ। ਕਹਿੰਦੇ–ਨਹੀਂ ਜੀ! ਗਊ ਨੂੰ ਜਿੰਦਾ ਕਰੋ ਨਹੀਂ ਤਾਂ ਅਸੀਂ ਹਮੇਸ਼ਾਂ ਲਈ ਤੁਹਾਡੇ ਨਾਲ ਵਿਰੋਧ ਰੱਖਾਂਗੇ। ਬਾਬੇ ਗੁਰਦਿੱਤੇ ਨੇ ਗਊ ਜਿੰਦਾ ਕਰ ਦਿੱਤੀ। ਛੇਵੇਂ ਪਾਤਸ਼ਾਹ, ਬਾਬੇ ਗੁਰਦਿੱਤੇ ਨੂੰ ਕਹਿੰਦੇ ਕਿ ਇੱਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਪੈਂਦੀਆਂ ਹੁੰਦੀਆਂ। ਯਾ ਤਾਂ ਤੁਸੀਂ ਰਹੋਂਗੇ ਯਾ ਅਸੀਂ ਰਹਾਂਗੇ। ਇੱਥੇ ਤਾਂ ਦੁਨੀਆਂ ਹਰ ਰੋਜ ਮੁਰਦੇ ਲਿਆ ਕੇ ਰੱਖ ਦੂਗੀ। ਤਾਂ ਬਾਬਾ ਗੁਰਦਿੱਤਾ ਚਾਦਰ ਤਾਣ ਕੇ ਪੈ ਗਿਆ ਤੇ ਚਲਾਣਾ ਕਰ ਗਿਆ। ਕਰਮ ਤਾਂ ਧੁਰੋਂ ਲਿਖੇ ਹੁੰਦੇ ਨੇ–

ਲਿਖਿਆ ਧੁਰਿ ਸੰਜੋਗ॥

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥ (ਪੰਨਾ ੧੦੦੭)

ਜਿਹੜਾ ਕਰਮ ਅਸੀਂ ਕਰਦੇ ਹਾਂ, ਉਹ ਤਾਂ ਲਿਖਿਆ ਜਾਣਾ ਹੈ, ਸ਼ੁੱਭ ਵੀ ਤੇ ਅਸ਼ੁੱਭ ਵੀ।

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥ (ਪੰਨਾ ੧੪੪)

ਉਹ ਪ੍ਰਭੂ ਆਪ ਪਾਰਖ ਹੈ, ਜਿਹੜਾ ਸਾਰੇ ਸੰਕਲਪਾਂ ਨੂੰ ਟਾਈਪ ਕਰ ਰਿਹਾ ਹੈ। ਇਸ ਲਈ, ਮਾੜਾ ਕਰਮ ਕਦੇ ਨਾ ਕਰੋ, ਜੇ ਹੋ ਜਾਏ ਤਾਂ ਮਾਫੀ ਮੰਗ ਲਵੋ –

ਵਡਭਾਗੀ ਮੇਰਾ ਪ੍ਰਭੁ ਮਿਲੈ

ਵੱਡੇ ਭਾਗਾਂ ਨਾਲ ਈਸ਼ਵਰ ਦੀ ਪ੍ਰਾਪਤੀ ਹੁੰਦੀ ਹੈ।

ਤਾਂ ਉਤਰਹਿ ਸਭਿ ਬਿਓਗ॥

ਉਸਦੇ ਫਿਰ ਸਭ ਦੁੱਖ ਤੇ ਵਿਜੋਗ ਦੂਰ ਹੋ ਜਾਂਦੇ ਹਨ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ (ਪੰਨਾ ੫੪੪)

ਇਹ ਪ੍ਰਭੂ ਦਾ ਨਿਯਮ ਹੈ, ਬਿਰਦ ਹੈ, ਕਿ ਜੋ ਵੀ ਉਸਦੀ ਸ਼ਰਨ ਵਿੱਚ ਆ ਜਾਂਦਾ ਹੈ, ਉਹ ਉਸਨੂੰ ਗਲੇ ਨਾਲ ਲਾ ਲੈਂਦਾ ਹੈ।

ਨਾਨਕ ਕਉ ਪ੍ਰਭ ਰਾਖਿ ਲੇਹਿ

ਗੁਰੂ ਅਰਜਨ ਦੇਵ ਮਹਾਰਾਜ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਨੂੰ ਆਪਣਾ ਹੱਥ ਦੇ ਕੇ ਰੱਖ ਲੈ ਤਾਂ ਹੀ ਮੈਂ ਬਚ ਸਕਦਾ ਹਾਂ।

ਮੇਰੇ ਸਾਹਿਬ ਬੰਦੀ ਮੋਚ॥

ਹੇ ਮਾਲਕ! ਹੇ ਸਾਹਿਬ! 'ਬੰਦੀ ਮੋਚ', ਬੰਧਨਾਂ ਨੂੰ ਕੱਟ ਦੇਣ ਵਾਲੇ ਪ੍ਰਭੂ! ਮੇਰੇ ਉੱਤੇ ਕਿਰਪਾ ਕਰ। ਛੇਵੇਂ ਪਾਤਸ਼ਾਹ ਨੂੰ ਜਹਾਂਗੀਰ ਕਿਸੇ ਬਾਤ ਉੱਤੇ ਗਵਾਲੀਅਰ ਦੇ ਕਿਲੇ ਵਿੱਚ ਲੈ ਗਿਆ ਅਤੇ ਕਿਹਾ ਕਿ ਤੁਸੀਂ ਇੱਥੇ ਸਾਡੇ ਨਮਿੱਤ ਚਾਲੀ (40) ਦਿਨ ਅਨੁਸ਼ਠਾਨ ਕਰੋ। ਉਸਦਾ ਮਤਲਬ ਸੀ ਕਿ ਅੰਦਰ ਚਲੇ ਜਾਣਗੇ ਤਾਂ ਅਸੀਂ ਬੰਦ ਕਰ

ਦੇਵਾਂਗੇ ਤਾਂ ਸਾਡਾ ਰਾਜ ਚੰਗਾ ਚੱਲੇਗਾ। ਏਹੀ ਸਾਡੇ ਲਈ ਇੱਕ ਅੜਿੱਕਾ ਹਨ। ਗੁਰੂ ਸਾਹਿਬ ਦੇ ਅੰਦਰ ਜਾਣ ਨਾਲ, ਉੱਥੇ ਸਾਰੇ ਸਿੱਖ- ਸੇਵਕ ਜਾਣ ਲੱਗ ਪਏ, ਕੀਰਤਨ ਸ਼ੁਰੂ ਹੋ ਗਿਆ, ਭੰਡਾਰੇ ਸ਼ੁਰੂ ਹੋ ਗਏ। ਉਥੇ ਬਵੰਜਾ (52) ਰਾਜੇ ਵੀ ਕੈਦ ਥੇ। ਕੀਰਤਪੁਰ ਵਾਲਾ ਰਾਜਾ ਵੀ ਉੱਥੇ ਹੀ ਸੀ। ਉਸਨੇ ਹੀ ਗੁਰੂ ਜੀ ਨੂੰ ਕੀਰਤਪੁਰ ਦਿੱਤਾ ਸੀ। ਅਖੀਰੀ ਜਹਾਂਗੀਰ ਨੇ ਹੁਕਮ ਕੀਤਾ ਕਿ ਗੁਰੂ ਜੀ ਨੂੰ ਬਾਹਰ ਜਾਣ ਦਿੱਤਾ ਜਾਵੇ । ਗੁਰੂ ਜੀ ਨੇ ਜਹਾਂਗੀਰ ਨੂੰ ਕਿਹਾ ਕਿ ਇਨ੍ਹਾਂ ਰਾਜਿਆਂ ਨੂੰ ਛੱਡ ਦਿਉ ਤਾਂ ਅਸੀਂ ਇੱਥੋਂ ਬਾਹਰ ਜਾਵਾਂਗੇ। ਉਨ੍ਹਾਂ ਰਾਜਿਆਂ ਨੇ ਗੁਰੂ ਜੀ ਨੂੰ ਕਿਹਾ ਕਿ ਜੇ ਤੁਸੀਂ ਏਥੋਂ ਚਲੇ ਗਏ ਤਾਂ ਅਸੀਂ ਇੱਥੇ ਹੀ ਰਹਿ ਜਾਵਾਂਗੇ, ਸਾਨੂੰ ਕਿਸੇ ਨੇ ਨਹੀਂ ਛੱਡਣਾ। ਜਹਾਂਗੀਰ ਨੇ ਗੁਰੂ ਜੀ ਨੂੰ ਕਿਲੇ 'ਚੋਂ ਗਵਾਲੀਅਰ ਸ਼ਹਿਰ ਵਿੱਚ ਲਿਆਉਣ ਲਈ ਹਾਥੀ ਸਜਾ ਕੇ ਘੱਲਿਆ। ਪਰ ਗੁਰੂ ਜੀ ਨੇ ਫੇਰ ਕਹਿ ਦਿੱਤਾ-ਅਸੀਂ ਨਹੀਂ ਜਾਂਦੇ, ਆਪਣੇ ਬਾਦਸ਼ਾਹ ਨੂੰ ਕਹਿ ਦਿਉ ਕਿ ਅਸੀਂ ਆਪਣੇ ਸੰਗੀਆਂ ਨੂੰ ਨਾਲ ਲੈਕੇ ਹੀ ਬਾਹਰ ਆਵਾਂਗੇ। ਤਾਂ ਜਹਾਂਗੀਰ ਬਾਦਸ਼ਾਹ ਨੇ ਕਿਹਾ ਕਿ ਉਨ੍ਹਾਂ ਨੂੰ ਵੀ ਬਾਹਰ ਲੈ ਆਉਣ । ਉਹਨੇ ਸੋਚਿਆ ਕਿ ਮੇਰਾ ਖਹਿੜਾ ਛੁੱਟ ਜਾਏ ਕਿਸੇ ਤਰ੍ਹਾਂ। ਜਦੋਂ ਦੇ ਗੁਰੂ ਜੀ ਕਿਲੇ ਵਿੱਚ ਸਨ, ਬਾਦਸ਼ਾਹ ਨੂੰ ਨਾ ਰਾਤ ਨੂੰ ਸੌਣਾ ਮਿਲੇ ਅਤੇ ਨਾ ਦਿਨੇ ਚੈਨ। ਜਦ ਉਸਨੂੰ ਰਾਤ ਵੇਲੇ ਸੁਪਨੇ 'ਚ ਦੋਜ਼ਖ ਦਾ ਰੂਪ, ਪ੍ਰਭੂ ਨੇ ਦਿਖਾਇਆ, ਜਿੱਥੇ ਉਸਨੇ ਜਾਣਾ ਸੀ ਤਾਂ ਉਹ ਦੇਖਕੇ ਬਹੁਤ ਡਰ ਗਿਆ ਤੇ ਗੁਰੂ ਜੀ ਦੇ ਚਰਨਾਂ ਉੱਪਰ ਡਿੱਗ ਪਿਆ ਅਤੇ ਮਹਾਰਾਜ ਜੀ ਨੂੰ ਕਿਹਾ ਕਿ ਜਿੰਨੇ ਰਾਜੇ ਤੁਹਾਡਾ ਚੋਲਾ ਫੜਕੇ ਆ ਸਕਦੇ ਨੇ, ਉਨ੍ਹਾਂ ਨੂੰ ਬਾਹਰ ਲੈ ਆਵੋ। ਤਾਂ ਗੁਰੂ ਜੀ ਨੇ ਬਵੰਜਾ (52) ਲੜੀਆਂ ਵਾਲਾ ਇੱਕ ਚੋਲਾ ਸਿਲਵਾਇਆ। ਇਹ ਚੋਲਾ ਅਜੇ ਵੀ ਘੁਡਾਣੀ ਪਿੰਡ ਵਿੱਚ ਪਿਆ ਹੈ, ਮੈਂ ਦੇਖਿਆ ਹੈ, ਉਥੇ ਸ਼ੀਸ਼ਿਆਂ ਵਿੱਚ ਪਿਆ ਹੈ। ਇੱਕ-ਇੱਕ ਲੜੀ ਫੜਾ ਕੇ ਗੁਰੂ ਜੀ, ਉਨ੍ਹਾਂ ਬਵੰਜਾ (52) ਰਾਜਿਆਂ ਨੂੰ ਬਾਹਰ ਲੈ

ਆਏ। ਉਦੋਂ ਹੀ ਲੋਕਾਂ ਨੇ ਛੇਵੇਂ ਪਾਤਸ਼ਾਹ ਦਾ ਨਾਮ 'ਬੰਦੀ-ਮੋਚ' ਜਾਂ 'ਬੰਦੀ-ਛੋੜ' ਰੱਖ ਦਿੱਤਾ। ਗੁਰੂ ਅਰਜਨ ਦੇਵ ਜੀ ਕਹਿੰਦੇ ਕਿ ਮੇਰਾ ਜਿਹੜਾ ਮਾਲਕ ਪ੍ਰਭੂ ਹੈ, ਉਹ 'ਬੰਦੀ-ਮੋਚ' ਹੈ, ਉਹ ਜਨਮ-ਮਰਨ ਕੱਟ ਦਿੰਦਾ ਹੈ।

ਤੁਹਾਨੂੰ ਪਤਾ ਹੈ, ਉਹ ਘਾਹੀ ਆਇਆ ਸੀ ਪੰਜ ਪੈਸੇ ਲੈਕੇ, ਮਹਾਰਾਜ ਜੀ ਦੇ ਤੰਬੂ ਵਿੱਚ। ਪਹਿਰੇਦਾਰਾਂ ਨੇ ਸਲਾਹ ਕਰ ਲਈ ਕਿ ਤੰਬੂ ਵੀ ਜਹਾਂਗੀਰ ਦੇ, ਰਸਦ ਵੀ ਉਸਦੀ, ਪਰ ਜਿਹੜਾ ਵੀ ਸਿੱਖ ਆਉਂਦਾ ਹੈ, ਉਹ ਪੁੱਛਦਾ ਹੈ ਕਿ ਸੱਚੇ ਪਾਤਸ਼ਾਹ ਦਾ ਤੰਬੂ ਕਿੱਥੇ ਹੈ? ਤੇ ਸਾਡੇ ਰਾਜੇ ਨੂੰ ਝੂਠਾ ਪਾਤਸ਼ਾਹ ਕਹਿੰਦੇ ਹਨ। ਇਸ ਵਿੱਚ ਸਾਡੀ ਬੜੀ ਹੱਤਕ ਹੈ। ਉਨ੍ਹਾਂ ਨੇ ਸੰਤਰੀ (ਪਹਿਰੇਦਾਰ) ਨੂੰ ਸਮਝਾਇਆ ਕਿ ਜਿਹੜਾ ਵੀ ਸਿੱਖ ਆਵੇ ਉਸਨੂੰ ਜਹਾਂਗੀਰ ਦੇ ਤੰਬੂ ਵਿੱਚ ਭੇਜ ਦੇਣਾ। ਘਾਹੀ ਨੇ ਆਕੇ ਪੁੱਛਿਆ, ਘਾਹ ਵੇਚਕੇ ਜਿਹੜੇ ਪੈਸੇ ਸਨ, ਉਹ ਨਾਲ ਲੈਕੇ ਆਇਆ ਸੀ। ਉਸ ਦਿਨ ਉਹਨੇ ਰੋਟੀ ਵੀ ਨਾ ਖਾਧੀ ਤੇ ਭੇਟਾ ਕਰਨ ਲਈ ਪੈਸੇ ਬਚਾਅ ਲਏ। ਸੰਤਰੀ ਨੇ ਘਾਹੀ ਨੂੰ ਜਹਾਂਗੀਰ ਦੇ ਤੰਬੂ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਹ ਹੈ ਸੱਚੇ ਪਾਤਸ਼ਾਹ ਦਾ ਤੰਬੂ। ਘਾਹੀ ਨੇ ਪੰਜ ਪੈਸੇ ਜਹਾਂਗੀਰ ਦੇ ਅੱਗੇ ਰੱਖ ਦਿੱਤੇ, ਪ੍ਰਕਰਮਾ ਕੀਤੀ ਤੇ ਮੱਥਾ ਟੇਕ ਕੇ ਖੜ੍ਹਾ ਹੋ ਗਿਆ। ਜਹਾਂਗੀਰ ਨੇ ਕਿਹਾ ਕਿ ਮੰਗ ਭਾਈ ! ਕੀ ਮੰਗਦਾ ਹੈਂ? ਘਾਹੀ ਨੇ ਕਿਹਾ ਜੀ ! ਮੁਕਤੀ ਮੰਗਦਾ ਹਾਂ। ਰਾਜੇ ਨੇ ਕਿਹਾ ਕਿ ਤੂੰ ਐਨਾਂ ਗਰੀਬ ਹੈਂ, ਇੱਕ ਪਿੰਡ ਦੀ ਮਾਲਕੀ ਲੈ ਲੈ, ਇਲਾਕੇ ਦੀ ਮਾਲਕੀ ਲੈ ਲੈ? ਉਸਨੇ ਕਿਹਾ ਨਾ, ਮੈਨੂੰ ਤਿੰਨਾਂ ਲੋਕਾਂ ਦੀ ਲੋੜ ਨਹੀਂ ਹੈ, ਮੈਂ ਤਾਂ ਸਿਰਫ ਮੁਕਤੀ ਲੈਣੀ ਹੈ। ਰਾਜੇ ਨੇ ਕਿਹਾ ਕਿ ਉਹ ਹੈ ਤੰਬੂ ਸੱਚੇ ਪਾਤਸ਼ਾਹ ਦਾ, ਮੁਕਤੀ ਦੇ ਮਾਲਕ ਦਾ। ਮੈਂ ਤਾਂ ਝੂਠਾ ਪਾਤਸ਼ਾਹ ਹਾਂ। ਘਾਹੀ ਨੇ ਪੈਸੇ ਚੱਕ ਲਏ ਤੇ ਤੁਰ ਪਿਆ। ਉਹੀ ਪੈਸੇ ਛੇਵੇਂ ਪਾਤਸ਼ਾਹ ਦੇ ਅੱਗੇ ਰੱਖ ਦਿੱਤੇ। ਪ੍ਰਕਰਮਾ ਕੀਤੀ ਅਤੇ ਮੱਥਾ ਟੇਕ ਕੇ ਖੜ੍ਹਾ ਹੋ ਗਿਆ, ਹੱਥ ਜੋੜ ਕੇ। ਗੁਰੂ ਜੀ ਨੇ ਕਿਹਾ, ਕੀ

ਮੰਗਦਾ ਹੈਂ? ਤਾਂ ਘਾਹੀ ਨੇ ਕਿਹਾ- ਮੁਕਤੀ। ਗੁਰੂ ਜੀ ਨੇ ਕਿਹਾ ਕਿ ਮੇਰੀ ਅੱਖ ਨਾਲ ਅੱਖ ਮਿਲਾ। ਜਦ ਉਸਨੇ ਅੱਖ ਮਿਲਾਈ ਤਾਂ ਗੁਰੂ ਜੀ ਨੇ ਉਸਨੂੰ ਗਿਆਨ ਦੇਕੇ, ਮੁਕਤ ਕਰ ਦਿੱਤਾ। ਘਾਹੀ ਕਹਿੰਦਾ ਨਿਹਾਲ ! ਨਿਹਾਲ !! ਨਿਹਾਲ !!! ਤੇ ਚਲਿਆ ਗਿਆ। ਜਹਾਂਗੀਰ ਨੇ ਗੁਰੂ ਜੀ ਨੂੰ ਕਿਹਾ ਕਿ ਹਿੰਦੂਆਂ ਦੀ ਮੁਕਤੀ ਬੜੀ ਸਸਤੀ ਹੈ ਜੋ ਥੋੜ੍ਹੇ ਜਿਹੇ ਪੈਸਿਆਂ ਵਿੱਚ ਆ ਜਾਂਦੀ ਹੈ। ਗੁਰੂ ਜੀ ਨੇ ਉਸ ਤੋਂ ਪੁੱਛਿਆ ਕਿ ਤੂੰ ਉਸਨੂੰ ਕੀ ਦਿੰਦਾ ਸੀ? ਰਾਜੇ ਨੇ ਕਿਹਾ, ਮੈਂ ਤਾਂ ਉਸਨੂੰ ਇਲਾਕੇ ਦਾ ਰਾਜ ਵੀ ਦਿੰਦਾ ਸੀ ਪਰ ਘਾਹੀ ਕਹਿੰਦਾ ਕਿ ਮੈਨੂੰ ਤਿੰਨਾਂ ਲੋਕਾਂ ਦਾ ਰਾਜ ਵੀ ਨਹੀਂ ਚਾਹੀਦਾ, ਸਿਰਫ ਮੁਕਤੀ ਚਾਹੀਦੀ ਹੈ। ਗੁਰੂ ਜੀ ਨੇ ਕਿਹਾ, ਉਸ ਵਿੱਚ ਤਿੰਨਾਂ ਲੋਕਾਂ ਦੀ ਵੀ ਕੋਈ ਵਾਸ਼ਨਾ ਨਹੀਂ ਸੀ ਰਹਿ ਗਈ। ਅੰਤਹਕਰਣ ਸ਼ੁੱਧ ਹੋ ਚੁੱਕਿਆ ਸੀ ਤੇ ਉਹ ਮੁਕਤੀ ਦਾ ਅਧਿਕਾਰੀ ਸੀ। 'ਨਦਰੀ ਨਦਰਿ ਨਿਹਾਲ' ਹੋ ਗਿਆ। ਜਿਹੜੇ ਰੱਬ ਦੇ ਭੇਜੇ ਹੋਏ ਹੁੰਦੇ ਨੇ, ਗੁਰੂ ਨਾਨਕ, ਦਾਦੂ, ਕਬੀਰ, ਰਵਿਦਾਸ ਇਹ ਸਾਰੇ ਹੀ ਬੰਦੀ-ਮੋਚ ਥੇ। ਰਾਮਾਨੰਦ ਨੇ ਬਾਰਾਂ (12) ਜਣਿਆਂ ਦੀ ਮੁਕਤੀ ਕੀਤੀ, ਇਹ ਰੱਬ ਦੇ ਭੇਜੇ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਕਿ ਉਹ ਬਖਸ਼ ਲੈਂਦਾ ਹੈ ਪਰ ਉਨ੍ਹਾਂ ਤੇ ਹੀ ਕਿਰਪਾ ਕਰਦਾ ਹੈ, ਜੋ ਸੱਚੇ ਸੁੱਚੇ ਪੁਰਸ਼ ਹਨ, ਰੱਬ ਦੇ ਪਿਆਰੇ ਹਨ। ਕਈ ਵਾਰ ਆਪ ਜਾਕੇ ਵੀ ਕਰਦਾ ਹੈ, ਭਗਤਾਂ ਨੂੰ ਪਤਾ ਵੀ ਨਹੀਂ ਹੁੰਦਾ।

ਕਤਿਕ ਹੋਵੈ ਸਾਧਸੰਗੁ

ਜੇ ਕੱਤਕ ਦੇ ਮਹੀਨੇ ਵਿੱਚ ਤੁਹਾਨੂੰ ਸਾਧੂਆਂ ਦਾ ਸੰਗ ਪ੍ਰਾਪਤ ਹੋ ਜਾਵੇ, **'ਸਾਧ'** ਬ੍ਰਹਮ ਗਿਆਨੀ ਨੂੰ ਕਹਿੰਦੇ ਹਨ, ਤਾਂ ਕੀ ਹੋਏਗਾ -

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

'ਸੰਤ', ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਸਾਨੂੰ ਆਪਣੇ ਅੰਦਰ ਰੱਬ ਦਿਸ ਪਿਆ। ਇਸ ਕਰਕੇ, ਇਸ ਮਹੀਨੇ ਵਿਚ ਸਾਨੂੰ

ਸੰਤਾਂ ਦਾ ਸੰਗ ਪ੍ਰਾਪਤ ਹੋ ਜਾਏ।

ਬਿਨਸਹਿ ਸਭੇ ਸੋਚ॥

ਸਾਡੀਆਂ ਸਭ ਸੋਚਾਂ ਮਿਟ ਜਾਣ, ਅਸੀਂ ਬਖਸ਼ੇ ਜਾਈਏ ਤੇ ਸਾਰਾ ਕੰਮ ਸਾਫ ਹੋ ਜਾਏ।

ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚਿ॥

ਪੰਚਮ ਪਾਤਸ਼ਾਹ ਕਹਿੰਦੇ – ਕਿ ਹੇ ਪ੍ਰਭੂ, ਬੰਦੀ-ਛੋੜ! ਮੇਰੇ ਤੇ ਕਿਰਪਾ ਕਰ, ਮੈਨੂੰ ਰੱਖ ਲੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ ॥

੯

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ॥
ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥ (ਪੰਨਾ ੧੩੩)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ – ਸਤਿਨਾਮ ਸ੍ਰੀ ਵਾਹਿਗੁਰੂ ! ਸਤਿਨਾਮ ਸ੍ਰੀ ਵਾਹਿਗੁਰੂ !!

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥

ਵੈਸਾਖ ਦੇ ਮਹੀਨੇ ਦੁਆਰਾ, ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ– ਧੀਰਜ ਕਿਵੇਂ ਬੱਝੇ? ਧੀਰਜ ਤਾਂ, ਤਾਂ ਹੀ ਬੱਝੇ, ਜੇ ਇਸਨੂੰ ਕੋਈ ਵਸਤੂ ਪ੍ਰਾਪਤ ਹੋਈ ਹੋਵੇ। ਪ੍ਰਾਪਤ ਹੋਣ ਵਾਲੀ ਇੱਕੋ ਹੀ ਵਸਤੂ ਹੈ, ਉਸਨੂੰ ਆਤਮਾ–ਪ੍ਰਮਾਤਮਾ ਕਹਿੰਦੇ ਹਨ। ਹੋਰ ਕੋਈ, ਜਿਹੜੀ ਵੀ ਵਸਤੂ ਹੈ, ਉਹ ਆਉਣ ਜਾਣ ਵਾਲੀ ਹੈ। ਸਾਰਾ ਸੰਸਾਰ ਪ੍ਰਣਾਮੀ ਹੈ, ਆਉਣ ਜਾਣ ਵਾਲਾ ਹੈ, ਬਦਲਨੇ ਵਾਲਾ ਹੈ। ਕੇਵਲ ਇੱਕ ਆਤਮ–ਵਸਤੂ ਨਹੀਂ ਬਦਲਦੀ। ਜਦ ਇਹ ਵਸਤੂ, ਜੀਵ ਨੂੰ ਪ੍ਰਾਪਤ ਹੋ ਜਾਏ ਫਿਰ ਇਸਨੂੰ ਸਭ ਪ੍ਰਾਪਤ ਹੋ ਗਿਆ। ਜਦ ਤੱਕ ਇਹ ਆਤਮ–ਅਵਸਥਾ

ਨੂੰ ਨਾ ਪ੍ਰਾਪਤ ਹੋਵੇ ਤਦ ਤੱਕ ਧੀਰਜ ਕੈਸੇ ਪਾਵੇ? ਇਸਨੂੰ ਧੀਰਜ ਕਿਵੇਂ ਬੱਝੇ? ਜੀਵ, ਹਮੇਸ਼ਾ ਅਗਿਆਨ ਵੱਸ ਰਹਿੰਦਾ ਹੈ। ਇਸ ਅਗਿਆਨਤਾ ਕਰਕੇ ਹੀ, 'ਜੀਵ' ਉਪਾਧੀ ਹੋ ਜਾਂਦੀ ਹੈ। ਆਤਮਾ ਨੂੰ ਜੀਵ ਨਹੀਂ ਕਹਿੰਦੇ -

ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ॥

(ਪੰਨਾ ੪੩੫)

ਇਹ ਮਾਇਆ ਦੇ ਅਧੀਨ ਹੋ ਗਿਆ। ਉਸਦੇ ਅਧੀਨ ਹੋਣ ਕਰਕੇ, ਪਰਵਿਰਤੀ ਵਿੱਚ ਪੈ ਕੇ ਦੂਜੇ ਪਾਸੇ ਚਲਿਆ ਗਿਆ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਜਿਨ੍ਹਾਂ ਨੇ ਓਸ ਆਤਮਾ-ਪ੍ਰਮਾਤਮਾ ਨੂੰ ਜਾਣ ਲਿਆ, ਉਹ ਪਰਮੇਸ਼ਰ ਦਾ ਰੂਪ ਹੋ ਗਏ, ਉਨ੍ਹਾਂ ਨੂੰ ਫਿਰ ਧੀਰਜ ਬੱਝ ਗਿਆ। ਜਦ ਤੱਕ ਜਾਗਦੀ-ਜੋਤ ਦਾ ਉਪਾਸ਼ਕ ਨਹੀਂ ਹੁੰਦਾ, ਇਸਨੂੰ ਵਸਤੂ ਪ੍ਰਾਪਤ ਨਹੀਂ ਹੁੰਦੀ।

ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ॥

(ਪੰਨਾ ੭੦੨)

ਇਹਨੂੰ ਸਮਝ ਨਹੀਂ ਪਈ, ਵਿਸ਼ਿਆਂ ਦੇ ਰਸ ਵਿੱਚ ਲਿਪਟ ਗਿਆ। ਨਾ ਸਮਝ ਪੈਣ ਕਰਕੇ, ਇਹ ਓਸੇ ਪਾਸੇ ਚਲਿਆ ਗਿਆ।

ਮਨ ਰੇ ਕਉਨੁ ਕੁਮਤਿ ਤੈ ਲੀਨੀ॥
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥ ਰਹਾਉ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥ ੧॥
ਨ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥ ੨॥
ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥ ੩॥

(ਪੰਨਾ ੬੩੧)

ਇਸ ਕਰਕੇ, ਮਾਇਆ ਦੇ ਵਿੱਚ ਲੱਗਣੇ ਤੇ, ਉਸ ਵਸਤੂ ਦੀ ਪ੍ਰਾਪਤੀ ਨਹੀਂ ਹੋਈ।

ਮਨ ਰੇ ਕਉਨੁ ਕੁਮਤਿ ਤੈ ਲੀਨੀ॥ (ਪੰਨਾ ੬੩੧)

ਹੇ ਮਨ! ਤੂੰ ਕਿਹੜੀ ਖੋਟੀ ਬੁੱਧੀ ਵਿੱਚ ਫਸ ਗਿਆ? ਤੈਂ ਪਰਮੇਸ਼ਰ ਦਾ ਭਜਨ ਕਰਨਾ ਸੀ, ਪਰ ਖੋਟੀ ਬੁੱਧੀ ਵਿੱਚ ਲੱਗਕੇ, ਪਰਾਈਆਂ ਇਸਤਰੀਆਂ ਤੇ ਪਰਾਏ ਧਨਾਂ ਵਿੱਚ ਲੱਗਕੇ, ਦੁਨੀਆਂ ਦੀ ਨਿੰਦਾ ਵਿੱਚ ਫਸ ਗਿਆ। ਮੁਕਤੀ ਦਾ ਰਸਤਾ ਤਾਂ ਤੈਂ ਜਾਣਿਆ ਹੀ ਨਹੀਂ। ਸਾਰੀ ਉਮਰ ਤੂੰ, ਧਨ ਜੋੜਨ ਲੱਗਿਆ ਰਿਹਾ। ਅੰਤ ਨੂੰ ਇਸ ਧਨ ਨੇ, ਤੇਰਾ ਕੋਈ ਸਾਥ ਨਹੀਂ ਦੇਣਾ। ਤੂੰ ਵਿਅਰਥ ਇਸ ਵਿੱਚ ਬੱਝ ਗਿਆ। ਨਾ ਤੂੰ ਹਰੀ ਦਾ ਭਜਨ ਕੀਤਾ, ਨਾ ਗੁਰੂ ਜਨਾਂ ਦੀ ਸੇਵਾ ਕੀਤੀ, ਨਾ ਤੈਨੂੰ ਆਪਣੇ ਸ੍ਵਰੂਪ ਦਾ ਗਿਆਨ ਹੋਇਆ। ਉਹ ਨਿਰੰਕਾਰ-ਪਰਮੇਸ਼ਰ ਤੇਰੇ ਹਿਰਦੇ ਵਿੱਚ ਹੈ। ਤੂੰ ਸੰਸਾਰ ਰੂਪੀ ਜੰਗਲ ਦੇ ਵਿੱਚ ਵੜਿਆ ਰਿਹਾ, ਵਿਸ਼ਿਆਂ ਦੇ ਵਿੱਚੋਂ ਖੋਜਦਾ ਰਿਹਾ। ਉਥੋਂ ਅੱਜ ਤੱਕ ਪਰਮੇਸ਼ਰ ਕਿਸੇ ਨੂੰ ਪ੍ਰਾਪਤ ਹੋਇਆ ਹੀ ਨਹੀਂ ਹੈ। ਬਹੁਤ ਜਨਮ ਤੂੰ ਭਾਲਦਾ ਭਾਲਦਾ ਹਾਰ ਗਿਆ ਤੈਨੂੰ ਉਹ ਮਤਿ ਨਾ ਪ੍ਰਾਪਤ ਹੋਈ। ਤੇਰੀ ਬੁੱਧੀ ਇਕਾਗਰ ਹੋਕੇ, ਉਸ ਆਤਮਾ ਦੀ ਛੋਹ ਪ੍ਰਾਪਤ ਨਹੀਂ ਕਰਦੀ। ਜਦ ਤੂੰ ਬਾਰੰਬਾਰ ਸਿਮਰੇਂਗਾ, ਤਾਂ ਤੇਰਾ ਮਨ ਇਕਾਗਰ ਹੋ ਜਾਏਗਾ।

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥

ਜੇ ਤੂੰ ਅਬਿਨਾਸੀ-ਪਦ ਦੀ ਪ੍ਰਾਪਤੀ ਚਾਹੁੰਦਾ ਹੈਂ, ਤਾਂ '**ਸਤਿ**' ਨਾਮ ਦਾ ਸਿਮਰਨ ਕਰ। ਇਸ ਲਈ ਭਾਈ! ਨਿਸ਼ਕਾਮ ਸਿਮਰਨ, ਸੇਵਾ ਅਤੇ ਨਿਸ਼ਕਾਮ ਕਰਮ ਤੋਂ ਬਿਨਾਂ, ਉਸ 'ਆਤਮ-ਪਦ' ਦੀ ਪ੍ਰਾਪਤੀ ਨਹੀਂ ਹੋਣੀ।

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥ (ਪੰਨਾ ੨੮੬)

ਇਸ ਲਈ ਭਾਈ! ਇਸ ਅਵਸਥਾ ਤੇ ਹੀ 'ਆਤਮ-ਪਦ' ਦੀ ਪ੍ਰਾਪਤੀ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਪੰਨਾ ੨੬੬)

ਸਾਰੇ ਧਰਮਾਂ ਨਾਲੋਂ ਵੱਡਾ ਇੱਕ ਧਰਮ ਹੈ, ਜਿਸਦੇ ਬਰਾਬਰ ਹੋਰ ਕੋਈ ਧਰਮ ਨਹੀਂ । ਤੂੰ ਹਰੀ ਦੇ ਨਾਮ ਦਾ ਸਿਮਰਨ ਕਰਨਾ ਸੀ ਅਤੇ ਨਿਸ਼ਕਾਮ ਸੇਵਾ ਕਰਨੀ ਸੀ। ਨਿਸ਼ਕਾਮ ਸੇਵਾ, ਸਿਮਰਨ ਨਾਲ ਧਰਮ ਦੀ ਪ੍ਰਾਪਤੀ ਹੈ ਜਿਸਦੇ ਫਲਸਰੂਪ ਪਰਮ-ਧਰਮ, ਪ੍ਰਮਾਤਮਾ ਦੀ ਪ੍ਰਾਪਤੀ ਹੈ। ਜਦ ਇਸਨੂੰ ਪ੍ਰਮਾਤਮਾ ਪ੍ਰਾਪਤ ਹੋ ਗਿਆ ਤਾਂ ਇਹਦਾ ਧੀਰਜ ਬੱਝ ਗਿਆ, ਜਿਸ ਨਾਲ ਮਨ ਸ਼ਾਂਤ ਹੋ ਜਾਂਦਾ ਹੈ। ਆਤਮ-ਵਸਤੂ ਦੀ ਪ੍ਰਾਪਤੀ ਤੋਂ ਬਿਨਾਂ ਅੱਜ ਤੱਕ ਕਿਸੇ ਨੂੰ ਸ਼ਾਂਤੀ ਨਹੀਂ ਆਈ। ਇਸ ਕਰਕੇ, ਗੁਰੂ ਸਾਹਿਬ ਕਹਿੰਦੇ ਹਨ -

ਵੈਸਾਖ ਧੀਰਨਿ ਕਿਉ ਵਾਢੀਆ

ਵੈਸਾਖ ਮਹੀਨੇ ਦੁਆਰਾ ਗੁਰੂ ਸਾਹਿਬ ਕਥਨ ਕਰਦੇ ਹਨ- ਹੇ ਜੀਵ! ਤੈਨੂੰ ਧੀਰਜ ਕਿਵੇਂ ਬੱਝੇ? ਧੀਰਜ ਤਾਂ ਤਾਂਹੀ ਬੱਝੇ, ਜੇ ਤੇਰਾ ਮਨ ਸਿਮਰਨ ਦੁਆਰਾ ਪਰਮੇਸ਼ਰ ਨਾਲ ਇੱਕ ਹੋਵੇ -

ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥ (ਪੰਨਾ ੮੮੫)

ਜਿੱਥੋਂ ਤੱਕ ਸੰਸਾਰੀ ਬੁੱਧੀ ਦੀ ਗੰਮਤਾ ਹੈ, ਉੱਥੋਂ ਤੱਕ ਪਰਮੇਸ਼ਰ ਨਹੀਂ ਹੁੰਦਾ। ਉਥੇ ਤੱਕ ਤਾਂ ਧਿਆਨ, ਧਿਆਤਾ ਅਤੇ ਧੇਅ ਹੈ। ਇਹ ਤ੍ਰਿਪੁਟੀ ਵੀ ਮਿਥਿਆ ਹੈ। ਜਿੱਥੇ ਤੱਕ ਤੁਹਾਡੀ ਬੁੱਧੀ ਦੀ ਪਹੁੰਚ ਹੈ, ਉੱਥੋਂ ਤੱਕ ਰੱਬ ਨਹੀਂ ਹੈ। ਤੇਰੇ ਅੰਦਰ ਇੱਕ ਜਾਨਣਹਾਰ ਹੈ, ਜਿਹੜਾ ਤੇਰੇ ਸਾਰੇ ਖਿਆਲਾਂ ਨੂੰ, ਸਾਰੀ ਕਾਮਨਾ ਨੂੰ ਅਤੇ ਸਾਰੀਆਂ ਵਾਸ਼ਨਾਵਾਂ ਨੂੰ ਜਾਨਣਹਾਰ ਹੈ, ਉਹ ਪਰਮੇਸ਼ਰ ਹੈ। ਉਸ ਜਾਨਣਹਾਰ ਪ੍ਰਭੂ ਦੇ ਉੱਤੋਂ ਕੁਰਬਾਨ ਹੋ ਜਾਊ-

ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥(ਪੰਨਾ ੨੬੯)

ਬਾਹਰੀ ਭੇਖਾਂ ਨਾਲ, ਉਹ ਪਰਮੇਸ਼ਰ ਭਿਜਦਾ ਨਹੀਂ ਹੈ –

ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

(ਦਸਮ ਗ੍ਰੰਥ – ਅਕਾਲ ਉਸਤਤਿ)

ਜਿਸਨੂੰ ਪੂਰਨ ਪ੍ਰੇਮ ਪ੍ਰਾਪਤ ਹੋ ਗਿਆ, ਉਹ ਪਰਮੇਸ਼ਰ ਉਸਨੂੰ ਪ੍ਰਾਪਤ ਹੋ ਗਿਆ। ਆਪਣੇ ਪ੍ਰੇਮੀ ਨੂੰ, ਪਰਮੇਸ਼ਰ ਆਪ ਬੁਲਾ ਲੈਂਦਾ ਹੈ। ਇਸ ਲਈ ਭਾਈ ! ਇਹਦਾ ਧੀਰਜ, ਆਤਮਾ ਦੀ ਪ੍ਰਾਪਤੀ ਤੇ ਹੀ ਬੱਝਦਾ ਹੈ।

ਜਿਨਾ ਪ੍ਰੇਮ ਬਿਛੋਹੁ ॥

ਜਿਨ੍ਹਾਂ ਨੂੰ ਪ੍ਰੇਮ ਦੀ ਬਿਰਹੋਂ ਲੱਗੀ ਨਹੀਂ, ਜਿਨ੍ਹਾਂ ਨੂੰ ਪ੍ਰੇਮ ਨਹੀਂ ਪ੍ਰਾਪਤ ਹੋਇਆ, ਉਨ੍ਹਾਂ ਨੂੰ ਧੀਰਜ ਕੈਸੇ ਬੱਝੇਗਾ? ਪ੍ਰੇਮ ਨਾਲ ਹੀ ਆਤਮ-ਪਦ ਪ੍ਰਾਪਤ ਹੁੰਦਾ ਹੈ। ਜਦ ਤੱਕ ਪੂਰਨ ਪ੍ਰੇਮ ਨਹੀਂ ਪ੍ਰਾਪਤ ਹੁੰਦਾ, ਇਸਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੈ। ਇਸ ਲਈ ਭਾਈ ! ਗੁਰੂ ਸਾਹਿਬ ਕਥਨ ਕਰਦੇ ਹਨ –

ਹਰਿ ਸਾਜਨੁ ਪੁਰਖੁ ਵਿਸਾਰਿ ਕੈ

ਹਰੀ, ਜਿਹੜਾ ਲੋਕ-ਪਰਲੋਕ ਦਾ ਸੱਜਣ ਹੈ –

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥

(ਪੰਨਾ ੯੬੪)

ਉਹ ਜਿਹੜਾ ਸੱਜਣ ਹੈ, ਲੋਕ-ਪਰਲੋਕ ਦਾ ਰਾਖਾ ਹੈ। ਉਸਨੂੰ ਜਦ ਤੱਕ ਇਹ ਜੀਵ, ਮਨ ਵਿੱਚ ਨਹੀਂ ਵਸਾਏਗਾ, ਪ੍ਰੇਮ ਨਾਲ ਯਾਦ ਨਹੀਂ ਕਰੇਗਾ –

ਲਗੀ ਮਾਇਆ ਧੋਹੁ ॥

ਉਦੋਂ ਤੱਕ ਇਸਨੂੰ ਮਾਇਆ ਦਾ ਧੋਹ ਲੱਗਿਆ ਰਹੇਗਾ। **'ਧੋਹੁ'** ਹੁੰਦਾ ਹੈ ਛਲ। ਇਹ ਮਾਇਆ ਛਲ ਕਰਦੀ ਰਹੇਗੀ। ਮਾਇਆ ਇਸਨੂੰ,

ਕਿਸੇ ਨਾ ਕਿਸੇ ਢੰਗ ਵਿੱਚ ਛਲਦੀ ਰਹੇਗੀ ਕਿਉਂਕਿ ਇਸਦਾ ਮਨ ਪ੍ਰੇਮ ਸਹਿਤ ਪ੍ਰਭੂ ਵਿੱਚ ਤਾਂ ਜੁੜਿਆ ਨਹੀਂ। ਇਸ ਕਰਕੇ ਭਾਈ! ਉਦੋਂ ਤੱਕ ਮਾਇਆ ਦੀ ਧੋਹ, ਇਸਨੂੰ ਲੱਗੀ ਰਹੇਗੀ ਜਦ ਤੱਕ ਇਹ ਜੀਵ ਮਾਇਆ ਦੇ ਅਧੀਨ ਹੈ। ਜਦ ਪਰਮੇਸ਼ਰ ਦਾ ਪ੍ਰੇਮ ਪ੍ਰਾਪਤ ਹੋ ਗਿਆ ਨਾਮ ਦੁਆਰਾ, ਜਦ ਨਾਮ ਨਾਲ ਮਨ ਸਦਾ ਜੁੜ ਗਿਆ ਤਾਂ ਉਦੋਂ ਇਹ ਮਾਇਆ ਦੇ ਧੋਹ ਤੋਂ ਬਚੇਗਾ। ਇਸ ਲਈ ਭਾਈ! ਨਾਮ ਨਾਲ ਜੁੜਨ ਤੋਂ ਬਿਨਾਂ, ਇਸਨੂੰ ਮਾਇਆ ਦਾ ਧੋਹ ਲੱਗਿਆ ਰਹੇਗਾ-

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥

ਇਹ ਤਿੰਨੇ ਸਾਥ ਨਹੀਂ ਜਾਣਗੇ। ਪੁੱਤਰ, ਕਲਤ੍ਰ (ਇਸਤਰੀ) ਅਤੇ ਧਨ ਕੋਈ ਵੀ ਇਸਦੇ ਸੰਗ ਨਹੀਂ ਜਾਏਗਾ। ਅੰਤ ਵੇਲੇ, ਇਸਨੂੰ ਕੋਈ ਸਾਥ ਨਹੀਂ ਦੇਊਗਾ। ਉਹ ਜਿਹੜਾ ਹਰੀ, ਅਬਿਨਾਸੀ ਹੈ, ਓਹੀ ਇਸਦਾ ਰਾਖਾ ਹੈ, ਬਖਸ਼ਿੰਦ ਹੈ।

ਜਾ ਕਉ ਅਪੁਨੀ ਕਰੈ ਬਖਸੀਸ॥

ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)

ਉਹ ਅਬਿਨਾਸੀ ਜੋ ਪਰਮੇਸ਼ਰ ਹੈ, ਇਸਨੂੰ ਸੁਮਤਿ ਬਖਸ਼ਣ ਵਾਲਾ ਹੈ ਅਤੇ ਜੋ ਬਖਸ਼ਿਆ ਜਾਂਦਾ ਹੈ, ਉਸਨੂੰ ਕੋਈ ਵੀ ਭੈ ਨਹੀਂ ਰਹਿੰਦਾ।

ਪਚਿ ਪਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥

ਸਾਰੀ ਦੁਨੀਆਂ ਮੋਹ ਦੇ ਵਿੱਚ ਪਚ-ਪਚ ਕੇ ਮਰ ਗਈ। ਮੋਹ ਇੱਕ ਐਸੀ ਵਸਤੂ ਹੈ, ਇਸ ਵਿੱਚ ਜਦ ਤੱਕ ਇਸਦਾ ਮਨ ਲੱਗਿਆ ਰਹਿੰਦਾ ਹੈ, ਤਦ ਤੱਕ ਸ਼ਾਂਤੀ ਨਹੀਂ ਮਿਲਦੀ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਇਹ ਪੰਜ ਵਿਕਾਰ ਹਨ। ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਇਹ ਪੰਜ ਵਿਸ਼ੇ ਹਨ। ਜਦ ਇਹਦਾ ਮਨ ਵਿਸ਼ੇ ਵਿਕਾਰਾਂ ਵਿੱਚ ਲੱਗਿਆ ਰਹਿੰਦਾ ਹੈ, ਉਹ ਸਾਰੀ ਸ੍ਰਿਸ਼ਟੀ ਮੋਹ ਦੇ ਵਿੱਚ ਫਸਕੇ, ਪਚਕੇ ਜਨਮ ਤੇ ਮਰਨ ਵਿੱਚ ਚਲੀ ਗਈ ਤੇ ਇਹ ਪਾਰ ਨਾ ਹੋਇਆ। ਉਹ ਜਿਹੜਾ ਵੀ ਮਾਇਆ ਦਾ ਧੰਦਾ ਹੈ, ਇਹ ਝੂਠਾ ਹੈ। ਸੱਚ ਤਾਂ ਇਹਦੇ ਵਿੱਚ ਹੈ ਹੀ ਨਹੀਂ। ਸੱਚ ਤਾਂ ਇੱਕ ਪਰਮੇਸ਼ਰ ਹੈ -

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥
(ਪੰਨਾ ੧)

ਅਸਲੀ ਸੱਚ ਤਾਂ ਇੱਕ ਹੈ। ਝੂਠ, ਸੱਚ ਦੋ ਪਦਾਰਥ ਹਨ। ਝੂਠ, ਅੱਜ ਤੱਕ ਕਦੇ ਸੱਚ ਨਹੀਂ ਹੋਇਆ, ਸੱਚ, ਕਦੇ ਝੂਠ ਨਹੀਂ ਹੋਇਆ। ਇਸ ਕਰਕੇ, ਝੂਠੇ ਧੰਦਿਆਂ ਵਿੱਚ ਫਸਕੇ, ਸਾਰੀ ਉਮਰ ਪਲਚ-ਪਲਚ ਕੇ ਮਰ ਗਿਆ, ਇਸਨੂੰ ਕੋਈ ਚੀਜ ਪ੍ਰਾਪਤ ਨਹੀਂ ਹੋਈ-

ਇਕਸੁ ਹਰਿ ਕੇ ਨਾਮ ਬਿਨੁ

ਇੱਕ ਜੋ ਪਰਮੇਸ਼ਰ ਹੈ, ਉਸਦੇ ਨਾਮ ਤੋਂ ਬਿਨਾਂ -

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥ (ਪੰਨਾ ੯੩੦)
ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ (ਪੰਨਾ ੩੫੦)

ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥
(ਪੰਨਾ ੮੩੮)

ਉਹ ਖੋਜ ਕਰਕੇ ਜਿਹੜਾ ਏਕਾ ਸੀ, ਸਾਡੇ ਸਾਰਿਆਂ ਦੇ ਹਿਰਦੇ ਵਿੱਚ, ਉਸਦਾ ਥੌਹ ਪ੍ਰਾਪਤ ਹੋ ਗਿਆ। ਤੁਸੀਂ ਕੁੱਛ ਆਪਣਾ ਖਿਆਲ ਕਰੋ, ਤੁਹਾਡੇ ਹਿਰਦੇ ਦੇ ਵਿੱਚ ਮਨ, ਬੁੱਧੀ, ਚਿੱਤ ਤੇ ਅਹੰਕਾਰ ਇਹ ਚਾਰ ਬਿਰਤੀਆਂ ਬਦਲਦੀਆਂ ਰਹਿੰਦੀਆਂ ਹਨ। ਜਦ ਇਹ ਚਿੰਤਨ ਕਰਦਾ ਹੈ ਉਦੋਂ ਚਿੱਤ ਹੁੰਦਾ ਹੈ, ਜਦੋਂ ਅਹੰ ਕਰਦਾ ਹੈ ਤਾਂ ਉਦੋਂ ਅਹੰਕਾਰ ਹੁੰਦਾ ਹੈ। ਕਦੇ ਬੁੱਧੀ ਨਾਲ ਨਿਸਚੇ ਕਰਦਾ ਹੈ, ਜਦ ਮਨ ਹੁੰਦਾ ਹੈ ਤਾਂ ਸੰਕਲਪ ਕਰਦਾ ਹੈ। ਪਰ ਇਹ ਚਾਰ, ਪਰਮੇਸ਼ਰ ਨਹੀਂ ਹਨ ਇਹ ਤਾਂ ਬਿਰਤੀਆਂ ਹਨ। ਇਨ੍ਹਾਂ ਨੇ ਤਾਂ ਜੈਸੇ ਕੈਸੇ, ਆਪਣੇ-ਆਪਣੇ ਸਮੇਂ ਤੇ ਆਉਣਾ ਹੈ ਅਤੇ ਆਪਣਾ ਪ੍ਰਭਾਵ ਦਿਖਾਉਂਦੀਆਂ ਹਨ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥
(ਪੰਨਾ ੧੪੨੭)

ਤੂੰ ਸੰਸਾਰ ਤੋਂ ਪਾਰ ਤਾਂ ਹੋ ਸਕਦਾ ਹੈਂ, ਪਰ ਜਿਹੜਾ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਪਰਮੇਸ਼ਰ ਹੈ ਜੇ ਉਹ ਤੈਨੂੰ ਪ੍ਰਾਪਤ ਹੋ ਜਾਏ। ਉਹ ਹਿਰਦੇ ਦੇ ਵਿੱਚ ਹੈ –

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥

(ਪੰਨਾ ੫੨੦)

ਉਹ ਦੇਖਦਾ ਵੀ ਹੈ ਤੇ ਜਾਣਦਾ ਵੀ ਹੈ। ਜੋ ਵੀ ਤੁਹਾਡਾ ਖਿਆਲ ਹੁੰਦਾ ਹੈ, ਉਹ ,ਉਸਨੂੰ ਦੇਖਦਾ ਵੀ ਹੈ ਤੇ ਜਾਣਦਾ ਵੀ ਹੈ। ਉਹ ਦੇਖਣ ਵਾਲਾ ਅਤੇ ਜਾਨਣ ਵਾਲਾ ਜੋ ਹੈ, ਉਹ ਪ੍ਰਮਾਤਮਾ ਹੈ –

ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥
ਜੈ ਕਾਰਿਣ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ॥
ਹਉ ਨਾ ਮੂਆ ਮੇਰੀ ਮੁਈ ਬਲਾਇ॥ ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥ਮਰਤਾ ਜਾਤਾ ਨਦਰਿ ਨ ਆਇਆ॥

(ਪੰਨਾ ੧੫੨)

ਉਹ ਤਾਂ ਗੁਰੂ ਦੀ ਕ੍ਰਿਪਾ ਤੋਂ ਪ੍ਰਾਪਤ ਹੋਣਾ ਹੈ। ਹੋਰ ਕੋਈ ਉਹਦਾ ਸਾਧਨ ਨਹੀਂ ਹੈ, ਗੁਰੂ ਘਰ ਮੇਂ –

ਘਰਿ ਮਹਿ ਠਾਕੁਰੁ ਨਦਰਿ ਨ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ॥
ਭਰਮੇ ਭੂਲਾ ਸਾਕਤੁ ਫਿਰਤਾ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥ ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ॥ ਓਹੁ ਪਾਹਣੁ ਲੈ ਉਸ ਕਉ ਡੁਬਤਾ॥
ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਾਰਗਿਰਾਮੀ॥
ਗੁਰ ਮਿਲਿ ਨਾਨਕ ਠਾਕੁਰੁ ਜਾਤਾ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥

(ਪੰਨਾ ੭੩੯)

ਗੁਰੂ ਨੂੰ ਮਿਲੇ ਬਿਨਾਂ, ਉਹ ਠਾਕੁਰ, ਮਾਲਕ ਤੈਨੂੰ ਪ੍ਰਾਪਤ ਨਹੀਂ ਹੋਣਾ। ਗੁਰੂ ਸਾਹਿਬ ਕਹਿੰਦੇ ਹਨ, ਉਸ ਗੁਰੂ ਨੂੰ ਮਿਲਕੇ, ਅਸੀਂ ਠਾਕੁਰ ਨੂੰ ਜਾਣਿਆ ਹੈ, ਮਾਲਕ ਦੇਖਿਆ ਹੈ। ਉਹ ਤਾਂ ਪਰੀਪੂਰਣ ਹੈ, ਸਭ ਦੇ ਹਿਰਦਿਆਂ ਵਿੱਚ ਬੈਠਾ ਹੈ –

ਘਟ ਘਟ ਮੈ ਹਰਿ ਜੂ ਬਸੈ (ਪੰਨਾ ੧੪੨੭)

ਈਵਰਃ ਸਰਵ ਭੂਤਾਨਾਂ ਹਿਰਦੇ ਦੇ ਅਰਜੁਨ ਤਿਠਤਿ। ।(ਗੀਤਾ)

ਨਾਮ ਦੇ ਗਿਆਨ ਨਾਲ, ਸਭ ਭੂਤਾਂ ਵਿੱਚ, ਸਾਰਿਆਂ ਜੰਤਾਂ ਦੇ ਹਿਰਦਿਆਂ ਵਿੱਚ ਰੱਬ ਨੂੰ ਦੇਖਿਆ। ਫਰੀਦ ਸਾਹਿਬ ਨੇ ਕਿਹਾ ਹੈ –

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ (ਪੰਨਾ ੧੩੭੮)

ਫਰੀਦ ਸਾਹਿਬ ਕਹਿੰਦੇ ਹਨ, ਉਹ ਸਾਰੀ ਉਮਰ ਜੰਗਲ ਢੂੰਢਦੇ ਰਹੇ, ਤੇ ਰੱਬ ਤਾਂ ਸਾਰਿਆਂ ਦੇ ਹਿਰਦਿਆਂ ਵਿੱਚ ਵਸਦਾ ਹੈ। ਉਹ ਪਾਰਖ ਹੈ–

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥(ਪੰਨਾ ੧੪੪)

ਉਹ ਸਾਰੀ ਚੀਜ ਦੀ ਪਰਖ ਕਰਦਾ ਹੈ। ਕਬੀਰ ਸਾਹਿਬ ਜੀ ਨੇ ਤਾਂ 'ਕਬੀਰ– ਬੀਜਕ' ਗਰੰਥ ਵਿੱਚ, ਐਥੇ ਈ ਆਕੇ ਫੈਸਲਾ ਕੀਤੈ ਕਿ ਉਹ ਜਿਹੜਾ ਪਾਰਖ, ਸਭ ਦੇ ਖਿਆਲਾਂ ਨੂੰ ਪਰਖਣ ਵਾਲਾ ਹੈ, ਜਾਣਨੇ ਵਾਲਾ ਹੈ, ਉਹ ਪਰਮੇਸ਼ਰ ਹੈ। ਇਸ ਕਰਕੇ, ਜਦ ਤੱਕ ਪੂਰਨ ਗੁਰੂ ਦੇ ਨਾਲ ਮਿਲਾਪ ਨਹੀਂ ਹੁੰਦਾ, ਨਾਮ ਦਾ ਸਿਮਰਨ ਨਹੀਂ ਹੋਏਗਾ। ਜਬ ਤੱਕ ਮਨ ਪੂਰਨ ਤੌਰ ਤੇ ਇਕਾਗਰ ਨਹੀਂ ਹੁੰਦਾ, ਤਬ ਤੱਕ ਉਹਦੀ ਪ੍ਰਾਪਤੀ ਨਹੀਂ ਹੁੰਦੀ। ਇਸ ਕਰਕੇ, ਗੁਰੂ ਸਾਹਿਬ ਜੀ ਕਹਿੰਦੇ– ਭਾਈ ! ਉਹ ਤਾਂ, ਗੁਰੂ ਨੂੰ ਮਿਲਕੇ ਹੀ ਪ੍ਰਾਪਤ ਹੋਏਗਾ –

ਇਕਸੁ ਹਰਿ ਕੇ ਨਾਮ ਬਿਨੁ

ਇੱਕ ਜੋ ਹਰੀ ਦਾ ਨਾਮ ਹੈ, ਬੱਸ ਹੋਰ ਕਿਸੇ ਚੀਜ ਦੀ ਜਰੂਰਤ ਨਹੀਂ। ਨਾਮ ਨਾਲ ਜਦੋਂ ਮਨ, ਮੰਨ ਗਿਆ –

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ (ਪੰਨਾ ੨੮੧)

ਨਾਮ ਦੇ ਨਾਲ ਜਦੋਂ ਮਨ ਇਕਾਗਰ ਹੋ ਗਿਆ, ਮਨ ਇਕਾਗਰ ਹੁੰਦੇ ਹੀ, ਨਾਮੀ ਪ੍ਰਾਪਤ ਹੁੰਦਾ ਹੈ। ਇਸ ਕਰਕੇ, ਇੱਕ ਹਰੀ ਦੇ ਨਾਮ ਬਿਨਾ–

ਅਗੈ ਲਈਅਹਿ ਖੋਹਿ॥

ਇਸਦਾ ਕੋਈ ਵੀ ਹੋਰ ਕੰਮ ਅੱਗੇ ਸਹਾਇਤਾ ਨਹੀਂ ਕਰੇਗਾ। ਸਾਰੇ 'ਖੋਹਿ' ਜਾਣਗੇ, ਇਹ ਮਿਥਿਆ ਨੇ, ਝੂਠੇ ਨੇ। ਜੋ ਕੁੱਛ ਇਹਨੇ ਸੰਸਾਰ ਦੇ ਵਿੱਚ ਕੀਤਾ, ਅੱਗੇ ਕੋਈ ਕੰਮ ਨਹੀਂ ਆਏਗਾ, ਅੱਗੇ ਸਾਰੇ ਖੋਹੇ ਜਾਣਗੇ। ਇਹ ਸਾਰਾ ਹੀ, ਜਿਤਨਾ ਤੂੰ ਜਤਨ ਕਰਿਆ ਹੈ, ਇਹ ਸਾਰਾ ਨਿਸ਼ਫਲ ਗਿਆ, ਇਹ ਸਾਰੇ ਖੋਹੇ ਗਏ। ਪੁਰਾਣਾਂ ਵਿੱਚ ਲਿਖਿਆ ਹੈ, ਕਿ ਜਦ ਇਹ ਜੀਵ ਸਰੀਰ ਛੱਡਕੇ ਜਾਂਦਾ ਹੈ, ਤਾਂ ਇਸਨੂੰ ਜਦ ਪਿਆਸ ਲੱਗਦੀ ਹੈ, ਤਾਂ ਇਹ ਇੱਕ 'ਛੰਨਾਂ' (ਬਰਤਨ) ਪਾਣੀ ਦਾ ਮੰਗਦਾ ਹੈ। ਉਹ ਕਹਿੰਦੇ, ਜੋ ਤੈਂ ਕੀਤਾ ਸੀ, ਉਹੀ ਦੇਵਾਂਗੇ। ਉਹ ਅੱਗੇ ਵੀ ਨਹੀਂ ਜਾ ਸਕਦਾ। ਏਸ ਕਰਕੇ ਭਾਈ ! ਅੱਗੇ ਸਾਰੇ ਖੋਹੇ ਜਾਂਦੇ ਹਨ। ਹੋਰ ਤੇਰਾ ਕੋਈ ਵੀ ਪਦਾਰਥ, ਤੇਰੀ ਸਹਾਇਤਾ ਨਹੀਂ ਕਰੇਗਾ। ਇੱਕ ਸਹਾਇਤਾ ਕਰਨ ਵਾਲਾ ਪਰਮੇਸ਼ਰ ਹੀ ਹੈ –

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥

(ਪੰਨਾ ੬੩੪)

ਤੇ ਪਰਮੇਸ਼ਰ ਤੋਂ ਬਿਨਾਂ, ਹੋਰ ਕੋਈ ਕੰਮ ਨਹੀਂ ਆਇਆ।

ਦਯੁ ਵਿਸਾਰਿ ਵਿਗੁਚਣਾ

'ਦਯੁ' ਨਾਮ ਹੈ ਪ੍ਰੇਰਕ, ਪਰਮੇਸ਼ਰ ਦਾ। ਦਸਮ ਪਾਤਸ਼ਾਹ ਨੇ ਆਖਿਆ 'ਦਈ' ਦੀ ਬੜੀ ਕ੍ਰਿਪਾ ਹੋਈ, 'ਦਈ' ਨੇ ਬੜੀ ਦਇਆ ਕੀਤੀ। 'ਦਈ' ਨਾਉਂ ਹੈ ਪ੍ਰੇਰਕ ਪਰਮੇਸ਼ਰ ਦਾ। ਉਹ ਜਿਹੜਾ ਸਾਰਿਆਂ ਦਾ ਪ੍ਰੇਰਕ, ਮਾਲਕ, ਰਖਸ਼ਕ ਹੈ ਉਸਨੂੰ ਜੋ ਵੀ ਭੁੱਲੇਗਾ, ਵਿਸਾਰੇਗਾ, ਉਹਨੂੰ ਵਿਗੋਚਾ ਆ ਜਾਊ। ਦਰਗਾਹ ਵਿੱਚ ਉਹਦਾ ਕੋਈ ਵੀ ਬੇਲੀ ਨਹੀਂ ਹੋਏਗਾ, ਬਿਨਾਂ ਪਰਮੇਸ਼ਰ ਦੇ ਦਰਗਾਹ ਦੇ ਵਿੱਚ ਤਾਂ ਇਹਦੀ, ਇੱਕ ਨਾਮ ਨੇ ਹੀ ਸਹਾਇਤਾ ਕਰਨੀ ਹੈ। ਨਾਮ ਅਤੇ ਨਾਮੀ ਅਭੇਦ ਹਨ। ਨਾਮ ਅਤੇ ਨਾਮੀ ਦੋ ਨਹੀਂ ਹਨ। ਜਦੋਂ ਨਾਮ ਨਾਲ ਇਹਦਾ ਮਨ ਇੱਕ ਹੋ ਗਿਆ, ਤਾਂ ਇਸਨੂੰ ਪਰਮੇਸ਼ਰ ਦੀ ਪ੍ਰਾਪਤੀ ਹੋ ਗਈ। ਜੇ ਨਾਮ ਦੇ ਨਾਲ ਇਹਦਾ ਮਨ ਇੱਕ ਨਾ ਹੋਇਆ, ਤਾਂ ਉਹ ਜਿਹੜਾ

ਅੰਦਰ ਪ੍ਰਕਾਸ਼ਕ ਹੈ, ਉਹ ਤਾਂ ਤੁਹਾਡੀ ਬਿਰਤੀ ਵਿੱਚ ਬੈਠਾ ਹੈ, ਉਸਨੂੰ ਪ੍ਰਾਪਤ ਨਹੀਂ ਕਰ ਸਕਦੇ –

ਘਟ ਘਟ ਮੈ ਹਰਿ ਜੂ ਬਸੈ (ਪੰਨਾ ੧੪੨੭)

ਜੇ ਉਹ ਤੁਹਾਡੇ ਹਿਰਦੇ ਵਿੱਚ ਨਾ ਹੋਵੇ ਤਾਂ ਤੁਸੀਂ ਇਨ੍ਹਾਂ ਖਿਆਲਾਂ ਨੂੰ ਦੇਖੋਂ ਕਾਹਦੇ ਨਾਲ? ਜਾਣੋ ਕਾਹਦੇ ਨਾਲ ?

ਦਾਨਾ ਬੀਨਾ ਸਾਈ ਮੈਡਾ (ਪੰਨਾ ੫੨੦)

ਉਹ ਤਾਂ ਇੱਕੋ ਹੀ ਹੈ, ਹੋਰ ਤਾਂ ਕੋਈ ਹੈ ਨਹੀਂ। ਉਸਨੂੰ ਸਾਖਸ਼ੀ ਕਹਿੰਦੇ ਹਨ। ਇਸਨੂੰ ਹੀ ਦ੍ਰਸ਼ਟਾ ਕਹਿੰਦੇ ਹਨ। ਸਾਰੇ ਜਿੰਨੇ ਨਾਮ ਹਨ, ਉਸ ਪਰਮੇਸ਼ਰ ਦੇ ਹਨ। ਜੇ ਤੁਸੀਂ ਇੱਕ ਵਿਆਪਕ, ਪਰਮੇਸ਼ਰ, ਪ੍ਰੇਰਕ, ਮਾਲਕ ਨੂੰ ਵਿਸਾਰ ਦਿੱਤਾ ਤਾਂ ਤੁਹਾਨੂੰ ਵਿਗੋਚਾ ਆ ਜਾਊ। ਫਿਰ ਤੁਹਾਡਾ ਮੋਕਸ਼ ਦਾ ਕੋਈ ਕਾਰਜ ਨਹੀਂ ਸਿੱਧ ਹੋਵੇਗਾ। ਉਹ ਦੁਨੀਆਂ ਦੇ ਕਾਰਜ ਹੀ ਹੁੰਦੇ ਰਹਿਣਗੇ। ਇਸ ਕਰਕੇ ਭਾਈ ! ਉਸਨੂੰ ਭੁੱਲਣਾ ਨਹੀਂ –

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ (ਪੰਨਾ ੨)

ਉਹ ਸਭਨਾਂ ਜੀਵਾਂ ਦਾ ਇੱਕ ਦਾਤਾ, ਪਰਮੇਸ਼ਰ, ਉਹ ਮੈਨੂੰ ਕਦੇ ਭੁੱਲੇ ਨਾ। ਇਹ ਗੁਰੂ ਸਾਹਿਬ ਦੀ ਇੱਕ ਖਾਸ ਪੰਗਤੀ ਹੈ। ਉਸਨੂੰ ਕਦੇ ਭੁੱਲ ਕੇ ਦੁਨੀਆਂ ਦਾ ਕੋਈ ਕੰਮ ਨਹੀਂ ਕਰਨਾ।

ਪ੍ਰਭ ਬਿਨੁ ਅਵਰੁ ਨਾ ਕੋਇ ॥

ਪ੍ਰਭੂ ਤੋਂ ਬਿਨਾਂ ਹੋਰ ਇਸਦਾ ਰਾਖਾ ਕੋਈ ਨਹੀਂ ਹੈ। 'ਪ੍ਰਭੂ' ਨਾਮ 'ਪ੍ਰੇਰਕ' ਦਾ ਹੈ। ਸਾਰਿਆਂ ਦੇ ਹਿਰਦੇ ਵਿੱਚ ਬੈਠਕੇ ਪ੍ਰੇਰਦਾ ਹੈ। ਇਸਦੇ ਕਰਮਾਂ ਦੇ ਅਨੁਸਾਰ ਪ੍ਰੇਰਦਾ ਹੈ। ਜੋ ਨਾਮ ਜਪਦਾ ਹੈ, ਉਹਦੀ ਰਖਸ਼ਾ ਆਪ ਕਰਦਾ ਹੈ –

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਇਸ ਕਰਕੇ, ਉਸਦੀ ਰਖਸ਼ਾ ਕਰਦਾ ਹੈ, ਪ੍ਰੇਰਣਾ ਦੇਣ ਵਾਲਾ ਉਹ

ਸਭ ਨੂੰ ਬਖਸ਼ਦਾ ਹੈ। ਇਸ ਲਈ ਭਾਈ ! ਪਰਮੇਸ਼ਰ ਤੋਂ ਬਿਨਾਂ ਇਸਨੂੰ ਬਖਸ਼ਣ ਵਾਲਾ ਹੋਰ ਕੋਈ ਨਹੀਂ ਹੈ। ਇਸਦਾ ਰਾਖਾ ਕੋਈ ਨਹੀਂ ਹੈ –

ਪ੍ਰੀਤਮ ਚਰਨੀ ਜੋ ਲਗੇ

ਜਿਹੜਾ ਸਾਰੀ ਦੁਨੀਆਂ ਦਾ ਪਿਆਰਾ ਹੈ, ਸਭ ਦਾ ਆਪਾ ਹੈ, ਉਹ ਸਭ ਦਾ ਪਿਆਰਾ ਹੈ। ਉਸ ਪਰਮੇਸ਼ਰ ਦੇ ਚਰਨਾਂ ਵਿੱਚ ਜੋ ਲੱਗੇਗਾ, **'ਚਰਨ'** ਉਸਦੇ ਕੀ ਹਨ? ਉਹ ਹੈ ਨਾਮ। ਜੋ ਵੀ ਉਸ **'ਨਾਮ'** ਨੂੰ ਜਪੇਗਾ, ਪੂਰਨ ਤੌਰ ਤੇ ਜੁੜ ਗਿਆ। ਉਸ ਨਾਮ ਤੋਂ ਬਿਨਾਂ, ਕਿਸੇ ਦਾ ਮਨ ਪ੍ਰੀਤਮ ਦੇ ਚਰਨਾਂ ਵਿੱਚ ਨਹੀਂ ਲੱਗਿਆ। ਉਹਦਾ ਕਦੇ ਕੋਈ ਕਾਰਜ ਸਿੱਧ ਨਹੀਂ ਹੁੰਦਾ। ਪਰਮੇਸ਼ਰ ਦੇ **'ਨਾਮ'** ਰੂਪੀ ਚਰਨਾਂ ਵਿੱਚ ਜੋ ਜੁੜ ਜਾਏਗਾ, ਉਹਦੇ ਸਾਰੇ ਕਾਰਜ ਸਿੱਧ ਹੋ ਜਾਣਗੇ। ਉਹ ਕੋਈ ਬਾਹਰ ਤਾਂ ਹੈ ਨਹੀਂ, ਕਿਤੇ ਅਲੱਗ ਤਾਂ ਹੈ ਨਹੀਂ, ਹੋਰ ਜਗ੍ਹਾ ਤੇ ਤਾਂ ਮਿਲਣਾ ਨਹੀਂ। ਇਸ ਕਰਕੇ, ਗੁਰੂ ਸਾਹਿਬ ਲਿਖਦੇ ਹਨ –

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

(ਪੰਨਾ ੬੮੪)

ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥

(ਪੰਨਾ ੬੩੨)

ਉਹ ਸਾਰੇ ਨਿਵਾਸ ਕਰਦਾ ਹੈ, ਵਿਆਪਕ ਹੈ, ਪਰੀਪੂਰਨ ਹੈ, ਤੇਰੇ ਹਿਰਦੇ ਦੇ ਵਿੱਚ ਹੈ।

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

(ਪੰਨਾ ੬੮੪)

ਅਖੀਰ ਆਕੇ ਇਹ ਗੱਲ ਆਖੀ –

ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ (ਪੰਨਾ ੬੮੪)

ਉਹ ਤੇਰੇ ਸਾਥ ਹੈ, ਕਿਤੇ ਅਲਹਿਦਾ ਨਹੀਂ। ਉਹ ਵਿਆਪਕ ਜੋ ਹੈ। ਜਿਹੜੀ ਚੀਜ ਵਿਆਪਕ ਹੁੰਦੀ ਹੈ ਉਹ ਦੁਨੀਆਂ ਦੀ ਕੋਈ ਐਸੀ ਚੀਜ਼ ਨਹੀਂ ਜਿੱਥੇ ਨਾ ਹੋਵੇ। ਉਹ ਜਿਹੜਾ ਸਾਰੇ ਵਿਆਪਕ ਹੈ, ਸਾਡੇ ਹਿਰਦੇ ਵਿੱਚ ਵੀ ਬਿਰਾਜਮਾਨ ਹੈ। ਇਸ ਕਰਕੇ ਭਾਈ! ਜਿਵੇਂ **'ਪੁਹਪ'** ਵਿੱਚ ਸੁਗੰਧ ਵਸਦੀ ਹੈ, **'ਪੁਹਪ'** ਨਾਮ ਹੈ 'ਫੁੱਲ' ਦਾ। ਇਸ ਤਰ੍ਹਾਂ ਉਹ ਸੁਗੰਧ ਸਾਰੇ ਫੁੱਲ ਵਿੱਚ ਹੁੰਦੀ ਹੈ। **'ਮੁਕਰ'** ਨਾਮ ਹੈ 'ਸ਼ੀਸ਼ੇ' ਦਾ, ਜਿਵੇਂ ਸ਼ੀਸ਼ਾ ਹਰੇਕ ਦੀ ਸ਼ਕਲ ਦਿਖਾ ਦਿੰਦਾ ਹੈ, ਉਹ ਮੁੱਖ, ਸ਼ੀਸ਼ੇ ਵਿੱਚ ਭਾਵੇਂ ਉਲਟਾ ਦਿੱਸੇ ਜਾਂ ਸਿੱਧਾ, ਪਰ ਦਿੱਸੇਗਾ ਜਰੂਰ। ਭਾਈ! ਉਹ **'ਨਿਰੰਤਰਿ'** ਕਹੀਏ ਸਦਾ ਹੈ, ਸਾਰੇ ਵਸਦਾ ਹੈ। ਪਰ ਤੁਸੀਂ ਆਪਣੇ ਹਿਰਦੇ ਵਿੱਚ ਖੋਜੋ, ਕਿਤੇ ਹੋਰ ਨਾ ਭਾਲ ਕਰੋ। ਉਹ ਬਾਹਰ ਵੀ ਹੈ ਅਤੇ ਭੀਤਰ ਵੀ ਹੈ –

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥

(ਪੰਨਾ ੨੯੪)

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥

(ਪੰਨਾ ੨੮੭)

ਇਸ ਕਰਕੇ, ਉਹ ਪਰਮੇਸ਼ਰ ਸਾਰੇ ਵਿਆਪਕ ਹੈ। ਇਸ ਕਰਕੇ ਭਾਈ! ਨੌਂਵੇਂ ਪਾਤਸ਼ਾਹ, ਤੱਤ ਦੀ ਗੱਲ ਦਸਦੇ ਹਨ। ਜਿੰਨਾਂ ਚਿਰ ਤੁਸੀਂ ਆਪਣੇ ਆਪ ਨੂੰ ਨਹੀਂ ਚੀਨੋਂਗੇ, ਆਪਣੇ ਆਪ ਨੂੰ ਨਹੀਂ ਜਾਣੋਂਗੇ, ਉਹ ਭਰਮ ਜਿਹੜਾ ਹੈ, ਕਦੇ ਨਹੀਂ ਮਿਟੇਗਾ –

ਭਰਮੇ ਸੁਰਿ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ॥
ਭਰਮਿ ਭਰਮਿ ਮਾਨੁਖ ਡਹਕਾਏ॥ ਦੁਤਰ ਮਹਾ ਬਿਖਮ ਇਹ ਮਾਏ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ॥ ਨਾਨਕ ਤੇਹ ਪਰਮ ਸੁਖ ਪਾਇਆ॥

(ਪੰਨਾ ੨੫੮)

ਜਿੰਨਾ ਚਿਰ ਇਸਦਾ ਭਰਮ ਨਹੀਂ ਮਿਟਦਾ। ਭਰਮ ਭਉ ਕਦ ਮਿਟੇਗਾ? ਜਦੋਂ ਇਹ ਆਪਣੇ ਆਪ ਨੂੰ ਚੀਨ ਲਏਗਾ। ਆਪਾ ਤੁਹਾਡਾ ਪਰਮੇਸ਼ਰ ਹੈ, ਆਪਾ ਤੁਹਾਡਾ ਚੇਤਨ ਹੈ। ਉਹ ਸਾਰੀ ਸ੍ਰਿਸ਼ਟੀ ਦੇ ਜਾਨਣ ਵਾਲਾ ਹੈ, ਸਾਡਾ ਸਾਰਿਆਂ ਦਾ ਮਾਲਕ ਹੈ। ਉਹ ਤੁਹਾਡਾ ਆਪਾ ਹੈ, ਹੋਰ ਕੁੱਛ ਨਹੀਂ। ਇਹ ਜਿਹੜੀ ਭਰਮ ਦੀ ਕਾਈ ਹੈ, ਉਹ ਆਪੇ ਨੂੰ ਚੀਨਣ ਨਾਲ ਹਟ ਜਾਂਦੀ ਹੈ। **'ਭਰਮ'** ਨਾਮ ਹੈ, ਝੂਠੀ ਚੀਜ ਦਾ। ਰੱਸੀ ਵਿੱਚ ਸਰਪ ਹੁੰਦਾ ਨਹੀਂ, ਜਦ ਦੀਵੇ ਨਾਲ ਦੇਖੀਏ ਤਾਂ ਰੱਸੀ ਹੁੰਦੀ ਹੈ, ਸਰਪ ਨਹੀਂ ਹੁੰਦਾ। ਸਿੱਪੀ ਵਿੱਚ ਚਾਂਦੀ ਪਰਤੀਤ ਹੁੰਦੀ ਹੈ। ਕੋਲ ਜਾਕੇ ਦੇਖ ਲਉ, ਉਥੇ ਚਾਂਦੀ ਨਹੀਂ ਹੁੰਦੀ –

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਮਾਨੀਐ ਹੋਇ ਨ ਤੈਸਾ॥ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥

(ਪੰਨਾ ੬੫੭)

ਰਵਿਦਾਸ ਜੀ, ਜਦ ਈਸ਼ਵਰ ਦੇ ਚਰਨਾਂ ਵਿੱਚ ਗਏ, ਉਨ੍ਹਾਂ (ਈਸ਼ਵਰ) ਨੇ ਆਖਿਆ ਤੂੰ ਐਨਾਂ ਕਿਉਂ ਘਾਬਰ ਰਿਹਾ ਹੈਂ, ਐਨਾਂ ਕਿਉਂ ਬੇਅਕਲ ਹੋਇਆ ਹੈਂ? ਉਹ (ਰਵਿਦਾਸ) ਕਹਿੰਦਾ, ਅਸੀਂ ਜੋ ਅਨਾਤਮਾ ਨੂੰ ਆਤਮਾ ਜਾਣਦੇ ਸੀ, ਸੋ ਹੈ ਨਹੀਂ, ਝੂਠ ਹੈ। ਇਸ ਕਰਕੇ, ਸਾਨੂੰ ਗਿਆਨ ਨਹੀਂ ਸੀ। ਇਹ ਭਰਮ ਹੈ, ਜੈਸਾ ਮੰਨਦੇ ਹਾਂ, ਤੈਸਾ ਹੁੰਦਾ ਨਹੀਂ। ਜਿਵੇਂ ਨਰਾਂ ਦਾ ਪਤੀ ਰਾਜਾ, ਸਿੰਘਾਸਨ ਤੇ ਬੈਠਾ ਸੌਂ ਗਿਆ। ਇਹ ਕਥਾ ਤਾਂ ਲੰਬੀ ਚੌੜੀ ਹੈ। ਜਦ ਸੌਂ ਗਿਆ ਤਾਂ ਸੁਫਨੇ 'ਚ ਉਸਨੂੰ ਭੁੱਖ ਲੱਗੀ, ਭੁੱਖ ਲੱਗੀ ਤਾਂ ਮੰਗਣ ਗਿਆ। ਉਸਨੂੰ ਮਿਲਿਆ ਕੁੱਛ ਵੀ ਨਾ, ਅਖੀਰੀ ਮਿਲਿਆ ਤਾਂ ਖਿਚੜੀ ਮਿਲੀ, ਤੇ ਪਿੱਛੋਂ ਕੁੱਤਾ ਆ ਗਿਆ। ਉਸਨੇ ਝਪਟ ਨਾਲ ਖਿਚੜੀ ਖੋਹੀ ਤਾਂ ਖਿਚੜੀ ਡੁੱਲ੍ਹ ਗਈ। ਉਹ ਕਹਿੰਦਾ, ਅਜਿਹਾ ਦੁਨੀਆਂ ਵਿੱਚ ਨਭਾਗਾ ਵੀ ਹੈ ਕੋਈ, ਜਿਸਨੂੰ ਕੁੱਝ ਨਾ ਮਿਲੇ, ਮਿਲੇ ਤਾਂ ਉਹ ਵੀ ਡੁੱਲ੍ਹ ਜਾਵੇ? ਇਸ ਕਰਕੇ ਭਾਈ! ਸੁਪਨੇ ਵਿੱਚ ਉਹ ਭਿਖਾਰੀ ਹੋ ਗਿਆ, ਉਹ ਰਾਜ ਗੱਦੀ ਤੇ ਬੈਠਾ ਸੀ। ਪਰ ਉਸਨੇ ਕਿੰਨਾ ਦੁੱਖ, ਭਰਮ ਦੇ ਵਿੱਚ ਪਾਇਆ।

ਰਵਿਦਾਸ ਜੀ ਕਹਿੰਦੇ, ਉਹੀ ਗਤੀ ਮੇਰੀ ਹੋਈ। ਏਸ ਕਰਕੇ ਮਹਾਰਾਜ ! ਭਰਮ ਦੇ ਵਿੱਚ ਭੁੱਲਿਆ ਜੀਵ, ਕੀ ਨਹੀਂ ਕਰਦਾ? ਇਸ ਕਰਕੇ, ਮੈਂ ਬੇਅਕਲ ਹੋਇਆ ਫਿਰਦਾ ਸੀ। ਆਪਣੇ ਆਪ ਨੂੰ ਚੀਨਣ ਤੇ ਹੀ, ਭਰਮ ਦੀ ਨਵਿਰਤੀ ਹੈ –

ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥

(ਪੰਨਾ ੩੨੮)

ਆਪਣੇ ਆਪ ਨੂੰ ਚੀਨ ਕੇ, ਜਦ ਇਸਦੀ ਬਿਰਤੀ ਇਕਾਗਰ ਹੋ ਜਾਏਗੀ, ਜਦ ਇਸਦੀ ਬਿਰਤੀ ਅਖੰਡਾਕਾਰ, ਆਤਮਾਕਾਰ, ਬ੍ਰਹਮਾਕਾਰ ਹੋ ਗਈ, ਤਾਂ ਕੀ ਪਾਇਆ –

ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥

(ਪੰਨਾ ੩੨੮)

ਜਦ ਇਹਦਾ ਮਨ, ਨਾਮ ਨਾਲ ਇੱਕ ਹੋ ਗਿਆ, ਤੇ ਨਾਮ-ਨਾਮੀ ਦਾ ਅਭੇਦ ਹੈ, ਇਸਨੂੰ ਉਸ ਵਸਤੂ ਦੀ ਪ੍ਰਾਪਤੀ ਹੋ ਗਈ। ਇਸ ਕਰਕੇ, ਜਦ ਤੱਕ ਇਸਨੂੰ ਉਹ ਚੀਜ ਪ੍ਰਾਪਤ ਨਹੀਂ ਹੁੰਦੀ, ਸ਼ਾਂਤੀ ਨਹੀਂ ਮਿਲਦੀ, ਤਦ ਤੱਕ ਇਹਨੂੰ ਜੋ ਵੀ ਪ੍ਰਾਪਤ ਹੋਇਆ ਹੈ, ਉਹ ਅੰਤ ਨੂੰ ਇਹਦੇ ਸੰਗ ਜਾਣ ਵਾਲਾ ਨਹੀਂ ਹੈ, ਇਸਦੀ ਸਹਾਇਤਾ ਕਰਨ ਵਾਲਾ ਨਹੀਂ ਹੈ।

ਤਿਨ ਕੀ ਨਿਰਮਲ ਸੋਇ ॥

ਜਿਨ੍ਹਾਂ ਨੂੰ ਵੀ ਉਹ ਆਤਮ-ਵਸਤੂ ਪ੍ਰਾਪਤ ਹੋ ਗਈ, ਉਨ੍ਹਾਂ ਦੀ ਸ਼ੋਭਾ ਨਿਰਮਲ ਹੋ ਗਈ। ਕਬੀਰ, ਰਵਿਦਾਸ, ਨਾਮਦੇਉ ਆਦਿ ਜਿਤਨੇ ਵੀ ਦੁਨੀਆਂ ਤੇ ਭਗਤ ਹੋਏ, ਉਨ੍ਹਾਂ ਦੀ ਸ਼ੋਭਾ ਹੋਈ।

ਨਾਨਕ ਕੀ ਪ੍ਰਭ ਬੇਨਤੀ

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਇੱਕ ਮੇਰੀ ਬੇਨਤੀ ਹੈ ਪਰਮੇਸ਼ਰ ਅੱਗੇ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਕਥਨ ਕਰਦੇ ਹਨ-

ਪ੍ਰਭ ਮਿਲਹੁ ਪਰਾਪਤਿ ਹੋਇ ॥

ਹੇ ਪ੍ਰਭੂ! ਆਪ ਮਿਲੋ ਅਤੇ ਪ੍ਰਾਪਤ ਹੋ ਜਾਉ, ਤਾਂ ਮੇਰਾ ਜਨਮ-ਮਰਨ ਕੱਟਿਆ ਜਾਏਗਾ, ਤਾਂ ਮੇਰੀ ਨਿਰਮਲ ਸ਼ੋਭਾ ਦੁਨੀਆਂ ਵਿੱਚ ਹੋਏਗੀ।

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥

ਜਦ ਪਰਮੇਸ਼ਰ ਦੇ ਬਖਸ਼ੇ ਹੋਏ ਪੂਰਨ ਸੰਤ ਮਿਲ ਜਾਣ –

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥

(ਪੰਨਾ ੨੯੩)

ਤਾਂ ਅਸੀਂ ਸੰਤਾਂ ਦੇ ਸੰਗ ਨਾਲ, ਉਹ ਪਰਮੇਸ਼ਰ ਆਪਣੇ ਹਿਰਦੇ ਵਿੱਚ ਦੇਖ ਲਿਆ। ਹੁਣ ਸਾਨੂੰ ਨਾਮ ਕਦੇ ਭੁੱਲਦਾ ਨਹੀਂ ਹੈ। ਤੁਲਸੀ ਦਾਸ ਨੇ ਵੀ ਲਿਖਿਆ ਹੈ –

ਪੁਨੰਯ ਪੁੰਜ ਬਿਨੁ ਮਿਲਹਿ ਨ ਸੰਤਾ।

ਕਹਿੰਦਾ, ਜਦ ਇਹਦੇ ਪੁੰਨਾਂ ਦੇ ਸਮੂਹ ਪੈਦਾ ਹੁੰਦੇ ਨੇ, ਨਿਸ਼ਕਾਮ ਪੁੰਨ ਜਦ ਇਹਦੇ ਪੂਰਨ ਹੋ ਜਾਂਦੇ ਹਨ, ਤਦ ਇਸਨੂੰ ਸੰਤ ਪ੍ਰਾਪਤ ਹੋ ਜਾਂਦਾ ਹੈ। ਫਿਰ ਕਹਿੰਦੇ, ਕੀ ਹੋ ਜਾਂਦਾ ਹੈ? ਸੰਸਾਰ ਦਾ ਅੰਤ ਹੋ ਜਾਂਦਾ ਹੈ। ਉਹ ਜਿਸਨੂੰ ਆਪਣੇ ਸਰੂਪ ਦੀ ਪ੍ਰਾਪਤੀ ਹੋ ਗਈ, ਉਸਦੇ ਸੰਸਾਰ ਦਾ ਅੰਤ ਹੋ ਜਾਂਦਾ ਹੈ। ਉਹ ਸੰਤ, ਜੈਸੇ ਗੁਰੂ ਰਾਮਦਾਸ ਜੀ ਸੰਤ ਸਾਨੂੰ ਮਿਲੇ, ਉਨ੍ਹਾਂ ਦੇ ਸਾਥ ਸਾਨੂੰ ਆਤਮਾ-ਪ੍ਰਮਾਤਮਾ ਦੀ ਪ੍ਰਾਪਤੀ ਹੋਈ ਹੈ ਅਤੇ ਆਪਣੇ ਅੰਦਰ ਅਸੀਂ ਪਰਮੇਸ਼ਰ ਦੇਖਿਆ। ਜਬ ਤੱਕ ਉਹ ਸੰਤ ਨਹੀਂ ਪ੍ਰਾਪਤ ਹੁੰਦੇ, ਤਬ ਤੱਕ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ, ਤਬ ਤੱਕ ਸ਼ਾਂਤੀ ਨਹੀਂ ਹੁੰਦੀ।

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥

ਬੋਲੋ – ਸਤਿਨਾਮ ਸ੍ਰੀ ਵਾਹਿਗੁਰੂ। ❑

ੴ ਸਤਿਗੁਰ ਪ੍ਰਸਾਦਿ॥

੧੦

ਸੋਰਠਿ ਮਹਲਾ ੫ ਘਰੁ ੧ ਅਸਟਪਦੀਆ ੴ ਸਤਿਗੁਰ ਪ੍ਰਸਾਦਿ॥
ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ॥
ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ॥
ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ॥
ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ॥ ੧॥
ਮੇਰੇ ਮਨ ਜਪੀਐ ਹਰਿ ਭਗਵੰਤਾ॥
ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ॥ ਰਹਾਉ॥
ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ॥
ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ॥
ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ॥
ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ॥ ੨॥
ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ॥
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ॥
ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ॥ ੩॥
ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ॥
ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ਤਿਤੁ ਦਿਨਿ ਮਰੀਐ ਝੂਰਿ॥
ਕਰਨ ਕਰਾਵਨ ਸਮਰਥੋ ਭਾਈ ਸਰਬ ਕਲਾ ਭਰਪੂਰਿ॥ ੪॥
ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ॥

ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥
ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥
ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥ ੫ ॥
ਗੁਰਿ ਪੂਰੈ ਸੰਤੋਖਿਆ ਭਾਈ ਅਹਿਨਿਸਿ ਲਾਗਾ ਭਾਉ ॥
ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ ॥
ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ ॥
ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥ ੬ ॥
ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ ॥
ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥
ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥
ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥ ੭ ॥
ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ ॥
ਸਾਸਿ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ ॥
ਸਾਧੂ ਸੰਗਿ ਮਿਲਾਇਆ ਭਾਈ ਸਰਬ ਰਹਿਆ ਭਰਪੂਰਿ ॥
ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ ॥ ੮ ॥
ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ ॥
ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ ॥
ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ ॥
ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥ ੯ ॥੧ ॥

(ਪੰਨਾ–੬੪੦)

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥

(ਪੰਨਾ ੧੪੦੯)

ਆਪ ਨੂੰ ਪਤਾ ਹੋਏਗਾ ਇਸ ਬਾਤ ਦਾ, ਇਹ ਲੰਮੀ ਚੌੜੀ ਉਥਾਨਕਾ

ਹੈ। ਭੱਟਾਂ ਨੂੰ ਸਰਾਪ ਮਿਲਿਆ ਹੋਇਆ ਸੀ। ਉਨ੍ਹਾਂ ਨੇ ਭਗਵਾਨ ਦੇ ਅੱਗੇ ਬੜੀ ਬੇਨਤੀ ਕੀਤੀ। ਹੇ ਮਹਾਰਾਜ! ਸਾਡਾ ਇਹ ਸਰਾਪ ਕਿਵੇਂ ਮੋਚਨ ਹੋਵੇ ? ਸਾਨੂੰ ਇਉਂ ਦੱਸਿਆ ਜਾਵੇ, ਅਸੀਂ ਭੁੱਲਣਹਾਰ ਹਾਂ। ਉਨ੍ਹਾਂ ਨੇ ਆਖਿਆ, ਪੰਚਮ ਗੱਦੀ ਤੇ, ਗੁਰੂ ਅਰਜਨ ਦੇਵ ਜੀ ਬਿਰਾਜਮਾਨ ਹੋਣਗੇ। 'ਜੋਤਿ ਅਰ ਜੁਗਤਿ' ਇੱਕੋ ਹੀ ਹੁੰਦੀ ਹੈ। ਜੋਤ ਕਦੇ ਬਦਲੀ ਨਹੀਂ ਹੈ ਤੇ ਜੁਗਤੀ ਵੀ ਗੁਰੂ ਦੀ ਪ੍ਰੇਮਾ-ਭਗਤੀ ਵਾਲੀ ਕਦੇ ਬਦਲੇ ਨਹੀਂ। ਇਹ ਸਿਧਾਂਤ ਗੁਰੂ ਸਾਹਿਬ ਦਾ ਅਟੱਲ ਹੈ।

ਸਬਦੁ ਜਿਤੀ ਸਿਧੁ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ॥

(ਭਾਈ ਗੁਰਦਾਸ ਜੀ)

ਸ਼ਬਦ ਦੇ ਨਾਲ ਜਦੋਂ ਗੁਰੂ ਨਾਨਕ ਸਾਹਿਬ ਨੇ, ਸਿੱਧ ਮੰਡਲੀ ਨੂੰ ਜਿੱਤ ਲਿਆ ਤਾਂ ਆਪਣਾ ਪੰਥ 'ਪ੍ਰੇਮਾ-ਭਗਤੀ' ਵਾਲਾ, ਅਲਹਿਦਾ ਕਰ ਲਿਆ। ਉਨ੍ਹਾਂ ਦਾ ਪੰਥ ਹਠ-ਯੋਗ ਸੀ। ਗੋਰਖ, ਹਠ-ਯੋਗ ਦਾ ਸ਼੍ਰੋਮਣੀ ਅਚਾਰੀਆ ਸੀ। ਜਦੋਂ ਗੋਰਖ ਦੇ ਨਾਲ ਗੁਰੂ ਸਾਹਿਬ ਦਾ ਸੰਵਾਦ ਹੋਇਆ ਤਾਂ 'ਪ੍ਰੇਮਾ-ਭਗਤੀ' ਮੁੱਖ ਹੋ ਗਈ ਅਤੇ ਗੋਰਖ ਮੱਤ ਦੇ ਲੋਕਾਂ ਨੇ ਵੀ ਕਹਿ ਦਿੱਤਾ ਕਿ ਸਾਨੂੰ ਨਾਨਕ ਮੱਤ ਸਹੀ ਲੱਗਦਾ ਹੈ। ਇਹ ਪ੍ਰੇਮਾ-ਭਗਤੀ ਹੈ, ਹਰੇਕ ਆਦਮੀ ਇਸਨੂੰ ਕਰ ਸਕਦਾ ਹੈ, ਗ੍ਰਿਹਿਸਥੀ ਵੀ ਕਰ ਸਕਦਾ ਹੈ। ਯੋਗ ਜਿਹੜਾ ਹੈ 'ਹੱਠ-ਯੋਗ', ਇਹਨੂੰ ਹਰੇਕ ਆਦਮੀ ਨਹੀਂ ਕਰ ਸਕਦਾ। ਉਹ ਯੋਗ ਜੇ ਗੁਰੂ ਪਾਸ ਹੋਵੇ, 'ਯੋਗੀ' ਤਾਂ ਹੀ ਹੋ ਸਕਦਾ ਹੈ। ਇਸ ਕਰਕੇ, ਉਸ ਜਗ੍ਹਾ ਦਾ ਨਾਂ, 'ਨਾਨਕ ਮਤਾ' ਪੈ ਗਿਆ। ਨਾਨਕ ਮਤੇ ਦਾ ਮਤਲਬ ਹੈ ਬਈ ਅਸੀਂ ਨਾਨਕ ਮੱਤ ਨੂੰ ਆਪਣੇ ਅਨੁਸਾਰ ਮੰਨ ਲਿਆ, ਇਹ ਸਾਨੂੰ ਸਹੀ ਹੈ। ਪਹਿਲਾਂ ਇਸਦਾ ਨਾਂ 'ਗੋਰਖ ਮਤਾ' ਸੀ। ਇਤਿਹਾਸ ਮੇਂ ਬਹੁਤ ਲਿਖਿਆ ਹੈਗਾ। ਇਸ ਕਰਕੇ, ਪ੍ਰੇਮਾ ਭਗਤੀ ਦਾ ਮਾਰਗ ਹੈ ਤੇ ਉਹ ਪੰਚਮ ਪਾਤਸ਼ਾਹ ਦੀ ਬਾਬਤ, ਇਸ ਭੱਟ ਨੇ ਆਪ ਲਿਖਿਆ ਹੈ – ਬਈ ਇਹ ਸਾਖਸ਼ਾਤ ਜੋ ਵਿਆਪਕ ਹੈ, ਪਰੀਪੂਰਨ, ਇਹ ਸਰਗੁਣ ਸਰੂਪ ਮੇਂ, ਥੋਡੇ ਸਾਮ੍ਹਣੇ ਬੈਠਾ ਹੈ। ਜਿਸਨੇ ਆਪਾਂ ਨੂੰ ਗਿਆਨ ਵੀ ਦਿੱਤਾ ਤੇ ਇਹ ਜੋ ਸਾਡਾ ਸਰਾਪ ਸੀ, ਉਹ ਵੀ ਮੋਚਨ ਕਰ ਦਿੱਤਾ ਤੇ ਫੇਰ ਇਨ੍ਹਾਂ ਭੱਟਾਂ

ਨੇ ਸਵੱਈਏ ਉਚਾਰੇ, ਉਹ ਗੁਰਬਾਣੀ ਵਿਚ ਤੁਸੀਂ ਪੜ੍ਹਦੇ ਹੋਂ। ਠੀਕ ਬੋਲੀ ਵੀ ਓਹੀ ਹੈ। ਇਸ ਕਰਕੇ, ਮਥਰਾ ਭੱਟ ਨੇ ਇਹ ਬਾਤ ਕਹੀ ਹੈ। ਏਸ ਵਾਕ ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਥਨ ਕਰਨ ਵਾਲੇ ਨੇ ਸੋਰਠਿ ਰਾਗ ਵਿੱਚ, ਹੁਣ ਪੜ੍ਹੋ ਭਾਈ –

ਸਭੁ ਜਗੁ ਜਿਨਹਿ ਉਪਾਇਆ ਭਾਈ

ਤੁਸੀਂ ਸਾਰੇ ਕਿਰਪਾ ਕਰਕੇ, ਦਇਆ ਕਰਕੇ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!! ਇਹ ਮੰਗਲ ਨਾਮ ਦਾ, ਸਭ ਸੇ ਸ਼੍ਰੇਸਟ ਲਿਖਿਆ ਹੈ ਗ੍ਰੰਥਾਂ ਵਿੱਚ। ਸਭ ਸੇ ਬੜਾ ਮੰਗਲ ਨਾਮ ਦਾ ਹੁੰਦਾ ਹੈ। ਇਸ ਕਰਕੇ, ਅਸੀਂ ਵੀ ਜਦੋਂ ਦਾ ਪੜ੍ਹਿਆ ਹੈ, ਨਾਮ ਦਾ ਹੀ ਮੰਗਲ ਕਰਦੇ ਹਾਂ।

ਸੋਰਠਿ ਮਹਲਾ ੫

ਸੋਰਠਿ ਰਾਗ ਦੇ ਵਿੱਚ, ਪੰਚਮ ਪਾਤਸ਼ਾਹ ਮਹਾਰਾਜ, ਕਥਨ ਕਰਦੇ ਨੇ–

ਘਰ ੧ ਅਸਟਪਦੀਆ

ਪਹਿਲੀ ਤਾਰ ਦੇ ਵਿੱਚ ਗਾਉਣਾ ਹੈ, ਅਸਟਪਦੀਆਂ ਚਲਦੀਆਂ ਨੇ।

ੴ ਸਤਿਗੁਰ ਪ੍ਰਸਾਦਿ॥

ਇੱਕ ਜੋ ਪਰਮੇਸ਼ਰ ਹੈ, ਉਹ ਸਤਿਗੁਰੂ ਦੀ ਕਿਰਪਾ ਤੇ ਪ੍ਰਾਪਤ ਹੁੰਦਾ ਹੈ, ਇਹ ਨਿਯਮ ਹੈ।

ਗੁਰ ਪ੍ਰਸਾਦਿ॥

'**ਜਪੁ**' ਅੱਗੇ ਆਏਗਾ, '**ਜਪੁ**' ਤਾਂ ਵਿਧੀ ਵਾਕ ਹੈ॥ **ਜਪੁ**॥ ਦੇ ਅੱਗੇ ਪਿੱਛੇ, ਦੋਹੀਂ ਪਾਸੀਂ ਦੋ–ਦੋ ਡੰਡੇ ਹੁੰਦੇ ਨੇ, ਉਹਦਾ ਮਤਲਬ ਹੈ ਕਿ '**ਜਪੁ**' ਇੱਧਰਲੇ ਪਾਸੇ ਵੀ ਲੱਗੇਗਾ ਤੇ ਐਸ ਪਾਸੇ ਵੀ ਲੱਗੇਗਾ। '**ਜਪੁ**' ਵਿਧੀ ਵਾਕ ਹੈ, ਭਾਈ! ਗੁਰੂ ਤੋਂ ਉਹ ਨਾਮ ਲੈਕੇ ਜਪੀਂ, ਤੈਨੂੰ ਏਕੰਕਾਰ ਪ੍ਰਾਪਤ ਹੋ ਜਾਏਗਾ–

ਸਭੁ ਜਗੁ ਜਿਨਹਿ ਉਪਾਇਆ ਭਾਈ

ਉਹ ਕੌਣ ਹੈ? **'ਏਕੰਕਾਰ'** ਹੈ, ਜਿਸਨੇ ਸਾਰੀ ਸ੍ਰਿਸ਼ਟੀ ਦੀ ਉਤਪਤੀ ਕੀਤੀ, ਪਾਲਣਾ ਕੀਤੀ ਤੇ ਲੈ ਕੀਤੀ, ਉਹ ਈਸ਼ਵਰ ਹੈ **'ਪਰਮੇਸ਼ਰ'**।

ਕਰਣ ਕਾਰਣ ਸਮਰਥੁ ॥

ਸਭ ਕੁੱਛ ਕਰਣੇ ਨੂੰ ਤੇ ਕਰਾਉਣੇ ਨੂੰ, ਉਹ ਪਰਮੇਸ਼ਰ ਸਮਰੱਥ ਹੈ, ਸਰਬੱਗ ਹੈ, ਸਰਬ-ਸ਼ਕਤੀਮਾਨ ਹੈ।

ਜੀਉ ਪਿੰਡੁ ਜਿਨਿ ਸਾਜਿਆ ਭਾਈ

ਤੇਰਾ ਜੀਅ ਤੇ ਤੇਰਾ ਪਿੰਡ (ਸਰੀਰ) ਸਾਰੀਆਂ ਤੇਰੀਆਂ ਇੰਦਰੀਆਂ, ਤੇਰੇ ਪ੍ਰਾਣ, ਉਹ ਜੋ ਕੁੱਛ ਵੀ ਹੈ, ਉਸ ਪਰਮੇਸ਼ਰ ਨੇ ਸਾਜਿਆ ਹੈ। ਫਿਰ ਕੀ ਕੀਤਾ ਸਾਜ ਕੇ?

ਦੇ ਕਰਿ ਅਪਣੀ ਵਥੁ ॥

ਜੇ ਆਪਣੀ ਵਸਤੂ **'ਆਤਮਾ'** ਤੇਰੇ ਅੰਦਰ ਨਾ ਰਖਦਾ, ਹੋਰ ਤਾਂ ਚੇਤਨ ਸ਼ਕਤੀ ਕੋਈ ਹੈ ਨਹੀਂ। ਜਿਤਨਾ ਤੇਰਾ ਸਰੀਰ ਹੈ, ਤੇਰੇ ਇੰਦਰੀਏ ਨੇ, ਅੰਤਹਕਰਣ, ਮਨ, ਬੁੱਧੀ, ਚਿੱਤ ਅਹੰਕਾਰ ਹੈ, ਪ੍ਰਾਣ ਨੇ, ਸਭ ਕੁੱਛ ਇਹ ਤਾਂ ਜੜ੍ਹ ਹੈ, ਸਰੀਰ ਵੀ ਜੜ੍ਹ ਹੈ, ਪੰਜਾਂ ਤੱਤਾਂ ਦਾ। ਜੇ ਕਿਤੇ ਉਹ ਆਪਣੀ ਵਸਤੂ **'ਆਤਮਾ'** ਅੰਦਰ ਨਾ ਰਖਦਾ ਤਾਂ ਕੀਹਦੇ ਨਾਲ ਪ੍ਰਾਣਾਂ ਨੂੰ ਚਲਾਉਂਦਾ? ਕੀਹਦੇ ਨਾਲ ਤੂੰ ਇੰਦਰੀਆਂ ਨੂੰ ਦੇਖਦਾ? ਕਿਵੇਂ ਤੂੰ ਦੇਖਦਾ? ਇੰਦਰੀਆਂ ਦੁਆਰਾ ਦੇਖਦਾ? ਝਰੋਖਿਆਂ ਦੇ ਨਾਲ ਦੇਖਦਾ? ਆਪਣੀ ਜਿਹੜੀ ਵਸਤੂ ਸੀ, ਉਹ ਆਤਮ-ਵਸਤੂ ਤੇਰੇ ਅੰਦਰ ਰੱਖੀ। ਇਹ ਵੀ ਤੁਸੀਂ ਦੇਖ ਲਉ, ਆਪਣਾ ਖਿਆਲ ਕਰਕੇ। ਤੁਹਾਡੇ ਅੰਦਰ ਖਿਆਲ ਉਠਦੇ ਨੇ, ਪਰ ਖਿਆਲਾਂ ਨੂੰ ਦੇਖਣ ਵਾਲਾ ਕੌਣ ਹੈ? ਦੇਖਣੇ ਔਰ ਜਾਨਣੇ ਵਾਲਾ ਚੇਤਨ ਹੀ ਹੁੰਦਾ ਹੈ -

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥ (ਪੰਨਾ ੫੨੦)

'ਦਾਨਾ' ਮਹਿਨੇ ਜਾਣਨੇ ਵਾਲਾ, **'ਬੀਨਾ'** ਮਹਿਨੇ ਦੇਖਣੇ ਵਾਲਾ। ਉਹ ਇੱਕ ਪਰਮੇਸ਼ਰ ਹੀ ਹੈ, ਹੋਰ ਕੋਈ ਨਹੀਂ ਹੋ ਸਕਦਾ -

ਨਾਨਕ ਸਾਰ ਨ ਜਾਣਾ ਤੇਰੀ॥ (ਪੰਨਾ ੫੨੦)

ਗੁਰੂ ਸਾਹਿਬ ਕਹਿੰਦੇ, ਲੋਕਾਂ ਨੇ ਤੇਰੀ ਸਾਰ ਨਹੀਂ ਜਾਣੀ, ਅਸਲੀਅਤ ਨਹੀਂ ਜਾਣੀ। ਉਨ੍ਹਾਂ ਨੂੰ, ਉਸਦਾ ਪਤਾ ਨਹੀਂ ਲੱਗਿਆ ਜਿਹੜੀ ਪਰਮੇਸ਼ਰ ਨੇ ਆਪਣੀ ਵਸਤੂ ਰੱਖੀ ਹੈ। ਤੁਹਾਨੂੰ ਇਉਂ ਨਹੀਂ ਪਤਾ ਕਿ ਇਹ ਪਰਮੇਸ਼ਰ ਦੀ ਵਸਤੂ ਹੈ। ਇਹ ਪ੍ਰਕਿਰਤੀ ਦਾ ਸਾਮਾਨ, ਤੁਹਾਡੇ ਅੰਤਹਕਰਣ, ਮਨ, ਬੁੱਧੀ, ਚਿੱਤ, ਅਹੰਕਾਰ, ਪੰਜ ਗਿਆਨ ਇੰਦਰੀਏ, ਪੰਜ ਕਰਮ ਇੰਦਰੀਏ, ਪੰਜ ਪ੍ਰਾਣ, ਅਸਥੂਲ ਸਰੀਰ ਜੋ ਸਭ ਕੁੱਛ ਹੈ ਇਹ ਪ੍ਰਕਿਰਤੀ ਦਾ ਹੈ। ਪ੍ਰਕਿਰਤੀ ਤਾਂ ਜੜ੍ਹ ਹੈ, ਪ੍ਰਕਿਰਤੀ ਮਾਇਆ ਨੂੰ ਕਹਿੰਦੇ ਨੇ। ਉਹ ਤਾਂ –

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ॥

(ਪੰਨਾ ੧੧੨੩)

ਚੌਥਾ ਪਦ ਤਾਂ ਤੁਹਾਡੇ ਕੋਲ ਇੱਕ ਵਸਤੂ ਹੈ, ਉਹ ਪਰਮੇਸ਼ਰ ਨੇ ਤੁਹਾਡੇ ਅੰਦਰ ਆਪ ਰੱਖਿਆ ਹੈ। ਰੱਖਿਆ ਕੀ ਹੈ, ਉਹ ਤਾਂ ਵਿਆਪਕ ਹੈ।

ਜਨਮਿ ਨ ਮਰੈ ਨ ਆਵੈ ਨ ਜਾਇ॥
ਨਾਨਕ ਕਾ ਪ੍ਰਭੁ ਰਹਿਓ ਸਮਾਇ॥ (ਪੰਨਾ ੧੧੩੬)

ਨਾਨਕ ਦਾ ਰੱਬ ਤਾਂ ਸਾਰੇ ਵਿਆਪਕ ਹੈ। ਉਹ ਤਾਂ ਚਾਰੇ ਖਾਣੀਆਂ ਵਿੱਚ ਹੈ। ਕੋਈ ਖਾਣੀ, ਇਹੋ ਜਿਹੀ ਨਹੀਂ –

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥

(ਪੰਨਾ ੧੪੨੭)

ਦੇਖੋ ਤਾਂ ਕੀਹਦੇ ਹਿਰਦੇ ਵਿੱਚ ਪਰਮੇਸ਼ਰ ਨਹੀਂ ਹੈ? ਇਹ ਤਾਂ ਜੋ ਤੁਸੀਂ ਪੜ੍ਹੋਂਗੇ ਇਹ ਤਾਂ 'ਰਾਜ-ਯੋਗ' ਸ਼ੁਰੂ ਕੀਤਾ ਹੈ। ਗੁਰੂ ਸਾਹਿਬ ਨੇ ਹੱਠ-ਯੋਗ ਨਹੀਂ ਮੰਨਿਆ। ਹੱਠ-ਯੋਗ ਦਾ ਖੰਡਨ, ਸਕਾਮ ਕਰਮਾਂ ਦਾ ਖੰਡਨ ਹੈ। ਨਿਸ਼ਕਾਮ ਕਰਮ ਮੰਨਿਆ ਹੈ ਪਰ ਸਿਰੇ ਜਾਕੇ ਨਿਸ਼ਕਾਮ

ਸੇਵਾ ਮੰਨੀ ਹੈ –

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਪੰਨਾ ੨੮੬)

ਜਦ ਹਰਿਮੰਦਰ ਸਾਹਿਬ, ਗੁਰੂ ਸਾਹਿਬ ਨੇ ਸਥਾਪਨ ਕੀਤਾ, ਬਣਾਇਆ, ਸਭ ਕੁੱਛ ਹੋਇਆ। ਉਹਦੇ ਵਿਚ **'ਭਾਈ ਬਹਿਲੋ'** ਵੀ ਸੀ, ਜਿਸ ਬਾਬਤ ਕਿਹਾ **'ਭਾਈ ਬਹਿਲੋ, ਸਭ ਸੇ ਪਹਿਲੋ'**, ਤੇ ਮੰਗਾਇਆ ਵੀ ਜਬਰਦਸਤੀ ਸੀ, ਸਿੱਖਾਂ ਨੂੰ ਭੇਜ ਕੇ। ਉਨ੍ਹਾਂ ਨੇ ਆਖਿਆ ਕਿ ਉਹ ਸਾਡਾ ਪਿਛਲਾ ਸਿੱਖ ਹੈ, ਉਸਨੂੰ ਲੈ ਕੇ ਆਵੋ। ਪਰ ਉਹ ਤੁਹਾਨੂੰ ਜਵਾਬ ਦੇਊਗਾ ਕਿਉਂਕਿ ਉਸ ਉੱਤੇ ਹਕੂਮਤ ਦਾ ਪ੍ਰਭਾਵ ਪੈ ਗਿਆ ਹੈ। ਉਦੋਂ ਮੁਸਲਮਾਨਾਂ ਦੀ ਹਕੂਮਤ ਸੀ ਤਾਂ ਜਦ ਉਹ ਨਹੀਂ ਆਏਗਾ, ਤੁਸੀਂ ਜਬਰਦਸਤੀ ਫੜਿਓ। ਦੋ ਜਣੇ ਅੱਗੇ ਲੱਗਿਓ, ਚਾਰ ਪਿਛੋਂ ਧੱਕਿਓ, ਉਸਨੂੰ ਆਖਿਓ ਕਿ ਸਾਨੂੰ ਗੁਰੂ ਸਾਹਿਬ ਦਾ ਹੁਕਮ ਹੈ, ਅਸੀਂ ਤੈਨੂੰ ਲੈ ਕੇ ਜਾਣਾ ਹੈ। ਬਈ ਤੂੰ ਗੁਰੂ ਦਾ ਪਿਛਲਾ, ਸੇਵਾ ਕਰਨ ਵਾਲਾ ਸਿੱਖ ਹੈਂ। ਤੇ ਲੋਕਾਂ ਨੂੰ ਇਹ ਕਿਹੋ ਕਿ ਭਾਈ ! ਇਹ ਸਾਡੇ ਗੁਰੂ ਸਾਹਿਬ ਦਾ ਸਿੱਖ ਹੈ, ਤਾਂ ਤੁਹਾਡਾ ਭਾਈ ! ਕੋਈ ਮਤਲਬ ਨਹੀਂ। ਗੁਰੂ ਜੀ ਦੇ ਸਿੱਖ, ਭਾਈ ਬਹਿਲੋ ਨੂੰ ਫੜ ਲਿਆਏ। ਇਤਿਹਾਸ ਕਹਿੰਦਾ ਹੈ ਜਦ ਸਤਲੁਜ ਦੇ ਵਿੱਚ ਬੇੜੀ ਉੱਤੇ ਬੈਠੇ, ਭਾਈ ਬਹਿਲੋ ਉਦੋਂ ਤੱਕ ਨਹੀਂ ਮੰਨਿਆਂ। ਉਸਦੇ ਕੋਲ ਲੋਹੇ ਦੀ ਛੜੀ ਜਿਹੀ ਸੀ ਕਿਉਂਕਿ ਉਹ ਨੰਬਰਦਾਰ ਸੀ ਪਿੰਡ ਦਾ। ਥੜਾ, ਉਹਦੇ ਘਰ ਵਿੱਚ ਸੀ ਜਿਸ ਉੱਤੇ ਉਹ ਬੈਠਦਾ ਹੁੰਦਾ ਸੀ। ਮੁਸਲਮਾਨਾਂ ਦੇ ਵਕਤ, ਉਹ ਚੌਧਰੀ ਬਣੌਂਦੇ ਹੁੰਦੇ ਸੀ। ਉਸਨੇ ਆਖਿਆ ਮੈਂ ਤਾਂ ਸੁਲਤਾਨ ਨੂੰ ਮੰਨਣੇ ਵਾਲਾ ਹਾਂ, ਮੈਂ ਤੁਹਾਡੇ ਨਾਲ ਕਿਉਂ ਜਾਵਾਂ? ਪਰ ਉਹ ਜਦ ਉਥੇ ਆਇਆ, ਕਿਸ਼ਤੀ ਵਿੱਚ ਬੈਠਾ, ਗੁਰੂ ਸਾਹਿਬ ਨੇ ਉਸਨੂੰ ਪਿਛਲਾ ਸਾਰਾ ਕੁੱਛ ਦਿਖਾ ਦਿੱਤਾ। ਉਸਨੇ ਛੜੀ ਵਗ੍ਹਾ ਕੇ ਸਤਲੁਜ ਦੇ ਵਿੱਚ ਮਾਰੀ ਉਸਨੇ ਕਿਹਾ, ਹੁਣ ਮੈਨੂੰ ਛੱਡ ਦਿਓ। ਗੁਰੂ ਜੀ ਦੇ ਸਿੱਖਾਂ ਨੇ ਕਿਹਾ – ਜੇ ਤੂੰ ਫੇਰ ਭੱਜ ਗਿਆ? ਭਾਈ ਬਹਿਲੋ ਨੇ ਕਿਹਾ ਕਿ ਮੈਂ ਤਾਂ ਹੁਣ ਭੱਜਣ ਜੋਗਾ ਰਿਹਾ ਹੀ ਨਹੀਂ। ਭੱਜਣਾ ਕੀ ਸੀ, ਭੱਜਣ ਜੋਗਾ ਰਿਹਾ ਈ

ਨਹੀਂ। ਮੈਨੂੰ ਸਾਰਾ ਪਤਾ ਲੱਗ ਗਿਆ, ਗੁਰੂ ਸਾਹਿਬ ਨੇ ਉਹ ਚੀਜ ਦਿਖਾ ਦਿੱਤੀ ਕਿ ਮੈਂ ਪਿੱਛੇ ਗੁਰੂ-ਘਰ ਦਾ ਸੇਵਕ ਸੀ ਤੇ ਸੇਵਾ ਕਰਦਾ ਸੀ। ਮੇਰੀ ਸੇਵਾ ਅਧੂਰੀ ਸੀ, ਹੁਣ ਮੈਂ ਜਾਕੇ ਸੇਵਾ ਕਰਨੀ ਹੈ। ਉਸਨੇ ਆਖਿਆ ਤੁਸੀਂ ਮੈਨੂੰ ਛੱਡ ਦਿਉ। ਜਦ ਉਹ ਕਿਸ਼ਤੀ ਤੋਂ ਉੱਤਰੇ ਤਾਂ ਸਿੱਖਾਂ ਨੇ ਭਾਈ ਬਹਿਲੋ ਨੂੰ ਛੱਡ ਦਿੱਤਾ। ਉਹ ਅੱਗੇ ਲੱਗ ਗਿਆ, ਸਿੱਖਾਂ ਨੂੰ ਉਸਨੇ ਨਾਲ ਨਾ ਰਲਣ ਦਿੱਤਾ। ਉਹ ਸਾਰਿਆਂ ਨਾਲੋਂ ਅੱਗੇ ਜਾ ਰਿਹਾ ਸੀ, ਉਹਨੇ ਆਖਿਆ ਬਈ ਹੁਣ ਨਹੀਂ ਭੱਜਦਾ। ਉਹ ਗਿਆ ਤੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ। ਮਹਾਰਾਜ! ਬੜੀ ਕ੍ਰਿਪਾ ਕੀਤੀ, ਮੈਂ ਭੁੱਲਣਹਾਰ ਹਾਂ, ਭੁੱਲ ਗਿਆ ਸੀ। ਮੈਂ ਕੁੱਛ ਕੁ ਹਕੂਮਤ ਦੇ ਨਸ਼ੇ ਵਿੱਚ ਆ ਗਿਆ ਸੀ, ਆਪ ਜੀ ਨੇ ਮੇਰੇ ਉੱਤੇ ਬੜੀ ਕਿਰਪਾ ਕੀਤੀ। ਉਨ੍ਹਾਂ ਨੇ ਕਿਹਾ - ਬੱਸ ਠੀਕ ਹੈ। ਉਸਨੇ ਭੱਠੇ ਦੇ ਆਵੇ ਪਕਾਏ, ਉਹ ਤੁਸੀਂ ਪੜ੍ਹੋਂਗੇ ਇਤਹਾਸ ਤਾਂ ਦੇਖੋਂਗੇ ਬਈ ਬਹੁਤ ਚੰਗੀ ਤਰ੍ਹਾਂ ਪਕਾਏ। ਜਦ ਹਰਿਮੰਦਰ ਸਾਹਿਬ ਸਿਰੇ ਚੜ੍ਹ ਗਿਆ, ਠੀਕ ਹੋ ਗਿਆ, ਗੁਰੂ ਸਾਹਿਬ ਨੇ ਆਖਿਆ, "**ਭਾਈ ਬਹਿਲੋ, ਸਭ ਸੇ ਪਹਿਲੋ**"। ਉਨ੍ਹਾਂ ਨੇ ਕਿਹਾ ਕਿ ਅਸੀਂ ਤੇਰੇ ਤੇ ਕਿਰਪਾ ਕਰਨੀ ਹੈ। ਭਾਈ ਬਹਿਲੋ ਨੇ ਕਿਹਾ- ਮਹਾਰਾਜ! ਮੈਂ ਤਾਂ ਨਿਹਾਲ ਹੋ ਗਿਆ ਹਾਂ। ਗੁਰੂ ਜੀ ਨੇ ਕਿਹਾ 'ਨਿਹਾਲ ਤਾਂ ਹੈਂ, ਪਰ ਮੰਗ ਜਰੂਰ'। ਉਸਨੇ ਕਿਹਾ ਮਹਾਰਾਜ ਜੀ! ਸਾਡਾ ਪਿੰਡ ਫਫੜੇ ਹੈ, ਉਥੇ ਪਾਣੀ ਨਹੀਂ। ਹੁਣ (ਅੱਜ ਕਲ੍ਹ) ਉਸ ਪਿੰਡ ਨੂੰ '**ਭਾਈ ਕੇ ਫਫੜੇ**' ਕਹਿੰਦੇ ਹਨ। ਹੁਣ ਉਸ ਜਗ੍ਹਾ ਇਕ ਤਲਾਬ ਵੀ ਹੈ, ਤੁਸੀਂ ਕਈਆਂ ਨੇ ਦੇਖਿਆ ਹੋਏਗਾ ਤੇ ਓਦੋਂ ਉਥੇ ਪਾਣੀ ਨਹੀਂ ਸੀ, ਪਾਣੀ ਦੀ ਬੜੀ ਦਿੱਕਤ ਸੀ। ਗੁਰੂ ਜੀ ਨੇ ਆਖਿਆ ਉਹ ਜਾ ਕੇ ਛੱਪੜ ਵਿੱਚੋਂ ਇੱਕ ਇੱਟ ਚੱਕ ਦੇ, ਜਿੰਨਾਂ ਪਾਣੀ ਚਾਹੇਂਗਾ, ਓਨਾਂ ਹੀ ਆ ਜਾਵੇਗਾ। ਉਹ ਪਿੰਡ ਆਇਆ, ਉਸਨੇ ਇੱਟ ਚੱਕ ਦਿੱਤੀ, ਸਾਰੇ ਪਾਣੀ ਹੀ ਪਾਣੀ ਹੋ ਗਿਆ। ਹੁਣ ਉਹ ਤਲਾਅ ਪੱਕਾ ਕੀਤਾ ਹੋਇਆ ਹੈ, ਉਥੇ ਲੋਕ, ਬੱਚਿਆਂ ਨੂੰ ਇਸ਼ਨਾਨ ਕਰਾਉਂਦੇ ਨੇ, ਠੀਕ ਹੈ। ਸਾਰੇ ਲੋਕ ਕਹਿੰਦੇ, ਭਾਈ! ਤੈਂ ਬੜਾ ਕੰਮ ਕੀਤਾ, ਤੈਂ ਗੁਰੂ ਕੀ ਸੇਵਾ ਕੀਤੀ, ਤਾਂ ਤੇਰੇ ਵਿੱਚ ਤਾਕਤ

ਆਈ, ਤਾਂ ਪਾਣੀ ਆਇਆ। ਉਹ ਕਹਿੰਦਾ- ਮੇਰੇ ਤੇ ਜਿਹੜੀ ਕਿਰਪਾ ਕੀਤੀ, ਉਹ ਤੁਹਾਨੂੰ ਪਤਾ ਹੀ ਨਹੀਂ, ਇਹ ਤਾਂ ਉਨ੍ਹਾਂ ਦੀ ਰੱਤੀ ਕੁ ਹੀ ਕ੍ਰਿਪਾ ਹੈ। ਏਸ ਕਰਕੇ, ਉਸ ਪਿੰਡ ਨੂੰ **'ਭਾਈ ਕੇ ਫਫੜੇ'** ਕਹਿਣ ਲੱਗ ਪਏ। ਭਾਈ ਬਹਿਲੋ ਦੇ ਦੋ ਪੋਤੇ, ਰਾਮ ਰਾਇ ਨਾਲ ਦੇਹਰਾਦੂਨ ਰਹਿੰਦੇ ਸੀ। ਜਦ ਕਦੇ-ਕਦੇ ਰਾਮ ਰਾਇ ਉਦਾਸ ਹੁੰਦਾ ਸੀ, ਬਈ! ਮੇਰੇ ਤੋਂ ਗਲਤੀ ਹੋ ਗਈ। ਮੈਂ "ਮਿਟੀ ਮੁਸਲਮਾਨ" ਦੀ ਜਗ੍ਹਾ, "ਮਿਟੀ ਬੇਈਮਾਨ" ਦੀ ਕਹਿ ਬੈਠਾ ਹਾਂ ਤਾਂ ਉਹ ਬਹਿਲੋ ਦੇ ਪੋਤੇ ਕਹਿੰਦੇ ਹੁੰਦੇ, ਜੀ ਤੁਸੀਂ ਫਿਕਰ ਕਿਉਂ ਕਰਦੇ ਹੋ? ਅਸੀਂ ਤੁਹਾਡੇ ਨਾਲ ਹਾਂ ਉਹ (ਰਾਮ ਰਾਇ) ਕਹਿੰਦੇ, ਬਈ! ਉਹੋ (ਗੁਰੂ ਗੋਬਿੰਦ ਸਿੰਘ) ਪੂਰਨ ਪੁਰਸ਼ ਹਨ, ਮੇਰੇ ਤੋਂ ਭੁੱਲ ਹੋ ਗਈ। ਅਖੀਰੀ, ਜਦ ਗੁਰੂ ਸਾਹਿਬ ਪਾਉਂਟਾ ਸਾਹਿਬ ਗਏ। ਉਨ੍ਹਾਂ (ਰਾਮ ਰਾਇ) ਨੇ ਚਿੱਠੀ ਭੇਜੀ ਤੇ ਇੱਕ ਆਦਮੀ ਭੇਜਿਆ ਕਿ ਗੁਰੂ ਸਾਹਿਬ ਕੋਲ ਮੇਰੀ ਅਰਜ ਕਰਕੇ ਕਹੋ ਕਿ ਇੱਕ ਵਾਰੀ ਮੈਨੂੰ ਦਰਸ਼ਨ ਦੇ ਦੇਣ। ਉਨ੍ਹਾਂ ਨੂੰ ਸ਼ੱਕ ਸੀ ਕਿ ਮੈਨੂੰ ਦਰਸ਼ਨ ਤਾਂ ਦੇਣੇ ਨਹੀਂ ਹਨ। ਜਦ ਬਹੁਤ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ ਆਖਿਆ, ਕਿਸ਼ਤੀ ਦੇ ਵਿੱਚ ਅਸੀਂ ਜਾਵਾਂਗੇ। ਉਥੇ ਆ ਜਾਂਈਂ। ਸੰਗਤ ਨਾਲ ਸੀ, ਉਹ ਵੀ ਕਿਸ਼ਤੀ ਦੇ ਉੱਤੇ ਚੜ੍ਹਿਆ, ਬਾਕੀ ਸੰਗਤ ਵੀ ਖੜ੍ਹੀ ਸੀ। ਉਸਨੇ ਆ ਕੇ ਗੁਰੂ ਸਾਹਿਬ ਦੇ ਚਰਨਾਂ ਤੇ ਆਪਣਾ ਸੀਸ ਰੱਖ ਦਿੱਤਾ ਤੇ ਬੜੀ ਬੇਨਤੀ ਕੀਤੀ, ਤਾਂ ਸੰਗਤ ਨੇ ਗੁਰੂ ਸਾਹਿਬ ਵੱਲ ਪਿੱਠ ਕਰ ਲਈ, ਬਈ ਅਸੀਂ ਤਾਂ ਆਪਣੇ ਹੀ ਗੁਰੂ ਦੇ ਦਰਸ਼ਨ ਕਰਨੇ ਹਨ। ਉਨ੍ਹਾਂ ਨੂੰ ਇਹ ਤਾਂ ਪਤਾ ਨਹੀਂ ਸੀ ਕਿ ਇਹ ਪੂਰਨ ਸ਼ਕਤੀ ਹੈ, ਗੁਰੂ ਤਾਂ ਸਾਰਿਆਂ ਵਿੱਚ ਵਿਆਪਕ ਹੁੰਦਾ ਹੈ -

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ (ਪੰਨਾ ੧੨੭੯)

ਗੁਰੂ ਦੇ ਵਿੱਚ ਪਰਮੇਸ਼ਰ ਨੇ ਆਪ ਬੈਠਕੇ, ਸ਼ਬਦ ਵਰਤਾਇਆ ਹੈ। ਇਹ ਤੁਸੀਂ ਪੜ੍ਹਿਆ ਹੈ ਗੁਰਬਾਣੀ ਦੇ ਵਿੱਚ, ਕਿ ਗੁਰੂ ਪਹਿਲਾਂ ਤਾਂ ਇੱਕ ਵਿਅਕਤੀ ਹੁੰਦਾ ਹੈ ਪਰ ਉਹਦੇ ਵਿੱਚ ਜਦ ਜੋਤ ਪ੍ਰਗਟ ਹੋ ਜਾਏਗੀ, ਉਦੋਂ ਉਹਦੇ ਵਿੱਚ ਤਾਕਤ ਆ ਜਾਏਗੀ। ਵੱਡਿਆਂ-ਵੱਡਿਆਂ ਮਹਾਂਪੁਰਸ਼ਾਂ ਵਿੱਚ, ਇਸੇ ਤਰ੍ਹਾਂ ਤਾਕਤ ਆਈ। ਚਾਹੇ ਦਾਦੂ

ਹੈ, ਚਾਹੇ ਈਸਾ, ਕੋਈ ਐਵੇਂ ਨਹੀਂ ਆਉਂਦੀ। ਇਸ ਕਰਕੇ, ਉਹ ਚਰਨਾਂ ਤੇ ਪੈ ਕੇ ਰੋਇਆ। ਉਨ੍ਹਾਂ (ਗੁਰੂ ਸਾਹਿਬ) ਨੇ ਆਖਿਆ– "ਰਾਮ ਰਾਇ ਗੁਰੂ ਅਤੇ ਸੰਗਤ ਭੂਤਨੀ" ਫੇਰ ਭੌਰਾ ਤੇ ਗੁਰਦਾਸ ਵੀ ਚਰਨਾਂ ਤੇ ਪੈ ਗਏ। ਫਿਰ ਗੁਰੂ ਸਾਹਿਬ ਨੇ ਆਖਿਆ – "ਤੁਸੀਂ ਤਾਂ ਕਹਿੰਦੇ ਹੁੰਦੇ ਸੀ ਬਈ ਅਸੀਂ ਤੀਰ ਚਲਾਉਣ ਜਾਣਦੇ ਹਾਂ, ਹੁਣ ਲਿਆਓ ਤੁਹਾਡੇ ਤੀਰ ਵੀ ਦੇਖੀਏ"। ਪੈਰਾਂ ਤੇ ਪੈ ਕੇ ਉਹ ਵੀ ਰੋਣ ਲੱਗ ਪਏ। ਗੁਰੂ ਸਾਹਿਬ ਕਹਿਣ ਲੱਗੇ, **'ਭਾਈ ਬਹਿਲੋ ਕੇ'** ਹੋਣ ਕਰਕੇ ਬਖਸ਼ ਦਿੱਤੇ, ਨਹੀਂ ਤੁਹਾਨੂੰ ਬਖਸ਼ਣਾਂ ਨਹੀਂ ਸੀ, ਪਰ ਭਾਈ ਬਹਿਲੋ ਗੁਰੂ ਘਰ ਵਿੱਚ ਮੁੱਖ ਹੋਇਆ ਹੈ। ਉਹਦੇ ਕਰਕੇ ਤੁਹਾਨੂੰ ਬਖਸ਼ ਦਿੱਤਾ। ਉਹਦੇ ਪੋਤੇ ਸੀ ਉਹ, ਏਸ ਕਰਕੇ ਭਾਈ –

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਪੰਨਾ ੨੮੬)

ਉਹਨੂੰ ਪਰਮੇਸ਼ਰ ਪ੍ਰਾਪਤ ਹੋਇਆ, ਉਹ ਬਖਸ਼ਿਆ ਗਿਆ, ਉਹਦੇ ਤੇ ਪੂਰਨ ਕਿਰਪਾ ਹੋ ਗਈ। ਏਸ ਕਰਕੇ, ਜਦ ਤੱਕ ਤੁਸੀਂ ਪਰਮੇਸ਼ਰ ਦੇ ਪਿਆਰੇ ਨਹੀਂ ਬਣੋਂਗੇ, ਪਰਮੇਸ਼ਰ ਦੀ ਸੇਵਾ ਨਹੀਂ ਕਰੋਂਗੇ, ਓਨਾਂ ਚਿਰ, ਉਹ ਫਲ ਨਹੀਂ ਹੋਏਗਾ। ਹੁਣ ਜਿਹੜੀ ਆਹ ਸੇਵਾ, ਜਿਨ੍ਹਾਂ ਨੇ ਕੀਤੀ ਹੈ, ਉਨ੍ਹਾਂ ਨੂੰ ਸ਼ਾਬਾਸ਼ ਕਹੋ, ਕਿਆ ਸੋਹਣੀ ਜਗ੍ਹਾ ਹੈ, ਸੜਕ ਪਾਸ ਹੈ ਤੇ ਬੜੀ ਹਿੰਮਤ ਕੀਤੀ ਤੇ ਬੜਾ ਅੱਛਾ ਕੀਤਾ, ਤੇ ਬਣਾਇਆ। ਤੁਹਾਨੂੰ ਦਿਸਦਾ ਹੀ ਹੈ, ਬੜਾ ਸੋਹਣਾ ਹੈ। ਏਸ ਕਰਕੇ, ਜਿਹੜਾ ਗੁਰੂ ਦੀ ਸੇਵਾ ਕਰੇਗਾ, ਜਿਹੋ ਜਿਹਾ ਉਹਦਾ ਭਾਈ ਅੰਤਹਕਰਣ ਹੋਵੇਗਾ, ਫਲ ਤਾਂ ਉਹੋ ਜਿਹਾ ਜਰੂਰ ਮਿਲੇਗਾ। ਇਹ ਨਹੀਂ ਪਤਾ, ਉਹਦਾ ਅੰਤਹਕਰਣ ਸਕਾਮ ਹੈ ਕਿ ਨਿਸ਼ਕਾਮ ਹੈ। ਇਹ ਤਾਂ ਸਾਨੂੰ ਪਤਾ ਹੀ ਨਹੀਂ ਹੈ, ਪਰ ਫਲ ਤਾਂ ਹੋਏਗਾ। ਏਸ ਕਰਕੇ, ਉਹ ਜਿਹੜਾ ਪਰਮੇਸ਼ਰ ਨਿਰਗੁਣ ਤੇ ਸਰਗੁਣ ਥੀਆ –

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥ (ਪੰਨਾ ੨੮੭)

ਉਹ ਜਿਹੜਾ ਨਿਰਗੁਣ ਪਰਮੇਸ਼ਰ ਹੈ, ਭੱਟ ਕਹਿੰਦੇ–ਇਹ ਗੁਰੂ

ਅਰਜਨ ਦੇਵ, ਪਰਮੇਸ਼ਰ ਹੈ। ਹੁਣ ਤੁਸੀਂ ਦ੍ਰਿੜ ਨਿਸ਼ਚਾ ਰੱਖਿਓ, ਸਾਨੂੰ ਇਨ੍ਹਾਂ ਨੇ ਬਖਸ਼ਿਆ ਹੈ। ਸਾਡੇ ਅੰਦਰ, ਇਨ੍ਹਾਂ ਨੇ ਆਪ, ਗਿਆਨ ਦਾ ਪ੍ਰਕਾਸ਼ ਕੀਤਾ ਹੈ।

ਕਿਨਿ ਕਹੀਐ ਕਿਉ ਦੇਖੀਐ ਭਾਈ

ਹੁਣ ਕਿਸਨੂੰ ਇਹ ਬਾਤ ਕਹੀਏ? ਕੀਹਨੇ ਦੇਖਿਆ ਹੈ? ਦੇਖਣ ਵਿੱਚ ਤਾਂ ਚੇਤਨ ਆਉਂਦਾ ਹੀ ਨਹੀਂ ਹੈ। ਅਗਲੀ ਪੰਗਤੀ ਪੜ੍ਹੋ –

ਕਰਤਾ ਏਕੁ ਅਕਥੁ ॥

ਕਰਤੇ ਦਾ ਕੋਈ ਕਥਨ ਨਹੀਂ ਕਰ ਸਕਦਾ। ਜਿੰਨਾਂ ਚਿਰ ਤੁਸੀਂ ਕੋਈ ਵਿਸ਼ੇਸ਼ਣ ਨਹੀਂ ਲਾਉਂਗੇ, ਓਨਾਂ ਚਿਰ ਕੀ ਕਥਨ ਕਰੋਂਗੇ? ਉਹ ਤਾਂ ਅਕੱਥ ਕਹਾਣੀ ਹੈ। ਕਿਸੇ ਥਾਂ ਵਿਸ਼ੇਸ਼ਣ 'ਸਤਿ' ਲਾਵੋਂਗੇ ਤਾਂ ਪਰਮੇਸ਼ਰ ਸਤਿ ਹੈ, ਕਿਸੇ ਥਾਂ ਕਰਤਾ ਲਾਵੋਂਗੇ, ਉਹ ਕਰਤਾ ਪੁਰਖ ਹੋ ਜਾਵੇਗਾ। ਜਿਹੜਾ ਕਰਤਾ ਪੁਰਖ, ਉਹ ਪੂਰਨ ਹੈ, ਵਿਆਪਕ ਹੈ, ਪਰ ਵਿਸ਼ੇਸ਼ਣ ਤੋਂ ਬਿਨਾਂ ਕੈਸੇ ਦੱਸੋਂਗੇ? ਤੁਸੀਂ ਅੱਜ ਤੱਕ ਪਰਮੇਸ਼ਰ ਦੇਖਿਆ ਹੈ ਕਿਸੇ ਨੇ? ਕੋਈ ਕਹਿ ਦੇਵੋ ਮੈਨੂੰ, ਉਹ ਤਾਂ ਅਨੁਭਵ ਰੂਪ ਹੈ। ਤੁਸੀਂ, ਆਪਣੇ ਮਨ ਨੂੰ ਹਰ ਵਕਤ ਦੇਖਦੇ ਹੋਂ, ਤੁਹਾਡੇ ਮਨ ਨੇ ਤਾਂ ਅੱਜ ਤੱਕ ਪਰਮੇਸ਼ਰ ਨਹੀਂ ਦੇਖਿਆ ।ਮਨ ਤਾਂ ਜੜ੍ਹ ਹੈ, ਇਹ ਬੁੱਧੀ ਵੀ ਜੜ੍ਹ ਹੈ, ਉਨ੍ਹਾਂ ਨੇ ਕਦੇ ਪਰਮੇਸ਼ਰ ਨਹੀਂ ਦੇਖਿਆ। 'ਦੇਖਿਆ' ਨਹੀਂ ਜਾ ਸਕਦਾ। ਉਹ 'ਆਪ' ਜੋ ਹੈ, ਦਾਨਾ–ਬੀਨਾ ਹੈ, 'ਦਾਨਾ' ਨਾਮ ਹੈ ਜਾਣਨੇ ਵਾਲੇ ਦਾ, 'ਬੀਨਾ' ਨਾਮ ਹੈ ਦੇਖਣੇ ਵਾਲੇ ਦਾ। ਦੇਖਣੇ ਵਾਲਾ ਤਾਂ ਦ੍ਰਸ਼ਟਾ ਪਰਮੇਸ਼ਰ ਹੀ ਹੈ, ਹੋਰ ਦੁਨੀਆਂ ਵਿੱਚ ਕੋਈ ਦ੍ਰਸ਼ਟਾ ਹੀ ਨਹੀਂ ਹੈ। ਕੋਈ ਦੱਸੋ ਬਈ ਹੋਰ ਕੋਈ ਦ੍ਰਸ਼ਟਾ ਹੋਇਆ ਹੋਵੇ? ਉਹ ਤਾਂ ਅਕੱਥ ਹੈ, ਉਸ ਕਰਤੇ ਦਾ ਕਥਨ ਕੈਸੇ ਕੀਤਾ ਜਾਵੇ? ਔਰ ਦੇਖਿਆ ਕੈਸੇ ਜਾਵੇ? ਉਹ ਤਾਂ ਸਰੱਬਗ ਹੈ ਅਤੇ ਤੁਸੀਂ ਅਲਪੱਗ ਹੋਂ। ਜਦ ਤੁਹਾਡੇ ਵਿੱਚ ਸਰਬੱਗਤਾ ਆ ਜਾਵੇਗੀ, ਤਾਂ ਤੁਹਾਨੂੰ ਇਹ ਪਤਾ ਲੱਗ ਜਾਵੇਗਾ, ਹੈ ਕੁੱਛ ਨਹੀਂ, ਸਾਨੂੰ ਆਪਣੇ ਅਨੁਭਵ–ਸਰੂਪ ਦਾ ਪਤਾ ਲੱਗ ਜਾਊਗਾ। ਤੁਹਾਡਾ ਅਨੁਭਵ ਵੀ ਗਿਆਨ ਹੈ, ਹੋਰ ਤਾਂ ਕੋਈ ਚੀਜ ਨਹੀਂ ਹੈ।

ਬਾਕੀ ਤੁਹਾਡੀ ਬੁੱਧੀ ਪ੍ਰਕਿਰਤੀ ਦੀ ਹੈ, ਮਨ ਪ੍ਰਕਿਰਤੀ ਦਾ ਹੈ, ਇੰਦਰੀਆਂ ਆਦਿ ਸਭ ਪ੍ਰਕਿਰਤੀ ਦੇ ਹਨ। ਪ੍ਰਕਿਰਤੀ ਦੇਖਣੇ ਵਿੱਚ ਆਊ ਸਾਰੀ, ਪਰ ਉਸ ਦ੍ਰਸ਼ਟਾ ਨੂੰ ਕੌਣ ਦੇਖੇ? ਉਹ ਤਾਂ ਜਾਗਦੀ - ਜੋਤ ਹੈ। ਮੈਂ ਸਵੱਦੀ ਵਾਲਿਆਂ ਦੀ ਹਵੇਲੀ ਵਿੱਚ ਗਿਆ। ਸੰਤ ਮਸਤੂਆਣੇ ਵਾਲਿਆਂ ਨੇ ਉਥੇ ਉਪਦੇਸ਼ ਕੀਤਾ। ਬੜਾ ਸੋਹਣਾ ਉਪਦੇਸ਼ ਸੀ ਉਨ੍ਹਾਂ ਦਾ, ਸਰਲ ਬੜਾ ਸੀ। ਉਨ੍ਹਾਂ ਨੇ ਪਹਿਲੇ ਇਹ ਧਾਰਨਾ ਲਾਈ, ਉਹ ਤਿੰਨ ਥਾਈਂ ਧਾਰਨਾ ਲਾਉਂਦੇ ਹੁੰਦੇ ਸੇ। ਪਹਿਲੇ ਆਪ ਬੋਲਦੇ, ਫਿਰ ਪੁਰਸ਼ ਬੋਲਦੇ ਅਤੇ ਫਿਰ ਮਾਈਆਂ ਬੋਲਦੀਆਂ, "ਜਪੋ ਖਾਲਸਾ ਜੀ, ਸਾਰੇ ਜਾਗਦੀ ਜੋਤ ਨੂੰ"। ਬੱਸ ਇਹ ਉਨ੍ਹਾਂ ਨੇ ਧਾਰਨਾ ਲਾਈ, ਫਿਰ ਉਨ੍ਹਾਂ ਨੇ ਅਰਥ ਕੀਤਾ ਬਈ ਤੁਸੀਂ ਜਾਗਦੀ ਜੋਤ ਦੇ ਉਪਾਸ਼ਕ ਹੋਂ, ਦੇਖਿਓ ਕਿਤੇ! ਕਿਸੇ ਹੋਰ ਪਾਸੇ ਨਾ ਚਲੇ ਜਾਇਓ। ਪਰ ਸਾਡਾ ਜਿਹੜਾ ਇਸ਼ਟ ਹੈ, ਜਾਗਦੀ-ਜੋਤ ਹੈ, ਉਹ ਜਾਗਦੀ-ਜੋਤ ਤੁਹਾਡੇ ਅੰਦਰ ਵੀ ਹੈ। ਉਹ ਤਾਂ ਮੇਰੇ ਜਾਂ ਤੁਹਾਡੇ (ਅੰਤਹਕਰਣ ਦੀ) ਚਿਮਨੀ ਮੈਲੀ ਹੈ, ਪਰ ਉਹ ਤਾਂ ਅਸੰਗ ਹੈ, ਨਿਰਵਿਕਾਰ ਹੈ, ਸ਼ੁੱਧ ਹੈ, ਉਹ ਤਾਂ ਥੋਡਾ ਆਪਾ ਹੈ। ਜਦ ਤੱਕ ਤੁਸੀਂ ਆਪੇ ਨੂੰ ਨਹੀਂ ਚੀਨੋਂਗੇ, ਤਦ ਤੱਕ ਤੁਹਾਨੂੰ ਪ੍ਰਾਪਤ ਨਹੀਂ ਹੋਵੇਗਾ।

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

(ਪੰਨਾ ੬੮੪)

ਗੁਰੂ ਦਾ ਗਿਆਨ ਐਥੇ ਤੱਕ ਹੀ ਹੈ। ਹੁਣ, ਉਹ ਕਹਿੰਦੇ, ਜੀ ਉਹਦਾ ਕੋਈ ਵਸੀਲਾ ?

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ (ਪੰਨਾ ੬੮੪)

ਜਿੰਨਾ ਚਿਰ ਤੁਸੀਂ ਆਪਾ ਨਹੀਂ ਚੀਨੋਂਗੇ, ਓਨਾਂ ਚਿਰ ਤੁਹਾਡਾ

ਭਰਮ ਨਹੀਂ ਮਿਟੇਗਾ, ਹੋਰ ਕੋਈ ਉਪਾਉ ਹੀ ਨਹੀਂ ਹੈ। ਭਰਮ ਦੀ ਕਾਈ ਨੂੰ ਮਿਟਾਉਣ ਦਾ, ਹੋਰ ਕੋਈ ਵਸੀਲਾ ਹੀ ਨਹੀਂ ਹੈ। ਏਸ ਕਰਕੇ ਭਾਈ! ਆਪਾ ਚੀਨਣਾ ਹੈ। ਜਦ ਕਬੀਰ ਨੂੰ ਸਾਰਿਆਂ ਪੰਡਤਾਂ ਨੇ ਇਕੱਠੇ ਹੋ ਕੇ ਕਿਹਾ, ਤੂੰ ਤਾਂ ਫਿਰ ਬਉਰਾ ਹੋ ਗਿਆ, ਤੈਨੂੰ ਤਾਂ ਪਤਾ ਹੀ ਨਹੀਂ, ਸ਼ੂਦਰ ਹੈਂ। ਉਹ ਕਹਿੰਦਾ –

ਸੋ ਬਉਰਾ ਜੋ ਆਪੁ ਨ ਪਛਾਨੈ ॥ (ਪੰਨਾ ੮੫੫)

'ਬਉਰਾ' ਤਾਂ ਉਹ ਹੁੰਦਾ ਹੈ ਜੋ ਆਪ ਨੂੰ ਨਾ ਪਛਾਣੇ, ਹੋਰ ਤਾਂ ਕੋਈ ਪਾਗਲ ਹੀ ਨਹੀਂ ਹੁੰਦਾ–

ਆਪੁ ਪਛਾਨੈ ਤ ਏਕੈ ਜਾਨੈ ॥ (ਪੰਨਾ ੮੫੫)

ਅਖੇ, ਜੀ ਉਹਦੀ ਨਿਸ਼ਾਨੀ ਕੀ ਹੁੰਦੀ ਹੈ? ਕਹਿੰਦੇ, ਜਿਹੜਾ ਸਾਰਿਆਂ ਵਿੱਚ ਇੱਕ ਦੇਖ ਲਵੇ ਤਾਂ ਉਹ ਆਪੇ ਨੂੰ ਪਛਾਣ ਲੈਂਦਾ ਹੈ। ਉਹ ਜਿਹੜਾ ਤੁਹਾਡੇ ਹਿਰਦੇ ਵਿੱਚ ਹੈ, ਉਹ ਚੇਤਨ ਹੈ, ਵਿਆਪਕ ਹੈ, ਗਿਆਨ ਸਰੂਪ। ਦਾਨਾ–ਬੀਨਾ, ਦ੍ਰਸ਼ਟਾ, ਉਹ ਸਾਰਿਆਂ ਦੇ ਹਿਰਦੇ ਵਿੱਚ ਹੈ, ਉਹ ਤਾਂ ਚਾਰ ਖਾਣੀਆਂ ਵਿੱਚ ਹੈ। ਕਿਸੇ ਤੇ ਪਰਮੇਸ਼ਰ ਨੇ ਕਿਰਪਾ ਕਰ ਦਿੱਤੀ, ਉਹਦਾ (ਅੰਤਹਕਰਣ ਦਾ) ਸ਼ੀਸ਼ਾ ਸਾਫ ਹੋ ਗਿਆ ਤੇ ਉਹਨੂੰ ਸਭ ਕੁੱਛ ਦਿੱਸ ਪਿਆ। ਕਬੀਰ ਸਾਹਿਬ ਨੇ ਤਾਂ ਸਾਫ ਹੀ ਕਿਹਾ ਹੈ –

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ (ਪੰਨਾ ੧੩੬੭)

ਉਹ ਕਹਿੰਦਾ, ਮਨ ਨੂੰ ਸ਼ੁੱਧ ਕਰੋ ਪਹਿਲੇ, ਮਨ ਤੁਹਾਡਾ ਕਦ ਸ਼ੁੱਧ ਹੋਏਗਾ? ਜਦ ਤੁਸੀਂ, ਅਨੇਕਾਂ ਵਿੱਚ ਇੱਕ ਦੇਖ ਲਉਂਗੇ। ਜੇ ਅਨੇਕਾਂ ਵਿੱਚ ਇੱਕ ਦਿਸ ਪਵੇ ਤਾਂ ਮਨ ਸ਼ੁੱਧ ਹੋ ਜਾਏਗਾ। ਇੱਕ ਉਸਨੇ ਬੜਾ ਸੋਹਣਾ ਗ੍ਰੰਥ ਲਿਖਿਆ ਹੈ, ਗੁਰੂ ਘਰ ਦੇ ਵਿੱਚ। ਉਹਨੇ ਲਿਖਿਐ, ਗੁਰਮਤਿ ਤੇ ਦੁਰਮਤਿ ਥੋੜੇ ਵਿੱਚ ਹੀ ਹੈ। ਉਸ ਗ੍ਰੰਥ ਵਿੱਚ ਲਿਖਿਆ, ਮੈਂ ਪੜ੍ਹਿਆ ਹੈ। ਜਿਹੜਾ ਅਨੇਕ ਵਿੱਚ ਏਕ ਦੇਖਦਾ ਹੈ, ਉਹ ਗੁਰੂ ਮਤਿ ਹੈ। ਭਾਈ ਘੱਨਈਏ ਨੂੰ ਗੁਰਮਤਿ ਮਿਲੀ। ਉਸਨੇ ਅਨੇਕਾਂ ਵਿੱਚ

ਇੱਕ ਦੇਖਿਆ, ਚਾਹੇ ਸਿੱਖ, ਚਾਹੇ ਹਿੰਦੂ ਤੇ ਚਾਹੇ ਮੁਸਲਮਾਨ ਥੇ। ਉਸਨੇ ਪਾਣੀ ਇੱਕੋ ਜਿਹਾ ਹੀ ਪਿਲਾਇਆ ਸਾਰਿਆਂ ਨੂੰ। ਕਿਸੇ ਨੂੰ ਨਹੀਂ ਪੁੱਛਿਆ ਤੂੰ ਕੌਣ ਹੈਂ? ਕਿਵੇਂ ਹੈਂ? ਆ ਗਈ ਨਾ ਗੁਰਮਤਿ? ਦਸਵੇਂ ਪਾਤਸ਼ਾਹ ਦੀ ਬਖਸ਼ੀ ਹੋਈ। ਜਿਹੜਾ ਇੱਕ ਦੇ ਵਿੱਚ ਅਨੇਕ ਦੇਖਦਾ ਹੈ, ਉਹ ਦੁਰਮਤਿ ਹੁੰਦੀ ਹੈ। ਉਸਦੇ ਵਿੱਚ ਭੇਦ ਬੁੱਧੀ ਹੈ, ਬਈ ਇਹ ਬੁਰਾ ਹੈ, ਭਲਾ ਹੈ, ਚੰਗਾ ਹੈ, ਮਾੜਾ ਹੈ। ਉਹ ਕੈਸੇ ਸ਼ੁੱਧ ਹੋ ਜਾਏਗਾ। ਇਸ ਕਰਕੇ, ਤੁਸੀਂ ਪਹਿਲਾਂ ਸਾਰਿਆਂ ਵਿੱਚ ਇੱਕ ਦੇਖੋ ਪਰ ਆਪਣੇ ਅਨੁਭਵ ਵਿੱਚ ਟਿਕੇ ਰਹੋ। ਹੋਰ ਜਿਹੜਾ ਵਿਵਹਾਰ ਹੈ, ਉਹ ਸ਼ੁੱਧ ਕਰੋ। ਜਿਵੇਂ ਕਿਸੇ ਤੋਂ ਪੈਸੇ ਲੈਣੇ ਨੇ, ਕਿਸੇ ਨੂੰ ਥਾਂ ਦੇਣੀ ਹੈ, ਵਿਵਹਾਰ ਸ਼ੁੱਧ ਹੋਣਾ ਚਾਹੀਦਾ ਹੈ। ਆਤਮਾ ਤਾਂ ਹਮੇਸ਼ਾ ਹੀ ਸ਼ੁੱਧ ਹੈ। ਇੱਕ ਸੰਤ ਹੁੰਦੇ ਸਨ, ਉਹ ਕਹਿੰਦੇ ਹੁੰਦੇ ਤੂੰ ਆਤਮਾ ਦਾ ਕੀ ਸ਼ੁੱਧ ਕਰੇਂਗਾ ਤੂੰ ਵਿਵਹਾਰ ਹੀ ਸ਼ੁੱਧ ਕਰ। ਪਰਮਾਰਥ ਤਾਂ ਪਹਿਲਾਂ ਹੀ ਸ਼ੁੱਧ ਹੈ। ਪਰਮਾਰਥ ਤਾਂ ਤੇਰਾ ਆਤਮਾ, ਚੇਤਨ ਹੈ, ਸ਼ੁੱਧ ਹੈ, ਨਿਰਵਿਕਾਰ ਹੈ, ਅਸੰਗ ਹੈ। ਤੂੰ ਆਪਣੇ ਮਨ ਨੂੰ ਸ਼ੁੱਧ ਕਰ। ਜਦੋਂ ਤੇਰੇ ਮਨ ਦੀ ਚਿਮਨੀ ਸ਼ੁੱਧ ਹੋ ਜਾਵੇਗੀ, ਉਹ ਜਿਹੜੀ, ਉਹਦੇ ਵਿੱਚ ਅਗਨੀ ਮਚਦੀ ਹੋਵੇਗੀ, ਉਹ ਜਿਉਂ ਦੀ ਤਿਉਂ ਦਿਸੇਗੀ। ਜਦੋਂ ਉਹ ਚਿਮਨੀ ਕਾਲੀ ਹੋਏਗੀ, ਚਾਹੇ ਤੁਸੀਂ ਕੁੱਛ ਕਰ ਲਿਉ, ਤੁਹਾਨੂੰ ਉਹ ਅਗਨੀ ਦਿਸੇਗੀ ਨਹੀਂ, ਠੀਕ। ਇਸ ਕਰਕੇ, ਜਾਗਦੀ ਜੋਤ ਸਾਰਿਆਂ ਵਿੱਚ ਹੈ। ਉਹ ਤੁਹਾਡੇ ਵਿੱਚ ਵੀ ਹੈ, ਮੇਰੇ ਵਿੱਚ ਵੀ ਹੈ। ਪਰ ਪਹਿਲਾਂ ਮਨ ਨੂੰ ਸ਼ੁੱਧ ਕਰੋ। ਤੁਸੀਂ ਐਸੇ ਕਰੋ ਕਿ ਮਨ ਨੂੰ ਹਮੇਸ਼ਾ ਪਰਮੇਸ਼ਰ ਦੇ ਸਨਮੁੱਖ ਰੱਖੋ। ਉਹ ਪਰਮੇਸ਼ਰ ਦੇ ਹੁਕਮ ਤੇ, ਤੁਹਾਨੂੰ ਪਰਮੇਸ਼ਰ ਹੀ ਕ੍ਰਿਪਾ ਕਰੇਗਾ, ਤਾਂ ਤੁਹਾਨੂੰ ਉਸ ਅਕੱਥ ਦਾ ਕਥਨ ਆਏਗਾ। ਇਸ ਕਰਕੇ ਭਾਈ! ਤੁਸੀਂ ਅਨੇਕਾਂ ਵਿੱਚ ਇੱਕ ਦੇਖੋ, ਵਿਵਹਾਰ ਸ਼ੁੱਧ ਰੱਖੋ। ਹਾਂ ਜੀ ਚੱਲੋ ਫੇਰ –

ਗੁਰੁ ਗੋਵਿੰਦੁ ਸਲਾਹੀਐ ਭਾਈ

ਕਹਿੰਦੇ – ਦੋ ਚੀਜਾਂ ਦੀ ਸ਼ਲਾਘਾ ਕਰਿਆ ਕਰੋ। ਇੱਕ ਤਾਂ ਪੂਰਨ

ਗੁਰੂ ਦੀ ਕਰੋ, ਜੋ ਸਾਡਾ ਮਤਿ ਹੈ '**ਗੁਰਤਾ**' ਤੋਂ ਚੱਲਿਆ ਪਰ ਅੱਛੀ ਤਰ੍ਹਾਂ ਵਿਚਾਰੋਂਗੇ ਤਾਂ '**ਜੋਤੀ**' ਤੋਂ ਚੱਲਿਆ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ (ਪੰਨਾ ੧੪੦੮)

ਗੁਰੂ ਨਾਨਕ ਤਾਂ ਉਨ੍ਹਾਂ ਨੇ ਕਹਾਇਆ। ਅਵਤਾਰ ਹਮੇਸ਼ਾ ਆਉਂਦੇ ਨੇ, ਕਾਰਕ ਹਮੇਸ਼ਾ ਆਉਂਦੇ ਨੇ, ਤਾਂ ਸੰਸਾਰ ਦਾ ਕੰਮ ਠੀਕ ਚੱਲੇਗਾ। ਪਰ ਨਾਲ ਲਗਦੀ ਇੱਕ ਬਾਤ ਹੋਰ ਜਰੂਰ ਹੈ। ਗੋਬਿੰਦ ਦਾ ਤੇ ਪੂਰਨ ਗੁਰੂ ਦਾ, ਦੋਨਾਂ ਦਾ ਅਰਾਧਨ ਜਰੂਰ ਕਰੋ। ਜਦ ਪੂਰਨ ਗੁਰੂ ਨੇ ਕ੍ਰਿਪਾ ਕੀਤੀ, ਸ੍ਰੀ ਗੁਰੂ ਅੰਗਦ ਦੇਵ ਨੂੰ, ਗੁਰੂ ਬਣਾ ਦਿੱਤਾ –

ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰ ਇਹ ਜਗ ਮੋ ਕਰਾ ॥
ਅਮਰਦਾਸ ਪੁਨਿ ਨਾਮੁ ਕਹਾਯੋ ॥
ਜਨ ਦੀਪਕ ਤੇ ਦੀਪ ਜਗਾਯੋ ॥ ੭ ॥ (ਦਸਮ ਗ੍ਰੰਥ)

ਇਸ ਕਰਕੇ, ਜੋਤ ਤਾਂ ਇੱਕੋ ਹੀ ਹੈ, ਉਹੀ ਜੋਤ ਏਥੇ ਹੈ। ਆਹ ਜਿਹੜਾ ਗਿਆਨ ਹੈ, ਤੁਸੀਂ ਕੋਈ ਪੰਕਤੀ ਪੜ੍ਹੋ, ਉਸ ਵਿੱਚ ਗਿਆਨ ਬੋਲੂ। ਮੈਨੂੰ ਇੱਕ ਆਦਮੀ ਨੇ ਆਖਿਆ, ਜੀ ਇੱਥੇ ਵੀ ਤਾਂ ਉਪਾਸ਼ਨਾ ਕਾਗਜ ਅਤੇ ਸਿਆਹੀ ਦੀ ਲਿਖੀ ਹੈ। ਮੈਂ ਆਖਿਆ ਇਹ ਤੇਰੀ ਬੇਵਕੂਫੀ ਹੈ। ਕਹਿੰਦਾ, ਕਿਉਂ? ਮੈਂ ਆਖਿਆ ਪਟਵਾਰੀ ਦੇ ਕਾਗਜਾਂ ਨੂੰ ਅਸੀਂ ਕਦੇ ਜਾਕੇ ਮੱਥਾ ਟੇਕਦੇ ਹਾਂ? ਉਹ ਤਾਂ ਐਨੇ ਪਏ ਹੁੰਦੇ ਨੇ, ਹੋਰ ਕਿਸੇ ਕਾਗਜ ਨੂੰ ਮੱਥਾ ਨਹੀਂ ਟੇਕਦੇ। ਤੂੰ ਇਹ ਕਹਿ, ਬਈ ਪੂਜਾ ਗਿਆਨ ਦੀ ਹੁੰਦੀ ਹੈ। ਇਹ ਗਿਆਨ ਹੈ ਤੇ ਗਿਆਨ ਵੀ ਤੈਨੂੰ ਦੱਸੀਏ? ਤੈਨੂੰ ਪਤਾ ਨਹੀਂ, ਇਹ ਅਲਹਾਮ ਹੈ, ਇਹ ਗਿਆਨ ਧੁਰੋਂ ਆਇਆ ਹੈ। ਇਹ ਬ੍ਰਾਹਮਣ ਦੀ ਕਲਮ ਨਾਲ ਗਿਆਨ ਨਹੀਂ ਬਣਿਆਂ, ਮੀਏਂ ਦੀ ਕਲਮ ਨਾਲ ਗਿਆਨ ਨਹੀਂ ਬਣਿਆਂ, ਕਿਸੇ ਹੋਰ ਦੀ ਕਲਮ ਨਾਲ ਗਿਆਨ ਨਹੀਂ ਬਣਿਆਂ, ਇਹ ਤਾਂ ਅਲਹਾਮ ਹੈ–

ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥ (ਪੰਨਾ ੬੨੮)

ਇਹ ਤਾਂ ਧੁਰੋਂ ਆਈ ਹੋਈ ਬਾਣੀ ਹੈ, ਤੇ ਸ਼ੁੱਧ ਗਿਆਨ ਹੈ। ਇਸ ਸ਼ੁੱਧ ਗਿਆਨ ਨੂੰ ਮੱਥਾ ਟੇਕਦੇ ਹਾਂ ਭਾਈ! ਸ਼ੁੱਧ ਗਿਆਨ ਦਾ ਜਲੂਸ ਕੱਢਦੇ ਹਾਂ। ਇਹ ਭਾਈ! ਗਿਆਨ ਦੀ ਪੂਜਾ ਹੈ, ਹੋਰ ਕਿਸੇ ਦੀ ਨਹੀਂ। ਉਹ ਫੇਰ ਕਹਿੰਦਾ, ਗੱਲ ਤਾਂ ਠੀਕ ਹੈ ਤੇ ਜੇ ਇਉਂ ਹੋਵੇ ਤਾਂ ਪਟਵਾਰੀ ਦੇ ਕਾਗਜ ਕਿੰਨੇ ਪਏ ਨੇ, ਉਨ੍ਹਾਂ ਨੂੰ ਜਾ ਕੇ ਇਉਂ ਮੱਥਾ ਟੇਕਿਆ ਕਰੀਏ ਸਵੇਰੇ। ਕੋਈ ਨਹੀਂ ਟੇਕਦਾ, ਉਨ੍ਹਾਂ ਦੇ ਉੱਤੇ ਜਾਕੇ ਤਾਂ ਭਾਵੇਂ ਬੈਠ ਜਾਵੇ। ਇਸ ਕਰਕੇ, ਇਹ ਗਿਆਨ ਹੈ, ਸ਼ੁੱਧ ਗਿਆਨ ਹੈ, ਅਲਹਾਮ ਹੈ। ਚਾਹੇ ਉਹ ਗੁਰੂ ਨਾਨਕ ਆਪ ਆਏ 'ਈਸ਼ਵਰ'। ਉਨ੍ਹਾਂ ਨੇ ਗੁਰੂ ਕਹਾਇਆ ਕਿਉਂਕਿ ਮਰਿਆਦਾ ਚਲਾਉਣੀ ਸੀ, ਚਾਹੇ ਰਵਿਦਾਸ ਹੈ, ਚਾਹੇ ਨਾਮਦੇਵ ਹੈ, ਚਾਹੇ ਧੰਨਾ ਹੈ, ਚਾਹੇ ਜੈਦੇਵ ਹੈ। ਜਿੰਨਾਂ ਇਹ ਇਲਹਾਮ ਹੈ, ਇੱਸ ਵਿੱਚ ਕੋਈ ਗਲਤੀ ਕੱਢ ਕੇ ਦਿਖਾਲ ਦੇਵੇ ਤਾਂ? ਗਿਆਨ ਵਿੱਚ ਕੋਈ ਗਲਤੀ ਕੱਢ ਕੇ ਨਹੀਂ ਦਿਖਾਲ ਸਕਦਾ। ਮੈਂ, ਬਾਂਗਰ ਵਿੱਚ ਸੀ, ਉਨ੍ਹਾਂ ਸੰਤਾਂ ਦੇ ਕੋਲ ਮੈਂ ਪੜ੍ਹਦਾ ਹੁੰਦਾ ਸੀ ਬਿਰਤੀ ਪ੍ਰਭਾਕਰ। ਵੇਦਾਂਤ ਉਨ੍ਹਾਂ ਨੂੰ ਬੜਾ ਸੋਹਣਾ ਆਉਂਦਾ ਸੀ। ਉਹ ਮੈਨੂੰ ਕਹਿੰਦੇ, ਜੀ ਉਹ ਬਾਣੀ ਜਿਹੜੀ ਹੈ, ਮੈਨੂੰ ਸੁਣਾਓ। ਮੈਂ ਸੁਣਾਈ ਥੋੜ੍ਹੀ ਜਿਹੀ। ਉਹ ਕਹਿੰਦਾ, ਪਤਾ ਹੀ ਨਹੀਂ ਸੀ ਅੱਜ ਤੱਕ, ਇਹ ਬਾਣੀ ਤਾਂ ਰੱਬ ਦੀ ਬਾਣੀ, ਰੱਬ ਦੀਆਂ ਬਾਤਾਂ ਨੇ, ਇਹ ਤਾਂ ਈਸ਼ਵਰੀ ਨੇ। ਉਸਨੇ ਕਿਹਾ ਅਖੇ, ਜਦ ਤੁਹਾਡੇ ਹੋਵੇਗਾ ਨਾ ਇਕੱਠ, ਉਸ ਦਿਨ ਮੈਨੂੰ ਪਤਾ ਜਰੂਰ ਦੇਣਾ, ਮੈਂ ਕਥਾ ਸੁਣੂੰ ਇਹਦੀ, ਪੜ੍ਹੇ ਲਿਖੇ ਬਹੁਤ ਸਨ। ਇਸ ਕਰਕੇ ਭਾਈ! ਜਦ ਵੀ ਕਿਤੇ ਕੋਈ ਲਿਖਿਆ-ਪੜ੍ਹਿਆ, ਲਾਇਕ, ਬਖਸ਼ਿਆ ਹੋਇਆ ਆਦਮੀ ਹੋਏਗਾ, ਉਹ ਹਰ ਵਾਰੀ ਇੱਕ ਪੰਕਤੀ ਸੁਣਕੇ, ਸਿਰ ਜਰੂਰ ਮਾਰੇਗਾ (ਹਿਲਾਏਗਾ) ਕਿਉਂਕਿ ਇਹ ਸ਼ੁੱਧ ਗਿਆਨ ਹੈ, ਈਸ਼ਵਰੀ ਗਿਆਨ ਹੈ, ਇਹ ਰੱਬੀ ਗਿਆਨ ਹੈ। ਰੱਬੀ ਬਾਣੀ ਕਹਿ ਲਉ, ਰੱਬੀ ਗਿਆਨ ਕਹਿ ਲਉ। ਇਸ ਕਰਕੇ ਭਾਈ! ਦੋ ਚੀਜਾਂ ਦੀ ਪੂਜਾ ਜਰੂਰ ਕਰਿਆ ਕਰੋ, ਇੱਕ ਗੋਬਿੰਦ ਦੀ ਤੇ ਇੱਕ ਗੁਰੂ ਦੀ, ਦੋਨੋਂ ਇੱਕ ਹਨ।

ਗੁਰੁ ਪਰਮੇਸਰੁ ਏਕੋ ਜਾਣੁ॥

ਜੋ ਤਿਸੁ ਭਾਵੈ ਸੋ ਪਰਵਾਣੁ॥ (ਪੰਨਾ ੯੬੪)

ਗੁਰੂ, ਗਿਆਨੀ ਦਾ ਨਾਮ ਹੈ। ਗੁਰੂ ਇਉਂ ਤਾਂ ਨਹੀਂ, ਬਈ ਜੀਹਨੂੰ ਤੁਸੀਂ ਗੁਰੂ ਮੰਨ ਲਉਂਗੇ, ਉਹੀ ਗੁਰੂ ਬਣ ਜਾਏਗਾ। ਗਿਆਨੀ ਚਾਹੇ ਰਵਿਦਾਸ ਹੈ, ਉਹਦੀ ਬਾਣੀ ਦੇਖ ਲਉ, ਲਿਖੀ ਪਈ ਹੈ। ਉਹ ਜਿਹੜਾ ਇਥੇ ਪਹੁੰਚ ਜਾਊ, ਈਸ਼ਵਰ ਨਾਲ ਇੱਕ ਹੋ ਜਾਊ। ਇਹ ਦੋਨੋਂ ਪੂਜਾ ਦੇ ਯੋਗ ਨੇ। ਉਨ੍ਹਾਂ ਨੂੰ ਸਲਾਹਿਆ ਕਰੋ, ਉਨ੍ਹਾਂ ਦਾ ਨਾਮ ਜਪਿਆ ਕਰੋ ਤੇ ਹੋਰ ਬਾਤਾਂ ਨਾ ਕਰਿਆ ਕਰੋ। ਅੱਜ ਕਲ੍ਹ ਤਾਂ ਰਿਵਾਜ ਹੀ ਖਰਾਬ ਹੋ ਗਿਆ। ਮੈਂ ਜਾਣ ਕੇ ਇਹ ਗੱਲ ਕਹਿੰਦਾ ਹਾਂ, ਉਹ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਦੇ ਨੇ ਫੇਰ ਗਾਲ੍ਹਾਂ ਕੱਢਦੇ ਨੇ, ਫਲਾਣਿਆਂ ਨੂੰ ਇਹ ਹੋਇਆ। ਪਰਸੋਂ ਚੌਥੇ ਹੀ ਦੇਖਿਆ, ਜਿਉਂ ਲੱਗੇ ਨੇ ਕਵੀਸ਼ਰ ਜਿਹੇ, ਫਲਾਣੇ ਧਿਮਕੇ ਕਰਨ। ਬੀਬੀਆਂ ਨੇ, ਦੋ ਸ਼ਬਦ ਠੀਕ ਪੜ੍ਹੇ, ਬਾਕੀ ਮੈਂ ਵੀ ਸੁਣੀ ਗਿਆ। ਕਿਸੇ ਨੇ ਉਨ੍ਹਾਂ ਨੂੰ ਟੋਕਿਆ ਨਹੀਂ। ਮੈਂ ਪਿੱਛੋਂ ਆਖਿਆ ਬਈ ਇਹ ਕੀ? ਜੇ ਤੁਸੀਂ ਗਾਲ੍ਹਾਂ ਕੱਢਣੀਆਂ ਸੀ, ਜੋ ਕੁੱਛ ਕਰਨਾ ਸੀ, ਉਥੇ ਪਰੇ ਹੀ ਇਕੱਠ ਕਰ ਲੈਂਦੇ। ਗੁਰੂ ਗ੍ਰੰਥ ਸਾਹਿਬ ਨੂੰ ਜਦ ਤੁਸੀਂ ਪਰਮੇਸ਼ਰ ਮੰਨਦੇ ਹੋਂ ਤਾਂ ਇਹਦੇ ਸਾਮ੍ਹਣੇ ਕਿਉਂ ਇਹ ਗੱਲਾਂ ਕਰਦੇ ਹੋਂ? ਫਿਰ ਕਿਸੇ ਨੇ ਕੁੱਛ ਨਹੀਂ ਕਿਹਾ। ਸੋ ਇਸ ਕਰਕੇ ਭਾਈ! ਉਸੇ ਦੀ ਸ਼ਲਾਘਾ ਕਰਨੀ। ਐਵੇਂ ਹੀ ਕਿਸੇ ਨੂੰ ਨਿੰਦਣ ਲੱਗ ਜਾਣਾ ਕਿਸੇ ਦੀ ਸ਼ਲਾਘਾ ਕਰਨੀ, ਇਹ ਨਹੀਂ ਚੰਗਾ ਹੁੰਦਾ –

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥ (ਪੰਨਾ ੨੧੯)

ਉਸਤਤ–ਨਿੰਦਿਆ ਦਾ ਤਾਂ ਨਿਸ਼ੇਧ ਕਰ ਦਿੱਤਾ। ਨਿਰਬਾਣ–ਪਦ ਨੂੰ ਖੋਜੋ, ਤੁਸੀਂ ਅਸਲੀ ਗੱਲ ਨੂੰ ਖੋਜੋ। ਇਸ ਕਰਕੇ, ਗੁਰੂ ਸਾਹਿਬ ਕਹਿੰਦੇ – 'ਇਹ ਖੇਲੁ ਕਠਨੁ ਹੈ।'

ਕਿਨਹੂੰ ਗੁਰਮੁਖਿ ਜਾਨਾ॥ (ਪੰਨਾ ੨੧੯)

ਇਹ ਬਾਤ, ਗੁਰਮੁਖਾਂ ਨੇ ਜਾਣੀ ਹੈ, ਹੋਰ ਕਿਸੇ ਨੂੰ ਪਤਾ ਨਹੀਂ ਹੈ।

ਤੇ ਇਹ ਇਉਂ ਕਰਦੇ ਨੇ, ਐਂ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੋਏਗਾ। ਇਨ੍ਹਾਂ ਦੀਆਂ ਬਾਤਾਂ ਹੋਰ ਹੁੰਦੀਆਂ ਹਨ, ਇਹ ਗਲਤ ਹੈ। ਇਸੇ ਕਰਕੇ ਗੋਬਿੰਦ ਔਰ ਗੁਰੂ, ਦੋਨਾਂ ਨੂੰ ਵਰਣਨ ਕਰੋ, ਇਹ ਦੋਏ ਨੇ। ਤੀਸਰਾ ਜੇ ਬਹੁਤਾ ਕਰਨੈ, ਤਾਂ ਧਰਮ ਦਾ ਵਰਣਨ ਕਰੋ। ਕਿਉਂ? ਧਰਮ ਜੋ ਹੁੰਦਾ ਹੈ, ਧਰਮ ਮੇਂ ਪਰਮੇਸ਼ਰ ਦੇ ਨਾਲ ਮਿਲਾਪ ਹੁੰਦਾ ਹੈ। ਗੁਰੂ ਸਾਹਿਬ ਨੇ ਲਿਖਿਆ ਹੈ –

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਪੰਨਾ ੨੬੬)

ਸ਼ੁੱਭ ਕਰਮ ਕਰੋ, ਹਰੀ ਦਾ ਨਾਮ ਜਪੋ। ਇਹ ਧਰਮ ਜੇ ਤੁਹਾਡੇ ਕੋਲ ਆ ਜਾਊ ਤਾਂ ਪਰਮ-ਧਰਮ ਵੀ ਮਿਲ ਜਾਊ, ਪਰਮੇਸ਼ਰ ਮਿਲ ਜਾਊ। ਨਾਮ, ਨਾਮੀ ਨੂੰ ਮਿਲਾ ਦੇਵੇਗਾ। ਤੁਸੀਂ ਨਾਮ ਜਪੀ ਜਾਉ। ਕਿੰਨੇ ਅੱਵਲ ਭਗਤ ਹੋਏ ਨੇ, ਜਿਨ੍ਹਾਂ ਨੇ ਇੱਕ ਅੱਖਰ ਵੀ ਨਹੀਂ ਪੜ੍ਹਿਆ, ਪਰ ਉਹ ਅਚਾਰਯ ਹੋਏ। 'ਰਾਮ ਕ੍ਰਿਸ਼ਨ-ਪਰਮਹੰਸ' ਨੇ ਇੱਕ ਅੱਖਰ ਨਹੀਂ ਸੀ ਪੜ੍ਹਿਆ, ਪਰ ਉਹਨੇ ਬਿਬੇਕਾ ਨੰਦ ਨੂੰ ਇਹੋ ਜਿਹਾ ਰੰਗਿਆ ਕਿ ਉਹ ਆਖੇ ਮੈਂ ਨਾਸਤਕ ਸੀ, ਮੈਨੂੰ ਆਸਤਕ ਬਣਾ ਦਿੱਤਾ। ਉਹ ਕਹਿੰਦਾ, ਆਉ! ਮੇਰੇ ਗੁਰੂ ਨੇ ਮੈਨੂੰ ਈਸ਼ਵਰ ਦਿਖਾਲਿਐ, ਆਉ! ਜਿਸਨੇ ਦੇਖਣੈ। ਸੱਠ ਸਾਲ ਰਿਹਾ, ਉਸ ਨੇ ਬਾਈ ਹਸਪਤਾਲ ਬਣਵਾਏ ਗਰੀਬਾਂ ਵਾਸਤੇ। ਇਸ ਕਰਕੇ, ਏਥੋਂ ਤੁਸੀਂ ਨਾ ਹਿੱਲਿਓ।

ਜਿਸ ਤੇ ਜਾਪੈ ਤਥੁ ॥

ਜਿਸ ਦੇ ਦੁਆਰਾ ਤੁਹਾਨੂੰ '**ਤਥੁ**' ਕਹੀਏ 'ਅਸਲੀ ਚੀਜ' ਮਿਲ ਜਾਏ। '**ਤਥੁ**' ਨਾਮ ਹੈ 'ਅਸਲੀ ਚੀਜ' ਦਾ, ਜਿਵੇਂ ਬਦਾਮ ਰੋਗਨ ਕੱਢਿਆ ਪਿਆ ਹੁੰਦੈ, ਹੋਰ ਸਾਰੀ ਫੋਕੜ ਨੂੰ ਸੁੱਟ ਦਿੰਦੇ ਨੇ ਲੇਕਿਨ ਬਦਾਮ ਰੋਗਨ ਨੂੰ ਤਾਂ ਨਹੀਂ ਸੁੱਟਦੇ। ਇਸ ਕਰਕੇ '**ਤਥੁ**' ਕਹੀਏ 'ਅਸਲੀ ਚੀਜ' ਨੂੰ, ਜਿਸ ਕਰਕੇ, ਤੁਹਾਨੂੰ ਪਰਮੇਸ਼ਰ ਮਿਲ ਜਾਊਗਾ, ਅਸਲੀ ਵਸਤੂ ਮਿਲ ਜਾਏਗੀ। ਚੱਲੀਏ-

ਮੇਰੇ ਮਨ ਜਪੀਐ ਹਰਿ ਭਗਵੰਤਾ ॥

ਹੇ ਮੇਰੇ ਮਨਾ ! ਜਿਹੜਾ ਭਗਵੰਤ, ਸਾਰਿਆਂ ਦਾ ਮਾਲਕ ਹੈ, ਉਸਦਾ ਜਾਪ ਕਰਿਆ ਕਰੋ। ਭਗਵੰਤ ਦਾ ਅਰਥ ਕਰਦੇ ਨੇ, ਭਾਗਾਂ ਵਾਲਾ, ਜਿਹੜਾ ਸਰਬ ਸ਼ਕਤੀਮਾਨ ਹੋਵੇ, ਜਿਸਦੇ ਵਿੱਚ ਸਾਰੀਆਂ ਗੱਲਾਂ ਆਉਣ, ਉਸ ਪਰਮੇਸ਼ਰ ਨੂੰ ਜਪਿਆ ਕਰੋ। ਕਿਸੇ ਅਲਪੱਗ ਦੀ ਤਾਰੀਫ ਮਤ ਕਰੋ। ਐਵੇਂ, ਗੁਰੂ ਗ੍ਰੰਥ ਸਾਹਿਬ ਦੇ ਸਾਮ੍ਹਣੇ ਇਹੋ ਜਿਹੀਆਂ ਗੱਲਾਂ ਮਤ ਕਰੋ। ਉਹੋ ਜਿਹੀਆਂ ਗੱਲਾਂ ਅਲਹਿਦਾ ਜਾਕੇ ਕਰਿਆ ਕਰੋ। ਉਥੇ ਕਰ ਆਉ, ਫੇਰ ਆ ਜਾਇਉ। ਭਾਈ ! ਇੱਕ ਰੱਬ ਦੀ ਗੱਲ ਕਰ ਲਵੋ। ਚੱਲੀਏ–

ਨਾਮ ਦਾਨੁ ਦੇਇ ਜਨ ਅਪੁਨੇ

'ਨਾਮ ਦਾਨੁ' ਆਪਣੇ ਜਨ ਨੂੰ ਦਿੰਦਾ ਹੈ, ਪਰਮੇਸ਼ਰ। ਕਬੀਰ ਨੂੰ ਦੇ ਦਿੱਤਾ, ਧੰਨੇ ਨੂੰ ਦੇ ਦਿੱਤਾ, ਰਵਿਦਾਸ ਨੂੰ ਦੇ ਦਿੱਤਾ, ਜੈਦੇਵ ਨੂੰ ਦਿੱਤਾ। ਸਾਰਿਆਂ ਨੂੰ ਕਿਉਂ ਨਾ **'ਨਾਮ ਦਾਨੁ'** ਦਿੱਤਾ? **'ਨਾਮ ਦਾਨੁ'** ਤਾਂ, ਜੀਹਦੇ ਤੇ ਈਸ਼ਵਰ ਖੁਸ਼ ਹੋਵੇਗਾ, ਉਸਨੂੰ ਦੇਵੇਗਾ। ਤੁਸੀਂ ਇਹ ਦੱਸੋ ਕਿ ਤੁਹਾਡਾ ਮਨ, ਨਾਮ ਨਾਲ ਇੱਕ ਹੋਇਆ ਹੈ? ਸੱਚ ਬੋਲਿਓ, ਹੋਇਆ ਹੈ ਕਦੇ? ਫੇਰ ਤੁਸੀਂ ਕੈਸੇ ਕਹਿ ਸਕਦੇ ਹੋਂ, ਮੈਨੂੰ ਨਾਮ ਦਾਨ ਮਿਲ ਗਿਆ। ਤੁਸੀਂ ਇਉਂ ਕਹੋ ਕਿ ਪਰਮੇਸ਼ਰ ਦੀ ਕ੍ਰਿਪਾ ਹੋਵੇਗੀ, ਜੋ ਸਾਨੂੰ ਗੁਰੂ ਨੇ ਦੱਸਿਆ ਸੀ, ਅਸੀਂ ਉਹ ਕਰੀਂ ਜਾਵਾਂਗੇ। ਇੱਕ, ਮੈਂ ਹਰਿਦੁਆਰ ਦੇ ਐਸ ਪਾਸੇ ਗਿਆ ਇੱਕ ਪਿੰਡ ਵਿੱਚ। ਉੱਥੇ ਸਾਰਿਆਂ ਨੇ ਕਥਾ ਕੀਤੀ। ਮੈਂ ਵੀ ਕੀਤੀ। ਇੱਕ ਉੱਥੇ ਸਿੱਖ ਸੀ ਬੜਾ ਲਾਇਕ, ਮੈਂ ਥੋੜ੍ਹੇ ਜਿਹੇ ਵਿੱਚ ਹੀ ਦਸਦਾ ਹਾਂ। ਉਹ ਕਹਿੰਦਾ, ਮੈਂ ਤੁਹਾਨੂੰ ਲੈਕੇ ਚੱਲਣੈ। ਮੈਂ ਆਖਿਆ, ਕਿਉਂ? ਉਸਨੇ ਕਿਹਾ ਮੈਂ ਜਰੂਰ ਲੈਕੇ ਚੱਲਣਾ ਹੈ। ਉਹਦੇ ਆਖੇ, ਅਸੀਂ ਚਲੇ ਗਏ। ਖੇਤਾਂ ਦੇ ਵਿੱਚ ਇੱਕ ਕਮਰੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ। ਉਹ ਭਜਨ ਕਰਨ ਵਾਲਾ ਬੜਾ ਅੱਛਾ ਸਿੱਖ ਸੀ। ਮੈਂ ਆਖਿਆ, ਪਹਿਲਾਂ ਤੂੰ ਆਪਣੀ ਗੱਲ ਸੁਣਾ। ਉਹ ਕਹਿੰਦਾ, ਸੰਤ ਨੰਦ ਸਿੰਘ ਜੀ ਆਏ ਦੇਹਰਾਦੂਨ। ਮੈਂ ਉਨ੍ਹਾਂ ਤੋਂ ਨਾਮ ਲਿਆ। ਉਨ੍ਹਾਂ ਨੇ ਨਾਮ ਦਿੱਤਾ ਤੇ ਕਿਹਾ ਭਾਈ ! ਸਵਾ

ਪਹਿਰ ਦੇ ਤੜਕੇ, ਨਹਾਕੇ ਗੁਰੂ ਗ੍ਰੰਥ ਸਾਹਿਬ ਦੇ ਸਾਮ੍ਹਣੇ ਬੈਠ ਜਾਇਆ ਕਰ, ਤੇ ਏਸ ਨਾਮ ਦਾ ਜਾਪ ਕਰਿਆ ਕਰ, 'ਸਤਿਨਾਮ ਵਾਹਿਗੁਰੂ' ਦਾ ਜਾਪ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਵਿੱਚੋਂ ਤੈਨੂੰ ਗੁਰੂ ਨਾਨਕ ਪ੍ਰਗਟ ਹੋਏਗਾ। ਉਹ ਸਿੱਖ ਕਹਿੰਦਾ, ਮੈਨੂੰ ਸ਼ੰਕਾ ਪੈਦਾ ਹੋਈ ਬਈ ਇਹ ਕੀ ਗੱਲ ਦੱਸ ਦਿੱਤੀ? ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰੂ ਨਾਨਕ ਪ੍ਰਗਟ ਹੋਣਗੇ। ਉਹ ਕਹਿੰਦਾ, ਪਰ ਮੈਂ ਛੱਡਿਆ ਨਹੀਂ। ਦੋ ਸਾਲ ਲੱਗੇ, ਪਰ ਜੋ ਉਨ੍ਹਾਂ ਨੇ ਦੱਸਿਆ ਸੀ, ਮੈਂ ਓਹੀ ਕਰਦਾ ਗਿਆ। ਇੱਕ ਦਿਨ, ਮੈਂ ਸਾਮ੍ਹਣੇ ਬੈਠਾ ਜਾਪ ਕਰਦਾ ਸੀ, ਗੁਰੂ ਨਾਨਕ ਦਾ ਫੋਟੋ ਐਂ ਸਾਮ੍ਹਣੇ ਆ ਗਿਆ, ਮੈਂ ਦੇਖ ਲਿਆ। ਮੇਰੇ ਸਾਮ੍ਹਣੇ, ਵਿੱਚੇ ਹੀ ਪ੍ਰਵੇਸ਼ ਹੋ ਗਿਆ। ਕਹਿੰਦਾ, ਮੈਨੂੰ ਯਕੀਨ ਹੋ ਗਿਆ, ਜੋ ਮੈਨੂੰ ਉਨ੍ਹਾਂ ਨੇ ਦੱਸਿਆ ਸੀ, ਉਹ ਠੀਕ ਹੀ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਸਾਰੇ ਹੀ ਬੈਠੇ ਨੇ, ਰਵਿਦਾਸ ਏਥੇ ਬੈਠਾ ਹੈ, ਨਾਮਦੇਵ ਏਥੇ ਬੈਠਾ ਹੈ, ਕਬੀਰ ਏਥੇ ਬੈਠਾ ਹੈ। ਉਹ ਸਾਰੇ, ਜਿਹੜੇ ਨਾਮ ਦਾਨ ਵਾਲੇ ਨੇ, ਉਹੀ ਏਥੇ ਬੈਠੇ ਹੋਏ ਨੇ। ਤੁਹਾਡੇ ਜਾਂ ਸਾਡੇ ਬੜੇ ਦਾ ਨਾਂ ਲਿਖਿਐ ਕਿਸੇ ਦਾ? ਜੇ ਇਉਂ ਹੁੰਦਾ ਤਾਂ ਰੁਪੱਈਏ ਦੇਕੇ ਲਿਖਾ ਲੈਂਦੇ ਲੋਕ। ਏਸ ਕਰਕੇ ਭਾਈ! ਨਾਮ ਦਾਨ ਪਰਮੇਸ਼ਰ ਉਸਨੂੰ ਦਿੰਦਾ ਹੈ, ਜੀਹਦੇ ਤੇ ਅਤਿਅੰਤ ਖੁਸ਼ ਹੁੰਦਾ ਹੈ ਅਤੇ ਖੁਸ਼ ਉਸੇ ਤੋਂ ਹੋਏਗਾ, ਜਿਹੜਾ ਉਸਦਾ ਜਨ ਬਣੇਗਾ, ਜਿਹੜਾ ਉਸਦਾ ਦਾਸ ਬਣੇਗਾ, ਉਹਦੇ ਤੇ ਖੁਸ਼ ਹੋਏਗਾ। ਚੱਲ ਭਾਈ-

ਦੂਖ ਦਰਦ ਕਾ ਹੰਤਾ॥ ਰਹਾਉ॥

ਸਾਰੇ ਦੁੱਖ, ਜਿੰਨੇ ਦਰਦ ਨੇ, ਸਾਰੇ ਨਾਸ਼ ਹੋ ਜਾਣਗੇ, ਓਸ ਨਾਮ ਨਾਲ, ਜਿਹੜਾ ਨਾਮ ਤੁਹਾਨੂੰ ਪਰਮੇਸ਼ਰ ਨੇ ਬਖਸ਼ਿਐ। ਉਹ ਨਾਮ ਸਭ ਦੁੱਖਾਂ ਦਾ ਨਾਸ ਕਰਨੇ ਵਾਲਾ ਹੈ -

ਨਾਮ ਕੇ ਧਾਰੇ ਖੰਡ ਬ੍ਰਹਮੰਡ॥ (ਪੰਨਾ ੨੮੪)

ਨਾਮ-ਨਾਮੀ ਦਾ ਅਭੇਦ ਹੈ। ਜਦ ਨਾਮ ਤੁਹਾਨੂੰ ਪ੍ਰਾਪਤ ਹੋ ਗਿਆ, ਨਾਮੀ ਤੁਹਾਨੂੰ ਉਸੇ ਵਕਤ ਪ੍ਰਾਪਤ ਹੋ ਜਾਵੇਗਾ। ਇਹ ਨਿਯਮ ਹੈ, ਜਦ ਤੁਹਾਡਾ ਮਨ ਨਾਮ ਨਾਲ ਇੱਕ ਹੋ ਗਿਆ ਤੇ ਨਾਮੀ ਉਥੇ ਵਿੱਚੇ

ਹੀ ਤਾਂ ਬੈਠਾ ਹੈ।

ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥ (ਪੰਨਾ ੫੫)

ਨਾਮ ਦੇ ਵਿੱਚ, ਰੱਬ ਕਹਿੰਦਾ - ਮੈਂ ਵਸਦਾ ਹਾਂ। ਪਰ ਨਾਮ ਨੂੰ ਤੂੰ ਆਪਣੇ ਮਨ ਵਿੱਚ ਤਾਂ ਵਸਾ ਲੈ। ਤੂੰ ਆਪਣੇ ਮਨ ਨੂੰ ਅਤੇ ਨਾਮ ਨੂੰ ਤਾਂ ਇੱਕ ਕਰ ਲੈ, ਫੇਰ ਤਾਂ ਸਭ ਕੁੱਛ ਹੋ ਜਾਏਗਾ, ਫੇਰ ਸਾਰੇ ਦੁੱਖ ਦਲਿੱਦਰ ਦੂਰ ਹੋ ਜਾਣਗੇ। ਜਿਸ ਦਿਨ ਤੈਨੂੰ ਪਰਮੇਸ਼ਰ ਨੇ ਨਾਮ ਬਖਸ਼ ਦਿੱਤਾ, ਜਿਸ ਦਿਨ ਤੈਨੂੰ ਨਾਮ ਪ੍ਰਾਪਤ ਹੋ ਗਿਆ। ਜਿਸ ਦਿਨ ਤੇਰੀ ਲਿਵ ਲੱਗ ਗਈ, ਉਸੇ ਦਿਨ ਤੈਨੂੰ ਸਭ ਕੁੱਛ ਪ੍ਰਾਪਤ ਹੋ ਜਾਊਗਾ। ਚੱਲੀਏ -

ਰਹਾਉ॥

'ਰਹਾਉ' ਹੁੰਦਾ ਹੈ ਰਾਗੀਆਂ ਵਾਸਤੇ, ਇਹਦੇ ਵਿਚ ਸ਼ਬਦ ਦਾ ਤਾਤ ਪਰਜ ਹੁੰਦਾ ਹੈ।

ਜਾ ਕੈ ਘਰਿ ਸਭੁ ਕਿਛੁ ਹੈ ਭਾਈ

ਜਿਸਦੇ ਘਰ ਦੇ ਵਿੱਚ ਕੋਈ ਅਜਿਹੀ ਵਸਤੂ ਨਹੀਂ ਹੈ, ਜਿਹੜੀ ਨਾ ਹੋਵੇ। ਸਭ ਕੁੱਛ ਪਰਮੇਸ਼ਰ ਦੇ ਘਰ ਵਿੱਚ ਹੈ -

ਨਉ ਨਿਧਿ ਭਰੇ ਭੰਡਾਰ॥

ਨਉਂ ਨਿਧੀਆਂ ਦੇ ਭੰਡਾਰੇ ਭਰੇ ਪਏ ਨੇ, ਉਸ ਪਰਮੇਸ਼ਰ ਦੇ ਘਰ। ਪਰ ਜਿਸਨੂੰ ਬਖਸ਼ੇਗਾ, ਜਾਣਾ ਤਾਂ ਉਹਦੇ ਪਾਸ ਹੀ ਹੈ ਅਤੇ ਇਹ ਬਖਸ਼ਿਸ਼ ਦੁਆਰਾ ਹੀ ਜਾਏਗਾ-

ਤਿਸ ਕੀ ਕੀਮਤਿ ਨਾ ਪਵੈ ਭਾਈ

ਉਸ ਪਰਮੇਸ਼ਰ ਦੀ ਕੀਮਤ ਕੋਈ ਨਹੀਂ ਪਾ ਸਕਦਾ। ਉਸ ਪਰਮੇਸ਼ਰ ਦੀ ਕੀਮਤ ਤਾਂ ਤਦ ਪਵੇ ਜੇ ਕੋਈ ਉਹਦੇ ਬਰਾਬਰ ਦਾ ਹੋਵੇ, ਫੇਰ ਅਸੀਂ ਕਿਵੇਂ ਕਹੀਏ? ਉਹੋ ਜਿਹਾ ਦੂਜਾ ਤਾਂ ਕੋਈ ਹੈ ਹੀ ਨਹੀਂ, ਉਹ ਤਾਂ ਇੱਕ ਹੈ -

ਏਕਮ ਏਕੰਕਾਰੁ ਨਿਰਾਲਾ॥

ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥
ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ ੮੩੮)

ਉਹ ਤਾਂ ਸਾਰਿਆਂ ਦੇ ਹਿਰਦੇ ਵਿੱਚ ਹੈ। ਜਿਸ ਦਿਨ ਤੁਸੀਂ ਸਾਰਿਆਂ ਦੇ ਘਟਾਂ ਵਿੱਚ ਦੇਖ ਲਿਆ, ਤੁਸੀਂ ਭਾਈ ਘਨੱਈਆ ਬਣ ਜਾਉਂਗੇ। ਫੇਰ ਦਵੈਸ਼ ਦਾ ਤਾਂ ਉਥੇ ਥਾਉਂ ਹੀ ਨਹੀਂ। ਰਾਗ-ਦਵੈਸ਼, ਉਥੇ ਹੁੰਦਾ ਹੀ ਨਹੀਂ, ਨਾ ਹੋਵੇ। ਏਸ ਕਰਕੇ, ਉਹਦੀ ਕੀਮਤ ਨਹੀਂ ਪੈ ਸਕਦੀ। ਕੀਮਤ ਤਾਂ ਅਨਾਤਮ ਵਸਤੂਆਂ ਦੀ ਪਊਗੀ, ਪ੍ਰਕਿਰਤੀ ਦੀ ਪਏਗੀ। ਜੇ ਚੇਤਨ ਦੀ ਕੀਮਤ ਪਵੇ ਤਾਂ ਦੋ ਚੇਤਨ ਬਣਾ ਦਿਉਂ ਤੁਸੀਂ, ਦੋ ਸਤਿ ਬਣਾਉਂ। ਇਹ ਤਾਂ ਹੈ ਹੀ ਨਹੀਂ, ਉਹ ਤਾਂ ਏਕਾ ਹੈ। ਇਹ ਤਾਂ ਗੁਰੂ ਸਾਹਿਬ ਨੇ ਐਸਾ ਕੰਮ ਕੀਤਾ ਹੈ, ਸਾਰਿਆਂ ਵਿੱਚ ਨਾਮ ਦਾ ਮੰਗਲ ਆਇਆ ਹੈ। ਗੀਤਾ ਵਿੱਚ ਜਦੋਂ ਤੁਸੀਂ ਪੜ੍ਹੋਂਗੇ -

'ਓਮ ਤਤ ਸਤਿ' ਆਏਗਾ।

ਵੇਦ ਨੂੰ ਜੇ ਪੜ੍ਹੋਂਗੇ - 'ਓਮ ਤਤ ਸਤਿ' ਆਏਗਾ।

ਮੀਆਂ ਦੇ ਵੀ, ਉਨ੍ਹਾਂ ਦਾ ਜਿਹੜਾ ਨਾਮ ਹੈ, ਉਹ ਆਏਗਾ। ਪਰ (੧) ਏਕਾ ਕਿਤੇ ਨਹੀਂ ਆਏਗਾ, ਏਕਾ ਤਾਂ ਨਾਮੀ ਹੈ। ਭਾਈ ਸਾਹਿਬ ਲਿਖਦੇ ਹਨ -

ਏਕਾ ਏਕੰਕਾਰ ਲਿਖ ਦਿਖਾਲਿਆ॥
ਊੜਾ ਓਅੰਕਾਰ ਪਾਸ ਬਹਾਲਿਆ॥ (ਭਾਈ ਗੁਰਦਾਸ)

ਪਰਮੇਸ਼ਰ ਇੱਕ ਹੈ। ਆਹ ਭਾਈ ਉਹਦਾ ਨਾਮ ਹੈ, ਨਾਮ-ਨਾਮੀ ਦਾ ਅਭੇਦ ਹੈ। ਉਹ ਤਾਂ ਏਕੇ ਦੀ ਗੱਲ ਹੈ।

ਊਚਾ ਅਗਮ ਅਪਾਰ॥
ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ॥ (ਪੰਨਾ ੭੦੪)

ਉਹ, ਸਾਰਿਆਂ- ਬ੍ਰਹਮਾ, ਵਿਸ਼ਨੂੰ ਜਿੰਨੇ ਹੋਏ ਨੇ, ਉਨ੍ਹਾਂ ਤੋਂ ਉੱਚਾ ਹੈ ਅਤੇ ਅਗੰਮ ਹੈ, ਮਨ ਬਾਣੀ ਤੋਂ ਪਰੇ। ਤੇ **'ਅਪਾਰ'**, ਪਰਾਵਾਰ ਤੋਂ

ਰਹਿਤ ਹੈ। ਉਹ ਪਰਮੇਸ਼ਰ ਇਹੋ ਜਿਹਾ ਹੈ।

ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥

(ਪੰਨਾ ੮੯੪)

ਇਹ ਹੈ, ਹੁਣ ਇਹ ਲਫ਼ਜ਼ ਤਾਂ ਮੋਟੇ ਲਗਦੇ ਨੇ। ਸਾਡੇ ਇੱਕ ਸੰਤ ਹੁੰਦਾ ਸੀ। ਓਨ੍ਹੇ ਇੱਕ ਸ਼ਬਦ ਲਾਇਆ। ਕੇਸ਼ਵਾਨੰਦ ਨਾਮ ਦਾ ਉਦਾਸੀ ਸੀ। ਉਹਨੇ ਜੋ ਅਰਥ ਕੀਤਾ, ਉਹ ਕਹਿੰਦਾ- ਕਹੀਏ ਕੀ, ਡਾਂਗਾਂ ਵਿੱਚ ਮੋਤੀ ਪਰੋਏ ਪਏ ਨੇ। ਇਨ੍ਹਾਂ ਦੀ ਸਾਨੂੰ ਜਾਚ ਨਹੀਂ ਆਉਂਦੀ। ਬਾਣੀ ਤਾਂ ਐਨੀ ਠੇਠ ਪੰਜਾਬੀ ਹੈ ਤੇ ਇਹਦੇ ਵਿੱਚ ਬਰੀਕ ਮੋਤੀ ਪਰੋਏ ਪਏ ਨੇ, ਉਨ੍ਹਾਂ ਦੀ ਸਾਨੂੰ ਪਛਾਣ ਨਹੀਂ ਆਉਂਦੀ। ਤਾਂ ਕਹੀਏ ਵੀ ਕੀ, ਛੇ ਮਹੀਨੇ ਮੈਂ ਲਾ ਦਿੱਤੇ ਸ਼ਬਦ ਤੇ, ਅਜੇ ਮੈਨੂੰ ਥਹੁ ਨਹੀਂ ਆਇਆ। ਇਹ ਉਹਦੀ ਕ੍ਰਿਪਾ ਨਾਲ, ਬਖਸ਼ਿਸ਼ ਨਾਲ ਹੀ ਕੰਮ ਬਣੇਗਾ। ਹਾਂ ਜੀ-

ਜੀਅ ਜੰਤ ਪ੍ਰਤਿਪਾਲਦਾ ਭਾਈ

ਦੱਸੋ? ਜਿਨ੍ਹਾਂ ਨੂੰ ਤੁਸੀਂ ਜੀਵ ਕਹਿੰਦੇ ਹੋਂ, ਜਿੰਨ੍ਹਾਂ ਨੂੰ ਬਿਲਕੁਲ ਬਰੀਕ ਜੰਤੂ ਕਹਿੰਦੇ ਹੋਂ, ਉਨ੍ਹਾਂ ਸਾਰਿਆਂ ਦੀ ਪਾਲਣਾ ਨਹੀਂ ਕਰਦਾ? ਸਾਰਿਆਂ ਦੀ ਰਖਸ਼ਾ ਕਰਦਾ ਹੈ, ਸਾਰਿਆਂ ਨੂੰ ਖਾਣਾ ਪਹੁੰਚਾਉਂਦਾ ਹੈ। ਉਤਪਤੀ, ਲੈਅ ਅਤੇ ਪਾਲਣਾ ਇਹ ਤਿੰਨੇ ਕੰਮ ਈਸ਼ਵਰ ਪਾਸ ਨੇ, ਇਹ ਅਰਥ ਹੋਰ ਕਿਸੇ ਤੋਂ ਨਹੀਂ ਲਿਖਿਆ ਗਿਆ। ਖਵਾਜਾ ਦਿਲ ਮੁਹੰਮਦ ਲਿਖ ਗਿਆ। ਮੈਂ ਪੜ੍ਹਦਾ ਹੁੰਦਾ ਸੀ, ਜਿਹੜਾ ਉਹਨੇ ਜਪੁਜੀ ਸਾਹਿਬ ਦਾ ਟੀਕਾ ਕੀਤਾ, ਹੋਰ ਕਿਸੇ ਤੋਂ ਇਹ ਨਹੀਂ ਲਿਖਿਆ ਗਿਆ। ਉਥੇ ਜਾ ਕੇ -

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ (ਪੰਨਾ ੭)

ਉਹ ਕਹਿੰਦਾ - ਇਹ ਤਿੰਨ ਵਾਲਾ ਤਾਂ ਨਾਨਕ ਦਾ ਮੱਤ ਹੀ ਨਹੀਂ ਹੈ। ਨਾਨਕ ਤਾਂ ਇੱਕ ਈਸ਼ਵਰਵਾਦੀ ਹੈ। ਇਹ ਤੁਸੀਂ ਤਿੰਨ ਅਰਥ

ਕਿਉਂ ਕਰਦੇ ਹੋ? ਇਹ ਤਾਂ ਚੇਲਿਆਂ ਵਿੱਚ ਨੇ, ਉਹ ਤਾਂ ਇੱਕੋ ਹੀ ਹੈ। ਉਸਨੇ ਹੇਠਾਂ ਲਿਖ ਦਿੱਤੀ ਪੰਕਤੀ, ਉਹ ਤੁਸੀਂ ਦਿਲ ਮੁਹੰਮਦ ਦਾ ਟੀਕਾ ਦੇਖ ਲਉ। ਉਹਨੂੰ ਸਿੱਖਾਂ ਨੇ ਇੱਕ ਹਜ਼ਾਰ ਰੁਪੱਈਆ ਦਿੱਤਾ ਇਨਾਮ ਦਾ। ਉਹਨੇ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦਾ ਟੀਕਾ ਕੀਤਾ ਹੈ। ਉਹਨੇ ਗੀਤਾ ਦਾ ਵੀ ਕੀਤਾ, ਉਨ੍ਹਾਂ ਨੇ ਵੀ ਇੱਕ ਹਜ਼ਾਰ ਰੁਪੱਈਆ ਦਿੱਤਾ ਅਤੇ ਸੀ ਉਹ ਮੀਆਂ। ਉਹ ਟੀਕਾ ਤੁਸੀਂ ਕਿਸੇ ਨੇ ਪੜ੍ਹਿਆ ਹੋਣੈ। ਇਸ ਕਰਕੇ, ਭਾਈ! ਉਹ ਜੀਆਂ-ਜੰਤੂਆਂ ਦੀ, ਸਾਰਿਆਂ ਦੀ ਪਾਲਣਾ ਕਰਦਾ ਹੈ। ਕੋਈ ਇਹੋ ਜਿਹਾ ਹੈ ਜਿਹੜਾ ਉਹਨੂੰ ਭੁੱਲਿਆ ਹੋਇਆ ਹੋਵੇ? ਇੱਕ ਮੋਟਾ ਜਿਹਾ ਦ੍ਰਿਸ਼ਟਾਂਤ ਦਿੰਦੇ ਹਾਂ, ਸਮਝਾਉਣ ਵਾਸਤੇ। ਇੱਕ ਦਿਨ ਵਿਸ਼ਨੂੰ ਦੀ ਅਤੇ ਲੱਛਮੀ ਦੀ ਆਪਸ ਵਿੱਚ ਬਹਿਸ ਹੋ ਗਈ। ਇਹ ਇੱਕ ਪੁਰਾਣਿਕ ਗੱਲ ਹੈ, ਵੇਦ ਦੀ ਗੱਲ ਨਹੀਂ ਹੈ। ਲੱਛਮੀ ਨੇ ਆਖਿਆ, ਜੀ ਤੁਸੀਂ ਸਭ ਨੂੰ ਰੋਜ਼ੀ ਦਿੰਦੇ ਹੋ? ਉਨ੍ਹਾਂ ਨੇ ਕਿਹਾ, ਹਾਂ! ਦਿੰਦੇ ਹਾਂ। ਲੱਛਮੀ ਨੇ ਇੱਕ ਕੀੜਾ ਡੱਬੀ ਵਿੱਚ ਪਾਇਆ ਹੋਇਆ ਸੀ। ਉਹ ਆਪਣਾ ਟਿੱਕਾ ਲਾਕੇ ਹਟੀ ਸੀ, ਇੱਕ ਚੌਲ ਅਚਾਨਕ ਡੱਬੀ ਵਿੱਚ ਗਿਰ ਗਿਆ ਸੀ? ਉਸਨੇ ਸੋਚਿਆ, ਮੈਂ ਪੁੱਛੂੰ ਕੱਲ੍ਹ ਨੂੰ ਕਿ ਤੁਸੀਂ ਸਾਰਿਆਂ ਨੂੰ ਭੋਜਨ ਦੇ ਦਿੱਤਾ? ਉਹਨੇ ਦੂਜੇ ਦਿਨ ਵਿਸ਼ਨੂੰ ਜੀ ਨੂੰ ਪੁੱਛਿਆ ਕਿ ਤੁਸੀਂ ਭੋਜਨ ਦੇ ਦਿੱਤਾ ਸਾਰਿਆਂ ਨੂੰ? ਉਨ੍ਹਾਂ ਨੇ ਕਿਹਾ, ਹਾਂ! ਲੱਛਮੀ ਨੇ ਕਿਹਾ ਕਿ ਮੈਂ ਇੱਕ ਕੀੜਾ ਡੱਬੀ ਵਿੱਚ ਪਾਇਆ ਹੋਇਆ ਹੈ। ਵਿਸ਼ਨੂੰ ਜੀ ਨੇ ਕਿਹਾ, ਅਸੀਂ ਤਾਂ ਉਸਨੂੰ ਖਾਣਾ ਪਹਿਲਾਂ ਹੀ ਦੇ ਦਿੱਤਾ ਸੀ। ਸਾਨੂੰ ਪਤਾ ਸੀ ਕਿ ਤੇਰਾ ਇਹ ਸੰਕਲਪ ਹੈ। ਤੂੰ ਇਸਨੂੰ ਡੱਬੀ ਵਿੱਚ ਬੰਦ ਕਰੇਂਗੀ। ਅਸੀਂ ਇੱਕ ਚੌਲ ਪਹਿਲਾਂ ਹੀ ਉਹਦੇ ਵਿੱਚ ਸੁੱਟ ਦਿੱਤਾ ਸੀ। ਉਸਨੇ ਜਦੋਂ ਉਸ ਡੱਬੀ ਨੂੰ ਖੋਲ੍ਹਿਆ ਤਾਂ ਉਹ ਚਾਵਲ ਖਾ ਰਿਹਾ ਸੀ। ਫੇਰ, ਉਹ ਪੈਰੀਂ ਪੈ ਗਈ, ਕਹਿੰਦੀ - ਹਾਂ ਜੀ! ਤੁਸੀਂ ਸਰਬੱਗ ਹੋਂ। ਇਸ ਕਰਕੇ ਭਾਈ! ਉਹ ਸਭ ਦੀ ਪਾਲਣਾ ਕਰਦਾ ਹੈ। ਕੋਈ ਇਹੋ ਜਿਹਾ ਨਹੀਂ ਹੈ ਜਿਸਦੀ ਪਾਲਣਾ ਨਾ ਕਰਦਾ ਹੋਵੇ। ਇੱਕ ਸਮਰੱਥ ਗੁਰੂ ਰਾਮਦਾਸ ਹੋਇਐ। ਉਹ ਬੜਾ ਮਹਾਂਪੁਰਸ਼ ਤਪੱਸਵੀ ਸੀ। ਉਹਨੇ ਸ਼ਿਵਾ

ਜੀ ਮਰਹੱਟੇ ਨੂੰ ਆਖਿਆ - ਕਿਲਾ ਬਣਾ। ਉਹਨੇ ਕਿਹਾ ਕਾਹਦੇ ਨਾਲ ਬਣਾਵਾਂ? ਉਹ ਆਖੇ ਬਣਜੂ, ਤੂੰ ਲੱਗ ਤਾਂ ਸਈ। ਉਹਨੇ ਵੀ ਕਿਹਾ ਕਿ ਮੁਸਲਮਾਨ, ਹਕੂਮਤ ਦੇ ਬਹੁਤ ਨਸ਼ੇ ਵਿੱਚ ਆ ਗਏ ਹੁਣ ਤਾਂ ਕੁੱਛ ਕਰਨਾ ਹੀ ਪਊ। ਉਹ ਕਿਲਾ ਬਣਾਉਣ ਲੱਗ ਪਿਆ। ਉਸੇ ਟੈਮ ਉੱਥੇ ਕਾਲ ਪੈ ਗਿਆ। ਉਹਦੇ ਦਿਲ ਵਿੱਚ ਇਹ ਬਹੁਤ ਆਈ ਬਈ ਜੇ ਮੈਂ ਕਿਲਾ ਨਾਂ ਬਣਾਉਂਦਾ ਹੁੰਦਾ ਤਾਂ ਇਹ ਸਾਰੇ ਕੰਮ ਕਰਨ ਵਾਲੇ, ਭੁੱਖੇ ਮਰ ਜਾਂਦੇ। ਉਹ ਸਮਰੱਥ ਗੁਰੂ ਰਾਮਦਾਸ ਜੰਗਲ ਵਿੱਚੋਂ ਚੱਲਿਆ, ਦੁਪਹਿਰੇ ਆਇਆ ਤੇ ਉਹ (ਸ਼ਿਵਾ ਜੀ) ਗੁਰੂ ਦੇ ਪੈਰਾਂ ਤੇ ਪੈ ਗਿਆ ਤੇ ਮੱਥਾ ਟੇਕਿਆ। ਕਹਿਣ ਲੱਗਿਆ ਮਹਾਰਾਜ! ਇਸ ਵਖਤ? ਕਹਿੰਦੇ ਹਾਂ, ਤੈਨੂੰ ਦੱਸਾਂਗੇ। ਤੂੰ ਇੱਕ ਮਿਸਤਰੀ ਬੁਲਾ ਆਪਣਾ, ਸਾਰਿਆਂ ਤੋਂ ਲਾਇਕ। ਉਹਨੇ ਬੁਲਾਇਆ। ਉਸ (ਸਮਰੱਥ ਗੁਰੂ ਰਾਮਦਾਸ) ਨੇ ਕਿਹਾ ਕਿ ਐਸ ਪੱਥਰ ਨੂੰ ਇਸ ਤਰ੍ਹਾਂ ਚੀਰ। ਉਹ ਜਦ ਚੀਰਿਆ ਉਸ ਪੱਥਰ ਵਿੱਚ ਪਾਣੀ ਸੀ ਤੇ ਇੱਕ ਮੇਂਢਕ ਬੈਠੀ ਸੀ। ਉਹ ਕਹਿੰਦੇ-ਇਸਨੂੰ ਵੀ ਤੂੰ ਪਹੁੰਚਾਉਂਦੈ ਰੋਜੀ? ਉਹ ਸ਼ਿਵਾ ਜੀ ਨੂੰ ਪੁੱਛਦੇ। ਉਹ ਕਹਿੰਦਾ, ਜੀ! ਮੈਂ ਭੁੱਲ ਗਿਆ। ਮੇਰੇ ਵਿੱਚ ਹੰਕਾਰ ਆ ਗਿਆ ਸੀ। ਇਹ ਤਾਂ ਈਸ਼ਵਰ ਦੀ ਜ਼ੁੰਮੇਵਾਰੀ ਹੈ। ਇਹ ਤਾਂ ਹੋਰ ਕਿਸੇ ਦੀ ਜ਼ੁੰਮੇਵਾਰੀ ਨਹੀਂ। ਏਸ ਕਰਕੇ ਭਾਈ ! ਉਹ ਸਾਰੇ ਜੀਅ ਜੰਤਾਂ ਨੂੰ ਪਾਲਦਾ ਹੈ। ਉਹ ਸਰਬੱਗ ਹੈ, ਸਰਬ ਸ਼ਕਤੀਮਾਨ ਹੈ, ਸਭ ਦਾ ਮਾਲਕ ਹੈ।

ਨਿਤ ਨਿਤ ਕਰਦਾ ਸਾਰ॥

ਤੇ ਸਾਰਿਆਂ ਦੀ ਉਹ ਸਾਰ ਕਰਦੈ, ਜਿੰਨੇ ਤੁਹਾਡੇ ਤੇ ਮੇਰੇ ਕਰਮ ਨੇ, ਜਿਹੜੇ ਤੁਸੀਂ ਤੇ ਅਸੀਂ ਕਰਦੇ ਹਾਂ ਰੋਜ, ਉਹ ਲਿਖੇ ਨਹੀਂ ਜਾਂਦੇ?

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ॥ (ਪੰਨਾ ੩੯)

ਤੁਸੀਂ ਕੋਈ ਖਿਆਲ ਕਰੋਂਗੇ, ਉਹਨੇ ਤਾਂ ਉਸੇ ਟਾਈਮ, ਟਾਈਪ ਕਰ ਦੇਣਾ ਹੈ। ਤੁਸੀਂ ਜਦ ਵਿਚਾਰ ਕਰਦੇ ਹੋਂ ਆਪਣੇ ਮਨ ਦੇ ਵਿੱਚ, ਉਹ ਦੇਖਦਾ ਨਹੀਂ ਹੈ? ਉਹ ਜਾਣਦਾ ਨਹੀਂ ਹੈ? ਉਹ ਤਾਂ ਤੁਹਾਡੇ

ਅੰਦਰ ਬੈਠਾ ਹੈ। ਤੁਹਾਡੇ ਹਿਰਦੇ ਵਿੱਚ ਨਹੀਂ ਬੈਠਾ? ਉਹ ਸਾਰਿਆਂ ਦੀ ਸਾਰ ਕਰਦਾ ਹੈ, ਬਈ ਉਹ ਆਹ ਕਰਦੈ, ਬਈ ਇਹ ਆਹ ਕਰਦੈ ਤੇ ਸਾਰਿਆਂ ਦੇ ਕਰਮਾਂ ਨੂੰ ਟਾਈਪ ਕਰਦੈ ਰੋਜ। ਉਹ ਤਾਂ ਨਿੱਤ ਸਾਰ ਕਰਦੈ ਸਾਰਿਆਂ ਦੀ।

ਸਤਿਗੁਰੁ ਪੂਰਾ ਭੇਟੀਐ ਭਾਈ

ਇਹ, ਜੇ ਪੂਰਨ ਸਤਿਗੁਰੂ ਨੂੰ ਭੇਟ (ਮਿਲ) ਜਾਏ ਤਾਂ ਫਿਰ ਕੀ ਹੋਊਗਾ?

ਸਬਦਿ ਮਿਲਾਵਣਹਾਰ।।

ਤੇਰੇ ਮਨ ਨੂੰ, ਸ਼ਬਦ ਦੇ ਨਾਲ ਮਿਲਾ ਦੇਵੇਗਾ। ਤੇ ਸ਼ਬਦ-ਸ਼ਬਦੀ ਦਾ ਅਭੇਦ ਹੈ, ਨਾਮ-ਨਾਮੀ ਦਾ ਅਭੇਦ ਹੈ। ਪੂਰਨ ਸਤਿਗੁਰੂ ਦੀ ਏਹੀ ਨਿਸ਼ਾਨੀ ਹੈ। ਬਈ ਸ਼ਬਦ ਨਾਲ ਮਿਲਾ ਦੇਵੇਗਾ। ਜਦ ਸ਼ਬਦ ਨਾਲ ਮਿਲਾ ਦੇਊਗਾ ਤਾਂ ਉਦੋਂ ਹੀ ਗਿਆਨ ਹੋ ਜਾਊਗਾ। ਸ਼ਬਦ-ਸ਼ਬਦੀ ਤਾਂ ਇੱਕ ਨੇ, ਨਾਮ-ਨਾਮੀ ਦੋ ਤਾਂ ਹੈ ਨਹੀਂ।

ਨਾਮ ਕੇ ਧਾਰੇ ਖੰਡ ਬ੍ਰਹਮੰਡ॥ (ਪੰਨਾ ੨੮੪)

ਆਹ, ਜਿਹੜੇ ਤੁਸੀਂ ਲਿਖਦੇ ਹੋਂ ਨਾਮ, ਇਹਦੇ ਉੱਤੇ ਖੰਡ ਬ੍ਰਹਮੰਡ ਰੱਖੇ ਹੋਏ ਨੇ? ਨਹੀਂ! ਜਿਹੜਾ ਥੋਡੇ ਅੰਦਰ ਚੇਤਨ ਬੈਠਾ ਹੈ, ਸਾਖਸ਼ੀ, ਦ੍ਰਸ਼ਟਾ, ਉਹ ਹੈ **'ਨਾਮ'**। ਜਿਹੜਾ ਵਿਆਪਕ ਹੈ, ਉਹ ਹੈ 'ਨਾਮੀ'। ਨਾਮ-ਨਾਮੀ ਦਾ ਤਾਂ ਅਭੇਦ ਹੈ। ਉਹ ਤਾਂ ਉਪਾਧੀ ਕਰਕੇ, ਇਉਂ ਕਹਿੰਦੇ ਹਾਂ ਸਮਝਾਉਣ ਵਾਸਤੇ। ਸਾਰੇ, ਜਿਨ੍ਹਾਂ ਨੇ ਲਿਖਿਆ ਹੈ ਤੇ ਵਾਸਤਵ ਮੇਂ ਤਾਂ ਇੱਕ ਨੇ, ਦੋ ਹੁੰਦੇ ਤਾਂ ਦੂਜਾ ਲਿਖਿਆ ਹੁੰਦਾ। ਇਸ ਕਰਕੇ, ਸਭ ਦੀ ਰੋਜ ਸਾਰ ਕਰਦਾ ਹੈ। ਜੋ ਤੁਸੀਂ ਕਰਦੇ ਹੋਂ, ਉਹ ਤੁਸੀਂ ਮਤ ਸੋਚਿਓ, ਬਈ ਇਹ ਜਿਹੜਾ ਅਸੀਂ ਕਰਦੇ ਹਾਂ, ਕਿਸੇ ਨੂੰ ਪਤਾ ਨਹੀਂ ਹੈ। ਜਿਹੜਾ ਤੁਸੀਂ ਮਨ ਵਿੱਚ ਸੰਕਲਪ ਕਰੋਂਗੇ, ਉਦੋਂ ਦੇਖਦਾ ਤਾਂ ਉਹੀ ਹੈ, ਜਾਣਦਾ ਵੀ ਉਹੀ ਹੈ। ਉਹ ਟਾਈਪ ਵੀ ਹੋ ਜਾਂਦਾ ਹੈ। ਉਹਨੇ ਫਲ ਵੀ ਦੇ ਜਾਣਾ ਹੈ। ਪਰ ਜਦੋਂ ਪੂਰਾ ਗੁਰੂ ਮਿਲ ਜਾਏਗਾ, ਇਹ ਨਿਸ਼ਾਨੀ ਹੈ ਕਿ ਤੁਹਾਡੇ ਮਨ ਦਾ ਮਿਲਾਪ, ਸ਼ਬਦ ਦੇ ਨਾਲ ਹੋ

ਜਾਏਗਾ। ਤੁਹਾਡਾ ਮਨ, ਸ਼ਬਦ ਦੇ ਨਾਲ ਐਨ ਇੱਕ ਹੋ ਜਾਏਗਾ। ਇਹ ਬਾਤ ਤੁਸੀਂ ਆਪ ਪਰਤਾਇਓ। ਥੋਨੂੰ ਦੁਨੀਆਂ ਦੀ ਉਸ ਵਖ਼ਤ ਕੋਈ ਚੀਜ ਨਹੀਂ ਦਿਸੇਗੀ, ਜਦ ਤੁਹਾਡਾ ਮਨ, ਨਾਮ ਨਾਲ ਇੱਕ ਹੋ ਜਾਊਗਾ। ਫੇਰ ਮਨ ਕੋਲੋਂ ਕੁੱਛ ਹੋਰ, ਹੋ ਨਹੀਂ ਸਕੇਗਾ। ਉਹ ਤਾਂ ਸ਼ਬਦ ਨਾਲ ਇੱਕ ਹੋ ਗਿਆ, ਸ਼ਬਦੀ ਉਥੇ, ਉਹੀ ਹੈ। ਇਸ ਕਰਕੇ, ਕਬੀਰ ਨੂੰ ਉਨ੍ਹਾਂ ਬ੍ਰਾਹਮਣਾਂ ਨੇ ਕਿਹਾ ਕਾਸ਼ੀ ਦੇ ਵਿੱਚ, ਬਈ ਤੈਨੂੰ ਓਮ ਕਹਿਣ ਦਾ ਅਧਿਕਾਰ ਨਹੀਂ, ਤੂੰ ਕਿਉਂ ਓਮ ਕਹਿੰਦਾ ਹੈਂ? ਤੂੰ ਜੁਲਾਹਾ ਹੈਂ, ਸ਼ੂਦਰ ਹੈਂ। ਉਹਨੇ ਆਖਿਆ-ਮੈਂ ਥੋੜਾ ਓਮ ਤਾਂ ਨਹੀਂ ਕਹਿੰਦਾ। ਅਖੇ ਹੋਰ ਕਿਹੜਾ ਓਮ ਕਹਿਨੈਂ? ਉਹ ਕਹਿੰਦਾ -

ਓਅੰਕਾਰ ਆਦਿ ਮੈ ਜਾਨਾ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ॥
ਓਅੰਕਾਰ ਲਖੈ ਜਉ ਕੋਈ॥ ਸੋਈ ਲਖਿ ਮੇਟਣਾ ਨਾ ਹੋਈ॥

(ਪੰਨਾ ੩੪੦)

ਉਹ ਕਹਿੰਦਾ-ਸ੍ਰਿਸ਼ਟੀ ਦੀ ਉਤਪਤੀ ਜਿਹੜਾ ਕਰਦੈ, ਮੇਰਾ ਤਾਂ ਉਹ ਓਮ ਹੈ। ਜਿਹੜਾ ਤੁਸੀਂ ਲਿਖ ਦਿੰਦੇ ਹੋਂ, ਢਾਹ ਦਿੰਦੇ ਹੋਂ, ਮੇਰਾ ਓਮ ਉਹ ਨਹੀਂ ਹੈ, ਇਹ ਤੁਹਾਡਾ ਓਮ, ਮੈਂ ਨਹੀਂ ਮੰਨਦਾ। ਉਹ ਸਾਰੇ ਚੁੱਪ ਕਰ ਗਏ ਬਈ ਗੱਲ ਤਾਂ ਠੀਕ ਹੈ। ਇਸ ਕਰਕੇ ਭਾਈ! ਉਹ ਜੋ ਨਾਮ ਹੈ, ਤੁਹਾਨੂੰ ਨਾਮੀ ਦੇ ਨਾਲ ਮਿਲਾ ਦੇਵੇਗਾ। ਪਰ ਨਾਮ ਦੇ ਨਾਲ ਤੁਹਾਡਾ ਮਨ, ਬਖਸ਼ਿਸ਼ ਸੇ ਮਿਲੇਗਾ, ਐਵੇਂ ਕਹੇ ਤੇ ਨਹੀਂ ਮਿਲੇਗਾ, ਇਹ ਝੂਠ ਹੈ। ਗੁਰੂ ਅੰਗਦ ਸਾਹਿਬ, 'ਲਹਿਣਾ' ਉਨ੍ਹਾਂ ਦਾ ਪਹਿਲਾ ਨਾਮ ਸੀ, ਤੇ ਦੇਵੀ ਦੇ ਉਪਾਸ਼ਕ ਸੇ। ਵੈਸ਼ਨੂੰ ਦੇਵੀ ਜਾਣ ਵਾਲਿਆਂ ਦੇ ਜੱਥੇਦਾਰ ਸੇ। ਜਦ ਗੁਰੂ ਨਾਨਕ ਸਾਹਿਬ ਨੇ, ਨਾਮ ਨਾਲ ਉਨ੍ਹਾਂ ਦਾ ਮਨ ਮਿਲਾ ਦਿੱਤਾ, ਉਨ੍ਹਾਂ ਨੇ ਜਵਾਬ ਦੇ ਦਿੱਤਾ, ਬਈ ਤੁਸੀਂ ਸਾਰੇ ਜਾਉ ਚਾਹੇ ਨਾ ਜਾਉ, ਮੈਂ ਤਾਂ ਜਿੱਥੇ ਪਹੁੰਚਣਾ ਸੀ, ਪਹੁੰਚ ਗਿਆ। ਫਿਰ ਗੁਰੂ ਸਾਹਿਬ ਤਾਂ ਨਹੀਂ ਗਏ। ਕਹਿੰਦੇ, ਬੱਸ! ਜਿੱਥੇ ਮੈਂ ਆਉਣਾ ਸੀ ਆ ਗਿਆ। ਉਹ ਗੁਰੂ ਸਾਹਿਬ ਨੇ ਕਿਰਪਾ ਕਰਕੇ ਉਦੋਂ ਹੀ ਮਿਲਾ ਦਿੱਤਾ। ਉਹ ਜੋ ਮਾਈ ਸਭਰਾਈ ਨੇ ਕਿਹਾ ਸੀ, ਤੂੰ ਜਾਨੈ ਹਰ ਸਾਲ, ਤੂੰ ਦੇਵੀ ਦਾ ਭਗਤ ਹੈਂ। ਪਰ ਤੂੰ ਉਥੇ ਜਾਂਈਂ, ਦੇਵੀ ਉਥੇ ਝਾੜੂ

ਲਾਉਣ ਆਉਂਦੀ ਹੈ। ਉਹ ਉਹਦਾ ਯਕੀਨ ਕਰਕੇ ਆਇਆ ਫਿਰ ਨਾ ਗਿਆ, ਵੈਸ਼ਨੂੰ ਦੇਵੀ ਨੂੰ ਮੁੜਕੇ। ਉਹਦਾ ਮਨ, ਨਾਮ ਨਾਲ ਮਿਲ ਗਿਆ, ਬਖਸ਼ਿਸ਼ ਨਾਲ, ਨਾਮੀ ਪ੍ਰਾਪਤ ਹੋ ਗਿਆ, ਚਲ, ਝਗੜਾ ਮੁੱਕ ਗਿਆ । ਹਾਂ ਜੀ-

ਸਚੇ ਚਰਣ ਸਰੇਵੀਅਹਿ ਭਾਈ

ਸੱਚੇ ਪਰਮੇਸ਼ਰ ਦੇ ਚਰਨਾਂ ਦੀ ਸੇਵਾ ਕਰਿਆ ਕਰੋ।

ਨਿਰਗੁਣ ਤੇ ਸਰਗੁਣ ਥੀਆ॥

ਨਿਰਗੁਣ ਤੋਂ ਸਰਗੁਣ ਵੀ ਹੋ ਜਾਂਦਾ ਹੈ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਪੰਨਾ ੨੮੭)

ਹੁਣ ਇਨ੍ਹਾਂ ਸਾਰਿਆਂ ਦੇ ਵਿੱਚ ਰੱਬ ਨਹੀਂ ਬੈਠਾ? ਮੈਨੂੰ ਇੱਕ ਵੀ ਆਦਮੀ ਕੱਢ ਕੇ ਦਿਖਾਲ ਦਿਉ, ਜੀਹਦੇ ਹਿਰਦੇ ਦੇ ਵਿੱਚ ਰੱਬ ਨਾ ਹੋਵੇ, ਕੋਈ ਹੈ ਇਹੋ ਜਿਹਾ? ਹਾਂ, ਇਹ ਤੁਸੀਂ ਕਹੋ ਕਿ ਉਸਦੀ ਬੁੱਧੀ ਮੈਲੀ ਹੈ, ਕਿਸੇ ਸੰਸਕਾਰਾਂ ਵਿੱਚ ਫਸੀ ਹੋਈ ਹੈ, ਗਲਤ ਹੈ, ਐਂ ਤਾਂ ਕਹਿ ਸਕਦੇ ਹੋਂ। ਚੱਲ ਭਾਈ -

ਭ੍ਰਮੁ ਭਉ ਹੋਵੈ ਨਾਸੁ॥

ਤੁਹਾਨੂੰ ਜਿਹੜਾ ਭਰਮ ਪਿਆ ਹੋਇਐ, '**ਭਉ**' ਜਿਹੜਾ ਡਰ ਪਿਆ ਹੋਇਐ ਜਨਮ-ਮਰਨ ਦਾ, ਇਹ ਸਾਰਾ ਨਾਸ਼ ਹੋ ਜਾਏਗਾ। '**ਭ੍ਰਮੁ**' ਨੂੰ ਤੁਸੀਂ ਜਾਣਦੇ ਹੋ ਬਈ, ਭਰਮ ਦਾ ਕੀ ਅਰਥ ਹੈ? '**ਅਨਾਤਮ ਮੇਂ ਆਤਮ ਬੁੱਧੀ**' ਭਰਮ ਹੈ। ਝੂਠੇ ਪਦਾਰਥ ਨੂੰ ਸੱਚਾ ਮੰਨਣਾ, ਏਹੀ ਭਰਮ ਹੈ।

ਮੁਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥

(ਪੰਨਾ ੧੫੨)

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੦੮੩)

ਜਿਹੜੀ ਝੂਠੀ ਵਸਤੂ ਹੈ, ਉਸਨੂੰ ਤੁਸੀਂ ਸੱਚੀ ਮੰਨੀਂ ਬੈਠੇ ਹੋਂ। ਮਨ,

ਉਹਦੇ ਮੋਹ 'ਚ ਫਸਿਆ ਹੋਇਐ। ਐਨਾਂ ਤੁਹਾਡਾ ਪਰਮੇਸ਼ਰ ਵਿੱਚ ਪ੍ਰੇਮ ਨਹੀਂ ਲੱਗਿਆ, ਜਿੰਨਾਂ ਉਥੇ ਮੋਹ 'ਚ ਫਸਿਆ ਹੋਇਆ ਹੈ। ਇਹ, ਤੁਸੀਂ ਆਪ ਦੇਖ ਲਓ, ਜਿਸ ਦਿਨ ਤੁਹਾਡਾ ਮੋਹ ਟੁੱਟ ਗਿਆ, ਪ੍ਰੇਮ ਆ ਗਿਆ ਤੇ ਥੋਡੀ ਬਿਰਤੀ ਉਦੋਂ ਹੀ ਲੱਗ ਜਾਊਗੀ। ਹਾਂ ਜੀ-

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ

ਜਿਹੜੇ ਰੱਬ ਦੇ ਬਖਸ਼ੇ ਹੋਏ **'ਸੰਤ'** ਹੁੰਦੇ ਨੇ, ਉਨ੍ਹਾਂ ਦੇ ਨਾਲ ਮਿਲਕੇ, ਆਪਣੇ ਮਨ ਨੂੰ ਸਾਫ ਕਰ, ਭਾਈ! ਮਾਂਜ ਉਹਨੂੰ। ਓਸ ਸੰਤ ਨਾਲ ਮਿਲ, ਜਿਹੜਾ ਤੇਰੇ ਮਨ ਨੂੰ ਨਾਮ ਨਾਲ ਜੋੜ ਦੇਵੇ, ਤੇਰਾ ਮਨ ਸ਼ੁੱਧ ਹੋ ਜਾਏਗਾ, ਐਂ ਬਣੂੰਗਾ ਕੰਮ।

ਹਰਿ ਕੈ ਨਾਮਿ ਨਿਵਾਸੁ ॥

ਤੇਰੇ ਮਨ ਦਾ, ਹਰੀ ਦੇ ਨਾਮ ਵਿੱਚ ਨਿਵਾਸ ਹੋ ਜੂ। ਫੇਰ ਤੇਰਾ ਮਨ, ਨਾਮ ਨੂੰ ਨਹੀਂ ਛੱਡੇਗਾ। ਤੁਹਾਨੂੰ ਪਤਾ ਨਹੀਂ? ਤੁਸੀਂ ਸੁਖਮਨੀ ਸਾਹਿਬ ਬਹੁਤ ਪੜ੍ਹਦੇ ਹੋਵੋਂਗੇ-

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥

ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ ੨੯੩)

ਗੁਰੂ ਰਾਮਦਾਸ ਸੰਤ ਦੇ ਸਾਥ, ਅਸੀਂ ਆਪਣੇ ਅੰਦਰ ਰੱਬ ਦੇਖਿਆ, ਪੰਚਮ ਪਾਤਸ਼ਾਹ ਕਹਿੰਦੇ। ਹੁਣ ਸਾਨੂੰ ਉਹ ਕਦੇ ਭੁੱਲਦਾ ਨਹੀਂ, ਉਹੋ ਜਿਹੀ ਚੀਜ ਹੋਵੇ ਤਾਂ ਭੁੱਲੇ। ਜਦ ਫਰੀਦ ਆਇਆ, ਤਾਂ ਉਸਦੀ ਮਾਂ ਨੇ ਬੜਾ ਪਿਆਰ ਕੀਤਾ, ਕਈ ਚੀਜਾਂ ਉਹਦੇ ਅੱਗੇ ਰੱਖੀਆਂ। ਉਹ ਕਹਿੰਦੀ-ਤੈਨੂੰ ਇਹੋ ਜਿਹੇ ਪਦਾਰਥ ਮਿਲੇ ਨੇ ਕਿਤੇ? ਉਹ ਕਹਿੰਦਾ-

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ (ਪੰਨਾ ੧੩੭੯)

ਮਾਤਾ! ਇਹ ਉਹਦੇ ਵਰਗੀਆਂ ਮਿੱਠੀਆਂ ਨਹੀਂ ਹਨ। **'ਨਾਮ'** ਜਿੰਨੀਆਂ ਮਿੱਠੀਆਂ ਨਹੀਂ ਹਨ। ਤੁਸੀਂ ਸਾਰੀਆਂ ਚੀਜਾਂ ਮਿੱਠੀਆਂ ਮੈਨੂੰ ਦਿੱਤੀਆਂ, ਪਰ ਇਹ ਉਹੋ ਜਿਹੀਆਂ ਮਿੱਠੀਆਂ ਨਹੀਂ ਹਨ।

ਮਿਟੈ ਅੰਧੇਰਾ ਅਗਿਆਨਤਾ ਭਾਈ

ਤੇਰਾ ਅਗਿਆਨ ਦਾ ਹਨੇਰਾ, ਤੇਰੇ ਅੰਦਰ ਜਿਹੜੀ ਭੁੱਲ ਹੈ, ਜਿਹੜਾ ਤੈਨੂੰ ਪਰਮੇਸ਼ਰ ਦਾ ਦਰਸ਼ਨ ਨਹੀਂ ਹੋਇਆ, ਜਾਣੋ ਮਨ ਤਾਂ ਉਹਦੇ ਅਕਾਰ ਨਹੀਂ ਹੋਇਆ। ਇਹ ਸਾਰਾ ਅੰਧੇਰਾ ਮਿਟ ਜਾਏਗਾ ਤੇ ਅਗਿਆਨ ਆਪੇ ਹੀ ਚਲਿਆ ਜਾਊਗਾ।

ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥

(ਪੰਨਾ ੭੯੧)

ਤੁਸੀਂ, ਜਦੋਂ ਐਥੇ ਦੀਵਾ ਜਗਾ ਦੇਵੋਂਗੇ ਰਾਤ ਨੂੰ ਤਾਂ ਅੰਧੇਰਾ ਚਲਿਆ ਜਾਂਦਾ ਹੈ। ਜਦ ਥੋਡੇ ਮਨ ਦਾ ਸੂਰਜ ਜਾਗ ਪਿਆ, ਜਾਗਦੀ ਜੋਤ ਵਿੱਚ ਮਿਲ ਗਿਆ, ਥੋਡੀ ਬਿਰਤੀ ਦੀ ਲਿਵ ਲੱਗ ਗਈ, ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਏਗੀ। ਫਿਰ ਅਗਿਆਨ ਕਿੱਥੇ ਰੱਖੋਂਗੇ? **'ਅਗਿਆਨ'** ਨਾਮ ਦੀ ਵਸਤੂ ਰਹੀ ਹੀ ਨਹੀਂ, ਸਮਾਧੀ ਹੋ ਜਾਊ। ਹਾਂ ਜੀ–

ਕਮਲ ਹੋਵੈ ਪਰਗਾਸੁ॥

ਤੇਰੇ ਹਿਰਦੇ ਕਮਲ ਦੇ ਵਿੱਚ ਪ੍ਰਕਾਸ਼ ਹੋ ਜਾਊ। ਪ੍ਰਕਾਸ਼ ਰੂਪ ਤਾਂ ਪਹਿਲੇ ਬੈਠਾ ਹੈ ਉਥੇ। ਉਹੀ ਤੇਰਾ ਸਾਖਸ਼ੀ, ਚੇਤਨ, ਆਪਣਾ-ਆਪ ਹੈ, ਪਰ ਭੁੱਲ ਵਿੱਚ ਹੋਣ ਕਰਕੇ, ਤੈਨੂੰ ਉਸ ਗੱਲ ਦੀ ਸੋਝੀ ਨਹੀਂ ਹੋਈ।

ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ॥

ਇੱਕ ਸੰਤ, ਸਾਡੇ ਓਥੇ ਪੜ੍ਹਾਉਂਦੇ ਹੁੰਦੇ ਸੀ। ਬੜੇ ਪੜ੍ਹੇ ਲਿਖੇ, ਲਾਇਕ ਥੇ। ਉਹ ਜਦੋਂ ਗੱਲਾਂ ਕਰਦੇ ਸੀ, ਕਹਿੰਦੇ- ਓਏ! ਈਸ਼ਵਰ ਨੇ ਤੈਨੂੰ ਕਰਮਾਂ ਅਨੁਸਾਰ ਪੰਜਾਲੀ (ਬਲਦਾਂ ਦੇ ਜੋਤਣ ਲਈ) ਦੇ ਦਿੱਤੀ, ਲਾਹੁੰਦਾ ਕੋਈ ਨਹੀਂ। ਜਦ ਸਾਧਨ ਕਰੇਂਗਾ, ਉਹ ਈਸ਼ਵਰ ਆਪ ਹੀ ਗੁਰੂ ਬਣਕੇ ਪੰਜਾਲੀ 'ਚੋਂ ਕੱਢੇਗਾ। ਪੰਜਾਲੀ 'ਚੋਂ ਹੋਰ ਕੋਈ ਨਹੀਂ ਕੱਢਦਾ। ਕਹਿੰਦਾ - ਈਸ਼ਵਰ, ਗੁਰੂ ਨਾਨਕ ਥੇ -

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ (ਪੰਨਾ ੧੪੦੮)

ਓਹੀ ਥੇ ਜੋਤੀ ਸਰੂਪ, ਉਹਨੇ ਗੁਰੂ ਕਹਾਇਆ। ਇਨ੍ਹਾਂ ਨੇ ਕਿੰਨਿਆਂ

ਦੀਆਂ ਪੰਜਾਲੀਆਂ ਕੱਢ ਦਿੱਤੀਆਂ, ਝੰਡਾ ਬਾਢੀ ਤੇ ਹੋਰ ਕਿੰਨੇ ਜਣੇ ਨੇ ਜਿਹੜੇ ਬਖਸ਼ਤੇ। ਉਹ ਕਹਿੰਦਾ-ਓਏ! ਜਦ ਤੂੰ ਸੰਤਾਂ ਦੀ ਸਭਾ ਵਿੱਚ ਜਾਵੇਂਗਾ, ਮਨ ਨੂੰ ਮਾਂਜ ਲਵੇਂਗਾ, ਸ਼ੁੱਧ ਹੋ ਜਾਊ, ਤੇਰੇ ਅੰਦਰ ਪ੍ਰਕਾਸ਼ ਹੋ ਜਾਊ ਭਾਈ! ਹਾਂ ਜੀ -

ਮੇਰਾ ਤੇਰਾ ਛੋਡੀਐ ਭਾਈ

ਪਰ ਇਹ ਤੈਨੂੰ ਮਿਲੇਗਾ ਕੈਸੇ? ਕਹਿੰਦਾ, ਪਹਿਲਾਂ ਮੇਰ-ਤੇਰ ਗੁਆ ਦੇ, ਆਹ ਤੇਰਾ, ਆਹ ਮੇਰਾ। ਕਹਿੰਦਾ, ਮੇਰ-ਤੇਰ ਗੁਆ ਦੇ, ਸਭ ਸੇ ਬੜੀ ਬਿਮਾਰੀ ਦੁਨੀਆਂ ਵਿੱਚ ਇਹੀ ਹੈ। ਮੇਰਾ ਮੁੰਡਾ ਤਾਂ ਜਾਵੇ ਕਾਰ ਤੇ ਪੜ੍ਹਨ, ਤੇ ਇਨ੍ਹਾਂ ਦਾ ਮੁੰਡਾ ਜਾਵੇ ਜੁੱਤੀ ਤੋਂ ਬਿਨਾਂ ਨੰਗੀਂ ਪੈਰੀਂ, ਪਏ ਸਹੁਰਿਆਂ ਦੇ ਕੰਡੇ ਲੱਗਣ। ਇਹਨੂੰ ਆਖੋ, ਜਦ ਤੂੰ ਐਨਾਂ ਸਿਆਣਾ ਆਦਮੀ ਹੈਂ, ਜੇ ਤੈਨੂੰ ਆਪਣੇ ਮੁੰਡੇ ਵਾਸਤੇ ਕਾਰ ਲੈਣ ਦੀ ਤਾਕਤ ਹੈ, ਤਾਂ ਇਹਨੂੰ ਵੀ ਜੁੱਤੀ ਸਮਾ (ਸਿਲਾ) ਦੇ, ਪਰ ਨਹੀਂ, ਮੇਰਾ-ਤੇਰਾ ਤਾਂ ਛੱਡਣਾ ਹੀ ਨਹੀਂ ਹੈ। ਤਿੰਨ ਵਿਕਲਪ ਕੀਤੇ ਨੇ ਉਥੇ ਵੇਦਾਂਤ ਵਿੱਚ- ਮੈਂ, ਮੇਰਾ ਅਤੇ ਤੇਰਾ। ਕਹਿੰਦਾ, ਹੋਰ ਕੋਈ ਚੌਥੀ ਵਸਤੂ ਹੀ ਨਹੀਂ । ਇਸ ਕਰਕੇ, ਮੇਰ-ਤੇਰ ਗੁਆ ਦੇ, ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦੈ -

ਮੇਰ ਤੇਰ ਜਬ ਇਨਹਿ ਚੁਕਾਈ॥
ਤਾ ਤੇ ਇਸੁ ਸੰਗਿ ਨਹੀ ਬੈਰਾਈ॥ (ਪੰਨਾ ੨੩੫)

ਜਦ ਇਸਨੇ ਮੇਰ-ਤੇਰ ਗੁਆ ਦਿੱਤੀ, ਫਿਰ ਇਹਦੇ ਨਾਲ ਬੁਰਿਆਈ ਕੌਣ ਕਰੇਗਾ? ਮੇਰ-ਤੇਰ ਤਾਂ ਇਹ ਗੁਆਉਂਦਾ ਨਹੀਂ । ਚੱਲ ਭਾਈ -

ਹੋਈਐ ਸਭ ਕੀ ਧੂਰਿ॥

ਸਭ ਦੇ ਚਰਨਾਂ ਦੀ ਧੂੜ ਹੋ ਜਾ, ਹੰਕਾਰ ਤਿਆਗ ਦੇ। ਹੰਕਾਰ, ਜਿਹੜਾ ਤੇਰੇ ਅੰਦਰ ਹੈ, ਜਾਤੀ ਦਾ, ਮਜ਼ਬ ਦਾ, ਫਲਾਨਾ-ਧਿਮਕਾ, ਪੜ੍ਹਨ ਦਾ, ਵਿੱਦਿਆ ਦਾ ਉਹ ਸਭ ਤਿਆਗ ਦੇ। ਸਾਰਿਆਂ ਦੀ ਚਰਨ ਧੂੜ ਬਣ ਜਾ, ਬੱਸ ਇਹ ਹੰਕਾਰ ਛੱਡ ਦੇ। ਉਥੇ ਲਿਖਿਐ ਗੁਰੂ

ਸਾਹਿਬ ਨੇ ਸੁਖਮਨੀ ਸਾਹਿਬ ਦੇ ਵਿੱਚ –

ਆਪਸ ਕਉ ਆਪਿ ਦੀਨੋ ਮਾਨੁ ॥
ਨਾਨਕ ਪ੍ਰਭ ਜਨੁ ਏਕੋ ਜਾਨੁ ॥ (ਪੰਨਾ ੨੯੨)

ਉਹ ਕਹਿੰਦਾ, ਆਪਸ ਕੋ ਆਪੇ ਹੀ ਮਾਣ ਦੇਣਾ ਹੈਗਾ। ਤੇਰੇ ਅੰਦਰ ਜੋ ਆਤਮਾ ਹੈ, ਓਹੀ ਪਰਮਾਤਮਾ ਹੈ –

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥ (ਪੰਨਾ ੪੨੧)

ਤੂੰ ਅਮਰ ਹੋ ਜਾਏਂਗਾ –

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ (ਪੰਨਾ ੨੬੩)

ਉਹ ਅਮਰ ਕਰਨ ਵਾਲਾ ਨਾਮ, ਤੇਰੇ ਹਿਰਦੇ ਵਿਚ ਸਮਾ ਜਾਏਗਾ ਪਰ ਜੇ ਮੇਰ-ਤੇਰ ਛੱਡੇਂਗਾ ਤਾਂ। ਜੇ ਮੇਰ-ਤੇਰ ਦੇ ਝਗੜੇ ਵਿੱਚ ਫਿਰਦੇ ਨੇ ਸਾਰੀ ਉਮਰ ਲੰਘਾ ਦਿੱਤੀ, ਕੋਹਲੂ ਦੇ ਬਲ੍ਹਦ ਵਾਂਗ, ਫੇਰ ਕੀ ਬਣੂੰਗਾ? ਹੁਣ ਤੁਸੀਂ ਦੱਸੋ, ਤੁਹਾਡੇ ਵਿੱਚ ਮੇਰ- ਤੇਰ ਤਾਂ ਨਹੀਂ ਹੈ? ਮੈਨੂੰ ਲਗਦੈ, ਸ਼ਾਇਦ ਇੱਕ ਵੀ ਨਹੀਂ ਹੋਣਾ, ਜਿਹੜਾ ਮੇਰ-ਤੇਰ ਤਿਆਗਣ ਵਾਲਾ ਹੋਵੇ। ਇੱਕ ਵੀ ਨਹੀਂ ਹੈਗਾ, ਮੈਨੂੰ ਤਾਂ ਇਉਂ ਲਗਦੈ। ਜੇ ਕੋਈ ਹੈ ਤਾਂ ਦੱਸ ਦੇਵੇ? ਇਹ ਨੂੰ ਤਿਆਗੇ ਬਿਨਾਂ ਕੰਮ ਨਹੀਂ ਬਣਨਾ। ਫੇਰ, ਤੁਸੀਂ ਮੱਥਾ ਟੇਕਦੇ ਹੋਂ ਗੁਰੂ ਗ੍ਰੰਥ ਸਾਹਿਬ ਨੂੰ, ਬਚਨ ਤਾਂ ਮੰਨਦੇ ਨਹੀਂ।

ਘਟਿ ਘਟਿ ਬ੍ਰਹਮੁ ਪਸਾਰਿਆ ਭਾਈ

ਸਾਰਿਆਂ ਦੇ ਹਿਰਦੇ ਵਿੱਚ ਹੈ '**ਬ੍ਰਹਮੁ**' –

ਵਵਾ ਵੈਰੁ ਨ ਕਰੀਐ ਕਾਹੂ ॥
ਘਟ ਘਟ ਅੰਤਰਿ ਬ੍ਰਹਮ ਸਮਾਹੂ ॥ (ਪੰਨਾ ੨੫੯)

ਕਹਿੰਦਾ, ਓਏ! ਕਿਸੇ ਨਾਲ ਵੈਰ ਨਾ ਕਰ ਲਈਂ, ਸਾਰਿਆਂ ਦੇ ਹਿਰਦਿਆਂ ਦੇ ਵਿੱਚ ਰੱਬ ਬੈਠੈ, ਗੁੱਸੇ ਹੋ ਜਾਏਗਾ। ਇੱਕ ਕਹਿੰਦਾ, ਕੀ

ਕਰ ਲਊ ਗੁੱਸੇ ਹੋ ਕੇ? ਫੇਰ ਦੂਜਾ ਕਹਿੰਦਾ, ਸਹੁਰਿਆ ਜਹੰਨਮ ਵਿੱਚ ਜਾਵੇਂਗਾ, ਸਾਰੀ ਉਮਰ ਪਸ਼ਚਾਤਾਪ ਕਰੇਂਗਾ। ਇਉਂ ਗੱਲਾਂ ਕਰਦੇ ਹੁੰਦੇ ਸਾਧੂ ਕਦੇ-ਕਦੇ। ਏਸ ਕਰਕੇ ਭਾਈ! ਉਹ ਸਾਰਿਆਂ ਦੇ ਵਿੱਚ ਵਿਆਪਕ ਹੈ, ਪਰੀਪੂਰਨ ਹੈ, ਸਭ ਦੇ ਹਿਰਦੇ ਵਿੱਚ ਹੈ, ਉਹਦਾ ਤੁਹਾਨੂੰ ਪ੍ਰਕਾਸ਼ ਹੋ ਜਾਊ-

ਪੇਖੈ ਸੁਣੈ ਹਜੂਰਿ॥

ਇਹ ਨਾਲੇ ਉਹਨੂੰ ਦੇਖੇਗਾ, ਅਨੁਭਵ ਕਰੇਗਾ ਨਾਲੇ ਹਾਜਰਾ ਹਜੂਰ ਹੈ। ਸਭ ਸੇ ਪਹਿਲੇ ਤਾਂ ਪਰਮੇਸ਼ਰ ਹੀ ਹੈ। ਤੁਸੀਂ ਐਂ ਦੱਸੋ ਤੁਹਾਡਾ ਮਨ, ਬਿਰਤੀ ਜੀਹਨੂੰ ਕਹਿੰਦੇ ਨੇ ਜਾਂ ਚਿੱਤ ਕਹਿੰਦੇ ਨੇ, ਇੱਕੋ ਹੀ ਹੋਏਗਾ? ਕਦੇ ਚਿੰਤਾ ਕਰਦੇ ਹੋਵੋਂਗੇ, ਕਦੇ ਸੰਕਲਪ ਵਿਕਲਪ ਕਰਦੇ ਹੋਵੋਂਗੇ, ਕਦੇ ਨਿਸਚਾ ਕਰਦੇ ਹੋਵੋਂਗੇ, ਉਹ ਬਿਰਤੀ ਹੈ। ਉਹ ਪਹਿਲੇ ਹੈ? ਜਾਂ ਜਿਹੜਾ ਦੇਖਣੇ ਵਾਲੈ ਬਿਰਤੀ ਨੂੰ, ਉਹ ਪਹਿਲੇ ਹੈ? ਮੈਂ ਤੁਹਾਨੂੰ ਪੁੱਛਦਾਂ ਤੇ ਉਹ ਫੇਰ ਹਾਜਰਾ ਹਜੂਰ ਹੈ ਤੇ ਜਾਹਰਾ ਜਹੂਰ ਹੈ ਤੇ ਫੇਰ ਤੁਸੀਂ ਭੁੱਲ ਕਿਉਂ ਕਰਦੇ ਹੋਂ? ਜਾਂ ਮੈਂ ਕਿਉਂ ਭੁੱਲ ਕਰਦਾ ਹਾਂ? ਗਲਤ ਹੈ ਗੱਲ, ਪੂਰਾ ਥਹੁ ਹੀ ਨਹੀਂ ਆਇਆ। ਐਵੇਂ ਫਜ਼ੂਲ ਹੀ ਗੱਲਾਂ ਨੇ ਤੇ ਇਹ ਸੰਸਾਰੀ ਗੱਲਾਂ ਦੇ ਵਿੱਚ ਚਤੁਰ ਹੋ ਜਾਂਦੈ, ਪਰ ਇੱਥੇ ਤਾਂ ਨਹੀਂ ਹੋਣਾ? ਇਹ ਤਾਂ ਰੱਬੀ ਅਲਹਾਮ ਹੈ। ਇੱਥੇ ਤਾਂ ਪਹੁੰਚੋਂਗੇ ਕਿਸੇ ਦੀ ਕਿਰਪਾ ਦੁਆਰੇ, ਪਹਿਲਾਂ ਈਸ਼ਵਰੀ ਕਿਰਪਾ ਹੋਏਗੀ, ਫਿਰ ਪੂਰੇ ਗੁਰੂ ਦੀ ਕਿਰਪਾ ਹੋਊਗੀ, ਫੇਰ ਤੁਹਾਡਾ ਮਨ ਉਥੇ ਮਿਲ ਜਾਵੇਗਾ। ਲਿਖਿਆ ਹੈ -

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ (ਪੰਨਾ ੧੨੭੯)

ਗੁਰੂ ਦੇ ਵਿੱਚ ਬੈਠਕੇ ਪਰਮੇਸ਼ਰ ਨੇ ਸ਼ਬਦ ਵਰਤਾਇਆ। ਉਸ ਸ਼ਬਦ ਦੇ ਨਾਲ ਤੁਹਾਡੇ ਮਨ ਨੇ ਜੁੜਨਾ ਹੈ। ਜੇ ਮੇਰ-ਤੇਰ ਦੇ ਵਿੱਚ ਰਹੇ, ਫੇਰ ਤਾਂ ਬਹੁਤ ਦੂਰ ਹੋਂ, ਚਾਹੇ ਮੈਂ ਹਾਂ ਚਾਹੇ ਤੁਸੀਂ ਹੋਂ। ਇਸ ਕਰਕੇ, ਸਾਰਿਆਂ ਦੀ ਧੂੜ ਬਣ ਜਾ।

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ

ਜਿਹੜਾ ਸਾਰਿਆਂ ਦੇ ਵਿੱਚ ਵਿਆਪਕ ਹੈ, **'ਪਾਰਬ੍ਰਹਮੁ'** ਵਿਆਪਕ ਦਾ ਨਾਮ ਹੈ। ਪਾਰਬ੍ਰਹਮ, ਸਾਰੇ ਵਿਆਪਕ ਹੈ, ਤੈਨੂੰ ਉਹ ਭੁੱਲ ਗਿਆ।

ਤਿਤੁ ਦਿਨਿ ਮਰੀਐ ਝੂਰਿ॥

ਕਹਿੰਦੇ, ਤੂੰ ਝੂਰ-ਝੂਰ ਕੇ ਮਰੇਂਗਾ ਹਰਖ-ਸੋਗ ਦੇ ਵਿੱਚ। ਇਕੱਠੇ ਹੋ ਕੇ ਗੱਲਾਂ ਵੀ ਕਰੋਂਗੇ ਬਈ ਉਹ ਮਾੜਾ ਹੈ, ਆਹ ਚੰਗਾ ਹੈ। ਉਹ ਸਹੁਰੇ ਨੇ ਐਂ ਕੀਤਾ, ਆਪਾਂ ਐਂ ਕਰਾਂਗੇ। ਕਹਿੰਦਾ, ਐਂ ਝਗੜਿਆਂ ਦੇ ਵਿੱਚ ਮਰੋਂਗੇ। ਜੇ ਰੱਬ ਤੈਨੂੰ ਵਿੱਸਰ ਗਿਆ, ਫਿਰ ਐਂ ਝਗੜਿਆਂ ਵਿੱਚ ਪੈ ਜਾਏਂਗਾ, ਤੇਰੀ ਸਾਰੀ ਜਿੰਦਗੀ ਝਗੜਿਆਂ ਵਿੱਚ ਬੀਤ ਜਾਏਗੀ -

ਕਰਨ ਕਰਾਵਨ ਸਮਰਥੋ ਭਾਈ

ਕਹਿੰਦੇ-ਕਰਨ ਕਾਰਨ ਸਮਰੱਥ ਤਾਂ ਪਰਮੇਸ਼ਰ ਹੈ, ਜਿਹੜਾ ਉਹਨੇ ਕਰਨੈ, ਉਹ ਕਰ ਦੇਣਾ ਹੈ। ਮੈਂ ਐਤਕੀਂ ਚੱਲਿਆ ਧਨੌਲੇ ਤੋਂ, ਹੋ ਗਿਆ ਬਿਮਾਰ ਤੇ ਦਿੱਲੀ ਜਾਣਾ ਸੀ। ਮੈਂ ਆਖਿਆ, ਜਾਣਾ ਸੀ ਔਧਰ, ਜਾਨਾਂ ਐੱਧਰ ਨੂੰ ਹਾਂ। ਜੇ ਮੇਰੇ ਅਖਤਿਆਰ ਹੁੰਦਾ ਤਾਂ ਮੈਂ ਐੱਧਰ ਨੂੰ ਨਾਂ ਜਾਂਦਾ। ਇਸ ਕਰਕੇ, ਇਹਨੂੰ ਪਤਾ ਹੀ ਨਹੀਂ। ਉਹਨੂੰ ਪਤਾ ਹੈ ਸਾਰਾ, ਜੋ ਕੁੱਛ ਉਸਨੇ ਕਰਨਾ ਹੈ, ਉਹਦਾ ਕਰਿਆ ਪਿਐ। ਪਰ ਇਹਨੂੰ ਭੁਲੇਖਾ ਪਿਆ ਹੋਇਐ, ਭੁਲੇਖੇ ਵਿੱਚ ਫਸਿਆ ਪਿਐ। ਝਗੜਿਆਂ ਵਿੱਚ ਮਰੇਂਗਾ, ਸਾਰੀ ਉਮਰ ਕਦੇ ਮੁਕਦੇ ਨਹੀਂ ਝਗੜੇ। ਤੁਸੀਂ ਕਦੇ ਬਹਿੰਦੇ ਹੋਂ ਤੇ ਮਨੋ-ਰਾਜ ਕਰਦੇ ਹੋਂ ਅਤੇ ਹਵੇਲੀ ਵੀ ਬਣਾ ਲਵੋਂਗੇ, ਰੁਪੱਈਏ ਵੀ ਜਮ੍ਹਾਂ ਕਰ ਲਵੋਂਗੇ, ਹੁੰਦਾ ਕੱਖ ਵੀ ਨਹੀਂ। ਉਥੋਂ ਜਦ ਉਠਦੇ ਹੋਂ ਖਾਲੀ ਦੇ ਖਾਲੀ। ਸੁਪਨੇ ਵਿੱਚ ਕਈ ਚੀਜਾਂ ਦੇਖਦੇ ਹੋਂ, ਜਦ ਸੁਪਨੇ ਵਿੱਚੋਂ ਉਠਦੇ ਹੋਂ, ਤਾਂ ਕੁੱਛ ਨਹੀਂ ਹੁੰਦਾ, ਬੱਸ ਐਵੇਂ ਜਿੱਕਣ ਹੈ। ਜੇ ਰੱਬ ਨੂੰ ਭੁੱਲ ਗਏ ਤਾਂ ਥੋਡਾ ਠਿਕਾਣਾ ਕੋਈ ਨਹੀਂ, ਸਿੱਧੀ ਗੱਲ ਤਾਂ ਆਹੀ ਹੈ -

ਸਰਬ ਕਲਾ ਭਰਪੂਰਿ॥

ਉਹ ਸਾਰੀਆਂ ਸ਼ਕਤੀਆਂ ਕਰਕੇ ਪੂਰਨ ਹੈ। ਬ੍ਰਹਮ, ਪਰਮੇਸ਼ਰ ਜਿਹੜਾ ਹੈ ਭਾਈ! ਉਹਦੇ ਵਿੱਚ ਸਾਰੀਆਂ ਸ਼ਕਤੀਆਂ ਨੇ । ਇਹੋ

ਜਿਹੀ ਕੋਈ ਸ਼ਕਤੀ ਨਹੀਂ, ਜਿਹੜੀ ਉਹਦੇ ਵਿੱਚ ਨਾ ਹੋਵੇ। ਸਾਰੀਆਂ ਸ਼ਕਤੀਆਂ ਨਾਲ ਪੂਰਨ ਤਾਂ ਓਹੀ ਹੈ।

ਪ੍ਰੇਮ ਪਦਾਰਥੁ ਨਾਮੁ ਹੈ ਭਾਈ

ਇਹ ਤੁਹਾਨੂੰ ਪਤੈ, ਗੁਰੂ ਸਾਹਿਬ ਕਹਿੰਦੇ-ਇਹ ਖਾਸ ਬਾਤ ਹੈ, **'ਪ੍ਰੇਮ ਪਦਾਰਥੁ ਨਾਮੁ ਹੈ'**। ਤੁਸੀਂ ਸਮਝ ਗਏ? ਨਾਮ ਜਪੀ ਜਾਓ, ਪ੍ਰੇਮ ਆ ਜਾਊਗਾ ਇੱਕ ਦਿਨ। ਤੁਸੀਂ ਨਾਮ ਜਪੀ ਜਾਓ, ਕਿਸੇ ਦੇਵਤੇ ਦਾ ਨਾਮ ਜਪੀ ਜਾਓ ਤਾਂ ਉਹ ਦੇਵਤਾ ਪ੍ਰਗਟ ਹੋ ਜਾਊ। ਨਾਮ ਤੋਂ ਪ੍ਰੇਮ ਪੈਦਾ ਹੁੰਦਾ ਹੈ, ਪ੍ਰੇਮ ਤੋਂ ਨਾਮ ਨਹੀਂ ਪੈਦਾ ਹੁੰਦਾ। ਉਹ ਕਹਿੰਦਾ, ਨਾਮ ਪਦਾਰਥ ਜਿਹੜਾ ਹੈ, ਇਹ ਪ੍ਰੇਮ ਹੈ। ਨਾਮ ਤੁਹਾਡਾ ਚੱਲ ਜਾਏਗਾ ਜਦ, ਇੱਕ ਰਸ ਚੱਲ ਜਾਏ ਸਿਮਰਨ -

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)

ਕਹਿੰਦਾ, ਪ੍ਰੇਮ ਪ੍ਰਗਟ ਹੋ ਜਾਏਗਾ, ਨਾਮ ਤੋਂ ਪ੍ਰੇਮ ਪ੍ਰਗਟ ਹੁੰਦਾ ਹੈ। ਜੀਹਦਾ ਨਾਮ ਲਵੋਂਗੇ ਉਸੇ ਦਾ ਪ੍ਰੇਮ ਹੋ ਜਾਊ। ਕਿਸੇ ਦੀਆਂ ਗੱਲਾਂ ਕਰੋ, ਉਥੇ ਪਤਾ ਲੱਗ ਜਾਊ। ਜੀਹਦੇ ਨਾਲ ਤੁਹਾਡੀ ਮਿੱਤਰਤਾ ਹੈ, ਉਹਦੀ ਤੁਸੀਂ ਉਸਤਤੀ ਨਾ ਵੀ ਕਰੋ। ਕੋਈ, ਉਹਦੀ ਨਿੰਦਾ ਕਰਦਾ ਹੋਵੇ ਤੇ ਤੁਸੀਂ ਨਹੀਂ ਮੰਨੋਂਗੇ, ਕਿਉਂਕਿ ਤੁਸੀਂ ਉਹਨੂੰ ਜਾਣਦੇ ਹੋਂ ਕਿ ਉਹ ਲਾਇਕ ਆਦਮੀ ਹੈ। ਇਸ ਕਰਕੇ, ਭਾਈ! ਪਰਮੇਸ਼ਰ ਸਰਬੱਗ ਹੈ, ਸਭ ਜਾਣਨੇ ਵਾਲਾ ਹੈ। ਨਾਮ ਤੋਂ ਪ੍ਰੇਮ-ਪਦਾਰਥ ਪੈਦਾ ਹੁੰਦਾ ਹੈ। ਪ੍ਰੇਮ ਆਉਣੇ ਤੇ, ਆਹ ਸਾਰਾ ਕੂੜਾ ਚੱਕਿਆ ਜਾਂਦੈ। ਪ੍ਰੇਮੀ ਨੂੰ ਕੋਈ ਕਦੇ ਚੀਜ ਯਾਦ ਨਹੀਂ ਆਉਂਦੀ। ਤੁਹਾਨੂੰ ਪਤੈ? ਬਹੁਤ ਚੰਗੀ ਇੱਕ ਉਦਾਹਰਣ ਹੈ, ਬਈ ਕ੍ਰਿਸ਼ਨ ਆਇਆ ਬਿਦਰ ਦੇ ਘਰ, ਬਾਰ ਖੜਕਾਇਆ। ਪਹਿਲਾਂ ਤਾਂ ਉਹਨੂੰ (ਬਿਦਰ ਦੀ ਇਸਤ੍ਰੀ) ਏਹੀ ਨੀਂ ਪਤਾ ਰਿਹਾ ਕਿ ਮੈਂ ਨ੍ਹਾਉਂਦੀ ਹਾਂ, ਫਿਰ ਉਹ ਆਕੇ ਬਹਿ ਗਿਆ। ਉਹ ਖਾਣ ਲਈ ਕੇਲੇ ਦੇਣ ਲੱਗੀ, ਉਹ ਛਿਲਕੇ ਦੇਈ ਜਾਵੇ ਤੇ ਦੂਜੇ ਸੁੱਟੀ ਜਾਵੇ। ਜਦ ਬਿਦਰ ਆਇਆ, ਉਹ ਕਹਿੰਦਾ-ਤੂੰ ਕੀ ਕਰਦੀ ਐਂ? ਤੂੰ, ਖਾਣ ਵਾਲੀ ਚੀਜ ਇੱਧਰ ਸੁੱਟੀ ਜਾਨੀ ਐਂ ਤੇ ਛਿਲਕੇ ਐਧਰ

ਦੇਈ ਜਾਨੀਂ ਐਂ, ਇਹ ਤਾਂ ਸਾਡਾ ਇਸ਼ਟ, ਦੇਵ ਹੈ। ਉਹ ਕ੍ਰਿਸ਼ਨ ਕਹਿੰਦਾ – ਬਿਦਰ ! ਤੈਂ ਤਾਂ ਸਾਰਾ ਕੰਮ ਈ ਗੁਆ ਦਿੱਤਾ, ਕਹਿੰਦਾ – ਜਿਹੜਾ ਉਨ੍ਹਾਂ ਕੇਲਿਆਂ ਵਿੱਚ ਰਸ ਸੀ ਇਹਦੇ ਵਿੱਚ ਹੈ ਹੀ ਨਹੀਂ ਹੁਣ। ਕਹਿੰਦੇ, ਨਾ ਇਹਨੂੰ ਪਤਾ ਸੀ, ਨਾ ਮੈਨੂੰ ਪਤਾ ਸੀ। ਪ੍ਰੇਮ ਇੱਕ ਐਸੀ ਚੀਜ ਹੈ, ਪ੍ਰੇਮ ਬਹੁਤੀ ਉੱਚੀ ਚੀਜ ਹੈ। ਪ੍ਰੇਮ, ਪਰਮੇਸ਼ਰ ਨੂੰ ਮਿਲਾਉਣ ਵਾਲਾ ਹੈ। ਪਰ ਨਾਮ ਤੋਂ ਸ਼ੁਰੂ ਕਰੋ ਪਹਿਲੇ, ਜੋ ਗੁਰੂ ਨੇ ਨਾਮ ਦਿੱਤਾ ਹੈ, ਉਹਨੂੰ ਜਪੀ ਜਾਓ। ਤੁਹਾਨੂੰ ਦੱਸਿਆ ਸੀ, ਭਾਈ ! ਉਹ ਐਂ ਕਹਿੰਦਾ ਸੀ ਬਈ ਮੈਨੂੰ ਗੁਰੂ ਨਾਨਕ ਦਾ ਪ੍ਰਤੱਖ ਹੋਇਐ। ਉਦੋਂ ਦਾ ਮੇਰਾ ਨਿਸਚਾ ਬੱਝ ਗਿਆ।

ਮਾਇਆ ਮੋਹ ਬਿਨਾਸੁ ॥

ਜੇ ਤੈਂ ਨਾਸ ਹੋਣੈਂ, ਜਨਮ-ਮਰਨ ਵਿੱਚ ਜਾਣੈਂ ਤਾਂ ਮਾਇਆ ਦਾ ਮੋਹ ਕਰ ਲੈ। ਜੇ ਤੇਰੀ ਮਰਜੀ ਐ ਨਰਕ, ਸੁਰਗ ਦੇਖਣੈਂ ਤਾਂ ਮਾਇਆ ਵਿੱਚ ਮੋਹ ਪਾ ਲੈ –

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥
ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥ (ਪੰਨਾ ੧੪੨੬)

ਐਨਾਂ ਕਰਮ ਹੀ ਨਹੀਂ ਹੈ। ਹੁਣ ਤੁਸੀਂ ਦੇਖ ਲਵੋ, ਤੁਹਾਡਾ ਮਾਇਆ ਨਾਲ ਜਿਆਦਾ ਮੋਹ ਹੈ, ਕਿ ਰੱਬ ਨਾਲ ਪ੍ਰੇਮ ਹੈ? ਤੁਸੀਂ ਤੋਲ ਲਵੋ ਆਪਣੇ ਮਨ ਨੂੰ। ਇਹ ਤੁਸੀਂ ਇਕੱਲੇ ਬਹਿ ਕੇ ਤੋਲ ਲਿਓ ਕਿ ਪ੍ਰੇਮ ਰੱਬ ਨਾਲ ਜਿਆਦਾ ਹੈ ਕਿ ਮਾਇਆ ਨਾਲ ਮੋਹ ਜਿਆਦਾ ਹੈ? ਜੇ ਮਾਇਆ ਨਾਲ ਮੋਹ ਜਿਆਦਾ ਹੈ ਤਾਂ ਸਮਝ ਲਿਓ ਕਿ ਨਰਕ ਨੂੰ ਜਾਣਾ ਪਊਗਾ। ਫਿਰ ਨਾਂ ਤੂੰ ਖਿਆਲ ਕਰੀਂ ਬਈ ਕੋਈ ਹੋਰ ਮੋਹ ਨਰਕ ਨੂੰ ਲੈ ਕੇ ਜਾਂਦਾ ਹੈ। ਲਿਖਿਆ ਹੈ ਗ੍ਰੰਥਾਂ ਵਿੱਚ, ਪ੍ਰੇਮ ਨੇ ਰੱਬ ਨੂੰ ਮਿਲਾਉਣਾ ਹੈ। ਦਸਵੇਂ ਪਾਤਸ਼ਾਹ ਕਹਿੰਦੇ –

ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭੁ ਪਾਇਓ ॥

ਫਿਰ ਤੁਸੀਂ ਆਪ ਹੀ ਸੋਚ ਲਉ, ਚੱਲ –

ਤਿਸੁ ਭਾਵੈ ਤਾ ਮੇਲਿ ਲਏ ਭਾਈ

ਜੇ ਉਹਨੂੰ ਇਹ ਭਾਅ ਜਾਵੇ ਜੀਵ, ਤਾਂ ਆਪਣੇ ਨਾਲ ਮਿਲਾ ਲਵੇ। ਭਾਈ ਘਨੱਈਏ ਨੂੰ ਕਿਉਂ ਮਿਲਾ ਲਿਆ ਆਪਣੇ ਨਾਲ, ਹੋਰ ਉਥੇ ਕਿੰਨੇ ਸੀ, ਉਨ੍ਹਾਂ ਨੂੰ ਕਿਉਂ ਨਾ ਮਿਲਾ ਲਿਆ। ਇਹੋ ਜਿਹੀਆਂ ਬਹੁਤ ਉਦਾਹਰਣਾਂ ਹਨ। ਹਾਂ ਜੀ –

ਹਿਰਦੈ ਨਾਮ ਨਿਵਾਸੁ॥

ਹਿਰਦੇ ਦੇ ਵਿੱਚ ਨਾਮ ਦਾ ਨਿਵਾਸ ਹੋ ਜਾਊ। ਬਾਕੀ ਅਹੰਕਾਰ ਦਾ ਹਿਰਦੇ ਵਿੱਚ ਪਹਿਲਾਂ ਨਿਵਾਸ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦੋ ਰੋਗ ਬੜੇ ਲਿਖੇ ਨੇ –

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ (ਪੰਨਾ ੪੬੬)
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥

(ਪੰਨਾ ੯੧੯)

ਉਹ ਤੁਹਾਡੇ ਹਿਰਦੇ ਵਿੱਚ ਤੇ ਮੇਰੇ ਹਿਰਦੇ ਵਿੱਚ, ਕਬਜਾ ਹੈ ਅਹੰਕਾਰ ਦਾ, ਤੇ ਜਦ ਨਾਮ ਆ ਗਿਆ ਤੇ ਅਹੰਕਾਰ ਕਿੱਥੇ ਰਹਿ ਜਾਏਗਾ?

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

(ਪੰਨਾ ੫੬੦)

ਗੁਰੂ ਸਾਹਿਬ ਕਹਿੰਦੇ–ਏਹ ਦੋਵੇਂ ਇਕੱਠੇ ਨਹੀਂ ਰਹਿੰਦੇ। ਜਦ ਤੱਕ ਅਹੰਕਾਰ ਹੈ, ਉਦੋਂ ਤੱਕ ਉਥੇ ਨਾਮ ਨਹੀਂ ਹੁੰਦਾ। ਜਦ ਨਾਮ ਆ ਗਿਆ, ਅਹੰਕਾਰ ਨੇ ਆਪੇ ਹੀ ਭੱਜ ਜਾਣਾ ਹੈ, ਤੇ ਕਾਮ, ਕ੍ਰੋਧ ਆਪੇ ਹੀ ਮਗਰੇ ਬਿਸਤਰੇ ਬੰਨ੍ਹ ਕੇ ਚਲੇ ਜਾਣਗੇ। ਸਾਰੇ ਆਪਣੇ ਆਪ ਹੀ ਭੱਜ ਜਾਣਗੇ, ਇਹ ਹੈ ਦਵਾਈ।

ਗੁਰਮੁਖਿ ਕਮਲੁ ਪ੍ਰਗਾਸੀਐ ਭਾਈ

ਗੁਰਮੁਖਾਂ ਦਾ ਹਿਰਦਾ ਕਮਲ, ਪ੍ਰਗਾਸ ਹੋ ਜਾਂਦਾ ਹੈ, ਉਨ੍ਹਾਂ ਦੇ ਹਿਰਦੇ ਵਿੱਚ, ਪ੍ਰਕਾਸ਼ ਹੋ ਜਾਂਦਾ ਹੈ। ਗੁਰਮੁਖਾਂ ਦੇ –

ਚਉਥੇ ਪਦ ਮੇਂ ਸਹਜ ਹੈ ਗੁਰਮੁਖ ਪਲੈ ਪਾਇ।।

'ਚਉਥੇ ਪਦ ਮੇਂ ਸਹਜ ਹੈ' ਗਿਆਨ ਹੈ, ਪਰ ਪੱਲੇ ਗੁਰਮੁਖਾਂ ਦੇ ਪੈਣੈਂ, ਦੂਜੇ ਦੇ ਨਹੀਂ ਪੈਣਾ, ਚੱਲ ਭਾਈ –

ਰਿਦੈ ਹੋਵੈ ਪਰਗਾਸੁ।।

ਤੁਹਾਡੇ ਹਿਰਦੇ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋ ਜਾਊਗਾ। ਗੁਰੂ ਸਾਹਿਬ ਕਹਿੰਦੇ–ਭਾਈ! ਇਹ ਮਿਥਿਆ ਬਾਤ ਨਹੀਂ, ਇਹ ਤਾਂ ਅਲਹਾਮ ਹੈ। ਕੋਈ ਕਲਮ ਤਾਂ ਹੈ ਨਹੀਂ ਕਿਸੇ ਦੀ, ਜੋ ਗਲਤ ਹੋ ਜਾਊਗੀ। ਇੱਕ ਗੰਗਾ ਸਿੰਘ ਪ੍ਰਿੰਸੀਪਲ ਸੀ, ਉਹ ਮੇਰੇ ਕੋਲ ਆ ਗਿਆ। ਅਸੀਂ ਇਕੱਠੇ ਬੈਠ ਗਏ। ਫਿਰ ਤਾਂ ਬਹੁਤ ਹੀ ਮੁਹੱਬਤ ਕਰਨ ਲੱਗ ਪਿਆ, ਮੈਨੂੰ ਨਾਲ ਲੈ ਗਿਆ। ਕਹਿੰਦਾ–ਬਈ ਜਰੂਰ ਚੱਲਣਾ ਹੈ। ਅੱਗੇ ਮੋਟਰ ਤੇ ਚੱਲਾਂਗੇ ਨਾਨਕ ਮਤੇ। ਉਹਦੇ ਇੱਕ ਬਾਤ ਬੜੀ ਯਾਦ ਹੁੰਦੀ ਸੀ, ਕਹਿੰਦਾ–ਬ੍ਰਾਹਮਣ ਦੀ ਕਲਮ ਐੱਥੇ ਤੱਕ ਗਈ ਹੈ, ਫਲਾਣੇ ਦੀ ਐੱਥੇ ਤੱਕ ਗਈ ਹੈ। ਮੈਂ ਆਖਿਆ ਅਲਹਾਮ? ਕਹਿੰਦਾ, ਅਲਹਾਮ ਦੇ ਨਾਲ ਨਹੀਂ ਮਿਲੀ, ਅਲਹਾਮ ਤਾਂ ਰੱਬ ਦਾ ਹੁੰਦਾ ਹੈ, ਇੱਥੇ ਕਲਮ ਦਾ ਕੰਮ ਨਹੀਂ ਕੋਈ, ਇਹ ਤਾਂ ਰੱਬ ਦੀ ਚੀਜ ਹੈ ਭਾਈ। ਇਸ ਕਰਕੇ ਭਾਈ! ਇਹ ਸੱਚੀ ਚੀਜ ਹੈ।

ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ

ਪ੍ਰਭੂ ਦਾ ਪ੍ਰਤਾਪ ਸਾਰੇ ਪ੍ਰਗਟ ਹੈ। ਜਿਹੜੇ ਕੰਮ ਤੇ ਕਿਸੇ ਨੂੰ ਕੋਈ ਆਸ ਨਹੀਂ ਹੁੰਦੀ, ਉਨ੍ਹਾਂ ਦੇ ਕਰ ਦਿੰਦਾ ਹੈ, ਜਦੋਂ ਉਹਦੀ ਖੁਸ਼ੀ ਹੁੰਦੀ ਐ। ਬਿਦਰ ਦਾ ਕਰ ਦਿੱਤਾ, ਹੋਰ ਕਿੰਨੇ ਤੁਹਾਨੂੰ ਗਿਣਾ ਦਿੰਦੇ ਹਾਂ, ਸਾਰਿਆਂ ਦੇ ਕੰਮ ਕਰ ਦਿੰਦਾ ਹੈ। ਗਰੀਬਾਂ ਦੇ ਕਰ ਦਿੰਦਾ ਹੈ ਪਰ ਜਦ ਉਹ ਖੁਸ਼ ਹੋ ਜਾਏ ਤੇ ਗਿਆਨ ਵੀ ਦੇ ਸਕਦਾ ਹੈ। ਉਹਨੇ ਤਾਂ ਦੇਖਣਾ ਹੈ ਬਈ ਇਸ ਭਾਂਡੇ ਵਿੱਚ ਕੀ ਪਏਗਾ ਤੇ ਪਹਿਲਾਂ ਇਸ ਭਾਂਡੇ ਵਿੱਚ ਕੀ ਪਿਆ ਹੈ। ਉਹ ਤਾਂ ਸਰਬੱਗ ਹੈ। ਪਹਿਲਾਂ ਤੁਹਾਡਾ ਹਿਰਦਾ ਦੇਖੇਗਾ ਬਈ ਇਹਦੇ ਹਿਰਦੇ ਵਿੱਚ ਅੰਮ੍ਰਿਤ **'ਨਾਮ'** ਪਾਇਆ ਜਾਊ ਕਿ ਕੁੱਛ ਹੋਰ ਪਾਇਆ ਜਾਊ। ਪਰ ਤੁਹਾਡੀ ਮੰਗ ਕੋਈ ਹੋਰ ਹੋਊ, ਤੁਹਾਡੀ ਤਾਂ ਮੰਗ ਮਾਇਆ ਦੀ ਹੈ, ਹੁਣ ਉਹ ਤੁਹਾਡੇ ਹਿਰਦੇ ਵਿੱਚ ਨਾਮ ਕੈਸੇ ਪਾ ਦੇਵੇ? ਉਹ ਤੁਹਾਡੀ ਮੰਗ ਦੇ ਨਾਲ ਹੀ ਆਉਣਾ ਹੈ

ਨਾਮ, ਤੇ ਮੰਗ ਤਾਂ ਤੁਹਾਡੀ ਹੋਏਗੀ ਮਾਇਆ ਦੀ, ਉਹ ਨਾਮ ਕੈਸੇ ਪਾ ਦੇਊ ਤੁਹਾਡੇ ਹਿਰਦੇ ਵਿੱਚ? ਮਾਇਆ ਦੇ ਦੇਊਗਾ ਖੁਸ਼ ਹੋਇਆ ਵਾ। ਤੁਹਾਡਾ ਸਕਾਮ ਕਰਮ ਹੈ, ਚਾਹੇ ਨਿਸ਼ਕਾਮ ਕਰਮ ਹੈ, ਉਹਦਾ ਫਲ ਹੋ ਜਾਏਗਾ।

ਮਉਲਿਆ ਧਰਤਿ ਅਕਾਸੁ॥

ਕੋਈ ਇਹੋ ਜਿਹੀ ਜਗ੍ਹਾ ਨਹੀਂ, ਜਿੱਥੇ ਪਰਮੇਸ਼ਰ ਨਹੀਂ ਮਉਲਿਆ ਹੈ। ਸਾਰੇ ਵਿਆਪਕ ਹੈ, ਇਹ ਪ੍ਰਫੁੱਲਤ ਹੈ, ਸਾਖਸ਼ਾਤ ਹੈ।

ਗੁਰਿ ਪੂਰੈ ਸੰਤੋਖਿਆ ਭਾਈ

ਪੂਰਨ ਗੁਰੂ ਨੇ, ਜਦ ਤੇਰੇ ਮਨ ਨੂੰ ਨਾਮ ਦੇ ਨਾਲ ਜੋੜਕੇ, ਇੱਕ ਕਰ ਦਿੱਤਾ, ਥੋਨੂੰ ਸੰਤੋਖ ਆਪੇ ਹੀ ਆ ਜਾਏਗਾ। ਤੁਹਾਡੇ ਮਨ ਦੇ ਵਿੱਚ, ਕੋਈ ਉਹੋ ਜਿਹੀ ਨਾਮ ਜੈਸੀ ਵਸਤੂ ਹੈ ਹੀ ਨਹੀਂ। ਨਾਮ ਜੈਸੀ ਵਸਤੂ ਤਾਂ ਹੈ ਹੀ ਨਹੀਂ ਕੋਈ ਦੁਨੀਆਂ ਦੇ ਵਿੱਚ। ਨਾਮ-ਨਾਮੀ ਦਾ ਤਾਂ ਅਭੇਦ ਹੈ -

ਅਹਿਨਿਸਿ ਲਾਗਾ ਭਾਉ॥

ਭਾਈ! ਰਾਤਰੀ, ਦਿਨ ਤੁਹਾਡਾ ਪ੍ਰੇਮ ਲੱਗ ਜਾਏਗਾ।

ਰਸਨਾ ਰਾਮੁ ਰਵੈ ਸਦਾ ਭਾਈ

ਉਹ ਰਸਨਾ ਦੇ ਨਾਲ, ਰਾਮ ਦਾ ਉਚਾਰਣ ਕਰੇਗਾ। '**ਰਵੈ**' ਦਾ ਅਰਥ ਹੈ ਉਚਾਰਣ। ਉਹ ਹਮੇਸ਼ਾਂ ਹੀ ਉਹਦੇ ਮੁੱਖੋਂ ਨਾਮ ਨਿਕਲੇਗਾ। ਮੈਂ ਇੱਕ ਗੱਲ ਸੁਣੀ ਹੈ ਤੇ ਆਪ ਦੇਖੀ ਨਹੀਂ। ਹੀਰਾ ਸਿੰਘ ਇੱਕ ਰਾਜਾ ਹੁੰਦਾ ਸੀ ਨਾਭੇ ਦਾ। ਉਹ ਕਿਸੇ ਸੰਤ ਨੂੰ ਕਹਿੰਦਾ-ਤੁਹਾਡੇ ਸੰਤਾਂ ਨਾਲੋਂ ਸਾਡੇ ਫੌਜੀ ਚੰਗੇ ਨੇ ਕਿ ਤੁਸੀਂ ਚੰਗੇ ਹੋ? ਸੰਤ ਕਹਿੰਦਾ, ਦੇਖ ਲੈ। ਇਹ ਗੱਲ, ਮੈਨੂੰ ਸੰਤਾਂ ਨੇ ਸੁਣਾਈ ਹੈ। ਅਖੇ ਕੈਸੇ? ਜਦੋਂ ਸੁੱਤੇ ਪਏ ਹੋਣਗੇ ਤੁਸੀਂ ਠੰਡਾ ਪਾਣੀ ਮਾਰਿਓ ਇਨ੍ਹਾਂ ਤੇ। ਪਹਿਲਾਂ ਹੀਰਾ ਸਿੰਘ ਉਨ੍ਹਾਂ ਨੂੰ ਨਾਲ ਲੈ ਗਿਆ, ਉਹਨੇ ਉਹਦੇ ਫੌਜੀਆਂ ਤੇ ਛੱਟੇ ਮਾਰੇ। ਫੜ ਲਓ! ਫੜ ਲਓ! ਫੜ ਲਓ! ਐਸ ਤਰ੍ਹਾਂ ਬੋਲੇ ਜੋ ਉਨ੍ਹਾਂ ਦੇ ਅੰਦਰ ਸੀ। ਪਿੱਛੋਂ, ਉਨ੍ਹਾਂ ਸਾਰਿਆਂ ਨੇ ਉਹੀ ਠੰਡਾ ਪਾਣੀ ਸੰਤਾਂ ਤੇ ਛਿੜਕਿਆ

ਉਵੇਂ ਜਿੱਕਣ। ਉਹ ਕਹਿੰਦੇ-ਰਾਮ! ਰਾਮ! ਕੋਈ ਕਹਿੰਦਾ-ਹਰੇ ਰਾਮ! ਕੋਈ ਕਹਿੰਦਾ-ਸਤਿਨਾਮ! ਉਹ ਕਹਿੰਦਾ-ਹੁਣ ਤੁਸੀਂ ਦੇਖ ਲਓ, ਏਧਰੋਂ ਕੀ ਨਿੱਕਲਿਆ ਤੇ ਉਧਰੋਂ ਕੀ ਨਿੱਕਲਿਆ। ਜੋ ਕੁੱਛ ਜੀਹਦੇ ਅੰਦਰ ਸੀ, ਉਹੀ ਨਿੱਕਲਣਾ ਸੀ।

ਸਾਚਾ ਸਾਦੁ ਸੁਆਉ ॥

ਇਹ ਜਿਹੜਾ ਸੁਆਦ ਹੈ, ਸੱਚਾ ਸੁਆਦ ਹੈ ਭਾਈ! ਨਾਮ ਦੇ ਨਾਲ ਮਨ ਦਾ ਜੁੜ ਜਾਣਾ, ਪਰਮੇਸ਼ਰ ਨੂੰ ਮਿਲ ਜਾਣਾ, ਇਹ ਸਭ ਨਾਲੋਂ ਸੱਚਾ ਸੁਆਦ ਹੈ, ਏਹੀ ਲਿਵ ਹੈ।

ਕਰਨੀ ਸੁਣਿ ਸੁਣਿ ਜੀਵਿਆ ਭਾਈ

ਇਹ ਕੰਨਾਂ ਦੇ ਨਾਲ ਜੇ ਨਾਮ ਸੁਣੇ ਤਾਂ ਵੀ ਇਸਨੂੰ ਜੀਵਨ ਪ੍ਰਾਪਤ ਹੋ ਜਾਂਦਾ ਹੈ। ਕਦੇ ਤਾਂ ਥਹੁ ਆਏਗਾ ਹੀ। ਇਸ ਕਰਕੇ, ਇਹਦਾ ਮਨ ਵੀ ਉੱਧਰ ਲੱਗ ਜਾਏਗਾ। '**ਕਰਨ**' ਨਾਉਂ ਹੈ ਕੰਨਾਂ ਦਾ। ਕੰਨਾਂ ਨਾਲ ਵੀ ਨਾਮ ਸੁਣਨਾ ਅੱਛਾ ਹੈ। ਬਹੁਤੇ ਕਹਿੰਦੇ ਬਾਣੀ, ਨਾਲ ਤੂੰ ਕੀ ਕਰਦੈਂ? ਇੱਕ ਉਥੇ ਸੀ, ਅਸੀਂ ਇੱਕ ਪਿੰਡ ਰਹਿੰਦੇ ਸੇ। ਉਹ ਮਾਲਾ ਫੇਰਦਾ ਹੁੰਦਾ ਸੀ, ਦਰਵਾਜੇ ਬੈਠਕੇ। ਦੋ ਚਾਰ ਬੈਠ ਜਾਂਦੇ ਗੱਲਾਂ ਕਰਦੇ ਸੀ ਲੋਕਾਂ ਦੀਆਂ, ਫਲਾਣੇ ਦਾ ਐਂ ਅਤੇ ਫਲਾਣੇ ਦਾ ਐਂ ਹੈ। ਬਾਲਕ ਰਾਮ, ਉਥੇ ਇੱਕ ਸੀ ਪੜ੍ਹਿਆ ਲਿਖਿਆ, ਉਹ ਮੇਰੇ ਕੋਲ ਆਉਂਦਾ ਹੁੰਦਾ ਸੀ। ਉਹ ਉਨ੍ਹਾਂ ਨੂੰ ਕਹਿੰਦਾ- ਜੇ ਰੱਸਾ ਵੱਟ ਲਵੋਂ ਤਾਂ ਡੰਗਰਾਂ ਨੂੰ ਪਾ ਲਵੋਂਗੇ, ਘਾਹ ਖੋਤ ਲਉਂ ਤਾਂ ਡੰਗਰਾਂ ਨੂੰ ਪਾ ਲਉਂਗੇ, ਇਹ ਤੁਸੀਂ ਕੀ ਕਰਦੇ ਹੋਂ ਸਾਰਾ ਦਿਨ, ਮਾਲਾ ਘਸਾਈ ਜਾਂਦੇ ਹੋਂ? ਉਹ ਮੈਨੂੰ ਕਹਿੰਦੇ - ਤੁਹਾਡਾ ਭਗਤ ਕੀ ਕਹਿੰਦਾ ਹੈ? ਮੈਂ ਆਖਿਆ, ਕੀ ਕਹਿੰਦਾ ਹੈ? ਉਹ ਕਹਿੰਦਾ, ਇਹ ਐਂ ਫੇਰਦੇ ਨੇ ਮਾਲਾ ਤੇ ਗੱਲਾਂ ਇਉਂ ਕਰਦੇ ਨੇ ਬਈ ਫਲਾਣੇ ਦਾ ਖੇਤ ਚੰਗਾ ਹੈ, ਫਲਾਣੇ ਦੀ ਘਰ ਵਾਲੀ ਚੰਗੀ ਐ, ਫਲਾਣੇ ਦੀ ਐਂ ਹੈ, ਇਹ ਪਾਗਲ ਨਹੀਂ ਤਾਂ ਕੀ ਨੇ? ਮੈਂ ਕਿਹਾ, ਗੱਲ ਤਾਂ ਬਈ ਇਹਦੀ ਠੀਕ ਹੈ। ਉਹ ਕਹਿੰਦਾ, ਫਾਇਦਾ ਕੀ ਤੁਹਾਡੀ ਮਾਲਾ ਫੇਰਨ ਦਾ, ਕਿਉਂ ਹੱਥ ਘਸਾਉਂਦੇ ਹੋਂ? ਮੈਂ ਕਿਹਾ - ਗੱਲ ਤਾਂ ਇਸ ਦੀ ਸੱਚੀ ਹੈ। ਉਹ ਕੰਨ ਨਾਲ ਸੁਣੇ,

ਆਪਣੀ ਬਿਰਤੀ ਨੂੰ ਜੋੜਕੇ –

ਆਪਿ ਉਪਦੇਸੈ ਸਮਝੈ ਆਪਿ ॥
ਆਪੇ ਰਚਿਆ ਸਭ ਕੈ ਸਾਥਿ ॥ (ਪੰਨਾ ੨੭੯)

ਉਹ ਆਪ ਹੀ ਉਪਦੇਸ਼ ਕਰਦਾ ਹੈ, ਐਧਰ ਬੈਠਾ ਤੇ ਉਧਰ ਸੁਣਦਾ ਵੀ ਆਪ ਹੈ ਬਿਰਤੀ ਦੁਆਰਾ ਤੇ ਸਾਰਿਆਂ ਵਿੱਚ ਮਿਲਿਆ ਹੋਇਆ ਵੀ ਉਹੀ ਰੱਬ ਹੈ, ਇਹ ਤਾਂ ਪਰਮਾਰਥੀ ਬਾਤ ਹੈ। ਜਿਹੜੀਆਂ ਸਾਡੀਆਂ ਬਾਤਾਂ ਨੇ ਇਹ ਤਾਂ ਫਜ਼ੂਲ ਹੁੰਦੀਆਂ ਨੇ। ਇਹ ਤਾਂ ਐਵੇਂ ਆਦਤ ਪੈ ਜਾਂਦੀ ਹੈ, ਜਿਸ ਤਰ੍ਹਾਂ ਕਿਸੇ ਦੀ ਵਗਾਰ ਕੱਢਣੀ ਹੁੰਦੀ ਹੈ। ਦਰਵਾਜੇ ਬੈਠ ਗਏ, ਕਦੇ ਕਿਤੇ ਬੈਠ ਗਏ ਬੱਸ ਗੱਪਾਂ ਮਾਰੀ ਗਏ। ਉਥੇ ਇੱਕ ਪੰਡਿਤ ਆ ਗਿਆ, ਮੇਰੇ ਕੋਲ ਪੜ੍ਹਦਾ ਹੁੰਦਾ ਸੀ, ਉਥੇ ਹੀ ਆਕੇ ਇੱਕ ਜੱਟ, ਗੱਲਾਂ ਕਰਨ ਲੱਗ ਪਿਆ। ਉਹ ਪੰਡਿਤ ਕਹਿੰਦਾ, ਖੁੰਢ ਗਿਆਨ ਉਥੇ ਕਰਿਆ ਕਰੋ ਓਏ! ਜਾਕੇ ਆਪਣੇ ਘਰ। ਐਥੇ ਤਾਂ ਬਾਣੀ ਸੁਣੋ ਜਾਂ ਬਾਣੀ ਦੀਆਂ ਗੱਲਾਂ ਕਰੋ, ਏਥੇ ਖੁੰਢ ਗਿਆਨ ਦਾ ਕੋਈ ਕੰਮ ਨਹੀਂ। ਪੰਡਿਤ ਕਹਿੰਦਾ, ਇੱਥੇ ਆਕੇ ਖੁੰਢ ਗਿਆਨ ਸ਼ੁਰੂ ਕਰ ਦਿੰਦੇ ਨੇ, ਇਹ ਤਾਂ ਖੁੰਢਾਂ ਤੇ ਬੈਠਕੇ ਕਰੀਦਾ ਹੈ। ਇੱਥੇ ਅਖੇ, ਨਾਲੇ ਬਾਣੀ ਸੁਣਦੇ ਨੇ, ਨਾਲੇ ਗੱਲਾਂ ਕਰਦੇ ਨੇ। ਮੈਂ ਆਖਿਆ ਗੱਲ ਤਾਂ ਇਹਦੀ ਠੀਕ ਹੈ। ਕਹਿੰਦੇ – ਹਾਂ ਜੀ, ਹੈ ਤਾਂ ਠੀਕ। ਏਸ ਕਰਕੇ, ਐਂਵੇਂ ਫਜ਼ੂਲ ਗੱਲਾਂ ਮਾਰੀ ਜਾਣੀਆਂ, ਗੱਪਾਂ, ਕਿਸੇ ਦੀ ਉਸਤਤੀ, ਕਿਸੇ ਦੀ ਨਿੰਦਾ, ਸਭ ਗਲਤ ਹੈ ਭਾਈ! ਚੱਲੀਏ–

ਨਿਹਚਲੁ ਪਾਇਆ ਥਾਉ ॥

ਉਹ ਜਗ੍ਹਾ ਨਿਸਚਲ, ਜਿਹੜੀ ਹਿਲਣੇ ਵਾਲੀ ਨਹੀਂ, ਅਟੱਲ ਪਦਵੀ ਪਰਮੇਸ਼ਰ, ਜਿਹੜਾ ਧਰੂਅ ਨੇ ਪਾਇਆ ਸੀ, ਉਹ ਜਗ੍ਹਾ ਤੁਹਾਨੂੰ ਮਿਲ ਜਾਊਗੀ। ਪਰਮੇਸ਼ਰ ਦੇ ਵਿੱਚ ਤੁਹਾਡਾ ਮਨ ਸਥਿੱਤ ਹੋ ਜਾਊਗਾ।

ਅਚਲ ਮੂਰਤਿ ਅਨੁਭਵ ਪ੍ਰਕਾਸ ॥ (ਦਸਮ ਗ੍ਰੰਥ)

ਪ੍ਰਕਾਸ਼ ਹੋ ਜਾਵੇਗਾ, ਜਦ ਤੁਹਾਡਾ ਮਨ ਟਿਕ ਗਿਆ, ਅਨੁਭਵ

ਪ੍ਰਕਾਸ਼ ਹੋ ਜਾਵੇਗਾ। ਇਹ ਦਸਮ ਪਾਤਸ਼ਾਹ ਦਾ ਬਚਨ ਹੈ।

ਜਿਸੁ ਪਰਤੀਤਿ ਨ ਆਵਈ ਭਾਈ

ਜਿਸਦਾ ਨਿਸਚਾ ਨਹੀਂ ਹੋਇਆ ਨਾਮ ਵਿੱਚ ਜਾਂ ਨਾਮੀ ਵਿੱਚ, ਪਰਮੇਸ਼ਰ ਵਿੱਚ, ਗੁਰ-ਪਰਮੇਸ਼ਰ ਵਿੱਚ –

ਸੋ ਜੀਅੜਾ ਜਲਿ ਜਾਉ ॥

ਕਹਿੰਦੇ – ਉਹ ਜੀਵ, ਜਲ ਕੇ ਕਿਉਂ ਨਾ ਮਰ ਜਾਏ, ਉਹਦਾ ਫਾਇਦਾ ਕੀ ਹੋਇਆ? ਉਹਦੇ ਤੋਂ ਤਾਂ ਨਿਸਚਾ ਹੀ ਨਹੀਂ ਹੋਇਆ। ਉਹਦਾ ਮਨ ਟਿਕਿਆ ਹੀ ਨਹੀਂ, ਉਹ ਜਲ ਜਾਏ। ਗੁਰੂ ਸਾਹਿਬ ਗੱਲ ਵੀ ਕਰਦੇ ਨੇ, ਸਿਰੇ ਤੱਕ ਜਾਂਦੇ ਨੇ –

ਬਹੁ ਗੁਣ ਮੇਰੇ ਸਾਹਿਬੈ ਭਾਈ

ਮੇਰੇ ਸਾਹਿਬ ਦੇ ਵਿੱਚ ਬਹੁਤ ਗੁਣ ਹਨ, ਗਿਣਤੀ ਵਿੱਚ ਨਹੀਂ ਆਉਂਦੇ। '**ਬਹੁ**' ਦਾ ਅਰਥ ਹੈ ਜਿਹੜੇ ਗਿਣਤੀ ਵਿੱਚ ਨਹੀਂ ਆਉਂਦੇ। ਮੇਰੇ ਸਾਹਿਬ (ਮਾਲਕ) ਦੇ ਵਿੱਚ ਬਹੁਤ ਗੁਣ ਹਨ, ਗੁਰੂ ਸਾਹਿਬ ਕਹਿੰਦੇ –

ਹਉ ਤਿਸ ਕੈ ਬਲਿ ਜਾਉ ॥

ਮੈਂ ਤਾਂ ਉਸ ਪਰਮੇਸ਼ਰ ਦੇ ਬਲਿਹਾਰ ਜਾਂਦਾ ਹਾਂ, ਬੱਸ! ਮੈਂ ਹੋਰ ਕੁੱਛ ਨਹੀਂ ਜਾਣਦਾ।

ਓਹੁ ਨਿਰਗੁਣੀਆਰੇ ਪਾਲਦਾ ਭਾਈ

ਜਿਨ੍ਹਾਂ ਵਿੱਚ ਕੋਈ ਗੁਣ ਨਹੀਂ, ਉਨ੍ਹਾਂ ਨੂੰ ਵੀ ਪਾਲਦਾ ਹੈ। ਸ਼ੇਰ, ਤੁਹਾਨੂੰ ਕੀ ਸੁੱਖ ਦਿੰਦਾ ਹੈ? ਰਿੱਛ, ਵੀ ਕੀ ਸੁੱਖ ਦਿੰਦੇ ਹਨ? ਭਲਾ, ਇਹ ਤਾਂ ਕੁੱਛ ਸੁੱਖ ਦਿੰਦੇ ਹੋਣਗੇ। ਕਈ ਚੀਜਾਂ ਤਾਂ, ਇਹੋ ਜਿਹੀਆਂ ਨੇ ਨੁਕਸਾਨ ਪਹੁੰਚਾਣ ਵਾਲੀਆਂ, ਉਨ੍ਹਾਂ ਦੀ ਵੀ ਪਾਲਣਾ ਕਰਦਾ ਹੈ। ਐਂ ਤਾਂ ਨੀ ਬਈ ਕਿਸੇ ਨੂੰ ਅੰਨ ਨਾ ਦੇਵੇ, ਪਾਲਣਾ ਨਾ ਕਰੇ, ਰਖਸ਼ਾ ਨਾ ਕਰੇ। ਜਿਸ ਵਕਤ ਯਾਦ ਕਰੋਂਗੇ, ਉਸੇ ਵਕਤ ਹਾਜਰ ਹੋ ਜਾਏਗਾ। ਪਰ ਯਾਦ ਹੋਵੇ ਉਸੇ ਦੀ, ਹੋਰ ਨਾ ਕੋਈ ਹੋਵੇ ਵਿਚਾਲੇ। ਪਰ ਲੋਕਾਂ ਦਾ ਤਾਂ ਹੋਰ ਈ ਕੰਮ ਹੈ, ਉਹ ਪਰਮੇਸ਼ਰ ਨੂੰ ਯਾਦ ਕਰਨਗੇ,

ਦਰਖਾਸਤ ਹੋਰ ਲਿਖੀ ਹੋਏਗੀ। ਜੀ ਆਹ ਮਿਲ ਜਾਏ, ਜੀ ਆਹ ਮਿਲ ਜਾਏ, ਫਲਾਣਾ ਮਿਲ ਜਾਏ। ਉਹ ਤਾਂ ਸਰਬੱਗ ਹੈ।

ਇੱਕ, ਸੰਤ ਈਸ਼ਰ ਦਾਸ, ਬੜਾ ਲਾਇਕ ਸੀ। ਉਹਦੇ ਕੋਲ ਕੁੱਛ ਆਰੀਆ ਸਮਾਜੀ ਆ ਗਏ, ਝਨਾਂ ਦੇ ਕਿਨਾਰੇ। ਉਹ ਕਹਿੰਦੇ, ਜੀ ! ਉਹਨੇ (ਅਜਾਮੱਲ ਨੇ) 'ਨਾਰਾਇਣ' ਕਿਹਾ ਆਪਣੇ ਪੁੱਤ ਨੂੰ, ਫਿਰ ਪਰਮੇਸ਼ਰ ਕਿਉਂ ਆਇਆ ਅਜਾਮੱਲ ਕੋਲ? ਉਹ ਸੰਤ ਕਹਿੰਦੇ, ਪਰਮੇਸ਼ਰ ਦਾ ਦਿਮਾਗ ਹਿੱਲ ਗਿਆ ਹੋਊਗਾ। ਉਹ ਸਮਾਜੀ ਕਹਿੰਦੇ, ਉਹਦਾ ਦਿਮਾਗ ਤਾਂ ਹਿਲਦਾ ਹੀ ਨਹੀਂ। ਫਿਰ ਸੰਤਾਂ ਨੇ ਕਿਹਾ, ਤੁਸੀਂ ਪਾਗਲ ਨਹੀਂ? ਉਹ ਸਰਬੱਗ ਹੈ ਕਿ ਨਹੀਂ? ਅਖੇ ਜੀ ! ਸਰਬੱਗ ਤਾਂ ਹੈ, ਮੰਨਦੇ ਹਾਂ। ਲੇਕਿਨ ਉਸਨੇ ਤਾਂ ਆਪਣੇ ਮੁੰਡੇ ਨੂੰ ਯਾਦ ਕੀਤਾ ਸੀ, ਉਹ ਪਰਮੇਸ਼ਰ ਐਨੀ ਦੂਰੋਂ ਭੱਜਿਆ ਕਿਉਂ ਆਇਆ ਬੈਕੁੰਠ ਤੋਂ? ਸੰਤ ਕਹਿੰਦੇ, ਭਾਈ ਤੁਹਾਡੇ ਤਾਂ, ਸੁਆਲ ਜੁਆਬ ਇਹੋ ਜਿਹੇ ਹੀ ਨੇ, ਕਿਉਂਕਿ ਤੁਸੀਂ ਪਾਗਲ ਜੋ ਹੋਏ। ਇਸ ਕਰਕੇ ਭਾਈ ! ਉਹ ਤਾਂ ਸਰਬੱਗ ਹੈ। ਉਹ ਸਭ ਵਸਤੂਆਂ ਨੂੰ ਜਾਣਦਾ ਹੈ। ਲੋਕਾਂ ਦਾ ਇਹ ਕੰਮ ਹੈ, ਅਸੀਂ ਦੇਖਿਐ ਅਰਦਾਸ ਕਰਦਿਆਂ ਨੂੰ। ਜਦ ਪਰਮੇਸ਼ਰ ਅੱਗੇ ਅਰਦਾਸ ਕਰਦੇ ਨੇ, ਐਡੀ ਵੱਡੀ ਲਿਸਟ ਹੁੰਦੀ ਐ ਇਨ੍ਹਾਂ ਕੋਲ, ਆਹ ਵੀ ਦੇਈਂ, ਆਹ ਵੀ ਦੇਈਂ। ਐਂ ਤਾਂ ਨਹੀਂ ਕਹਿੰਦੇ, ਬਈ ਦਰਸ਼ਨ ਦੇਈਂ। ਆਹ ਤਾਂ ਨੀ ਕਹਿੰਦੇ ਬਈ ਪਰਮੇਸ਼ਰ ਤੂੰ ਦਰਸ਼ਨ ਦੇਈਂ। ਉਹ ਦਰਖਾਸਤ ਦੇ ਦਿੰਦੇ ਨੇ, ਲਿਖੀ ਹੋਈ ਵੀ ਬਹੁਤ ਵੱਡੀ ਹੁੰਦੀ ਹੈ। ਕਈ ਭਾਈ ਤਾਂ ਅੱਧਾ-ਅੱਧਾ ਘੰਟਾ ਕਹੀ ਜਾਂਦੇ ਨੇ। ਉਨ੍ਹਾਂ ਨੂੰ ਆਖੇ ਬਈ ਰੱਬ ਤੇਰੇ ਨਾਲੋਂ ਛੋਟਾ ਹੈ, ਤੇਰੇ ਕਹੇ ਤੇ ਆ ਜਾਊਗਾ। ਉਹ ਸਰਬੱਗ, ਤੂੰ ਅਲਪੱਗ। ਉਹ ਆਉਂਦਾ ਹੈ ਇੱਕ ਜਗ੍ਹਾ ਗੁਰਬਾਣੀ ਵਿੱਚ -

ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥

(ਪੰਨਾ ੧੪੨੦)

ਗੁਰੂ ਸਾਹਿਬ ਕਹਿੰਦੇ - ਉਹ ਤਾਂ ਤੇਰੇ ਅੰਦਰਲੀ ਸਾਰੀ ਬਾਤ ਜਾਣਦਾ ਹੈ। ਅਰਦਾਸ ਦਾ ਮਤਲਬ ਇਹ ਹੁੰਦਾ ਹੈ ਬਈ ਲੋਕਾਂ ਦਾ

ਮੂੰਹ ਇੱਧਰ (ਗੁਰੂ ਵੱਲ) ਨੂੰ ਹੋ ਜਾਵੇ, ਪਰ ਕੀ ਉਹ ਅੰਤਰਜਾਮੀ ਨਹੀਂ ਹੈ ?

ਰਾਖਾ ਏਕੁ ਹਮਾਰਾ ਸੁਆਮੀ॥
ਸਗਲ ਘਟਾ ਕਾ ਅੰਤਰਜਾਮੀ॥ (ਪੰਨਾ ੧੧੩੬)

ਐਵੇਂ ਲੋਕਾਂ ਨੂੰ ਵਹਿਮ ਹੀ ਪਏ ਹੋਏ ਨੇ, ਉਹ ਤਾਂ ਅੰਤਰਜਾਮੀ ਹੈ।

ਦੇਇ ਨਿਥਾਵੇ ਥਾਉ॥

ਜਿਨ੍ਹਾਂ ਨੂੰ ਕੋਈ ਥਾਉਂ ਨਾ ਹੋਵੇ, ਉਨ੍ਹਾਂ ਨੂੰ ਪਰਮੇਸ਼ਰ ਥਾਉਂ ਦੇ ਦਿੰਦਾ ਹੈ, ਅਜਾਮੱਲ ਨੂੰ ਥਾਉਂ ਦੇ ਦਿੱਤਾ।

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥(ਪੰਨਾ ੬੩੨)

ਉਹ ਤਾਂ ਥਾਉਂ ਦੇ ਦਿੰਦਾ ਹੈ।

ਰਿਜਕੁ ਸੰਬਾਹੇ ਸਾਸਿ ਸਾਸਿ ਭਾਈ

ਤੁਸੀਂ ਐਂ ਦੱਸੋ, ਸਾਰਿਆਂ ਨੂੰ ਰਿਜਕ ਨਹੀਂ ਪਹੁੰਚਾਉਂਦਾ? ਸੁਆਸ-ਸੁਆਸ, ਤੁਹਾਡੀ ਰਖਸ਼ਾ ਨਹੀਂ ਕਰਦਾ? ਗੁਰੂ ਸਾਹਿਬ ਕਹਿੰਦੇ -

ਗੂੜਾ ਜਾ ਕਾ ਨਾਉ॥

ਨਾਮ, ਉਸਦਾ ਬੜਾ ਪਵਿੱਤਰ ਹੈ। ਸਭ ਸੇ ਬੜਾ ਨਾਮ ਹੈ, ਉਹ ਤਾਂ ਬੇਅੰਤ ਹੈ।

ਜਿਸੁ ਗੁਰੁ ਸਾਚਾ ਭੇਟੀਐ ਭਾਈ

ਜੀਹਨੂੰ ਸੱਚਾ ਗੁਰੂ ਮਿਲ ਜਾਏਗਾ।

ਪੂਰਾ ਤਿਸੁ ਕਰਮਾਉ॥

ਤਾਂ ਸਮਝ ਲਉ, ਉਹਦੇ ਕਰਮ ਪੂਰੇ ਸੀ। ਉਹਦੇ ਕਰਮ ਪੂਰੇ ਹੋ ਚੁੱਕੇ ਸੀ ਨਿਸ਼ਕਾਮ, ਤਾਂ ਉਸਨੂੰ ਪਰਮੇਸ਼ਰ ਮਿਲਿਆ।

ਤਿਸੁ ਬਿਨੁ ਘੜੀ ਨ ਜੀਵੀਐ ਭਾਈ

ਭਾਈ ! ਉਸ ਪਰਮੇਸ਼ਰ ਤੋਂ ਬਿਨਾਂ ਘੜੀ ਨਾ ਜੀਵਿਓ। ਉਹਦਾ ਸਿਮਰਨ ਐਨਾ ਕਰੋ, ਉਹਨੂੰ ਕਦੇ ਵੀ ਭੁੱਲੋ ਨਾ। ਮੈਂ ਤੁਹਾਨੂੰ ਇੱਕ

ਗੱਲ ਦਸਦਾ ਹਾਂ। ਮੇਰੇ ਕੋਲ ਕੋਈ ਆਇਆ, ਉਹ ਕਹਿੰਦਾ ਮੈਨੂੰ ਕੁੱਛ ਦੱਸੋ? ਮੈਂ ਕਿਹਾ, ਨਾਮ ਜਪਿਆ ਕਰ। ਕਹਿੰਦਾ, ਅੱਛਾ ਜੀ। ਫੇਰ ਕਹਿੰਦਾ, ਕਿਵੇਂ ਜਪੀਦਾ ਹੈ? ਮੈਂ ਆਖਿਆ - ਨਾਮ ਜਿਹੜਾ ਹੈ, ਇਹਨੂੰ ਜਪੀਂ, ਜਿਹੜਾ ਇਹਦਾ ਨਾਮੀ ਹੈ, ਉਹਨੂੰ ਹਰ ਵਕਤ ਯਾਦ ਰੱਖੀਂ। ਉਹ ਤੇਰੇ ਹਿਰਦੇ ਵਿੱਚ ਬੈਠਾ ਹੈ, ਤੇਰੇ ਮਨ ਵਿੱਚ ਬੈਠਾ ਹੈ। ਕਹਿੰਦਾ, ਇਉਂ ਤਾਂ ਯਾਦ ਰਹਿੰਦਾ ਨਹੀਂ। ਮੈਂ ਕਿਹਾ, ਤੂੰ ਸੱਚ ਦੱਸ, ਤੇਰੇ ਰੁਪਏ ਦੱਬੇ ਹੋਏ ਨੇ? ਉਹਨੇ ਕਿਹਾ, ਹਾਂ। ਤਾਂ ਮੈਂ ਕਿਹਾ, ਤੂੰ ਉਨ੍ਹਾਂ ਨੂੰ ਭੁੱਲ ਜਾਂਦਾ ਹੈਂ? ਕਹਿੰਦਾ ਜੀ! ਉਹ ਤਾਂ ਨਹੀਂ ਭੁੱਲਦੇ। ਮੈਂ ਕਿਹਾ, ਜੇ ਉਹ ਨਹੀਂ ਭੁੱਲਦੇ ਤਾਂ ਇਹ ਕੈਸੇ ਭੁੱਲ ਜਾਏਂਗਾ? ਤੂੰ ਆਪਣੇ ਟੋਏ ਤੇ ਹੀ ਜਾਕੇ ਖੜ੍ਹੇਂਗਾ ਜਿੱਥੇ ਦੱਬੇ ਹੋਏ ਨੇ। ਫਿਰ ਇਹ ਕਿਉਂ ਭੁਲਦਾ ਹੈਂ ਤੂੰ, ਇਹ ਤਾਂ ਬਹੁਤ ਉੱਚੀ ਬਾਤ ਹੈ, ਇਹ ਤਾਂ ਰੁਪਏ ਦੇਣ ਵਾਲਾ ਹੈਗਾ। ਜਿਸ ਨੇ ਰੁਪਏ ਤੈਨੂੰ ਦਿੱਤੇ ਨੇ, ਜੀਵਨ ਦਿੱਤਾ ਹੈ, ਸਭ ਕੁੱਛ ਦਿੱਤਾ ਹੈ, ਉਹਨੂੰ ਤਾਂ ਤੂੰ ਭੁੱਲਦਾ ਹੈਂ, ਇਹ ਜਿਹੜੀ ਝੂਠੀ ਮਾਇਐ, ਉਸਨੂੰ ਤੂੰ ਭੁੱਲਦਾ ਨਹੀਂ -

ਸਰਬ ਕਲਾ ਭਰਪੂਰਿ॥

ਸਾਰੀਆਂ ਸ਼ਕਤੀਆਂ ਕਰਕੇ, ਉਹ ਪਰੀਪੂਰਨ ਪਰਮੇਸ਼ਰ ਹੈ ਭਾਈ! ਕੋਈ ਵਸਤੂ ਨਹੀਂ ਇਹੋ ਜਿਹੀ, ਜਿਹੜੀ ਉਹਦੇ ਕੋਲ ਨਾ ਹੋਵੇ।

ਸਾਸਿ ਗਿਰਾਸਿ ਨ ਵਿਸਰੈ ਭਾਈ

ਉਹ ਤਾਂ ਭਾਈ! ਸਾਸ - ਗਿਰਾਸ ਨਾ ਵਿੱਸਰੇ, ਇਹ ਭਾਈ! ਕਦੇ ਭੁੱਲੇ ਨਾ। ਮੈਂ ਤੁਹਾਨੂੰ ਇੱਕ ਬਾਤ ਦੱਸਦਾ ਹਾਂ, ਮੇਰੀ ਅਨੁਭਵ ਕੀਤੀ ਹੋਈ ਹੈ। ਅਸੀਂ ਬਾਗਾਂ ਵਿੱਚ ਰਹਿੰਦੇ ਹਾਂ, ਉਥੇ ਉਨ੍ਹਾਂ ਲੋਕਾਂ ਦੀ ਮਿੱਟੀ ਦੀ ਪਰਾਂਤ ਹੁੰਦੀ ਹੈ, ਆਟਾ ਹੁੰਦਾ ਹੈ, ਮਿਰਚਾਂ ਰਗੜਦੇ ਹੁੰਦੇ ਨੇ। ਜਦ ਉਹ ਬੁਰਕੀ ਤੋੜਦੇ ਨੇ ਮੁਸਲਮਾਨ ਯਾ ਅੱਲਾ! ਯਾ ਅੱਲਾ! ਕਹਿੰਦੇ ਨੇ। ਤੁਸੀਂ ਰੱਬ ਕਹਿੰਦੇ ਹੋਂ ਕਿ ਨਹੀਂ ਕਹਿੰਦੇ? ਉਮੀਦ ਤਾਂ ਨਹੀਂ, ਸਮਝ ਗਏ? ਉਹ ਯਾ ਅੱਲਾ! ਕਹਿੰਦੇ ਨੇ ਫਿਰ ਤੁਹਾਡੇ ਨਾਲੋਂ ਤਾਂ ਚੰਗੇ ਹੀ ਹੋਏ, ਕਹਿੰਦੇ - ਕਿਸੇ ਸਾਸ, ਕਿਸੇ ਗਿਰਾਸ, ਉਸ (ਪਰਮੇਸ਼ਰ

ਨੂੰ) ਭੁੱਲ ਨਾ ਜਾਇਓ ਭਾਈ ! ਜਿਹੜਾ ਨਹੀਂ ਭੁੱਲੇਗਾ, ਉਹ ਸੰਤ ਬਣ ਜਾਏਗਾ।

ਪੇਖਉ ਸਦਾ ਹਜੂਰਿ ।।

ਉਹ ਹਾਜਰਾ ਹਜੂਰ ਹੈ, ਤੇਰੇ ਮਨ ਨੂੰ ਦੇਖਦਾ ਹੈ, ਤੇਰੀ ਬੁੱਧੀ ਨੂੰ ਦੇਖਦਾ ਹੈ, ਤੇਰੇ ਖਿਆਲਾਂ ਨੂੰ ਦੇਖਦਾ ਹੈ। ਜੋ ਤੂੰ ਸੋਚਦਾ ਹੈਂ, ਉਦੋਂ ਵੀ ਉਹ ਦੇਖਦਾ ਹੈ। ਜੇ ਫਿਰ ਉਥੇ ਖੜ੍ਹਾ ਹੈ, ਤਾਂ ਹੀ ਦੇਖਦਾ ਹੈ। ਤੇਰਾ ਆਪਾ ਵੀ ਓਹੀ ਹੈ, ਇਹ ਵੀ ਨਾਲ ਲਗਦੀ ਪੱਕੀ ਬਾਤ ਹੈ। ਦੇਖਣ ਵਾਲਾ ਵੀ ਉਹੀ ਹੈ ਪਰ ਆਹ ਜਿਹੜਾ ਦਿਸਦਾ ਹੈ, ਇਹਨੂੰ ਤੁਸੀਂ ਆਪਾ ਮੰਨਦੇ ਹੋਂ। 'ਸੱਚ' ਤੁਹਾਡਾ ਆਪਾ ਹੈ, ਉਹੀ ਦ੍ਰਿਸ਼ਟਾ ਹੈ। ਤੁਹਾਡਾ ਕੋਈ ਵੀ ਸੰਕਲਪ, ਉਹਦੇ ਬਿਨਾਂ ਦੇਖੇ ਤੋਂ, ਨਹੀਂ ਲੰਘੇਗਾ, ਚਾਹੇ ਜੋਰ ਲਾ ਲਵੋ।

ਸਾਧੂ ਸੰਗਿ ਮਿਲਾਇਆ ਭਾਈ

ਭਾਈ ! ਸਾਧੂਆਂ ਦੇ ਸੰਗ ਨਾਲ, ਉਹਦਾ ਮਿਲਾਪ ਹੋ ਜਾਂਦਾ ਹੈ। **'ਸਾਧੂ'** ਨਾਉਂ ਹੈ, ਬਖਸ਼ੇ ਹੋਏ ਪੁਰਸ਼ ਦਾ। ਸਾਧੂਆਂ ਦੇ ਸੰਗ ਨਾਲ, ਉਸਦਾ ਮਿਲਾਪ ਹੋ ਜਾਊ। ਸਾਧੂ, ਰੱਬ ਨੂੰ ਕਹਿੰਦੇ ਨੇ, ਜਿਹੜਾ ਹੱਥਾਂ ਪੈਰਾਂ ਵਾਲਾ ਰੱਬ ਹੈ, ਉਹਨੂੰ ਸਾਧੂ ਕਹਿੰਦੇ ਹਨ, ਗੱਲ ਤਾਂ ਸਿੱਧੀ ਇਹ ਹੈ। ਇਸ ਕਰਕੇ, ਸਾਧੂ ਦੇ ਸੰਗ ਨਾਲ ਉਹਦਾ ਮਿਲਾਪ ਹੋ ਜਾਏਗਾ। ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹਕੇ ਦੇਖ ਲਓ, ਕਿੰਨੇ ਗੁਰੂ ਨਾਨਕ ਨੇ ਮਿਲਾਏ, ਕਿੰਨੇ ਗੁਰੂ ਅੰਗਦ ਨੇ ਮਿਲਾਏ, ਕਿੰਨੇ ਗੁਰੂ ਅਮਰਦਾਸ ਨੇ ਮਿਲਾਏ। ਉਹ, ਸਾਧੂਆਂ ਦੇ ਅੰਦਰ ਬੈਠਕੇ ਹੀ ਮਿਲਾਏ?

ਸਰਬ ਰਹਿਆ ਭਰਪੂਰਿ ॥

ਉਹ ਸਾਰੇ ਪਰੀਪੂਰਨ ਹੈ, ਚਾਹੇ ਤੂੰ ਜੰਗਲ 'ਚ ਜਾਕੇ ਜਪ ਲੈ, ਚਾਹੇ ਘਰ ਵਿੱਚ ਬੈਠਕੇ ਜਪ ਲੈ, ਚਾਹੇ ਕੰਮ ਕਰਦਾ ਜਪੀ ਜਾ। ਉਹ ਤੇਰਾ ਕਰਮ ਤੇ ਸਭ ਕੁੱਛ ਹਰ ਵਖਤ ਦੇਖਦਾ ਹੈ। ਹਾਜਰੀ ਤੇਰੀ ਜਰੂਰ ਲੱਗੂ, ਜਿਹੋ ਜਿਹੀ ਕਰੇਂਗਾ, ਲੱਗੂਗੀ ਉਹੋ ਜਿਹੀ ਤੇ ਗੈਰ ਹਾਜਰੀ ਵੀ ਲੱਗੂਗੀ, ਜੇ ਜਪੇਗਾਂ ਤਾਂ ਹਾਜਰੀ ਵੀ ਲੱਗੂ।

ਜਿਨਾ ਪ੍ਰੀਤਿ ਨ ਲਗੀਆ ਭਾਈ

ਜੀਹਦੀ '**ਪ੍ਰੀਤਿ**' ਬਿਰਤੀ ਨਹੀਂ ਜੁੜੀ ਹੈ।

ਸੇ ਨਿਤ ਨਿਤ ਮਰਦੇ ਝੂਰਿ॥

ਉਹ ਰੋਜ ਝੂਰ-ਝੂਰ ਕੇ ਮਰਦੇ ਨੇ, ਝੋਰਿਆਂ ਵਿੱਚ ਮਰਦੇ ਨੇ। ਐਂ ਹੋ ਗਿਆ, ਔਹ ਹੋ ਗਿਆ, ਆਹ ਹੋ ਜਾਂਦਾ, ਔਹ ਹੋ ਜਾਂਦਾ। ਉਹ ਤਾਂ ਝੂਰਕੇ ਮਰਨਗੇ।

ਅੰਚਲਿ ਲਾਇ ਤਰਾਇਆ ਭਾਈ

'**ਅੰਚਲਿ**' ਨਾਉਂ ਹੈ ਲੜ ਦਾ, ਤੁਹਾਨੂੰ ਪਤਾ ਹੈ ? ਲੜ ਨੂੰ '**ਅੰਚਲਿ**' ਕਹਿੰਦੇ ਨੇ ਤੇ ਰੱਬ ਦਾ ਅੰਚਲ ਕੀ ਹੈ? '**ਨਾਮ**'। ਠੀਕ ਬਾਤ ਹੈ ਪਰ ਓਸ ਅੰਚਲਿ ਦੇ ਨਾਲ ਜਦ ਤੁਹਾਡਾ ਮਨ ਜੁੜ ਗਿਆ ਤਾਂ ਤੁਹਾਡਾ ਮੇਲ ਹੋ ਜਾਏਗਾ ਸਿੱਧੀ ਬਾਤ ਹੈ। ਇਹ, ਤੁਸੀਂ ਆਪ ਦੇਖਣਾ ਹੈ ਕਿ ਮਨ ਹੁਣ ਕਿੱਥੇ ਜੁੜਿਆ ਹੋਇਆ ਹੈ। ਹਰ ਵਕਤ, ਤੁਹਾਨੂੰ ਮਨ ਦਿਸਦਾ ਹੈ ਆਪਣਾ ਤੇ ਬਿਰਤੀ ਵੀ। ਇਉਂ ਵੀ ਦਿਸਦੀ ਹੈ ਕਿ ਫਲਾਣੇ ਥਾਂ ਜੁੜੀ ਹੋਈ ਹੈ। ਪਰ ਤੁਸੀਂ ਉਸਦਾ ਗੌਰ ਨਹੀਂ ਕਰਦੇ।

ਭਉਜਲੁ ਦੁਖੁ ਸੰਸਾਰੁ॥

ਇਹ, ਜਿਹੜਾ '**ਸੰਸਾਰੁ**' ਤੁਸੀਂ ਸਮਝਦੇ ਹੋਂ ਉਹ '**ਭਉਜਲੁ**' ਹੈ, ਦੁੱਖਾਂ ਦਾ ਸਮੁੰਦਰ ਹੈ ਤੁਹਾਡੇ ਵਾਸਤੇ, ਪਰ ਜੀਹਨੂੰ ਗਿਆਨ ਹੋ ਗਿਆ ਉਹਦੇ ਵਾਸਤੇ ਇਹ ਸੰਸਾਰ '**ਰੱਬ**' ਦਾ ਰੂਪ ਹੈ।

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ (ਪੰਨਾ ੯੨੨)

ਤੀਸਰੇ ਪਾਤਸ਼ਾਹ ਕਹਿੰਦੇ-ਇਹ ਤਾਂ ਹਰੀ ਕਾ ਰੂਪ ਹੈ, ਕਦੇ ਕੋਈ ਸੋਨੇ ਦਾ ਗਹਿਣਾ, ਸੋਨੇ ਤੋਂ ਅਲਹਿਦਾ ਨਹੀਂ ਹੋਇਆ। ਕੋਈ ਵੀ ਲੋਹੇ ਦਾ ਸ਼ਸ਼ਤਰ, ਲੋਹੇ ਤੋਂ ਅਲਹਿਦਾ ਨਹੀਂ ਹੋਇਆ ਕਦੇ। ਮਿੱਟੀ ਦਾ ਘੜਾ, ਠੂਠੀ ਵਗੈਰਾ, ਮਿੱਟੀ ਤੋਂ ਅਲਹਿਦਾ ਨਹੀਂ ਹੈ। ਫੇਰ ਇਹ ਰੱਬ ਦਾ ਰੂਪ ਨਹੀਂ ਹੈ? ਇਹ ਜਿਹੜਾ ਸੰਸਾਰ ਹੈ, ਰੱਬ ਹੀ ਤਾਂ ਹੈ। ਪਰ ਜੇ

ਤੁਸੀਂ ਨਾ ਸਮਝੇ ਤਾਂ ਇਹ ਸੰਸਾਰ ਤੁਹਾਡੇ ਵਾਸਤੇ ਡੁੱਬਣ ਦਾ ਹੇਤੂ ਹੋ ਜਾਏਗਾ।

ਕਰਿ ਕਿਰਪਾ ਨਦਰਿ ਨਿਹਾਲਿਆ ਭਾਈ

'ਕਰਿ ਕਿਰਪਾ' ਜਦ ਨਦਰ ਕੀਤੀ, ਨਿਹਾਲ ਹੋ ਗਿਆ। ਉਹ ਤਾਂ ਘਾਹੀ ਸੀ ਪਰ ਉਹਨੂੰ ਇੱਕ ਸਿੱਕ ਸੀ ਬੜਾ ਭਜਨ ਕਰਦਾ ਸੀ ਤੇ ਹਰ ਰੋਜ ਘਾਹ ਖੋਤ ਕੇ ਰੋਟੀ ਖਾਂਦਾ ਸੀ। ਉਹਨੂੰ ਪਤਾ ਲੱਗਿਆ, ਛੇਵੇਂ ਪਾਤਸ਼ਾਹ ਦਾ, ਕਿਉਂਕਿ ਉਹਨੇ ਤਰਨਾ ਸੀ। ਉਸ ਦਿਨ ਮੁਸਲਮਾਨਾਂ ਨੇ ਆਖਿਆ ਸੀ ਬਈ ਇਹ ਸਿੱਖ 'ਸੱਚਾ ਪਾਤਸ਼ਾਹ' ਕਹਿੰਦੇ ਨੇ ਅਪਣੇ ਗੁਰੂ ਨੂੰ। ਜਹਾਂਗੀਰ ਨੂੰ, ਮੌਲਵੀ ਕਹਿੰਦੇ ਬਈ ਇਹ ਤਾਂ ਗੱਲ ਹੀ ਮਾੜੀ ਹੈ, ਹੱਤਕ ਹੈ ਇਸਲਾਮ ਦੀ। ਜਿਹੜੇ ਖੜ੍ਹੇ ਸੀ ਸੰਤਰੀ, ਉਨ੍ਹਾਂ ਨੂੰ ਮੌਲਵੀ ਕਹਿੰਦੇ – ਜਦੋਂ ਕੋਈ ਪੁੱਛੇ ਸੱਚੇ ਪਾਤਸ਼ਾਹ ਦਾ ਤੰਬੂ ਤਾਂ ਇਹ ਦੱਸਿਆ ਕਰੋ ਜਹਾਂਗੀਰ ਬਾਦਸ਼ਾਹ ਵਾਲਾ। ਉਹ ਘਾਹੀ ਆਇਆ ਵਿਚਾਰਾ, ਪਹਿਲੇ ਦਿਨ ਉਹਨੇ ਰੋਟੀ ਨਹੀਂ ਖਾਧੀ, ਓਹੀ ਉਹਦੇ ਕੋਲ ਪੈਸੇ ਸਨ। ਉਹਨੇ ਆਖਿਆ, ਮੈਂ ਸੱਚੇ ਪਾਤਸ਼ਾਹ ਦੇ ਤੰਬੂ ਵਿੱਚ ਜਾਣਾ ਹੈ। ਉਨ੍ਹਾਂ ਨੇ ਜਹਾਂਗੀਰ ਦੇ ਤੰਬੂ ਵੱਲ ਹੱਥ ਕਰ ਦਿੱਤਾ। ਉਹ ਅੰਦਰ ਗਿਆ। ਉਨ੍ਹਾਂ ਦੀ ਪਰਕਰਮਾ ਕੀਤੀ, ਫਿਰ ਡੰਡਉਤ ਕੀਤੀ, ਹੱਥ ਜੋੜਕੇ ਖੜ੍ਹ ਗਿਆ, ਜਿਹੜੇ ਪੈਸੇ ਸੀ ਕੋਲ, ਉਹ ਵੀ ਰੱਖ ਦਿੱਤੇ। ਜਹਾਂਗੀਰ ਨੇ ਕਿਹਾ – ਮੰਗ ਕੀ ਮੰਗਦਾ ਹੈਂ? ਘਾਹੀ ਨੇ ਕਿਹਾ ਜੀ 'ਮੁਕਤੀ'। ਜਹਾਂਗੀਰ ਕਹਿੰਦਾ ਮੌਲਵੀਆਂ ਨੂੰ ਬਈ ਹੁਣ ਤੁਸੀਂ ਦੱਸੋ? ਭਾਈ? ਤੁਸੀਂ ਇਉਂ ਕਿਉਂ ਕੀਤਾ? ਉਹ ਕਹਿੰਦਾ – ਮੁਕਤੀ ਵਾਲੇ ਦਾ ਤੰਬੂ ਉਹ ਹੈ ਸੱਚੇ ਪਾਤਸ਼ਾਹ ਦਾ। ਉਹਨੇ ਪੈਸੇ ਚੱਕੇ ਤੁਰ ਪਿਆ। ਉਹਦੇ ਕੋਲ ਹੋਰ ਪੈਸੇ ਤਾਂ ਸੀ ਨਹੀਂ, ਉਥੇ ਜਾਕੇ ਇਹੀ ਕੰਮ ਕੀਤਾ। ਗੁਰੂ ਛੇਵੇਂ ਪਾਤਸ਼ਾਹ ਕਹਿੰਦੇ, ਮੰਗ ਕੀ ਮੰਗਦੈਂ? ਕਹਿੰਦਾ, ਜੀ ਮੁਕਤੀ। ਗੁਰੂ ਸਾਹਿਬ ਨੇ ਕਿਹਾ, ਸਾਡੀ ਅੱਖ ਨਾਲ ਅੱਖ ਮਿਲਾ। ਉਹ 'ਨਦਰੀ ਨਦਰਿ ਨਿਹਾਲ' ਕਰ ਦਿੱਤਾ। ਘਾਹੀ ਕਹਿੰਦਾ – ਨਿਹਾਲ! ਨਿਹਾਲ!! ਨਿਹਾਲ!!! ਜਹਾਂਗੀਰ ਵੀ ਪਿੱਛੇ ਤੁਰ ਪਿਆ

ਤੇ ਸਾਰੇ ਤੁਰ ਪਏ, ਉਥੇ ਜਾਕੇ ਗੁਰੂ ਜੀ ਕੋਲ ਬੈਠ ਗਏ। ਕਹਿੰਦੇ, ਜੀ ਹਿੰਦੂਆਂ ਦੀ ਮੁਕਤੀ ਬੜੀ ਸਸਤੀ ਹੈ, ਐਨੇ ਕੁ ਪੈਸਿਆਂ 'ਚ ਆ ਜਾਂਦੀ ਐ। ਗੁਰੂ ਸਾਹਿਬ ਨੇ ਜਹਾਂਗੀਰ ਨੂੰ ਪੁੱਛਿਆ, ਤੂੰ ਕੀ ਦਿੰਦਾ ਸੀ? ਉਹਨੇ ਕਿਹਾ, ਪਹਿਲਾਂ ਇੱਕ ਖੂਹ ਕਿਹਾ, ਫਿਰ ਗ੍ਰਾਮ (ਪਿੰਡ) ਕਿਹਾ, ਇਲਾਕਾ ਵੀ ਕਿਹਾ। ਪਰ ਘਾਹੀ ਕਹਿੰਦਾ, ਮੈਨੂੰ ਤਿੰਨਾਂ ਲੋਕਾਂ ਦੀ ਲੋੜ ਨਹੀਂ, ਮੈਂ ਤਾਂ ਮੁਕਤੀ ਲੈਣੀ ਹੈ। ਗੁਰੂ ਸਾਹਿਬ ਕਹਿੰਦੇ – ਫੇਰ ਇਹ ਮੁਕਤੀ ਦਾ ਅਧਿਕਾਰੀ ਨਹੀਂ ਸੀ? ਇਸ ਕਰਕੇ, ਭਾਈ! ਇਹਨੂੰ ਯਕੀਨ ਹੀ ਨਹੀਂ ਹੋਇਆ। ਸੱਚੇ ਪਾਤਸ਼ਾਹ ਨਾਲ ਜਦੋਂ ਇਹਦਾ ਮੇਲ ਹੋ ਜਾਏ, ਨਿਹਾਲ ਉਦੋਂ ਈ ਹੋ ਜਾਏਗਾ।

ਕੀਤੋਨੁ ਅੰਗੁ ਅਪਾਰੁ ॥

ਕਿੰਨੀ ਮੱਦਦ ਕੀਤੀ ਉਹਨੇ ਮੇਰਾ ਅੰਗ ਕੀਤਾ। ਉਹਨੇ ਕਿੰਨੀ ਕ੍ਰਿਪਾ ਕੀਤੀ, ਮੁਕਤੀ ਤੱਕ ਪਹੁੰਚਾ ਦਿੱਤਾ। ਕਿਸ ਨੇ? ਈਸ਼ਵਰ ਨੇ। ਨਿਹਾਲ ਕਰ ਦਿੱਤਾ, ਪਰ ਕਿਸੇ ਸਰੀਰ ਵਿੱਚ ਬਹਿ ਕੇ ਹੀ ਕੀਤਾ।

ਮਨੁ ਤਨੁ ਸੀਤਲੁ ਹੋਇਆ ਭਾਈ

'ਮਨੁ ਤਨੁ' ਸ਼ਾਂਤ ਹੋ ਗਿਆ, ਮੁਕਤੀ ਹੋ ਗਈ। ਜਨਮ-ਮਰਨ ਟੁੱਟ ਗਿਆ, ਸਭ ਠੀਕ ਹੋ ਗਿਆ। ਪ੍ਰਕਾਸ਼ ਹੋ ਗਿਆ ਜਿਹੜਾ ਆਪਣਾ-ਆਪ ਸੀ, ਉਹਦਾ ਗਿਆਨ ਹੋ ਗਿਆ ਆਪਣੇ-ਆਪੇ ਦਾ।

ਭੋਜਨੁ ਨਾਮ ਅਧਾਰੁ ॥

ਕਹਿੰਦੇ, ਜੀ ਉਹਦਾ ਅਧਾਰ ਕੀ ਹੁੰਦੈ? **'ਨਾਮ'** ਹੀ ਉਹਦਾ ਭੋਜਨ ਹੈ। ਐਸੇ ਹੋਰ ਭੋਜਨਾਂ ਵੱਲ ਨਹੀਂ ਉਹ ਜਾਂਦਾ, ਉਹਦਾ ਅਧਾਰ ਨਾਮ ਹੀ ਹੈ। ਫਿਰ –

ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥

ਭਾਈ! ਉਸ ਪਰਮੇਸ਼ਰ ਦੀ ਸ਼ਰਣ ਪੈ ਜਾਉ ਜੀਹਨੇ ਛੋਟੇ ਬੜੇ ਪਾਪ ਕੱਟ ਦਿੱਤੇ, ਉਹਦੀ ਸ਼ਰਣ ਪੈ ਜਾਉ। ਚਾਹੇ ਗੁਰੂ ਨਾਨਕ ਹੈ, ਚਾਹੇ ਗੁਰੂ ਅੰਗਦ ਦੇਵ ਹੈ, ਚਾਹੇ ਕਬੀਰ ਹੈ, ਚਾਹੇ ਦਾਦੂ, ਚਾਹੇ ਈਸਾ ਹੈ। ਜਿਸਦੇ ਉਤੇ ਵੀ ਕ੍ਰਿਪਾ ਹੋ ਗਈ, ਉਹ ਤਾਰਨ ਵਾਲਾ ਹੋ ਜਾਏਗਾ।

ਜੋ ਜਿੱਥੇ ਦੀ ਲੰਘਿਆ, ਤੁਹਾਨੂੰ ਦੱਸ ਦੇਵੇਗਾ ਬਈ ਇਹ ਰਸਤਾ ਠੀਕ ਹੈ, ਤੁਰਿਆ ਜਾ। (ਦੱਸ, ਕਿੰਨਾ ਕੁ ਚਿਰ ਲੱਗਿਆ?)

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ।।

੧੧

ਸੂਹੀ ਮਹਲਾ ੫ ॥
ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥
ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥ ਰਹਾਉ ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥
ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥

(ਪੰਨਾ ੭੪੯-੭੫੦)

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਕਥਨ ਕਰਦੇ ਨੇ –

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥

ਹੇ ਸਵਾਮੀ! ਜਿਸਦੇ ਸਿਰ ਉੱਪਰ ਤੇਰਾ ਕ੍ਰਿਪਾ ਰੂਪੀ ਹੱਥ ਹੈ, ਉਹ ਕਦੇ ਵੀ ਦੁੱਖ ਨਹੀਂ ਪਾ ਸਕਦਾ। ਬਾਬਾ ਬੁੱਢਾ ਛੋਟੀ ਉਮਰੇ, ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਮੱਖਣ ਲੈਕੇ ਗਿਆ ਤਾਂ ਗੁਰੂ ਜੀ ਨੇ ਪੁੱਛਿਆ–ਤੂੰ ਮੱਖਣ ਕਾਹਦੇ ਵਾਸਤੇ ਲਿਆਇਆ ਹੈਂ? ਬਾਬਾ ਬੁੱਢਾ ਜੀ ਨੇ ਕਿਹਾ–ਜਨਮ ਮਰਣ ਤੋਂ ਛੁਟਕਾਰਾ ਪਾਉਣ ਵਾਸਤੇ। ਗੁਰੂ ਜੀ ਕਹਿਣ ਲੱਗੇ – ਤੈਨੂੰ ਛੋਟੀ ਜਿਹੀ ਉਮਰ 'ਚ ਇਹ ਗਿਆਨ

ਦੀ ਗੱਲ ਕਿਸਨੇ ਦੱਸੀ? ਤਾਂ ਉਹ ਕਹਿਣ ਲੱਗੇ ਕਿ ਮੈਂ ਇੱਕ ਦਿਨ ਚੁੱਲ੍ਹੇ ਵਿੱਚ ਲੱਕੜੀਆਂ ਜਲਦੀਆਂ ਦੇਖ ਰਿਹਾ ਸੀ ਤਾਂ ਛੋਟੀਆਂ ਛੋਟੀਆਂ ਲੱਕੜੀਆਂ ਪਹਿਲਾਂ ਜਲ ਗਈਆਂ ਅਤੇ ਵੱਡੀਆਂ ਬਾਅਦ ਵਿੱਚ। ਮੈਨੂੰ ਸੋਚ ਆਈ ਕਿ ਕਾਲ ਦੇ ਸਾਮ੍ਹਣੇ, ਛੋਟੇ-ਵੱਡੇ ਦਾ ਕੋਈ ਲਿਹਾਜ ਨਹੀਂ ਰਹਿਣਾ। ਪਰਮੇਸ਼ਰ ਕ੍ਰਿਪਾ ਕਰੇ ਤਾਂ ਜਨਮ ਮਰਨ ਤੋਂ ਛੁਟਕਾਰਾ ਦੇ ਦੇਵੇ, ਪਰ ਇਹ ਕਿਸੇ ਸੰਤ ਮਹਾਂਪੁਰਸ਼ ਦੀ ਕ੍ਰਿਪਾ ਨਾਲ ਹੀ ਹੋਊਗਾ। ਇਸ ਲਈ, ਮੈਂ ਆਪ ਜੀ ਨੂੰ ਸੰਤ ਸਮਝਕੇ, ਆਪ ਜੀ ਦੇ ਚਰਨਾਂ ਵਿੱਚ ਆਇਆ ਹਾਂ । ਗੁਰੂ ਸਾਹਿਬ ਨੇ ਕਿਹਾ ਕਿ ਬਾਤਾਂ ਤਾਂ ਤੂੰ ਬਿਰਧਾਂ ਵਾਲੀਆਂ ਕਰਦਾ ਹੈਂ। ਉਹ, ਗੁਰੂ ਸਾਹਿਬਾਂ ਦੇ ਹੁਕਮ ਨਾਲ ਸੇਵਾ ਵਿੱਚ ਜੁੱਟ ਗਿਆ। ਪਿੱਛੋਂ ਉਹਦੇ ਮਾਪੇ, ਉਹਦੀ ਭਾਲ ਵਾਸਤੇ ਆਏ। ਗੁਰੂ ਸਾਹਿਬਾਂ ਨੂੰ ਆਕੇ ਪੁੱਛਿਆ ਕਿ ਸਾਡਾ ਲੜਕਾ ਤੁਹਾਡੇ ਕੋਲ ਆਇਆ ਸੀ ਤਾਂ ਗੁਰੂ ਮਹਾਰਾਜ ਨੇ ਕਿਹਾ ਕਿ ਭਾਲ ਲਵੋ। ਪਰ ਉਹ ਤਾਂ ਗੁਰੂ ਜੀ ਦੇ ਬਚਨਾਂ ਨਾਲ ਬੁੱਢਾ ਹੋ ਗਿਆ ਸੀ। ਗੁਰੂ ਜੀ ਉਨ੍ਹਾਂ ਨੂੰ ਕਹਿਣ ਲੱਗੇ ਭਾਈ! ਉਹ ਆਪਣੇ ਨਿਸਚੇ ਭਾਵ ਨਾਲ, ਸਾਡੇ ਕੋਲ ਆਇਆ ਸੀ ਅਤੇ ਸਾਡਾ ਪਿਛਲੇ ਜਨਮ ਦਾ ਸੰਬੰਧ ਸੀ, ਇਸ ਉੱਤੇ ਕ੍ਰਿਪਾ ਕਰਨ ਦਾ। ਇਹ ਕਾਰਕ ਹੈ, ਮਨੁੱਖ ਨਹੀਂ ਹੈ। ਕਾਰਕ ਉਹ ਹੁੰਦਾ ਹੈ ਜਿਹੜਾ ਦੁਨੀਆਂ ਦੇ ਭਲੇ ਦੇ ਕੰਮ ਕਰੇ ਅਤੇ ਦੁਨੀਆਂ ਨੂੰ ਸਿੱਖਿਆ ਦੇਵੇ, ਹਰ ਇੱਕ ਜੀਵ ਦੀ ਸੇਵਾ ਕਰੇ। ਇਸ ਕਰਕੇ, ਇਹਨੇ ਜਿੱਥੇ ਆਉਣਾ ਸੀ, ਆ ਗਿਆ। ਤੁਸੀਂ ਜਾਓ! ਇਉਂ ਫੇਰ ਬਾਬਾ ਬੁੱਢਾ ਜੀ ਨੇ ਛੇਵੇਂ ਪਾਤਸ਼ਾਹ ਤੱਕ ਗੁਰ-ਗੱਦੀ ਦਾ ਤਿਲਕ ਕੀਤਾ, ਘੋੜਿਆਂ ਲਈ ਘਾਹ ਖੋਤਿਆ ਅਤੇ ਲੰਗਰ ਵਿੱਚ ਲੱਕੜੀਆਂ ਲਿਆਉਣ ਦੀ ਸੇਵਾ ਕੀਤੀ। ਜੋ ਵੀ ਹੁਕਮ ਹੋਇਆ, ਉਸਨੇ ਕਬੂਲ ਕੀਤਾ ਤੇ ਬਖਸ਼ਿਸ਼ ਵੀ ਕੀਤੀ।

ਮਾਈ ਕਰਮੋਂ ਅਤੇ ਦੁਰਗਾ, ਰੋਜ ਅੰਮ੍ਰਿਤਸਰ ਤੋਂ ਪੈਦਲ ਤਰਨਤਾਰਨ ਇਸ਼ਨਾਨ ਕਰਨ ਜਾਂਦੀਆਂ। ਉਹ ਆਪਸ ਵਿਚ ਗੱਲਾਂ ਕਰਦੀਆਂ ਜਾ ਰਹੀਆਂ ਸਨ ਤਾਂ ਦੁਰਗਾ ਕਹਿਣ ਲੱਗੀ, ਕਰਮੋ! ਜੇ ਤੁਹਾਡਾ ਪਤੀ ਲਾਇਕ ਹੁੰਦਾ ਤਾਂ ਗੱਦੀ ਤੁਹਾਨੂੰ ਮਿਲ ਜਾਂਦੀ। ਜਦ

ਇਹ ਬਾਤ, ਮਾਤਾ ਗੰਗਾ ਜੀ ਨੂੰ ਪਤਾ ਲੱਗੀ ਤਾਂ ਉਨ੍ਹਾਂ ਨੇ ਸਾਰੀ ਬਾਤ, ਪੰਚਮ ਪਾਤਸ਼ਾਹ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਇੱਕ ਸਾਹਿਬਜ਼ਾਦਾ ਚਾਹੀਦਾ ਹੈ। ਗੁਰੂ ਮਹਾਰਾਜ ਜੀ ਕਹਿਣ ਲੱਗੇ, ਇਹ ਤਾਂ ਬਖਸ਼ਿਸ਼ ਦੀ ਗੱਲ ਹੈ । ਇਹ ਬਖਸ਼ਿਸ਼, ਤਾਂ ਸੰਤ ਕਰਦੇ ਹੁੰਦੇ ਹਨ। ਸੰਤ ਹਨ, ਬਾਬਾ ਬੁੱਢਾ ਜੀ। ਤੁਸੀਂ ਉਨ੍ਹਾਂ ਕੋਲ ਜਾਓ। ਉਨ੍ਹਾਂ ਦੇ ਬਚਨ ਨਾਲ ਲੜਕਾ ਹੋਏਗਾ। ਤਾਂ ਮਾਤਾ ਗੰਗਾ ਜੀ ਰੱਥ ਉੱਤੇ ਚੜ੍ਹਕੇ, ਗੋਲੀਆਂ ਵਗੈਰਾ ਨੂੰ ਨਾਲ ਲੈਕੇ ਤੁਰ ਪਏ। ਉਸ ਰੱਥ ਦੇ ਤੇਜ ਚੱਲਣ ਕਰਕੇ, ਬਹੁਤ ਧੂੜ ਉੱਡ ਰਹੀ ਸੀ। ਬਾਬਾ ਬੁੱਢਾ ਜੀ ਨੇ ਇਸ ਧੂੜ ਉੱਡਣ ਦਾ ਕਾਰਨ ਪੁੱਛਿਆ ਤਾਂ ਸਿੱਖਾਂ ਨੇ ਕਿਹਾ- ਆਪ ਜੀ ਕੋਲ 'ਗੁਰੂ ਕੇ ਮਹਿਲ' ਆ ਰਹੇ ਹਨ। ਬਾਬਾ ਜੀ ਨੇ ਸਹਿਜ ਸੁਭਾਏ ਕਹਿ ਦਿੱਤਾ, 'ਗੁਰੂ-ਕਿਆਂ ਨੂੰ ਕਾਹਦੀਆਂ ਭਾਜੜਾਂ ਪੈ ਗਈਆਂ'? ਇਹ ਕਹਿੰਦੇ ਕਹਿੰਦੇ ਬਾਹਰ ਆਏ ਅਤੇ ਉਹ ਬਚਨ, ਸਰਾਪ ਵਿੱਚ ਬਦਲ ਗਿਆ। ਜਦ ਇਹ ਸਾਰੀ ਘਟਨਾ, ਮਾਤਾ ਜੀ ਨੇ ਸੱਚੇ ਪਾਤਸ਼ਾਹ ਨੂੰ ਸੁਣਾਈ ਤਾਂ ਉਨ੍ਹਾਂ ਨੇ ਕਿਹਾ ਬਈ, ਸਾਧੂਆਂ ਕੋਲ ਇਸ ਤਰ੍ਹਾਂ ਨਹੀਂ ਜਾਈਦਾ ਰੱਥ ਤੇ ਚੜ੍ਹਕੇ ਅਤੇ ਸ਼ਾਹੀ ਠਾਠ ਬਾਠ ਨਾਲ। ਉਨ੍ਹਾਂ ਕੋਲ ਤਾਂ, ਮਿੱਸੀ ਰੋਟੀ, ਨਾਲ ਗੰਢਾ, ਲੱਸੀ ਅਤੇ ਮੱਖਣ ਲੈਕੇ, ਨੰਗੇ ਪੈਰੀਂ ਤੁਰਕੇ ਜਾਈਦਾ ਹੈ। ਆਪ ਹੀ ਆਪਣੇ ਹੱਥੀਂ ਮਿੱਸੀ ਰੋਟੀ, ਨਾਲ ਗੰਢਾ, ਲੱਸੀ ਅਤੇ ਮੱਖਣ ਲੈਕੇ ਜਾਓ। ਫੇਰ ਮਾਤਾ ਜੀ, ਉਸੇ ਤਰ੍ਹਾਂ ਹੀ ਬਾਬਾ ਜੀ ਕੋਲ ਪਹੁੰਚੇ। ਜਾਂਦਿਆਂ ਨੂੰ ਬਾਬਾ ਜੀ ਇਹ ਗੱਲ ਕਹਿ ਰਹੇ ਸਨ ਕਿ ਜਿੰਨੀ ਭੁੱਖ ਪੁੱਤਰ ਨੂੰ ਹੁੰਦੀ ਹੈ, ਉਹ ਮਾਂ ਨੂੰ ਹੀ ਪਤਾ ਹੁੰਦੀ ਹੈ, ਹੋਰ ਕਿਸੇ ਨੂੰ ਨਹੀਂ ਪਤਾ ਹੁੰਦੀ। ਇੰਨੇ ਚਿਰ ਨੂੰ ਮਾਤਾ ਗੰਗਾ ਜੀ, ਬਾਬਾ ਜੀ ਦੇ ਚਰਨਾਂ ਵਿੱਚ ਮਿੱਸਾ ਪ੍ਰਸ਼ਾਦਾ ਲੈ ਕੇ ਪਹੁੰਚੇ। ਬਾਬਾ ਜੀ ਬੜੀ ਖੁਸ਼ੀ ਨਾਲ, ਹੱਥ ਧੋ ਕੇ ਪ੍ਰਸ਼ਾਦਾ ਛਕਣ ਲੱਗੇ ਅਤੇ ਜਦੋਂ ਗੰਢਾ ਆਪਣੇ ਹੱਥ ਨਾਲ ਭੰਨਿਆਂ ਤਾਂ ਵਰ ਦਿੱਤਾ ਕਿ ਤੁਹਾਡਾ ਲੜਕਾ ਐਸ ਤਰ੍ਹਾਂ ਹੀ ਤੁਰਕਾਂ ਦੇ ਸਿਰ ਭੰਨੇਗਾ। ਇਸ ਤਰ੍ਹਾਂ ਮਾਤਾ ਜੀ ਨੇ, ਬਾਬਾ ਜੀ ਕੋਲੋਂ ਵਰ ਪ੍ਰਾਪਤ ਕੀਤਾ। ਫੇਰ ਮਾਤਾ ਜੀ ਦੀ ਕੁੱਖੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜਨਮ ਲਿਆ। ਇਸ ਤਰ੍ਹਾਂ ਪੰਚਮ ਪਾਤਸ਼ਾਹ ਨੇ

ਸੰਤਾਂ ਨੂੰ ਮਾਣ ਦਿੱਤਾ ਅਤੇ ਪ੍ਰੇਮਾ ਭਗਤੀ ਦਰਸਾਈ -

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥

(ਪੰਨਾ ੧੩੮੮)

ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਬਾਬਾ ਬੁੱਢਾ ਜੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ ਸੀ, ਤੁਸੀਂ ਸੇਵਾ ਕਰਨੀ ਹੈ, ਮਰਿਆਦਾ ਵੀ ਦੱਸਣੀ ਹੈ ਤੇ ਚਲਾਉਣੀ ਹੈ, ਘਾਹ ਖੋਤ ਕੇ ਘੋੜਿਆਂ ਨੂੰ ਪਾਉਣਾ ਹੈ। ਤਿਲਕ ਵੀ ਤੁਸੀਂ ਕਰਨਾ ਹੈ ਅਤੇ ਤਿਲਕ ਦੀ ਰੀਤ, ਅਪਣੇ ਹੁੰਦੇ ਹੀ ਗੁਰੂ ਅੰਗਦ ਦੇਵ ਜੀ ਦੇ, ਤਿਲਕ ਕਰਵਾਕੇ ਸਥਾਪਿਤ ਕੀਤੀ -

ਨਾਨਕ ਅੰਗਦ ਕੋ ਬਪੁ ਧਰਾ ॥ (ਬਚਿੱਤ੍ਰ ਨਾਟਕ ਪ.੭)

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਹਿਣੇ ਨੂੰ ਅੰਗ ਨਾਲ ਲਾਕੇ ਅੰਗਦ ਬਣਾ ਦਿੱਤਾ। ਉਨ੍ਹਾਂ ਦੇ ਵਿੱਚ ਉਹੀ ਜੋਤ ਪ੍ਰਗਟ ਕਰ ਦਿੱਤੀ -

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ।

(ਪੰਨਾ ੯੬੬)

ਇਸ ਕਰਕੇ ਭਾਈ ! ਜਿਸ ਉਤੇ ਪੂਰਨ ਗੁਰੂ, ਪਰਮੇਸ਼ਰ ਦਾ ਹੱਥ ਹੋਵੇ।

ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥

(ਪੰਨਾ ੮੬੪)

ਬ੍ਰਹਮ ਗਿਆਨੀ ਤੇ ਪਰਮੇਸ਼ਰ ਦੋ ਨਹੀਂ ਹੁੰਦੇ, ਪਰਮੇਸ਼ਰ ਹੀ ਬ੍ਰਹਮ ਗਿਆਨੀ (ਗੁਰੂ) ਦੇ ਰੂਪ ਵਿੱਚ ਆਉਂਦਾ ਹੈ। ਇਸ ਵਾਸਤੇ, ਜਿਸਦੇ ਉੱਪਰ ਬ੍ਰਹਮ ਗਿਆਨੀ ਦੀ ਕਿਰਪਾ ਹੈ ਭਾਵ ਪਰਮੇਸ਼ਰ ਦੀ ਕਿਰਪਾ ਹੈ -

ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ (ਪੰਨਾ ੧੧੩੬)

ਉਹ ਪ੍ਰਭੂ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ ਭਾਵ ਚਾਰੋਂ ਖਾਣੀਆਂ ਦਾ ਉਹ ਆਪ ਦਾਨਾ-ਬੀਨਾ ਮਾਲਕ ਹੈ। ਭਾਈ ! ਸਾਨੂੰ ਇਸ ਗੱਲ ਦਾ ਅਟੱਲ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਇਸ ਨਿਸ਼ਚੇ ਵਾਲੇ ਮਨੁੱਖ ਨੂੰ,

ਵਾਸ਼ਨਾ ਨਹੀਂ ਸਤਾਉਂਦੀ। ਇਹ ਗਿਆਨੀ ਹੋ ਜਾਂਦਾ ਹੈ, ਅਸੰਗ ਹੋ ਜਾਂਦਾ ਹੈ –

ਅਸੰਗੋ ਹੀ ਪੁਰਸ਼ਾ ॥ ਅਸੰਗੋ ਨ ਹੀ ਸਜਯਤੇ (ਗੀਤਾ)

ਇਸ ਵਾਸਤੇ ਭਾਈ ! ਪੂਰਨ ਪੁਰਸ਼ ਦੀ ਕਿਰਪਾ ਨਾਲ, ਮਨ ਨਿਸ਼ਚੇ ਦੇ ਘਰ ਵਿੱਚ ਚਲਿਆ ਜਾਂਦਾ ਹੈ ਅਤੇ ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਬੋਲਿ ਨਾ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥

ਇਸ ਵਾਸਤੇ ਭਾਈ ! ਮਾਇਆ ਦੇ ਮਦ ਵਿੱਚ ਮਸਤ ਹੋਇਆ ਜੀਵ, ਬੋਲ ਨਹੀਂ ਸਕਦਾ, ਪਰਮੇਸ਼ਰ, ਗੁਰੂ ਦੇ ਅੱਗੇ। ਇੱਕ ਵਾਰੀ ਖਡੂਰ ਸਾਹਿਬ ਵਿੱਚ, ਗੁਰੂ ਅੰਗਦ ਦੇਵ ਜੀ ਬੈਠੇ, ਬੱਚਿਆਂ ਦੇ ਘੋਲ (ਕੁਸ਼ਤੀਆਂ) ਦੇਖ ਰਹੇ ਸੀ ਤੇ ਉਥੇ ਹਮਾਯੂੰ ਆਇਆ। ਉਹ ਕਹਿਣ ਲੱਗਿਆ–ਕੋਈ ਐਸਾ ਹੈ, ਜਿਹੜਾ ਮੈਨੂੰ ਫਿਰ ਰਾਜ–ਗੱਦੀ ਤੇ ਬਿਠਾ ਦੇਵੇ? ਤਾਂ ਉਨ੍ਹਾਂ ਨੇ ਕਿਹਾ ਕਿ ਇਸ ਵਕਤ, ਗੁਰੂ ਨਾਨਕ ਦੇਵ ਜੀ ਦੀ ਗੱਦੀ ਹੀ ਐਸੀ ਹੈ, ਜਿਹੜੀ ਫਿਰ–ਰਾਜ ਦਿਲਾ ਸਕਦੀ ਹੈ। ਉਹ ਬਹੁਤ ਅਹਿਲਕਾਰ ਲੈਕੇ ਗੁਰੂ ਸਾਹਿਬਾਂ ਦੇ ਕੋਲ ਪਹੁੰਚਿਆ। ਮਹਾਰਾਜ ਜੀ ਆਪਣੀ ਮਸਤੀ ਵਿੱਚ ਬੈਠੇ ਸੇ, ਉਹ ਜਾਕੇ ਖੜ੍ਹਾ ਹੋ ਗਿਆ। ਪਰ ਉਸਨੂੰ ਬਹੁਤ ਗੁੱਸਾ ਆਇਆ ਕਿ ਮੈਂ ਰਾਜਾ ਹਾਂ, ਇਨ੍ਹਾਂ ਨੇ ਮੇਰਾ ਕੋਈ ਅਦਬ ਨਹੀਂ ਕੀਤਾ। ਉਸਨੇ ਤਲਵਾਰ ਕੱਢ ਲਈ ਅਤੇ ਉਹਦਾ ਹੱਥ ਉਥੇ ਹੀ ਆਕੜ (ਰੁਕ) ਗਿਆ। ਅਹਿਲਕਾਰਾਂ ਨੇ ਕਿਹਾ ਜੀ ! ਇਸਤੋਂ ਭੁੱਲ ਹੋ ਗਈ। ਉਨ੍ਹਾਂ ਨੇ ਫੜਕੇ ਚਰਨਾਂ ਤੇ ਪਾਇਆ। ਮਹਾਰਾਜ ਕਹਿਣ ਲੱਗੇ– ਜਿੱਥੇ ਤੂੰ ਤਲਵਾਰ ਚਲਾਉਣੀ ਸੀ, ਉਥੋਂ ਤਾਂ ਭੱਜ ਕੇ ਆਇਆ ਹੈਂ ਅਤੇ ਸਾਧੂਆਂ ਉੱਤੇ ਤਲਵਾਰ ਉਠਾਉਂਦਾ ਹੈਂ? ਤੇਰੀ ਤਾਂ ਮਰਿਆਦਾ ਹੀ ਗਲਤ ਹੈ। ਸਾਰਿਆਂ ਨੇ ਕਿਹਾ, ਮਹਾਰਾਜ ! ਕੁੱਛ ਕਿਰਪਾ ਕਰੋ। ਉਨ੍ਹਾਂ ਨੇ ਕਿਹਾ ਬਾਰਾਂ ਸਾਲ ਬਾਅਦ ਆਇਓ । ਇਸ ਸਮੇਂ ਦੇ ਦੌਰਾਨ ਸ਼ੇਰ ਸ਼ਾਹ ਸੂਰੀ ਆਇਆ। ਉਸਨੇ ਇਹ ਸਾਰੀ ਜੀ.ਟੀ. ਰੋਡ ਬਣਵਾਈ ਅਤੇ ਹੋਰ ਵੀ ਭਲੇ ਦੇ ਕੰਮ ਕੀਤੇ ਪਰ ਉਸਦਾ ਕਰਮ

ਬਹੁਤਾ ਨਹੀਂ ਸੀ। ਫਿਰ ਹਮਾਯੂੰ ਆਇਆ, ਹੁਣ ਉਸਦੀ ਪਹਿਲੀ ਦਸ਼ਾ ਨਹੀਂ ਸੀ, ਉਹ ਬਦਲਿਆ ਹੋਇਆ ਸੀ। ਇਸ ਲਈ ਭਾਈ! ਹਮਾਯੂੰ ਬਦਲਿਆ, ਗੁਰੂ ਅੰਗਦ ਨੂੰ ਮਿਲਕੇ ਅਤੇ ਬਾਬਰ ਬਦਲਿਆ ਗੁਰੂ ਨਾਨਕ ਨੂੰ ਮਿਲਕੇ। ਇਸ ਲਈ ਭਾਈ! ਜਿਸ ਉਤੇ ਸੰਤ ਮਹਾਂਪੁਰਸ਼ ਦਾ ਹੱਥ ਹੋਵੇ, ਉਸਦੇ ਸਾਹਮਣੇ ਕੋਈ ਬੋਲ ਨਹੀਂ ਸਕਦਾ। ਫਿਰ ਹਮਾਯੂੰ ਦੀ ਤਲਵਾਰ ਚੱਲੀ? ਜੁਬਾਨ ਵੀ ਨਾ ਚੱਲੀ, ਜਿਹੜੀ ਪਹਿਲਾਂ ਮਾਇਆ ਦੇ ਮਦ ਵਿੱਚ ਚਲਦੀ ਸੀ। ਫਿਰ ਉਹ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿੱਚ ਡਿੱਗ ਪਿਆ ਅਤੇ ਪਰਮੇਸ਼ਰ-ਗੁਰੂ, ਉਸਦਾ ਰਾਖਾ ਹੋ ਗਿਆ।

ਇਸ ਲਈ ਭਾਈ! ਗੁਰੂ-ਪਰਮੇਸ਼ਰ ਇੱਕ ਹੀ ਹੈਂ, ਉਹ ਦੋ ਨਹੀਂ ਹਨ -

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥
ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥ (ਪੰਨਾ ੨੭੩)

ਬ੍ਰਹਮ ਗਿਆਨੀ ਅਤੇ ਰੱਬ ਵਿੱਚ ਕੋਈ ਭੇਦ ਨਹੀਂ ਹੈ, ਉਸਦੀ ਮਰਿਆਦਾ ਇਹੋ ਜਿਹੀ ਹੁੰਦੀ ਹੈ। ਜੋ ਪਰਮੇਸ਼ਰ ਦਾ ਹੁਕਮ ਹੁੰਦਾ ਹੈ, ਉਹ, ਉਹੀ ਕਰਦਾ ਹੈ। ਇਹ ਬ੍ਰਹਮ ਗਿਆਨੀ ਦੀ ਨਿਸ਼ਾਨੀ ਹੈ। ਉਹ ਭਾਣੇ ਤੋਂ ਕਦੇ ਬਾਹਰ ਨਹੀਂ ਜਾਂਦਾ, ਉਸ ਦੇ ਅੱਗੇ ਕੋਈ ਬੋਲ ਵੀ ਨਹੀਂ ਸਕਦਾ। ਜਿਸ ਉਤੇ, ਉਹਦੀ ਕਿਰਪਾ ਹੁੰਦੀ ਹੈ, ਉਸਨੂੰ ਕੋਈ ਘਾਟ ਨਹੀਂ ਰਹਿੰਦੀ।

ਮਰਣਾ ਚੀਤਿ ਨਾ ਆਵੈ॥

ਇਹ ਆਦਮੀ ਜਦੋਂ ਮਾਇਆ ਵਿੱਚ ਮਸਤ ਹੁੰਦਾ ਹੈ, ਇਸਨੂੰ ਮਰਨਾ ਭੁੱਲ ਜਾਂਦਾ ਹੈ, ਬੜੇ ਬੰਦੋਬਸਤ ਕਰਦਾ ਹੈ। ਦੋ ਪੁਸ਼ਤਾਂ ਤੱਕ,

ਤਿੰਨ ਪੁਸ਼ਤਾਂ ਤੱਕ ਦੀਆਂ ਯੋਜਨਾ ਬਣਾਉਂਦਾ ਰਹਿੰਦਾ ਹੈ। ਤੁਹਾਨੂੰ ਪਤਾ ਹੋਵੇਗਾ, ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੇ ਸਮੇਂ, ਸਿੱਖਾਂ ਨੇ ਅਤੇ ਮੁਸਲਮਾਨਾਂ ਨੇ ਮਿਲਕੇ ਬੜੀ ਮੱਦਦ ਕੀਤੀ। ਹਿੰਦੂਆਂ ਨੇ ਵੀ ਬੜੀ ਮੱਦਦ ਕੀਤੀ। ਖਜਾਨੇ ਦਾ ਕੰਮ ਹਿੰਦੂਆਂ ਕੋਲ ਸੀ ਅਤੇ ਤਖਤ ਅਪਨਾ ਲਿਆ। ਚਾਲੀ ਸਾਲ ਤੱਕ ਰਾਜ ਸੰਭਾਲਿਆ ਅਤੇ ਫਿਰ ਮਾਇਆ ਦੇ ਭੁਲੇਖੇ ਵਿੱਚ ਭੁੱਲ ਗਿਆ। ਉਹਦੇ ਸੱਤ ਪੁੱਤਰ ਅਤੇ ਦੋ ਪੁੱਤਰੀਆਂ ਸਨ। ਫੇਰ ਉਹ ਨਿੱਜੀ ਸੁਆਰਥ ਨਾਲ ਕੰਮ ਕਰਨ ਲੱਗ ਪਿਆ। ਜਦ ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਨੂੰ ਦੇਖਿਆ, ਬਈ ਇਹ ਤਾਂ ਕੁਮਾਰਗ ਪੈ ਗਿਆ ਹੈ, ਤਾਂ ਉਸਨੇ ਕਿਹਾ-ਮੈਂ ਤੇਰਾ ਸਾਥ ਨਹੀਂ ਦੇਵਾਂਗਾ, ਤੂੰ ਤਾਂ ਗਲਤ ਕਰਦਾ ਹੈਂ। ਇਹ ਤਾਂ ਪਬਲਿਕ ਦਾ ਰਾਜ ਸੀ । ਇਸ ਵਾਸਤੇ ਅਸੀਂ ਤਾਂ ਇੱਕ ਹੀ ਅਸੂਲ ਰੱਖਿਆ ਸੀ ਬਈ ਪੰਚਾਇਤ ਹੀ ਰਾਜ ਕਰੇ ਅਤੇ ਪਬਲਿਕ ਨੂੰ ਸੁੱਖ ਰਹੇ। ਪਰ ਤੂੰ ਤਾਂ ਆਪਣੇ ਲੜਕਿਆਂ ਵੱਲ ਲੈ ਜਾ ਰਿਹਾ ਹੈਂ ਤਾਂ ਅਕਾਲੀ ਫੂਲਾ ਸਿੰਘ ਉਥੋਂ ਚਲਿਆ ਗਿਆ। ਉਹ ਊਨਾ ਸਾਹਿਬ ਪਹੁੰਚ ਗਿਆ ਅਤੇ ਮਹਾਰਾਜਾ ਦੇ ਬਾਬਤ ਸਾਰੀ ਗੱਲ ਬਾਬਾ ਸਾਹਿਬ ਸਿੰਘ ਬੇਦੀ ਨੂੰ ਦੱਸੀ। ਮਹਾਰਾਜਾ ਵੀ ਮਗਰੇ ਹੀ ਉਥੇ ਪਹੁੰਚ ਗਿਆ। ਉਸਨੇ ਬੇਦੀ ਨੂੰ ਕਿਹਾ ਕਿ ਅਕਾਲੀ ਨੂੰ ਮਨਾ ਕੇ ਲਿਆਉ। ਮੇਰਾ, ਹੋਰ ਕੋਈ ਟਿਕਾਣਾ ਨਹੀਂ ਹੈ। ਬੇਦੀ ਕਹਿਣ ਲੱਗਿਆ ਕਿ ਜੋ ਅਕਾਲੀ ਕਹਿੰਦਾ ਹੈ, ਉਹੀ ਮੈਂ ਕਹਿੰਦਾ ਹਾਂ। ਤੈਨੂੰ ਟਿੱਕਾ ਤਾਂ ਮੈਂ ਦਿੱਤਾ ਹੈ। ਤੇਰੇ ਨਾਲ ਜੁਬਾਨ ਕਰਕੇ ਦਿੱਤਾ ਸੀ ਅਤੇ ਤੂੰ ਜੁਬਾਨ ਕਰਕੇ ਫਿਰ ਗਿਆ ਹੈਂ। ਅਕਾਲੀ, ਠੀਕ ਕਹਿੰਦਾ ਹੈ। ਮਹਾਰਾਜਾ ਤਿੰਨ ਦਿਨ ਉਥੇ ਹੀ ਬੈਠਾ ਰਿਹਾ। ਇੱਧਰੋਂ ਅਕਾਲੀ ਨੇ ਬੇਦੀ ਨੂੰ ਕਹਿ ਦਿੱਤਾ ਕਿ ਉਹਨੂੰ ਕਾਣੇ ਨੂੰ ਕਹਿ ਦੇਈਂ, ਮੇਰੇ ਮੱਥੇ ਨਾ ਲੱਗੇ। ਜਦੋਂ ਅਕਾਲੀ ਫੂਲਾ ਸਿੰਘ ਗੁੱਸੇ ਵਿੱਚ ਹੁੰਦਾ ਸੀ ਤਾਂ ਉਹ ਮਹਾਰਾਜਾ ਰਣਜੀਤ ਸਿੰਘ ਨੂੰ ਕਾਣਾ ਕਹਿੰਦਾ ਸੀ ਤੇ ਜਦੋਂ ਖੁਸ਼ ਹੁੰਦਾ ਸੀ ਤਾਂ ਰਣਜੀਤ ਸਿੰਘ ਨੂੰ ਬਾਦਸ਼ਾਹ ਕਹਿੰਦਾ ਹੁੰਦਾ ਸੀ। ਉਹਦੇ (ਰਣਜੀਤ ਸਿੰਘ ਦੇ) ਬਹੁਤ ਤਰਲਾ ਮਿੰਨਤ ਕਰਨ ਤੋਂ ਬਾਅਦ ਬੇਦੀ ਨੇ ਅਕਾਲੀ ਨੂੰ ਕਿਹਾ-ਬਈ ਅਕਾਲੀ! ਹੁਣ ਇੱਕ

ਵਾਰੀ ਗੱਲ ਮੰਨ ਲਵੋ। ਅਕਾਲੀ ਕਹਿਣ ਲੱਗਾ-ਬੇਦੀ! ਤੇਰਾ ਕਹਿਣਾ ਤਾਂ ਮੰਨ ਲਵਾਂਗੇ, ਪਰ ਮਹਾਰਾਜੇ ਦਾ ਜਿਹੜਾ ਵਿਹਾਰ ਹੈ, ਉਹ ਬੜਾ ਗਲਤ ਹੈ ਅਤੇ ਇਹ ਗਲਤ ਰਸਤੇ ਵੱਲ ਜਾ ਰਿਹਾ ਹੈ। ਮਹਾਰਾਜਾ, ਅਕਾਲੀ ਦੇ ਪੈਰੀਂ ਪੈ ਗਿਆ। ਅਕਾਲੀ ਕਹਿੰਦਾ, ਇਹ ਨਹੀਂ ਹੋ ਸਕਦਾ। ਮਹਾਰਾਜਾ ਕਹਿੰਦਾ ਬਈ ਜੋ ਤੁਸੀਂ ਕਹੋਂਗੇ, ਮੈਂ ਉਹੀ ਕਰੂੰਗਾ। ਇਸ ਲਈ ਅਕਾਲੀ ਫਿਰ ਮੰਨ ਕੇ ਆ ਗਿਆ ਅਤੇ ਅਕਾਲੀ ਦੇ ਸਰੀਰ ਛੁੱਟਣ ਤੋਂ ਬਾਅਦ ਅਤੇ ਹਰੀ ਸਿੰਘ ਨਲੂਏ ਦਾ ਸਰੀਰ ਛੁੱਟਣ ਤੋਂ ਬਾਅਦ ਜੋ ਕੁੱਛ ਹੋਇਆ, ਉਹ ਤੁਸੀਂ ਇਤਿਹਾਸ ਪੜ੍ਹਕੇ ਦੇਖ ਲਵੋ। ਇਹ ਅਕਾਲੀ ਹੀ ਸੀ ਜਿਹੜਾ ਇੱਕ ਲਾਈਨ ਵਿੱਚ ਸਾਰਿਆਂ ਨੂੰ ਲਈ ਜਾ ਰਿਹਾ ਸੀ। ਅਕਾਲੀ ਵਿੱਚ ਰੂਹਾਨੀ ਸ਼ਕਤੀ ਸੀ ਜਿਸ ਕਰਕੇ, ਉਸਨੂੰ ਮਹਾਰਾਜਾ ਮੰਨਦਾ ਸੀ। ਇਸ ਕਰਕੇ ਭਾਈ ! ਇਹ ਜੀਵ ਜਦ ਤੱਕ ਸਿੱਧੇ ਰਸਤੇ ਚਲਦਾ ਹੈ, ਉਸਨੂੰ ਕੋਈ ਖਤਰਾ ਨਹੀਂ ਹੈ। ਜਦ ਇਹ ਗਲਤੀ ਕਰੇਗਾ ਤਾਂ ਆਪਣੀ ਗਲਤੀ ਨੂੰ ਆਪ ਹੀ ਭੋਗੇਗਾ। ਜਦੋਂ ਇਹ ਮਾਇਆ ਦੇ ਮੋਹ ਵਿੱਚ ਮਸਤ ਹੁੰਦਾ ਹੈ ਤਾਂ ਦੁਨੀਆਂ ਦੀ ਕੋਈ ਗੱਲ ਨਹੀਂ ਸੁਣਦਾ। ਜਿਹੜੀ ਗਲਤੀ ਨਹੀਂ ਕਰਨੀ ਹੁੰਦੀ, ਉਹ ਵੀ ਕਰੀ ਜਾਂਦਾ ਹੈ। ਫਿਰ ਮਹਾਂਪੁਰਸ਼ ਤੋਂ ਹੀ ਬਖਸ਼ਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ -

ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥ ਰਹਾਉ ॥

ਹੇ ਵਿਆਪਕ! ਹੇ ਪ੍ਰਕਾਸ਼ ਸਰੂਪ! '**ਮੇਰੇ ਰਾਮ ਰਾਇ**' ਤੂੰ ਮੇਰੀ ਆਤਮਾ ਹੈਂ, ਉਹ ਸੰਤ ਜਿਹੜੇ ਤੇਰੇ ਇੱਕ-ਰਸ ਹਨ, ਤੂੰ ਉਨ੍ਹਾਂ ਦਾ ਹੈਂ ਅਤੇ ਉਹ ਤੇਰੇ ਹਨ। ਤੇਰੇ ਸੇਵਕ ਨੂੰ ਕਦੇ ਡਰ ਨਹੀਂ ਹੋਏਗਾ। ਅਕਾਲੀ, ਸਾਰੀ ਉਮਰ ਨਹੀਂ ਡਰਿਆ। ਹਨੂੰਮਾਨ ਨਹੀਂ ਡਰਿਆ, ਊਧੋ ਨਹੀਂ ਡਰਿਆ। ਜਿਹੜਾ ਰੱਬ ਦਾ ਸੇਵਕ ਹੋਏਗਾ, ਉਹ ਨਹੀਂ ਡਰੇਗਾ, ਉਸਨੂੰ ਕੋਈ ਭਉ ਨਹੀਂ ਰਹਿੰਦਾ। ਸੱਚ ਨੂੰ ਕਦੇ ਆਂਚ ਨਹੀਂ ਆਉਂਦੀ। ਡਰਦਾ ਤਾਂ ਝੂਠ ਹੁੰਦਾ ਹੈ, ਸੱਚ ਕਦੇ ਵੀ ਡਰਦਾ ਨਹੀਂ ਹੁੰਦਾ। ਇਸ ਬਾਤ ਦੀ ਪੁਸ਼ਟੀ ਐਥੋਂ ਹੁੰਦੀ ਹੈ ਕਿ ਜਦੋਂ ਛੀਨਾ (ਬਿਧੀ ਚੰਦ) ਸੰਗਤ

ਦੇ ਖੋਹੇ ਹੋਏ ਬਸਤਰ ਲੈਣ ਗਿਆ ਤਾਂ ਉਸਨੇ ਬਸਤਰਾਂ ਦੇ ਨਾਲ ਨਾਲ ਜਿਹੜੇ ਗਹਿਣੇ ਉਸਨੂੰ ਚੰਗੇ ਲੱਗੇ, ਉਹ ਵੀ ਲੈ ਲਏ। ਜਦ ਉਹ ਬਾਹਰ ਨਿਕਲਿਆ ਤਾਂ ਪਤਾ ਚੱਲ ਗਿਆ ਲੋਕਾਂ ਨੂੰ, ਬਈ ਇੱਕ ਐਸਾ ਪੁਰਸ਼ ਆਇਆ ਹੈ ਜੋ ਕੱਪੜੇ ਵੀ ਲੈ ਗਿਆ ਹੈ ਅਤੇ ਗਹਿਣੇ ਵੀ ਲੈ ਗਿਆ ਹੈ। ਉਸਨੂੰ ਕੋਈ ਜਗ੍ਹਾ ਨਾ ਲੱਭੇ, ਛੁੱਪਣ ਵਾਸਤੇ ? ਉਹ ਇੱਕ ਭੱਠੀ ਵਾਲੇ ਕੋਲ ਪਹੁੰਚਿਆ ਅਤੇ ਕਹਿੰਦਾ, ਤੇਰੇ ਕੋਲ ਕੋਈ ਜਗ੍ਹਾ ਹੈ ਘੰਟਾ ਦੋ ਘੰਟੇ ਕੱਟਣ ਵਾਸਤੇ? ਉਹ ਕਹਿਣ ਲੱਗਿਆ ਮੈਂ ਤਾਂ ਗਰੀਬ ਬੰਦਾ ਹਾਂ, ਦਾਣੇ ਭੁੰਨ ਕੇ ਗੁਜਾਰਾ ਕਰਦਾ ਹਾਂ। ਉਹ, ਉਸ ਭੱਠੀ ਵਿੱਚ ਵੜ ਗਿਆ ਅਤੇ ਭਾਈ ਨੂੰ ਕਿਹਾ ਕਿ ਤੂੰ ਦਾਣੇ ਭੁੰਨੀਂ ਜਾਈਂ। ਜਦੋਂ ਉਹ ਭੱਠੀ ਵਿੱਚ ਵੜਿਆ, ਇੱਧਰੋਂ ਛੇਵੇਂ ਪਾਤਸ਼ਾਹ ਅੰਮ੍ਰਿਤਸਰ ਤਲਾਅ ’ਚ ਬੈਠ ਗਏ। ਸਾਰੇ ਸਿੱਖ ਪਾਣੀ ਪਾਈ ਜਾਣ ਸਿਰ ਵਿੱਚ ਤੇ ਕਿਸੇ ਨੂੰ ਨਹੀਂ ਸੀ ਪਤਾ ਬਈ ਅੱਜ ਕੀ ਕੌਤਕ ਵਰਤ ਰਿਹਾ ਹੈ। ਜਦ ਉਹ ਭੱਠੀ ਵਿੱਚੋਂ ਬਾਹਰ ਆਇਆ ਤਾਂ ਪਾਤਸ਼ਾਹ ਵੀ ਤਲਾਅ ਵਿੱਚੋਂ ਬਾਹਰ ਆ ਗਏ। ਸਿੱਖ ਪੁੱਛਣ ਲੱਗੇ ਮਹਾਰਾਜ ਜੀ ਕੀ ਗੱਲ ਹੈ? ਮਹਾਰਾਜ ਕਹਿਣ ਲੱਗੇ ਭਾਈ! ਤੁਹਾਨੂੰ ਆਪੇ ਹੀ ਪਤਾ ਚੱਲ ਜਾਊਗਾ। ਭੱਠੀ ਵਿੱਚ ਉਹ ਗਹਿਣੇ ਤਾਂ ਸਾਰੇ ਜਲ ਗਏ ਪਰ ਕੱਪੜਿਆਂ ਦੀ ਇੱਕ ਤੰਦ ਵੀ ਨਹੀਂ ਜਲੀ ਸੀ। ਜਦੋਂ ਉਹ ਆਇਆ ਤਾਂ ਗੁਰੂ ਜੀ ਨੇ ਛੀਨੇ ਨੂੰ ਗਲ ਨਾਲ ਲਾ ਲਿਆ ਅਤੇ ਬਖਸ਼ ਦਿੱਤਾ। ਉਹ ਕਹਿਣ ਲੱਗੇ, ਬੱਸ ਤੂੰ ਇੱਕ ਹੀ ਗਲਤੀ ਕੀਤੀ ਹੈ। ਤੈਨੂੰ ਇਹ ਨਹੀਂ ਸੀ ਕਿਹਾ ਕਿ ਤੂੰ ਉਨ੍ਹਾਂ ਦੇ ਗਹਿਣੇ ਚੱਕੀਂ, ਸੰਗਤ ਦੇ ਬਸਤਰ ਲਿਆਉਣ ਬਾਰੇ ਕਿਹਾ ਸੀ, ਤੂੰ ਗਹਿਣੇ ਵੀ ਚੱਕ ਲਏ। ਛੀਨਾ (ਬਿਧੀ ਚੰਦ) ਕਹਿਣ ਲੱਗਿਆ, ਮੇਰਾ ਦਿਲ ਚੱਲ ਗਿਆ। ਉਹ ਕਹਿੰਦੇ, ਇਹ ਬੜਾ ਗਲਤ ਕੰਮ ਹੋਇਆ। ਇਸ ਕਰਕੇ, ਜਦ ਇਹ ਆਪਣੇ ਹੱਕ ਤੋਂ ਹਿੱਲ ਜਾਂਦਾ ਹੈ, ਅੱਗੇ ਪਿੱਛੇ ਹੁੰਦਾ ਹੈ, ਉਸਦੀ ਸਜਾ ਆਪੇ ਹੀ ਮਿਲ ਜਾਂਦੀ ਹੈ। ਇਸ ਕਰਕੇ ਭਾਈ! ਐਨੀਂ ਤਾਕਤ ਹੁੰਦੀ ਹੈ ਗੁਰੂ-ਪਰਮੇਸ਼ਰ ਵਿੱਚ। ਉਹ ਬੱਚੇ ਨੂੰ ਜਠਰ ਅਗਨੀ ਤੋਂ ਰੋਜ ਬਚਾਉਂਦਾ ਹੈ। ਇਸ ਵਾਸਤੇ, ਪਰਮੇਸ਼ਰ ਆਪਣੇ ਸੇਵਕਾਂ ਦੀ ਪੈਜ

ਰਖਦਾ ਹੈ ਅਤੇ ਸੇਵਕਾਂ ਨੂੰ ਕੋਈ ਦੁੱਖ ਨਹੀਂ ਪਹੁੰਚਦਾ –

ਜਮੁ ਨਹੀ ਆਵੈ ਨੇਰੇ ॥ ਰਹਾਉ ॥

ਅਤੇ ਜਮ ਵੀ ਉਹਦੇ ਨੇੜੇ ਨਹੀਂ ਆਉਂਦੇ। ਉਹ, ਬਖਸ਼ੀਸ਼ ਦੇ ਘਰ ਵਿੱਚ ਆ ਜਾਂਦਾ ਹੈ –

ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥

(ਪੰਨਾ ੨੭੭)

ਜਿਹੜਾ ਬਖਸ਼ਿਆ ਜਾਂਦਾ ਹੈ, ਉਹਦੇ ਨੇੜੇ ਜਮ ਨਹੀਂ ਆਉਂਦਾ ਕੋਈ। ਉਹ ਤਾਂ ਪਰਮੇਸ਼ਰ ਨਾਲ ਇੱਕ ਹੋ ਜਾਂਦਾ ਹੈ –

ਜੋ ਤੇਰੈ ਰੰਗਿ ਰਾਤੇ ਸੁਆਮੀ

ਹੇ ਸੁਆਮੀ ! ਜਿਹੜੇ ਤੇਰੇ ਰੰਗ ਵਿੱਚ, ਮਸਤੀ ਵਿੱਚ ਰੰਗੇ ਗਏ ਹਨ–

ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥

ਉਨ੍ਹਾਂ ਦਾ ਜਨਮ-ਮਰਨ ਦੁੱਖ ਕੱਟਿਆ ਗਿਆ। ਉਹਦਾ ਜਨਮ-ਮਰਨ ਨਹੀਂ ਹੋਇਆ ਕਦੇ। ਕਿਸੇ ਬ੍ਰਹਮ ਗਿਆਨੀ ਦਾ ਅੱਜ ਤੱਕ ਜਨਮ-ਮਰਨ ਨਹੀਂ ਹੋਇਆ। ਉਹ ਤਾਂ ਭਾਈ ! ਅਬਿਨਾਸ਼ੀ ਨਾਲ ਮਿਲ ਕੇ, ਅਬਿਨਾਸ਼ੀ ਹੋ ਗਏ। ਬਖਸ਼ੇ ਗਏ –

ਤੇਰੀ ਬਖਸ ਨ ਮੇਟੈ ਕੋਈ

ਤੇਰੀ ਬਖਸ਼ੀਸ਼ ਨੂੰ, ਹੇ ਪਰਮੇਸ਼ਰ ! ਕੋਈ ਮੇਟ ਨਹੀਂ ਸਕਦਾ, ਪੰਚਮ ਪਾਤਸ਼ਾਹ ਕਹਿੰਦੇ –

ਸਤਿਗੁਰ ਕਾ ਦਿਲਾਸਾ ॥

ਸਤਿਗੁਰੂ ਦਾ ਦਿਲਾਸਾ ਹੁੰਦਾ ਹੈ। ਉਹ, ਜਿਸ ਉੱਤੇ ਇੱਕ ਵਾਰੀ ਵੀ ਸਤਿਗੁਰੂ ਦੀ ਕ੍ਰਿਪਾ ਹੋਈ, ਦੇਖ ਲਉ, ਨਾਨਕ ਨੇ, ਮੁਹੰਮਦ ਨੇ ਕਿੰਨੇ ਬਖਸ਼ ਦਿੱਤੇ। ਇਹ ਭਾਈ ! ਬਖਸ਼ੀਸ਼ ਕਰਨ ਵਾਲੇ ਮਹਾਂਪੁਰਸ਼ ਹੁੰਦੇ ਹਨ ਅਤੇ ਉਨ੍ਹਾਂ ਨੂੰ ਕੋਈ ਸੋਗ ਨਹੀਂ ਵਿਆਪਦਾ –

ਨਾਮੁ ਧਿਆਇਨਿ ਸੁਖ ਫਲ ਪਾਇਨਿ

ਉਹ ਅੱਠੇ ਪਹਿਰ ਪਰਮੇਸ਼ਰ ਦਾ ਭਜਨ ਕਰਦੇ ਹਨ ਅਤੇ ਆਤਮ-

ਇਸਥਿਤੀ ਵਿੱਚ ਆਨੰਦ ਮਾਣਦੇ ਹਨ –

ਆਠ ਪਹਰ ਆਰਾਧਹਿ ॥

ਉਹ ਅੱਠੇ ਪਹਿਰ ਪਰਮੇਸ਼ਰ ਨੂੰ ਆਰਾਧਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅਨੁਭਵ ਹੋ ਗਿਆ ਕਿ ਇਹ ਸਾਡੀ ਬਿਰਤੀ, ਸਾਡੀਆਂ ਕਾਮਨਾਂ, ਵਾਸ਼ਨਾਵਾਂ ਇਤਿਆਦਿ ਸਭ ਦ੍ਰਿਸ਼ ਹਨ, ਮਿਥਿਆ ਹਨ ਪਰ ਸਾਡਾ ਸਰੂਪ ਸਤਿ ਹੈ –

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥ (ਪੰਨਾ ੨੮੫)

ਉਸ ਸਤਿ ਦੇ ਨਾਲ, ਜਦੋਂ ਇਸਦੀ ਬਿਰਤੀ ਇੱਕ ਹੋ ਗਈ, ਇਹ ਅਲੱਗ ਨਾ ਰਿਹਾ ਤਾਂ ਇਹਦੀ ਮੋਖਸ਼ ਹੋ ਗਈ। ਇਸ ਤੇ ਬਖਸ਼ਿਸ਼ ਹੋ ਗਈ। ਇਹਦਾ ਜਨਮ-ਮਰਨ ਕੱਟਿਆ ਗਿਆ, ਪੰਚਮ ਪਾਤਸ਼ਾਹ ਹੁਕਮ ਕਰਦੇ ਨੇ –

ਤੇਰੀ ਸਰਣਿ ਤੇਰੈ ਭਰਵਾਸੈ

ਹੇ ਪ੍ਰਭੂ ! ਮੈਂ ਤੇਰੀ ਸ਼ਰਣ ਆਇਆ ਹਾਂ। ਤੁਹਾਡੀ ਸ਼ਰਣ ਤੋਂ ਬਿਨਾਂ, ਮੇਰੀ ਹੋਰ ਕੋਈ ਜਗ੍ਹਾ ਨਹੀਂ ਹੈ, ਇੱਕ ਤੂੰ ਹੀ ਸ਼ਰਣ ਲੈਣ ਯੋਗ ਹੈਂ।

ਜਿਤੇ ਸਰਨ ਜੈਹੈ ਤਿਤਯੋ ਰਾਖੁ ਲਏ ਹੈਂ ॥ (ਬਚਿੱਤ੍ਰ ਨਾਟਕ)

ਕੋਈ ਸ਼ਰਣਾਗਤੀ 'ਚੋਂ ਮੁੜ ਕੇ ਨਹੀਂ ਗਿਆ। ਨਾ ਕਬੀਰ, ਨਾ ਨਾਮਦੇਵ, ਨਾ ਜੈਦੇਵ, ਨਾ ਰਵਿਦਾਸ। ਜੋ ਸ਼ਰਣ ਆਏ, ਉਹ ਪਰਮੇਸ਼ਰ ਨੇ ਆਪਣੇ ਨਾਲ ਮਿਲਾ ਲਏ। ਭਗਵਾਨ ਕ੍ਰਿਸ਼ਨ ਨੇ, ਗੀਤਾ ਵਿੱਚ ਇਥੇ ਹੀ ਗੱਲ ਨੂੰ ਨਿਬੇੜ ਦਿੱਤਾ –

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ। (ਗੀਤਾ ੧੮.੬੬)

ਕਹਿੰਦੇ-ਮੱਤ ਸੋਚ ਕਰ ! ਤੂੰ ਸ਼ਰਣ ਮੇਂ ਆ ਜਾ। ਉਹ ਪਰੀਪੂਰਨ ਹੈ, ਤੂੰ ਉਹਦੀ ਸ਼ਰਣ ਵਿੱਚ ਪੈ ਜਾ। ਤੈਨੂੰ ਕੋਈ ਫਿਕਰ ਨਹੀਂ ਰਹੇਗਾ। ਮੈਂ ਜੁੰਮੇਵਾਰ ਹਾਂ। ਇਸ ਲਈ, ਗੁਰੂ ਸਾਹਿਬ ਕਹਿੰਦੇ – ਜਿੰਨੇ ਵੀ ਸਰਣਾਗਤੀ ਹੋਏ, ਉਹ ਮੁੜ ਕੇ ਕਦੇ ਜਨਮ ਮਰਨ ਵਿੱਚ ਨਹੀਂ ਗਏ।

ਸ਼ਰਣਾਗਤੀ ਭਗਤੀ, ਅਖੀਰੀ ਹੈ।

ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ॥

ਉਹ ਜਿਹੜੇ ਪੰਜ ਦੁਸ਼ਟ ਸਨ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ, ਉਹ ਮੈਂ ਸਾਧ ਲਏ ਹਨ। ਉਹ ਮੇਰੇ ਕਾਬੂ ਵਿੱਚ ਹਨ –

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

ਗੁਰੂ ਅਰਜਨ ਸਾਹਿਬ ਕਹਿੰਦੇ ਹਨ–ਮੈਂ ਕੋਈ ਗਿਆਨ ਨਹੀਂ ਸੀ ਜਾਣਦਾ, ਹੇ ਪਰਮੇਸ਼ਰ! ਮੈਨੂੰ, ਤੇਰੀ ਕੋਈ ਸਾਰ ਨਹੀਂ ਸੀ। ਪੰਜਵੇਂ ਨਾਨਕ ਜੀ ਕਹਿੰਦੇ – ਸਭ ਤੋਂ ਵੱਡਾ ਸਤਿਗੁਰੂ ਹੈ, ਜਿਸਨੇ ਕਲਯੁਗ ਵਿੱਚ ਮੇਰੀ ਇੱਜਤ ਰੱਖੀ ਹੈ। ਗੁਰੂ ਰਾਮਦਾਸ ਜੀ, ਮੇਰੇ ਗੁਰੂ ਹਨ –

ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ (ਪੰਨਾ ੬੧੨)

ਉਹ ਪੂਰਨ ਗੁਰੂ ਜਿਸਨੂੰ ਬਖਸ਼ ਦੇਵੇਗਾ, ਉਹਦਾ ਬੇੜਾ ਪਾਰ ਹੋ ਜਾਏਗਾ। ਗੁਰੂ, ਸਭ ਤੋਂ ਵੱਡਾ ਹੈ ਕਿਉਂਕਿ ਗਿਆਨ ਸਭ ਤੋਂ ਵੱਡਾ ਹੈ। ਦੁਨੀਆਂ ਵਿੱਚ ਹੋਰ ਕੋਈ ਚੀਜ ਵੱਡੀ ਨਹੀਂ ਹੈ। ਗੁਰੂ ਬਾਰੇ ਫੁਰਮਾਨ ਕਰਦੇ ਨੇ –

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥
(ਪੰਨਾ ੧੨੩੭)

ਗੁਰੂ, ਚੇਲੇ ਨੂੰ ਗੁਰੂ ਬਣਾ ਦਿੰਦਾ ਹੈ। ਤੀਜੇ ਪਾਤਸ਼ਾਹ ਨੇ ਬਾਰਾਂ ਸਾਲ ਗਾਗਰਾਂ ਢੋਈਆਂ, ਗੁਰੂ ਦੀ ਸੇਵਾ ਕੀਤੀ। ਬਾਰਾਂ ਸਾਲ ਦੇ ਆਖਰੀ ਦਿਨ, ਜਦ ਉਹ ਪਾਣੀ ਦੀ ਗਾਗਰ ਲੈ ਕੇ ਆ ਰਹੇ ਸੀ ਤਾਂ ਰਸਤੇ ਵਿੱਚ ਯੋਗੀ ਦੀ ਹੱਡੀ ਦੱਬੀ ਹੋਈ ਸੀ। ਜਿਸਦਾ ਯੋਗ ਭ੍ਰਸ਼ਟ ਹੋ ਗਿਆ ਸੀ। ਜਦ ਤੀਜੇ ਪਾਤਸ਼ਾਹ ਦਾ ਅੰਗੂਠਾ, ਹੱਡੀ ਨੂੰ ਛੂਹਿਆ ਤਾਂ ਉਹ ਸਰਜੀਤ ਹੋ ਗਿਆ। ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ? ਮੈਂ ਤਾਂ ਰੋਜ ਇੱਥੋਂ ਲੰਘਦਾ ਹਾਂ। ਯੋਗੀ ਕਹਿਣ ਲੱਗਿਆ, ਅੱਜ ਤੁਹਾਡੇ ਵਿੱਚ ਉਹ ਈਸ਼ਵਰੀ ਸ਼ਕਤੀ ਆ ਗਈ ਹੈ, ਤੁਸੀਂ ਜਾਉ

ਆਪਣੇ ਗੁਰੂਆਂ ਕੋਲ, ਤੁਹਾਨੂੰ ਸਭ ਪਤਾ ਲੱਗ ਜਾਊ ਜਾਂਦਿਆਂ ਨੂੰ। ਬਾਬੇ ਬੁੱਢਾ ਜੀ ਨੂੰ ਸਾਰਾ ਹੁਕਮ ਹੋਇਆ ਸੀ, ਬਈ ਚੰਦਨ ਅਤੇ ਕੇਸਰ ਆਦਿ ਰਗੜ ਕੇ ਰੱਖਣਾ ਹੈ ਤੁਸੀਂ ।ਆਉਂਦਿਆਂ ਨੂੰ ਹੀ, ਗੁਰੂ ਅੰਗਦ ਦੇਵ ਜੀ ਨੇ ਹੁਕਮ ਕੀਤਾ, ਹੇ ਪੁਰਖਾ! ਇਸ ਅੱਧੀ ਗਾਗਰ ਪਾਣੀ ਦੇ ਨਾਲ ਤੂੰ ਇਸ਼ਨਾਨ ਕਰ ਲੈ ਅਤੇ ਬਾਬਾ ਬੁੱਢਾ ਜੀ ਨੂੰ ਤਿਲਕ ਕਰਨ ਦਾ ਹੁਕਮ ਕੀਤਾ। ਇਸ ਤਰ੍ਹਾਂ ਮਹਾਰਾਜ ਗੁਰੂ ਅੰਗਦ ਦੇਵ ਜੀ ਨੇ ਤੀਜੇ ਪਾਤਸ਼ਾਹ ਨੂੰ ਗੁਰਿਆਈ ਦੇ ਕੇ ਬਹੁਤ ਵਰ ਦਿੱਤੇ।'ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਨਿਧਿਰਿਆਂ ਦੀ ਧਿਰ', ਆਦਿ ਵਰ ਦੇ ਕੇ ਨਿਹਾਲ ਕੀਤਾ। ਫਿਰ ਤੀਜੇ ਪਾਤਸ਼ਾਹ ਆਪ ਲਿਖਦੇ ਹਨ –

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥

(ਪੰਨਾ ੪੯੦)

ਉਹ ਕਹਿੰਦੇ, ਬਈ ਰੱਬ ਦੀ ਰਜਾ ਦੇਖੋ, ਮੈਂ, ਗੁਰੂ ਨੂੰ ਮਿਲਕੇ ਗੁਰੂ ਹੋ ਗਿਆ। ਹਾਂ! ਕਈ ਆਪਣੀ ਮਰਜੀ ਨਾਲ ਹੀ ਅਰਥ ਕਰ ਦਿੰਦੇ ਹਨ। ਪੰਚਮ ਪਾਤਸ਼ਾਹ ਕਹਿੰਦੇ ਹਨ ਕਿ ਸਭ ਤੋਂ ਵੱਡਾ ਸਤਿਗੁਰੂ ਹੈ। ਨਾਨਕ ਵੱਡਾ ਨਹੀਂ ਕਿਹਾ ਗਿਆ।'ਨਾਨਕ' ਪਦ ਤਾਂ ਏਥੇ ਉਚਾਰਨ ਵਾਲੇ ਦਾ ਵਾਚਕ ਹੈ ।

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

ਪਰ ਆਮ ਲੋਕ ਆਪਣੇ ਸੰਕੀਰਣ ਵਿਚਾਰਾਂ ਨਾਲ ਅਰਥ ਇੱਧਰ ਦਾ ਉੱਧਰ ਲਾ ਦਿੰਦੇ ਨੇ। ਇਸ ਲਈ ਭਾਈ! ਪ੍ਰਸੰਗ ਦਾ ਅਰਥ ਗਲਤ ਨਹੀਂ ਕਰਨਾ ਚਾਹੀਦਾ। ਸਤਿਗੁਰੂ, ਪਰਮੇਸ਼ਰ ਦੀ ਬਖਸ਼ਿਸ਼ ਨਾਲ ਹੁੰਦਾ ਹੈ ਅਤੇ ਜੋ ਗੁਰੂ-ਅਵਤਾਰ ਹੁੰਦਾ ਹੈ ਉਹ ਕਦੀ ਕਦੀ ਆਉਂਦਾ ਹੈ ਦੁਨੀਆਂ ਵਿੱਚ, ਬਖਸ਼ਕੇ ਜਾਂਦਾ ਹੈ। ਉਹ ਆਉਂਦਾ ਹੀ ਬਖਸ਼ਣ ਵਾਸਤੇ ਹੈ। ਉਹ ਕੋਈ ਆਮ ਆਦਮੀਆਂ ਵਾਂਗੂੰ ਨਹੀਂ ਹੁੰਦਾ, ਪ੍ਰਮਾਣ ਹੈ-

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ (ਪੰਨਾ ੧੪੦੮)

ਉਹ ‘**ਜੋਤਿ ਰੂਪਿ**’ ਗੁਰੂ ਬਣੇ, ਉਨ੍ਹਾਂ ਨੇ ਅੱਗੇ ਬਖਸ਼ੇ। ਇਸ ਕਰਕੇ, ਸਭ ਤੋਂ ਵੱਡਾ ਗੁਰੂ ਹੈ, ਹੋਰ ਕੋਈ ਵੱਡਾ ਨਹੀਂ ਹੈ।

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ ।।

੧੨

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥

(ਪੰਨਾ ੧੩੬)

ਇਕ ਵਾਰ ਅੱਠਵੇਂ ਮਹਾਰਾਜ ਜੀ ਨੇ, ਕਿਸੇ ਪਿੰਡ ਵਿੱਚ ਆਉਣਾ ਸੀ। ਸੰਗਤ ਨੇ ਬੜੇ ਚਾਅ ਨਾਲ, ਸਾਰੇ ਰਸਤੇ ਸਾਫ ਕੀਤੇ ਤੇ ਜਲੂਸ ਕੱਢਿਆ। ਉਥੇ ਇੱਕ ਬੜਾ ਭਾਰੀ ਪੰਡਿਤ ਰਹਿੰਦਾ ਸੀ, ਸਾਰੀਆਂ ਵਿੱਦਿਆਂ ਪੜ੍ਹਿਆ ਹੋਇਆ। ਪੰਡਿਤ ਨੇ ਸਿੱਖਾਂ ਤੋਂ ਪੁੱਛਿਆ ਕਿ ਤੁਸੀਂ ਬੜੇ ਖੁਸ਼ ਹੋਂ, ਕੀ ਗੱਲ ਹੈ? ਸਿੱਖਾਂ ਨੇ ਕਿਹਾ ਕਿ ਸਾਡੇ ਸਤਿਗੁਰੂ, ਅੱਠਵੇਂ ਪਾਤਸ਼ਾਹ ਨੇ ਆਉਣਾ ਹੈ। ਪੰਡਿਤ ਨੇ ਕਿਹਾ ਕਿ ਉਨ੍ਹਾਂ ਦਾ ਨਾਮ ਕੀ ਹੈ? ਸਿੱਖਾਂ ਨੇ ਕਿਹਾ ਕਿ ਨਾਮ ਹੈ, 'ਹਰਿ ਕ੍ਰਿਸ਼ਨ ਜੀ'। ਪੰਡਿਤ ਕਹਿੰਦਾ ਕਿ ਕ੍ਰਿਸ਼ਨ ਜੀ ਨੇ ਤਾਂ ਗੀਤਾ ਸੁਣਾਈ ਸੀ ਅਤੇ ਅਰਥ ਕੀਤੇ ਸਨ। ਉਹ ਤਾਂ ਕ੍ਰਿਸ਼ਨ ਦੇਵ ਹੈ, ਇਹ ਨਾਲੇ ਕ੍ਰਿਸ਼ਨ ਤੇ

ਨਾਲੇ ਹਰੀ। ਉਹ ਗੀਤਾ ਦੇ ਅਰਥ ਸੁਣਾ ਦੇਣਗੇ? ਸਿੱਖਾਂ ਦੇ ਮਨ ਵਿੱਚ ਇਹ ਗੱਲ ਆ ਗਈ ਕਿ ਇਹ ਜਰੂਰ ਮਹਾਰਾਜ ਜੀ ਅੱਗੇ ਸ਼ੰਕਾ ਕਰੇਗਾ ਤੇ ਕਿਤੇ ਕੋਈ ਉੱਚੀ ਨੀਵੀਂ ਗੱਲ ਨਾਂ ਕਰ ਦੇਵੇ। ਇਸ ਲਈ, ਉਨ੍ਹਾਂ ਨੇ ਮਹਾਰਾਜ ਅੱਗੇ ਸਾਰੀ ਗੱਲ ਕੀਤੀ। ਪੰਡਿਤ ਨੂੰ ਵਿੱਦਿਆ ਦਾ ਬੜਾ ਅਭਿਮਾਨ ਸੀ। ਗੁਰੂ ਜੀ ਨੇ ਕਿਹਾ ਕਿ ਪੰਡਿਤ ਨੂੰ ਬੁਲਾ ਲਓ। ਬੁਲਾਇਆ ਤੇ ਪੰਡਿਤ ਆ ਗਿਆ। ਫੇਰ ਗੁਰੂ ਜੀ ਨੇ ਪੁੱਛਿਆ ਕਿ ਤੁਹਾਡੇ ਪਿੰਡ ਵਿੱਚ ਕੋਈ ਇਹੋ ਜਿਹਾ ਆਦਮੀ ਹੈ ਜੋ ਗੁੰਗਾ ਵੀ ਹੋਵੇ ਤੇ ਬਹਿਰਾ ਵੀ? ਸਿੱਖਾਂ ਨੇ ਕਿਹਾ, ਜੀ ਇੱਕ ਹੈ, ਉਸ ਦਾ ਨਾਮ ਛੱਜੂ ਹੈ, ਝਿਉਰਾਂ ਦਾ ਮੁੰਡਾ ਹੈ। ਅਖੇ, ਲਿਆਉ ਉਸਨੂੰ। ਉਹ ਆ ਗਿਆ। ਫੇਰ ਪੰਡਿਤ ਨੂੰ ਕਿਹਾ ਕਿ ਤੁਸੀਂ ਕਹੋਂਗੇ ਬਈ ਇਹ ਤਾਂ ਗੁਰੂ ਸਾਹਿਬ ਦੇ ਸਾਹਿਬਜਾਦੇ ਹਨ ਤੇ ਬਚਪਨ ਵਿੱਚ ਹੀ ਗੀਤਾ ਕੰਠ ਕਰਵਾ ਦਿੱਤੀ ਹੋਵੇਗੀ ਤੇ ਹੁਣ ਤੂੰ ਦੱਸ ਕਿ ਇਸ ਛੱਜੂ ਤੋਂ ਗੀਤਾ ਸੁਣਵਾ ਦੇਈਏ, ਅਰਥਾਂ ਸਮੇਤ? ਪੰਡਿਤ ਆਂਹਦਾ, ਜੀ ਇਹ ਤਾਂ ਬੜੀ ਵਿਲੱਖਣ ਬਾਤ ਹੈ। ਗੁਰੂ ਸਾਹਿਬ ਨੇ ਛੱਜੂ ਦੇ ਸਿਰ ਉੱਤੇ ਇੱਕ ਛੜੀ ਰੱਖ ਦਿੱਤੀ। ਉਸਨੇ ਗੀਤਾ ਉਚਾਰੀ ਤੇ ਇਹੋ ਜਿਹੇ ਅਰਥ ਕੀਤੇ ਕਿ ਸੁਣਕੇ ਉਹ ਪੰਡਿਤ ਉੱਠਕੇ ਖੜ੍ਹਾ ਹੋ ਗਿਆ ਅਤੇ ਗੁਰੂ ਜੀ ਦੇ ਚਰਨਾਂ ਤੇ ਪੈ ਗਿਆ ਅਤੇ ਕਿਹਾ ਕਿ ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਆਪ ਜੋਤੀ ਸਰੂਪ ਹਰੀ ਹੋਂ –

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ (ਪੰਨਾ ੧੪੦੮)

ਆਪ ਜੀ ਦੀ ਐਨੀ ਛੋਟੀ ਉਮਰ ਦੇਖਕੇ, ਮੈਨੂੰ ਭਰਮ ਪੈ ਗਿਆ ਸੀ। ਉਸ ਨੇ ਫਿਰ ਮਾਫ਼ੀ ਮੰਗੀ ਅਤੇ ਕਿਹਾ, ਜੀ ਮੈਂ ਭੁੱਲ ਗਿਆ ਹਾਂ। ਇਹ ਠੀਕ ਸ੍ਰੀ ਹਰਿ ਕ੍ਰਿਸ਼ਨ ਨੇ, ਪੂਰਨ ਸਤਿਗੁਰੂ ਨੇ। ਇਹੀ ਸ਼ੱਕ ਦਿੱਲੀ ਵਿੱਚ ਵਿਸ਼ਨ ਸਿੰਘ ਨੂੰ ਵੀ ਪੈ ਗਿਆ ਸੀ ਕਿ ਇਹ ਅੱਠ ਸਾਲ ਦੀ ਉਮਰ ਦੇ ਗੁਰੂ ਹਨ, ਇਹ ਤਾਂ ਠੀਕ ਹੈ, ਪਰ ਸ੍ਰੀ ਗੁਰੂ ਨਾਨਕ ਸਾਹਿਬ ਵਾਲੀ ਸਮਰੱਥਾ ਵੀ ਇਨ੍ਹਾਂ ਵਿੱਚ ਹੈ ਕਿ ਨਹੀਂ? ਉਸਨੇ ਰਾਣੀਆਂ ਅਤੇ ਗੋਲੀਆਂ ਨੂੰ ਦਰਸ਼ਨ ਕਰਵਾਉਣ ਲਈ ਲੈਕੇ ਜਾਣਾ

ਸੀ। ਸ਼ੱਕ ਹੋਣ ਕਰਕੇ ਵਿਸ਼ਨ ਸਿੰਘ ਨੇ ਰਾਣੀਆਂ ਵਾਲੇ ਕੱਪੜੇ ਗੋਲੀਆਂ ਨੂੰ ਪਹਿਨਾ ਦਿੱਤੇ ਅਤੇ ਗੋਲੀਆਂ ਵਾਲੇ ਕੱਪੜੇ ਰਾਣੀਆਂ ਨੂੰ ਪਹਿਨਾ ਦਿੱਤੇ ਅਤੇ ਗੁਰੂ ਜੀ ਪਾਸ ਲਿਜਾ ਕੇ ਬਿਠਾ ਦਿੱਤੀਆਂ। ਗੁਰੂ ਜੀ ਨੇ ਅਪਣੀ ਛੜੀ ਸਭ ਦੇ ਸਿਰ ਤੇ ਰੱਖ ਰੱਖ ਕੇ, ਸਾਰੀਆਂ ਬਾਬਤ ਦੱਸ ਦਿੱਤਾ ਕਿ ਆਹ ਰਾਣੀ ਹੈ, ਆਹ ਗੋਲੀ ਹੈ, ਆਹ ਰਾਣੀ ਹੈ, ਆਹ ਗੋਲੀ ਹੈ। ਇਹ ਦੱਸਕੇ ਸਿੰਘਾਸਣ ਤੇ ਜਾ ਬੈਠੇ। ਵਿਸ਼ਨ ਸਿੰਘ ਨੇ ਪੈਰਾਂ ਤੇ ਪੈਕੇ ਮਾਫੀ ਮੰਗੀ, ਜੀ ਮੈਂ ਭੁੱਲ ਗਿਆ ਹਾਂ। ਮੈਨੂੰ ਮਾਫ ਕਰ ਦਿਉ। ਉਨ੍ਹਾਂ ਨੂੰ ਸ਼ੱਕ ਸੀ ਕਿ ਅੱਠ ਸਾਲ ਦੇ ਗੁਰੂ ਵਿੱਚ ਜੋਤ ਕੈਸੇ ਆ ਗਈ। ਅਵਿੱਦਿਆ ਦੇ ਤਿੰਨ ਪਰਤੇ ਹਨ-ਸੰਸੇ, ਵਿਪਰਜੇ ਅਤੇ ਅਗਿਆਨ, ਹੋਰ ਤਾਂ ਕੋਈ ਅਵਿੱਦਿਆ ਹੈ ਹੀ ਨਹੀਂ। ਸੰਸੇ ਪੈ ਜਾਂਦੇ ਹਨ, ਵਿਪਰਜੇ ਆ ਜਾਂਦੇ ਹਨ ਅਤੇ ਭਰਮ ਆ ਜਾਂਦਾ ਹੈ। ਨਾ ਜਾਨਣਾ, ਇਹ ਅਵਿੱਦਿਆ ਦਾ ਧਰਮ ਹੈ, ਚੇਤਨ ਦਾ ਨਹੀਂ। ਤੁਹਾਨੂੰ ਇਸ ਬਾਤ ਦਾ ਪਤਾ ਹੈ ਕਿ -

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਨਾਨਕ ਅੰਗਦ ਕੋ ਬਪੁ ਧਰਾ ॥ ਧਰਮ ਪ੍ਰਚੁਰ ਇਸ ਜਗ ਮੋ ਕਰਾ ॥

(ਬਚਿੱਤ੍ਰ ਨਾਟਕ ੫.੭)

ਸ੍ਰੀ ਗੁਰੂ ਨਾਨਕ **'ਜੋਤੀ ਸਰੂਪ'** ਆਏ ਤੇ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਜੀ ਦਾ ਸਰੀਰ ਧਾਰਨ ਕਰਕੇ, ਓਹੀ ਪ੍ਰਚਾਰ ਕੀਤਾ।

ਅੰਗਦ ਅਮਰੁ ਦਾਸ ਕਹਾਇਓ ।। ਜਨ ਦੀਪਕ ਤੇ ਦੀਪ ਜਲਾਇਓ ॥

(ਦਸਮ ਗਰੰਥ)

ਸਭ ਵਿੱਚ ਇੱਕ ਹੀ ਜੋਤ ਵਰਤ ਰਹੀ ਸੀ। ਇਨ੍ਹਾਂ ਜੀਵਾਂ ਨੂੰ ਸ਼ੱਕ ਵੀ ਹੋ ਜਾਂਦਾ ਹੈ। ਇਸ ਲਈ ਭਾਈ ! ਜਦ ਗੁਰੂ ਤੇ ਸ਼ਰਧਾ ਹੋ ਜਾਂਦੀ ਹੈ ਤਾਂ ਇਸਨੂੰ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ। ਹੁਣ ਪਹਿਲਾਂ ਅੱਧੀ ਪੰਕਤੀ ਪੜ੍ਹੋ-

ਫਲਗੁਣਿ ਅਨੰਦ ਉਪਾਰਜਨਾ

ਗੁਰੂ ਸਾਹਿਬ ਕਹਿੰਦੇ–ਮੈਨੂੰ ਬੜਾ ਅਪਾਰ ਅਨੰਦ ਪ੍ਰਾਪਤ ਹੋਇਆ। ਬਹੁਤ ਉਤਸ਼ਾਹ ਪ੍ਰਾਪਤ ਹੋਇਆ। ਜਿਸ ਤਰ੍ਹਾਂ ਕੋਈ ਸੋਮਾ ਚਲਦਾ ਹੈ। ਜਦ ਉਸਦਾ ਉਹ ਪੁੰਨ ਸਮਾਂ ਆਏਗਾ, ਉਦੋਂ ਹਿਰਦੇ ਵਿੱਚ ਪਰਮੇਸ਼ਰ ਨੇ ਪ੍ਰਗਟ ਹੋ ਜਾਣਾ ਹੈ। ਜਦ ਅੰਦਰ ਉਹ ਪੂਰਬਲਾ ਪੁੰਨ ਪ੍ਰਗਟ ਹੋਏਗਾ ਤਾਂ ਉਸਨੂੰ ਬਹੁਤ ਉਤਸ਼ਾਹ ਆਏਗਾ। ਕਿਉਂ ਆਏਗਾ? ਕਿਉਂਕਿ ਉਥੇ ਪਰਮੇਸ਼ਰ ਨੇ ਸਾਖਸ਼ਾਤ ਪ੍ਰਗਟ ਹੋਣਾ ਹੈ। ਪਰਮੇਸ਼ਰ ਕਿਸੇ ਦੇ ਕੀਤਿਆਂ ਪ੍ਰਗਟ ਨਹੀਂ ਹੁੰਦਾ। ਇਸ ਲਈ ਭਾਈ–

ਬ੍ਰਹਮ ਗਿਆਨੀ ਸੇ ਜਨ ਭਏ॥
ਨਾਨਕ ਜਿਨ ਪ੍ਰਭੁ ਆਪਿ ਕਰੇਇ॥ (ਪੰਨਾ ੨੭੨)

ਬ੍ਰਹਮ ਗਿਆਨੀ, ਉਹ ਹੋਣਗੇ ਜਿਨ੍ਹਾਂ ਨੂੰ ਪਰਮੇਸ਼ਰ ਆਪ ਕਰੇਗਾ।

ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)

ਇਹ ਤਾਂ ਸਾਰਾ ਬਖਸ਼ਿਸ਼ ਦਾ ਸੌਦਾ ਹੈ। ਇਸ ਲਈ ਜਦ ਹਿਰਦੇ ਵਿੱਚ ਪ੍ਰਭੂ ਪ੍ਰਗਟ ਹੋ ਗਿਆ ਤਾਂ ਬੜਾ ਉਤਸ਼ਾਹ ਹੋਇਆ, ਇਕਾਗਰਤਾ ਹੋਈ। ਇਹ, ਇਸ ਦਾ ਅਰਥ ਹੈ –

ਹਰ ਸਜਣ ਪ੍ਰਗਟੇ ਆਇ॥

ਉਹ ਹਰੀ, ਜਿਹੜਾ ਸਾਰੀ ਦੁਨੀਆਂ ਦਾ '**ਸਜਣ**' ਹੈ, ਉਤਪਤੀ, ਪਾਲਣਾ ਤੇ ਲੈਅ ਕਰਨ ਵਾਲਾ ਹੈ, ਉਹ ਪ੍ਰਗਟ ਹੋ ਗਿਆ। '**ਸਜਣ**' ਕੋਈ ਅਲਹਿਦਾ ਚੀਜ ਨਹੀਂ ਹੈ।

ਚੀਨਤ ਚੀਤੁ ਨਿਰੰਜਨ ਲਾਇਆ॥ ਕਹੁ ਕਬੀਰ ਤੌ ਅਨਭਉ ਪਾਇਆ॥
(ਪੰਨਾ ੩੨੮)

ਜਦ ਇਸਨੇ ਚੀਨ ਕੇ ਆਪਣੇ ਮਨ ਨੂੰ ਪ੍ਰਭੂ ਨਾਲ ਜੋੜਿਆ ਤਾਂ ਅਨੁਭਵ ਸ੍ਵਰੂਪ ਪਰਮੇਸ਼ਰ, ਆਪੇ ਹੀ ਪ੍ਰਗਟ ਹੋ ਗਿਆ। ਉਹ ਪਹਿਲਾਂ ਹੀ ਬੈਠਾ ਸੀ, ਪਰਮੇਸ਼ਰ ਦੀ ਕਿਰਪਾ ਤੇ ਹੀ ਪੜਦਾ ਦੂਰ ਹੋਇਆ, ਹਿਰਦੇ ਵਿੱਚ ਪ੍ਰਭੂ ਪ੍ਰਗਟ ਹੋਇਆ –

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥

ਉਹ ਸੰਤ, ਗੁਰੂ ਰਾਮਦਾਸ ਮਹਾਰਾਜ ਜੀ ਨੇ। ਉਨ੍ਹਾਂ ਨੇ ਸਾਨੂੰ **'ਰਾਮ'** ਨਾਲ ਮਿਲਾ ਦਿੱਤਾ।

ਰਮਤ ਰਾਮ ਜਨਮ ਮਰਣੁ ਨਿਵਾਰੈ ॥ (ਪੰਨਾ ੮੬੫)

ਉਹ ਜਿਹੜਾ ਰਮਿਆ ਹੋਇਆ **'ਰਾਮ'** ਹੈ, ਉਸਦੇ ਪ੍ਰਗਟ ਕਰਨੇ ਵਿੱਚ ਸਹਾਈ, ਸੰਤ ਹੀ ਹਨ –

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥
(ਪੰਨਾ ੨੯੩)

ਸੋ ਅਸੀਂ ਗੁਰੂ ਰੂਪ ਸੰਤਾਂ ਦੇ ਸੰਗ ਨਾਲ, ਪਰਮੇਸ਼ਰ ਪ੍ਰਾਪਤ ਕਰ ਲਿਆ । ਹਿਰਦੇ ਵਿੱਚ ਉਸ ਪਰਮੇਸ਼ਰ ਦਾ ਦਰਸ਼ਨ ਕੀਤਾ। ਉਹ ਜਿਹੜਾ ਦੇਖਣੇ ਵਾਲਾ ਹੈ ਉਹੀ ਤਾਂ ਪਰਮੇਸ਼ਰ ਹੈ, ਹੋਰ ਕੌਣ ਪਰਮੇਸ਼ਰ ਹੈ? ਬਈ, ਇੱਕ ਬਾਤ ਮੈਨੂੰ ਇੱਕ ਆਦਮੀ ਦੀ ਬਹੁਤ ਅੱਛੀ ਲੱਗੀ ਕਿ ਜਿਹੜਾ ਅੰਦਰ ਦੇਖਦਾ ਹੈ ਮੁਹੰਮਦ ਕਹਿੰਦਾ ਉਹ ਖ਼ੁਦਾ ਹੈ। ਫਿਰ ਮੈਂ ਕਿਹਾ, ਜਿਹੜਾ ਤੁਸੀਂ ਕਹਿੰਦੇ ਹੋ ਹਿੰਦੂ, ਉਹ ਕੀ ਹੈ, ਉਸਦਾ ਕੀ ਬਣਿਆ? ਉਹ ਆਦਮੀ ਕਹਿੰਦਾ ਕਿ ਗੱਲ ਤਾਂ ਉਹੀ ਹੈ, ਜਿਹੜਾ ਦੇਖਣੇ ਵਾਲਾ ਹੈ, ਸਾਖਸ਼ੀ ਹੈ, ਦ੍ਰਸ਼ਟਾ ਹੈ, ਪਾਰਖ ਹੈ ਅਤੇ ਚੇਤਨ ਵੀ ਇਹ ਹੀ ਹੈ। ਸੰਸਾਰ ਤੋਂ ਪਾਰ ਉਤਾਰਨਾ ਤਾਂ ਉਸ ਦਾਨਾ-ਬੀਨਾ ਨੇ ਹੀ ਹੈ। ਉਹ ਦੇਖੇਗਾ ਵੀ ਅਤੇ ਜਾਣੇਗਾ ਵੀ। ਜਿਹੜਾ ਤੁਹਾਡਾ ਖਿਆਲ ਉਠਦਾ ਹੈ, ਉਸ ਖਿਆਲ ਨੂੰ ਦੇਖਣ, ਜਾਨਣ ਵਾਲਾ ਕੌਣ ਹੈ? ਉਹ ਇੱਕ ਹੈ। ਇਸ ਵਿੱਚ ਕੋਈ ਸ਼ੱਕ ਨਹੀਂ, ਕੋਈ ਜੜ੍ਹ ਤਾਂ ਦੇਖ ਨਹੀਂ ਸਕਦਾ ਸਭ ਨੂੰ। ਜੜ੍ਹ ਵਿੱਚ ਤਾਂ ਦੇਖਣੇ ਦੀ ਸ਼ਕਤੀ ਹੀ ਨਹੀਂ ਅਤੇ ਨਾ ਹੀ ਜਾਨਣ ਦੀ। ਪਰ ਜਦੋਂ ਤੁਹਾਡਾ ਮਨ, ਸੰਕਲਪ-ਵਿਕਲਪ ਕਰਦਾ ਹੈ ਤਾਂ ਉਸਨੂੰ ਕੌਣ ਦੇਖਦਾ ਹੈ? ਕਿਉਂਕਿ ਮਨ ਤਾਂ ਜੜ੍ਹ ਹੈ। ਦ੍ਰਸ਼ਟਾ ਦੇਖਦਾ ਹੈ। ਉਹ ਦ੍ਰਸ਼ਟਾ ਕੌਣ ਹੈ? ਉਹ ਤੁਸੀਂ ਆਪ ਨਹੀਂ ਹੋ? ਪੱਕੀ ਗੱਲ ਹੈ ਨਾ, ਕਿ ਐਵੇਂ ਝੂਠ ਹੀ ਹਾਂ, ਹਾਂ ਕਰਦੇ ਹੋ? ਜਿਤਨੇ ਵੀ ਖਿਆਲ ਇਸਦੇ ਬਣਦੇ ਅਤੇ ਬਦਲਦੇ ਨੇ, ਉਨ੍ਹਾਂ ਨੂੰ ਦੇਖਣੇ ਵਾਲਾ ਅਤੇ ਜਾਨਣੇ ਵਾਲਾ ਤਾਂ ਇੱਕ ਚੇਤਨ ਹੀ ਹੈ ਤੇ ਉਹ ਵਿਆਪਕ ਹੈ। ਜਦ ਇਹ ਆਪਣੇ ਮਨ ਨੂੰ ਇੱਧਰ ਉੱਧਰ ਜਾਂਦੇ ਨੂੰ

ਦੇਖਦਾ ਹੈ ਤਾਂ ਇਸਨੂੰ ਨਿਸ਼ਚਾ ਨਹੀਂ ਹੁੰਦਾ। ਉਥੇ ਠਹਿਰਦਾ ਨਹੀਂ ਹੈ। ਸ਼ੰਕਰਾਚਾਰੀਆ ਨੇ ਲਿਖਿਆ ਹੈ, ਵਿਗਿਆਨ ਨਾਲ ਇਸਨੂੰ ਉਸ ਵਿਆਪਕ ਅਰਥਾਤ ਉਸ ਬ੍ਰਹਮ ਦੀ ਅਨੁਭੂਤੀ ਹੁੰਦੀ ਹੈ, ਅਨੁਭਵ ਹੁੰਦਾ ਹੈ। ਜਿੰਨੇ ਵੀ ਖਿਆਲ ਹਨ, ਉਨ੍ਹਾਂ ਨੂੰ ਦੇਖਣੇ ਵਾਲਾ ਤਾਂ ਆਪ ਹੀ ਹੈ, ਚੇਤਨ। ਇਸਨੂੰ ਅਨੁਭਵ ਐਥੋਂ ਹੋਣਾ ਹੈ। ਉਪਨਿਸ਼ਦ ਜਦ ਲਿਖਣ ਲੱਗੇ ਤਾਂ ਸ਼ੁਰਤੀ ਤੋਂ ਪਹਿਲਾਂ ਲਿਖਿਆ ਹੈ ਕਿ ਸਾਰੇ ਵਿਗਿਆਨ ਦਾ ਅਨੁਭਵ-ਕਰਤਾ ਇੱਕ ਹੈ। ਇਸ ਵਿਆਪਕ ਦੀ ਅਨੁਭੂਤੀ-ਕਰਤਾ ਇੱਕ ਹੈ। ਇਸ ਵਿਆਪਕ ਦੀ ਅਨੁਭੂਤੀ ਓਥੋਂ ਹੋਈ, ਹੋਰ ਕਿਤੋਂ ਨਹੀਂ ਹੋਈ। ਹੁਣ ਤੁਸੀਂ ਦੇਖਦੇ ਹੋਂ ਕਿ ਜਿੰਨੇ ਤੁਹਾਡੇ ਖਿਆਲ ਬਦਲਦੇ ਨੇ -

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ (ਪੰਨਾ ੧੪੨੭)

ਈਵਰः ਸਰਵ ਭੂਤਾਨਾਂ ਹਿਰਦੇ ਦੇ ਅਰਜੁਨ ਤਿਠਤਿ। (ਗੀਤਾ)

ਇਹ ਧੁਰੋਂ, ਜਿਤਨੇ ਵੀ ਆਏਂਗੇ, ਸਾਰੇ ਹੀ ਇਹ ਬਾਤ ਕਰੇਂਗੇ। ਪਰ ਜਦ ਅਸੀਂ ਦੇਖਦੇ ਹਾਂ, ਜੇ ਸਾਨੂੰ ਇਹ ਪੱਕਾ ਨਿਸ਼ਚਾ ਹੋ ਜਾਵੇ, ਬਈ ਆਹ ਜਿਹੜਾ ਸਾਡੇ ਮਨ ਨੂੰ ਦੇਖਦਾ ਹੈ, ਉਹ ਦ੍ਰਿਸ਼ਟਾ ਹੈ-

ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥ (ਪੰਨਾ ੧੫੨)

ਤੇ ਇਹ ਜਨਮ-ਮਰਨ ਨੂੰ ਵੀ ਦੇਖਦਾ ਹੈ। ਜੇ ਸਾਨੂੰ ਇਹ ਪਤਾ ਲੱਗ ਜਾਵੇ ਤਾਂ ਸਾਡਾ ਮਨ ਇਕਾਗਰ ਹੋ ਜਾਏ। ਪਰ ਅਸੀਂ ਉਥੇ ਠਹਿਰਦੇ ਨਹੀਂ ਹਾਂ, ਸਾਡੇ ਮਨ ਵਿੱਚ ਕੂੜਾ ਬਹੁਤਾ ਭਰਿਆ ਪਿਆ ਹੈ। ਅੱਠੇ ਪਹਿਰ ਤਾਂ ਅਸੀਂ ਏਹੀ ਗਿਣਦੇ ਰਹਿੰਦੇ ਹਾਂ, ਬਈ ਸਾਨੂੰ ਐਨਾ ਬਚ ਗਿਆ, ਆਹ ਹੋ ਗਿਆ, ਐਨਾ ਆਹ ਹੋ ਗਿਆ, ਇਉਂ ਕਰਦੇ ਤਾਂ ਇਉਂ ਹੋ ਜਾਂਦਾ। ਆਹ ਕੱਪੜੇ ਦਾ ਮੁੱਲ, ਜੇ ਪਹਿਲੇ ਐਂ ਕਰਦੇ ਤਾਂ ਐਨਾਂ ਵਧ ਜਾਂਦਾ, ਆਹ ਐਸ ਤਰ੍ਹਾਂ ਕਰਦੇ ਤਾਂ ਐਂ ਹੋ ਜਾਂਦਾ। ਇਸਦਾ, ਇਹ ਝਗੜਾ ਕਦੇ ਖਤਮ ਹੀ ਨਹੀਂ ਹੁੰਦਾ। ਉਹ ਕੌਣ ਹੈ, ਜਿਹੜਾ ਇਹ ਕਰਦਾ ਹੈ? ਉਹ ਮਨ ਹੈ, ਮਨ ਕਦੇ ਮੌਕਾ ਹੀ

ਨਹੀਂ ਦਿੰਦਾ ਕਿ ਮੈਨੂੰ ਇਹ ਕਿਤੇ ਪਕੜ ਹੀ ਨਾ ਲਵੇ ਅਤੇ ਜਾਣ ਹੀ ਨਾ ਲਵੇ। ਪਰ ਮਨ ਨੂੰ ਦੇਖਣ ਵਾਲਾ ਤਾਂ ਚੇਤਨ ਹੈ, ਦਾਨਾ-ਬੀਨਾ ਹੈ, ਹੋਰ ਤਾਂ ਕੋਈ ਹੈ ਹੀ ਨਹੀਂ। ਇਸ ਕਰਕੇ, ਜਦ ਮਨ ਕਿਧਰੇ ਜਾਂਦਾ ਹੈ ਤਾਂ ਇਹ ਜਾਂਦੇ ਹੋਏ ਮਨ ਨੂੰ ਦੇਖਦਾ ਹੈ ਅਤੇ ਆਉਂਦੇ ਨੂੰ ਵੀ ਦੇਖਦਾ ਹੈ। ਕਈ ਵਾਰ ਮਨ ਕਿਤੇ ਹੋਰ ਗਿਆ ਹੋਇਆ ਹੁੰਦਾ ਹੈ ਤੇ ਜੇ ਇਸਨੂੰ ਕੋਈ ਬੁਲਾਉਂਦਾ ਹੈ ਤਾਂ ਇਹ ਸੁਣਦਾ ਹੀ ਨਹੀਂ। ਜੇ ਪੂਰੀ ਇਕਾਗਰਤਾ ਕਿਸੇ ਹੋਰ ਚੀਜ ਤੇ ਹੋ ਜਾਏ ਤਾਂ ਇਹ ਕਿਸੇ ਹੋਰ ਦੀ ਗੱਲ ਸੁਣਦਾ ਹੀ ਨਹੀਂ। ਕਹਿੰਦੈ ਕਿ ਮੇਰਾ ਮਨ ਕਿਤੇ ਗਿਆ ਹੋਇਆ ਸੀ। ਇਸ ਲਈ, ਮਨ ਦੀ ਜਰੂਰਤ ਤਾਂ ਰਹੀ। ਜੇ ਮਨ ਤੋਂ ਬਿਨਾਂ ਕੰਮ ਚਲਦਾ ਹੁੰਦਾ ਤਾਂ ਮਨ ਦੀ ਜਰੂਰਤ ਨਾ ਰਹਿੰਦੀ ਤੇ ਇਸ ਮਨ ਨੂੰ ਦੇਖਣ ਵਾਲਾ ਜੋ ਹੈ, ਉਹ ਹੀ ਚੇਤਨ ਹੈ, ਉਹ ਹੀ ਪਾਰਖ ਹੈ-

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥ (ਪੰਨਾ ੧੪੪)

ਮਨ ਨੂੰ ਪਰਖਣੇ ਵਾਲਾ ਵੀ ਉਹੀ ਹੈ। ਆਪਣੇ ਮਨ ਨੂੰ, ਇਹ ਆਪ ਹੀ ਪਰਖਦਾ ਹੈ ਅਤੇ ਕਹਿੰਦਾ ਹੈ ਕਿ ਆਹ ਮੇਰੇ ਤੋਂ ਗਲਤੀ ਹੋ ਗਈ ਹੈ, ਮੈਨੂੰ ਮੁਆਫ ਕਰ ਦਿਉ। ਉਹ ਤਾਂ ਸਭ ਕੁੱਛ ਜਾਣਦਾ ਹੈ -

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥ (ਪੰਨਾ ੭੨੭)

ਇਸਨੇ ਗਰਬ ਤਾਂ ਦੂਰ ਨਹੀਂ ਕੀਤਾ, ਪਾਪ ਕਰਨੋਂ ਹਟਿਆ ਨਹੀਂ, ਫਿਰ ਮਨ ਨੂੰ ਕਿਵੇਂ ਦੇਖੇ? ਮਨ ਨੂੰ ਤਾਂ ਉਸ ਵਕਤ ਦੇਖੇਗਾ, ਜਦ ਇਸਦਾ ਮਨ ਸਾਫ ਹੋ ਜਾਵੇਗਾ। ਉਹ ਪ੍ਰਭੂ-ਪਰਮੇਸ਼ਰ ਏਸੇ ਦੇ ਹਿਰਦੇ ਵਿੱਚ ਆਕੇ ਪ੍ਰਗਟ ਹੋ ਜਾਂਦਾ ਹੈ। ਹੁਣ ਦੱਸੋ ਬਈ ਹੁੰਦਾ ਹੈ ਕਿ ਨਹੀਂ? ਇਹ ਕਦੋਂ ਪ੍ਰਗਟ ਹੁੰਦਾ ਹੈ? ਜਦੋਂ ਮਨ ਜਾਏਗਾ ਤਾਂ ਬਿਰਤੀ ਵੀ ਆਏਗੀ ਤੇ ਇਨ੍ਹਾਂ ਦਾ ਜੋ ਦ੍ਰਸ਼ਟਾ ਹੈ, ਉਹ ਦਾਨਾ-ਬੀਨਾ ਹੈ, ਉਸੇ ਨੇ ਹੀ ਹੋਣਾ ਹੈ, ਹੋਰ ਕਿਸੇ ਨੇ ਹੋਣਾ ਹੀ ਨਹੀਂ, ਕਿਉਂਕਿ ਇਹ ਅੰਦਰਲੀ ਗੱਲ ਹੈ, ਇਹ ਗੱਲ ਬਣੀ ਕਿ ਨਹੀਂ? ਪਰ ਇਸਨੂੰ ਇਹ ਪਤਾ ਹੀ ਨਹੀਂ ਕਿ ਉਹ ਦੇਖਣੇ ਵਾਲਾ 'ਮੈਂ' ਹਾਂ। ਕੋਈ ਇਸ ਤੋਂ ਪੁਛਦਾ ਵੀ ਨਹੀਂ ਕਿਉਂਕਿ ਕਿਸੇ ਨੂੰ ਕਿਸੇ ਦੇ ਅੰਦਰ ਦਾ ਕੀ ਪਤਾ ਹੈ। ਜੇ ਕਿਧਰੇ

ਸਾਰਿਆਂ ਨੂੰ ਪਤਾ ਲੱਗ ਜਾਏ ਤਾਂ ਇਹ ਜੁੱਤਮ ਜੁੱਤੀ ਹੋ ਜਾਣ। ਇਸ ਲਈ ਭਾਈ! ਉਹ ਜਿਹੜਾ ਪਰਮੇਸ਼ਰ ਹੈ, ਦੇਖਣੇ ਵਾਲਾ, ਉਹ ਤਾਂ –

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥ (ਪੰਨਾ ੫੨੦)

ਭਾਈ ਵੀਰ ਸਿੰਘ ਨੇ ਇਸ ਤੇ ਲਿਖਿਆ ਹੈ, ਜਿਹੜਾ ਸਾਈਂ ਹੈ ਉਹ ਸਾਰਿਆਂ ਦੇ ਅੰਦਰ ਸਾਖਸ਼ੀ ਰੂਪ ਵਿੱਚ ਬਿਰਾਜਮਾਨ ਹੈ। ਭਾਈ ਸਾਹਿਬ ਕਹਿੰਦੇ–ਉਹ ਸਾਰਿਆਂ ਵਿੱਚ ਸਾਖਸ਼ੀ ਰੂਪ ਵਿੱਚ ਬੈਠਾ ਹੈ, ਵਿਆਪਕ ਰੂਪ ਵਿੱਚ ਨਹੀਂ। ਜੇ ਵਿਆਪਕ ਰੂਪ ਵਿੱਚ ਬੈਠੇ ਤਾਂ ਉਦੋਂ ਬਿਰਤੀ ਨਹੀਂ ਹੋਵੇਗੀ, ਜੇ ਇੱਕ ਵਾਰ ਵਿਆਪਕ ਹੋ ਜਾਏ ਤਾਂ ਫਿਰ ਉਹ ਸੌਣ ਵਾਲਾ ਨਹੀਂ ਹੈ। ਫੇਰ ਇੱਥੇ ਜਾਕੇ ਇਸਨੂੰ ਜਾਗਦੀ–ਜੋਤ ਪ੍ਰਾਪਤ ਹੋਵੇਗੀ। ਇਸਨੂੰ ਅਜੇ ਤੱਕ ਉਸ ਜੋਤ ਦੀ ਪ੍ਰਾਪਤੀ ਨਹੀਂ ਹੋਈ।

ਸੰਤ ਸਹਾਈ ਰਾਮ ਕੇ

ਉਸ '**ਰਾਮ**', ਪਰਮੇਸ਼ਰ ਨੂੰ ਪ੍ਰਗਟ ਕਰਨ ਵਾਲੇ ਸੰਤ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸਾਡੀ ਸਹਾਇਤਾ ਕਰਨਗੇ। ਉਹ ਸਾਨੂੰ ਬ੍ਰਹਮ ਗਿਆਨੀ ਬਣਾਉਣਗੇ–

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥

(ਪੰਨਾ ੧੩੮੮)

ਜਦ ਪ੍ਰੇਮਾ–ਭਗਤੀ ਹਿਰਦੇ ਵਿੱਚ ਆ ਜਾਏਗੀ ਤਾਂ ਫਿਰ ਇਹ ਸੰਤ ਬਣ ਜਾਏਗਾ–

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ ੨੯੩)

ਫਿਰ ਉਹ ਸੰਤ, ਇਹਨੂੰ ਪਰਮੇਸ਼ਰ ਇਹਦੇ ਅੰਦਰ ਹੀ ਦਿਖਾਲ ਦੇਵੇਗਾ। ਸੰਤਾਂ ਨੇ ਕਿਰਪਾ ਕਰਕੇ, ਮੇਰੇ ਮਨ ਨੂੰ ਪਰਮੇਸ਼ਰ ਨਾਲ ਮਿਲਾ ਦਿੱਤਾ। ਜਦ ਤੁਹਾਡੀ ਬਿਰਤੀ ਇਹ ਹੋ ਜਾਏਗੀ ਕਿ ਜਿਹੜਾ ਮਨ ਨੂੰ ਦੇਖਦਾ ਹੈ, ਇਹ ਮੇਰਾ ਆਪਾ ਹੈ, ਤਾਂ ਮਨ ਨੂੰ ਬਾਹਰੋਂ ਮੁੜਨਾ ਪਊ। ਇਹ ਦੇਖੂਗਾ ਕਿ ਮਨ ਨੂੰ ਦੇਖਣੇ ਵਾਲਾ ਜੋ ਦਾਨਾ–ਬੀਨਾ ਹੈ,

ਇਹਦਾ ਆਪਾ ਹੈ। ਜਦ ਇਸਨੂੰ ਆਪੇ ਦਾ ਦ੍ਰਿੜ੍ਹ ਨਿਸ਼ਚਾ ਹੋ ਜਾਵੇਗਾ, ਜਦ ਬੁੱਧੀ ਇੱਥੇ ਆ ਗਈ, ਤਾਂ ਇਸਦਾ ਫੁਰਨਾ ਕੁੱਛ ਹੋਏਗਾ ਹੀ ਨਹੀਂ। ਪਰ ਇਸਨੇ ਮਨ ਨੂੰ ਮੋੜਨਾ ਹੀ ਨਹੀਂ, ਇਸਦਾ ਸੁਭਾਅ ਹੀ ਨਹੀਂ, ਮਨ ਨੂੰ ਮੋੜਨ ਦਾ। ਮਨ ਮੁੜੇਗਾ, ਨਾਮ ਦੇ ਨਾਲ। ਦੁਨੀਆਂ ਦੀ ਕੋਈ ਵਸਤੂ, ਮਨ ਨੂੰ ਮੋੜਨ ਵਾਲੀ ਨਹੀਂ ਹੈ। ਤੁਸੀਂ ਆਪ ਦੇਖੋ, ਅਨੁਭਵ ਕਰੋ, ਜਦ ਤੁਹਾਡਾ ਮਨ, ਨਾਮ ਨਾਲ ਜੁੜਿਆ ਹੋਵੇਗਾ ਤਾਂ ਦੁਨੀਆਂ ਦੀ ਕੋਈ ਵਸਤੂ ਉਥੇ ਨਹੀਂ ਹੋਵੇਗੀ। ਤੁਸੀਂ ਇਹ ਦੱਸੋ, ਤੁਹਾਡਾ ਮਨ ਕਦੇ ਨਾਮ ਨਾਲ ਜੁੜਿਆ ਹੈ?

ਏਕ ਚਿੱਤ ਜਿਹ ਇਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥ (ਅਕਾਲ ਉਸਤਤਿ-੧੦)

ਤੁਸੀਂ ਸੱਚ ਦੱਸਿਓ ਕਿ ਤੁਹਾਡਾ ਮਨ, ਇੱਕ ਛਿਨ ਮਾਤਰ ਵੀ ਕਦੇ ਨਾਮ ਨਾਲ ਜੁੜਿਐ? ਕਦੇ ਪਰਮੇਸ਼ਰ ਨਾਲ ਜੁੜਿਐ? ਤੁਸੀਂ ਗ੍ਰਹਿਣ ਤਾਂ ਕਰ ਲਵੋਂਗੇ ਤੇ ਗੱਲਾਂ ਕਰਨੀਆਂ ਵੀ ਸਿੱਖ ਲਵੋਂਗੇ ਪਰ ਜਿਹੜੀ ਇਕਾਗਰਤਾ ਤੁਹਾਨੂੰ ਮਿਲਣੀ ਹੈ, ਉਹ ਗੁਰੂ ਦੀ ਕਿਰਪਾ ਨਾਲ ਮਿਲਣੀ ਹੈ। ਇੱਥੇ ਗੁਰੂ ਦੀ ਕਿਰਪਾ ਦੀ ਜਰੂਰਤ ਹੈ। ਇੱਕ ਸੰਤ ਸਨ, ਉਹ ਪਹਿਲੀ ਪਉੜੀ ਦਾ ਉਪਦੇਸ਼ ਦਿੰਦੇ ਸੀ। ਉਨ੍ਹਾਂ ਦਾ ਮੰਤਰ ਹੀ ਪਹਿਲੀ ਪਉੜੀ ਸੀ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ॥ ਜਪੁ ॥ (ਪੰਨਾ ੧)

ਉਹ ਕਹਿੰਦੇ ਹੁੰਦੇ ਸੀ ਬਈ ਮੋਖਸ਼ ਗੁਰੂ ਦੀ ਕ੍ਰਿਪਾ ਤੇ ਹੋਏਗੀ, ਫਿਰ ਤੇਰਾ ਮਨ ਸਹੀ ਚੱਲੇਗਾ। ਉਹ ਬਾਤ ਹੈ ਵੀ ਸਹੀ ਸੀ। ਹੁਣ ਤਾਂ ਲੋਕ ਬਹੁਤ ਸਿਆਣੇ ਹੋ ਗਏ, ਬਿਨਾਂ ਨਾਮ ਦੇ ਹੀ ਕੰਮ ਕੱਢ ਲੈਂਦੇ ਨੇ। ਜਦੋਂ ਤੱਕ ਨਾਮ ਨਾਲ ਮਨ ਨਹੀਂ ਜੁੜੇਗਾ, ਨਾਮੀ ਦੀ ਪ੍ਰਾਪਤੀ ਨਹੀਂ ਹੋਏਗੀ। ਨਾਮ ਅਤੇ ਨਾਮੀ ਇੱਕ ਨੇ। ਤੁਸੀਂ ਸੱਚ ਦੱਸੋ ਕਿ ਤੁਹਾਡਾ ਮਨ, ਨਾਮ ਨਾਲ ਇੱਕ ਵਾਰੀ ਵੀ ਕਦੇ ਜੁੜਿਆ ਹੈ? ਸਹੀ ਤਰ੍ਹਾਂ ਦੱਸੋ ਜੁੜਿਐ ਜਾਂ ਨਹੀਂ ? ਕਿਰਪਾ ਹੋਵੇਗੀ ਧੁਰੋਂ ਪਰਮੇਸ਼ਰ ਦੀ ਆਪਣੇ

ਆਪ ਤਾਂ ਹੀ ਜੁੜੇਗਾ।

ਕਰਿ ਕਿਰਪਾ ਦੀਆ ਮਿਲਾਇ॥

ਗੁਰੂ ਸਾਹਿਬ ਕਹਿੰਦੇ ਹਨ ਕਿ ਜਦ ਤੁਸੀਂ ਆਪਣੇ ਅੰਤਹਕਰਣ ਨੂੰ ਸ਼ੁੱਧ ਕਰ ਲਵੋਂਗੇ, ਤੁਹਾਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਣਗੇ। ਫੇਰ ਕਿਉਂ ਚਿੰਤਾ ਕਰਦੇ ਹੋਂ? ਜੇ ਤੂੰ ਮਨ ਨੂੰ ਸ਼ੁੱਧ ਕਰ ਲਵੇਂ, ਤਾਂ ਤੇਰੀਆਂ ਸਾਰੀਆਂ ਵਾਸ਼ਨਾਵਾਂ ਦੂਰ ਹੋ ਜਾਣਗੀਆਂ। ਹੁਣ ਦੱਸੋ ਮਨ ਨੂੰ ਭੱਜਣ ਦੀ ਜਗ੍ਹਾ ਕਿਹੜੀ ਹੈ? ਵਾਸ਼ਨਾ ਦੀਆਂ ਸੜਕਾਂ ਉਤੇ ਮਨ ਜਦੋਂ ਵੀ ਭੱਜੇਗਾ, ਪਹਿਲਾਂ ਇਸ ਪਾਸੇ ਘੁੰਮਣ ਜਾਵੇਗਾ ਫਿਰ ਦੂਸਰੇ ਪਾਸੇ ਸਰਕ ਜਾਵੇਗਾ। ਵਾਸ਼ਨਾ ਦੇ ਨਾਲ ਮਨ ਚੰਚਲ ਹੋ ਜਾਂਦਾ ਹੈ। ਜਿਤਨੀਆਂ ਜਿਆਦਾ ਵਾਸ਼ਨਾਵਾਂ ਹੋਣਗੀਆਂ, ਉਤਨਾ ਹੀ ਤੁਹਾਡਾ ਮਨ ਚੰਚਲ ਹੋਵੇਗਾ। ਗੁਰੂ ਜੀ ਕਹਿੰਦੇ ਹਨ ਕਿ ਵਾਸ਼ਨਾਵਾਂ ਨੂੰ ਦੂਰ ਕਰਕੇ, ਅੰਤਹਕਰਣ ਨੂੰ ਸ਼ੁੱਧ ਕਰ, ਕਿਸੇ ਗੇੜ-ਤੇੜ ਵਿੱਚ ਨਾ ਪੈ। ਫਿਰ ਇਹਦੇ ਵਾਂਗ ਟੈਂ, ਟੈਂ ਨਾ ਕਰੀ ਜਾਈਂ, ਇਹਦੇ ਨਾਲ ਕੋਈ ਜਿਆਦਾ ਫਾਇਦਾ ਨਹੀਂ ਹੋਣਾ ਹੈ। ਅੰਤਹਕਰਣ ਸ਼ੁੱਧ ਕਰੋ। ਤੁਹਾਨੂੰ ਪਤਾ ਹੈ ਨਾ, ਸਿੱਧ ਗੋਸ਼ਟ ਦਾ। ਜਦ ਭੰਗਰ ਨਾਥ ਨੇ ਗੁਰੂ ਨਾਨਕ ਸਾਹਿਬ ਨੂੰ ਪੁੱਛਿਆ ਕਿ ਮੈਂ ਵੀ ਇੱਕ ਸਵਾਲ ਕਰ ਸਕਦਾ ਹਾਂ? ਗੁਰੂ ਨਾਨਕ ਸਾਹਿਬ ਨੂੰ ਉਹ ਗੁਰੂ ਤਾਂ ਕਹਿੰਦੇ ਨਹੀਂ ਸਨ, ਉਹ ਤਾਂ ਗੋਰਖ ਨੂੰ ਗੁਰੂ ਕਹਿੰਦੇ ਸੀ। ਉਸਦੇ ਗੁਰੂ ਨੇ ਕਿਹਾ ਕਿ ਜਗ੍ਹਾ ਤਾਂ ਰਹੀ ਨਹੀਂ, ਪਰ ਤੂੰ ਵੀ ਪ੍ਰਸ਼ਨ ਕਰ ਲੈ? ਜਦੋਂ ਭੰਗਰ ਨਾਥ ਨੇ ਸਵਾਲ ਕੀਤਾ ਤਾਂ ਗੁਰੂ ਨਾਨਕ ਸਾਹਿਬ ਨੇ ਉਤਰ ਦਿੱਤਾ-

ਨਾਨਕ ਆਖੇ ਭੰਗਰ ਨਾਥ ਤੇਰੀ ਮਾਉਂ ਕੁਚੱਜੀ ਆਹੀ॥
ਭਾਂਡਾ ਧੋਇ ਨਾ ਜਾਤਿਉਨ ਭਾਏਂ ਕੁਚੱਜੇ ਫੁੱਲ ਸੜਾਹੀ॥(ਭਾਈ ਗੁਰਦਾਸ)

ਗੋਰਖ ਨਾਥ, ਭੰਗਰ ਨਾਥ ਨੂੰ ਕਹਿਣ ਲੱਗਿਆ ਕਿ ਹੁਣ ਜਵਾਬ ਦੇ। ਕਿਉਂਕਿ ਮਾਂ ਤਾਂ ਉਸ ਦੀ ਗੋਰਖ ਹੀ ਸੀ, ਗੁਰੂ ਉਸਦਾ । ਗੁਰੂ ਨਾਨਕ ਸਾਹਿਬ ਜੀ ਨੇ ਕਿਹਾ, ਭੰਗਰ ਨਾਥ ! ਤੇਰਾ ਗੁਰੂ ਤਾਂ ਕੁਚੱਜਾ ਹੈ। ਇਸਨੇ ਤੇਰਾ ਭਾਂਡਾ ਨਹੀਂ ਧੋਇਆ, ਭਾਵ ਤੇਰੇ ਮਨ ਨੂੰ ਸ਼ੁੱਧ ਨਹੀਂ

ਕੀਤਾ। ਗੋਰਖ ਨਾਥ ਨੇ ਭੰਗਰ ਨੂੰ ਕਿਹਾ ਕਿ ਹੁਣ ਦੱਸ, ਤੂੰ ਸਾਡੀ ਬੇਇਜਤੀ ਹੀ ਕਰਾਉਣੀ ਸੀ ਨਾ? ਜਦ ਇਸਦੇ ਅੰਦਰ ਪਾਪਾਂ ਦੇ ਸੰਸਕਾਰ ਉਠਦੇ ਹਨ ਤਾਂ ਮਨ ਅਸ਼ੁੱਧ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮਨ ਤਾਂ ਸ਼ੁੱਧ ਹੈ, ਜੇ ਪੰਜ ਚੀਜਾਂ ਸਤ, ਸੰਤੋਖ, ਦਇਆ, ਧਰਮ ਅਤੇ ਸੁੱਚ ਮਨ ਵਿੱਚ ਆ ਜਾਣ। ਸਾਨੂੰ ਇਹ ਮਤਿ ਸੰਤਾਂ ਪਾਸੋਂ ਮਿਲੀ ਹੈ। ਮਨ ਤੁਹਾਡਾ ਤਾਂ ਪਵਿੱਤਰ ਹੋਏਗਾ, ਜਦੋਂ ਰਾਗ ਦਵੈਸ਼ ਤੋਂ ਰਹਿਤ ਹੋਏਗਾ ਅਤੇ ਇਹ ਚੀਜਾਂ ਤੁਹਾਡੇ ਪਾਸ ਹੋਣਗੀਆਂ, ਤਾਂ ਤੁਹਾਡਾ ਮਨ ਸ਼ੁੱਧ ਹੋ ਜਾਏਗਾ। ਹੁਣ ਤੁਸੀਂ ਐਉਂ ਦੱਸੋ ਤੁਹਾਡੇ ਮਨ ਵਿੱਚ ਕੀ ਉਠਦਾ ਹੈ? ਪਹਿਲਾਂ ਤੁਸੀਂ ਪਾਰਟੀਆਂ ਵਾਲੀਆਂ ਗੱਲਾਂ ਕਰਦੇ ਰਹਿੰਦੇ ਹੋਂ ਕਿ ਇਹ ਮਾੜਾ ਹੈ, ਆਹ ਚੰਗਾ, ਉਹ ਫਲਾਣਾ ਹੈ, ਉਹ ਢਿਮਕਾ ਹੈ। ਇਨ੍ਹਾਂ ਹੇਠਲੀਆਂ ਗੱਲਾਂ ਕਰਨ ਨਾਲ ਕੁੱਛ ਨਹੀਂ ਲੱਭਣਾ। ਪਰ ਗੁਰੂ ਤਾਂ ਸਭ ਕੁੱਛ ਸਨ, ਉਨ੍ਹਾਂ ਨੂੰ ਤਾਂ ਪ੍ਰਭੂ ਲੱਭਿਆ ਹੈ। ਤੁਹਾਨੂੰ ਲੱਭਿਆ ਹੈ? ਨਾਲੇ ਨੋਟ ਦਿੱਤੇ ਤੇ ਨਾਲੇ ਨਿੰਦਿਆ ਕੀਤੀ।

ਸੇਜ ਸੁਹਾਵੀ ਸਰਬ ਸੁਖ

ਜੇ ਤੂੰ ਆਪਣੇ ਮਨ ਨੂੰ ਸ਼ੁੱਧ ਕਰ ਲਵੇਂ ਤਾਂ ਤੈਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਣਗੇ। ਤੈਨੂੰ ਸਰਬ ਸੁੱਖ ਮਿਲ ਜਾਏਗਾ, ਦੁਨੀਆਂ ਦਾ ਅਤੇ ਪਰਮੇਸ਼ਰ ਦਾ ਵੀ। ਪਰ ਜਦ ਤੇਰਾ ਅੰਤਹਕਰਣ ਸ਼ੁੱਧ ਹੋ ਜਾਏਗਾ ਭਰਮ ਦੂਰ ਕਰਕੇ, ਕਿਉਂਕਿ ਅੰਤਹਕਰਣ ਭਰਮ ਕਰਕੇ ਹੀ ਅਸ਼ੁੱਧ ਹੈ–

ਭਰਮੇ ਸੁਰਿ ਨਰ ਦੇਵੀ ਦੇਵਾ॥
ਭਰਮੇ ਸਿਧ ਸਾਧਿਕ ਬ੍ਰਹਮੇਵਾ॥
ਭਰਮਿ ਭਰਮਿ ਮਾਨੁਖ ਡਹਕਾਏ॥
ਦੁਤਰ ਮਹਾ ਬਿਖਮ ਇਹ ਮਾਏ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ॥
ਨਾਨਕ ਤੇਹ ਪਰਮ ਸੁਖ ਪਾਇਆ॥ (ਪੰਨਾ ੨੫੮)

ਜਦ ਇਹ ਆਪਣੇ ਭਰਮ, ਭੈਅ ਤੇ ਮੋਹ ਨੂੰ ਮਿਟਾ ਦੇਵੇਗਾ ਆਪਣੇ

ਮਨ ਵਿੱਚੋਂ, ਤਾਂ ਇਸਨੂੰ ਪਰਮ ਸੁੱਖ ਪ੍ਰਾਪਤ ਹੋ ਜਾਵੇਗਾ। ਇਹ ਕੰਮ ਤਾਂ ਇਸਨੇ ਕਰਨਾ ਹੀ ਹੈ। ਜੇ ਗੁਰੂ ਦੀ ਇੱਕੋ ਗੱਲ, ਇਹ ਮੰਨ ਲਵੇ ਜਿਹੜੀ ਕਿ ਅਸੀਂ ਕਈ ਵਾਰ ਕਹੀ ਹੈ, ਉਹ ਇਹ ਹੈ- ਪੂਰਨ ਸੰਤ ਦਾ ਮਿਲਾਪ ਤੇ ਸੇਵਾ। ਇੱਕ ਸੰਤ ਸੀ, ਮਹਾਂਪੁਰਸ਼। ਇੱਕ ਆਦਮੀ ਉਸ ਕੋਲ ਆਇਆ ਤੇ ਕਿਹਾ ਕਿ ਮਹਾਰਾਜ ਮੈਨੂੰ ਕਲਿਆਣ ਦਾ ਕੋਈ ਮਾਰਗ ਦੱਸੋ? ਸੰਤ ਨੇ ਕਿਹਾ ਜੇਕਰ ਤੂੰ ਅਸਲ ਵਿੱਚ ਕਲਿਆਣ ਚਾਹੁੰਦਾ ਹੈਂ ਤਾਂ ਇੱਥੇ ਚਾਵਲ ਕੁੱਟੀ ਜਾਹ, ਇੱਥੇ ਜੱਗ ਹੁੰਦਾ ਹੈ। ਉਦੋਂ ਚਾਵਲ ਕੁੱਟੇ ਜਾਂਦੇ ਸੀ। ਉਹ ਆਦਮੀ ਚੌਵੀ ਸਾਲ ਚਾਵਲ ਕੁੱਟੀ ਗਿਆ। ਉਹ ਸੰਤ ਵੀ ਪੂਰਾ ਸੀ। ਉਸਨੇ ਕਿਹਾ ਕਿ ਮੈਂ ਹੁਣ ਜਾਣਾ ਹੈ, ਸੰਗਤ ਨੂੰ ਆਖਿਆ, ਤੁਸੀਂ ਆਪਣਾ ਕੋਈ ਗੁਰੂ ਲੱਭ ਲਵੋ, ਜਿਹੜਾ ਗੱਦੀ ਤੇ ਬੈਠਣ ਦੇ ਕਾਬਲ ਹੋਵੇ। ਸੰਗਤ ਨੇ ਇੱਕ ਪਰਚਾ ਜਿਹਾ ਛਪਵਾਇਆ, ਬਈ ਆਹ ਗੁਣ ਇਉਂ ਹੋਵੇ ਅਤੇ ਆਹ ਇਉਂ ਹੋਵੇ। ਆਦਮੀ ਪਰਚਾ ਲੈਕੇ ਫਿਰਦਾ-ਫਿਰਦਾ ਉਥੇ ਪਹੁੰਚ ਗਿਆ, ਜਿੱਥੇ ਚੌਵੀ ਸਾਲ ਤੋਂ ਉਹੀ ਸ਼ਖਸ ਚਾਵਲ ਕੁੱਟ ਰਿਹਾ ਸੀ। ਇਹ ਆਦਮੀ ਪਰਚੇ ਦੇ ਪ੍ਰਸ਼ਨ ਸੁਣਕੇ ਹੱਸ ਪਿਆ। ਪਰਚੇ ਵਾਲੇ ਆਦਮੀ ਨੇ ਪੁੱਛਿਆ ਮੈਨੂੰ ਲੱਗਦਾ ਹੈ ਕਿ ਤੁਸੀਂ ਚਾਵਲ ਕੁੱਟਣ ਵਾਲੇ ਹੋਂ। ਮੈਂ ਆਹ ਕਹਿੰਦਾ ਹਾਂ ਬਈ ਉਸ ਗੱਦੀ ਤੇ ਉਹ ਬੈਠੇਗਾ ਜਿਸਦੇ ਵਿੱਚ ਆਹ ਗੁਣ ਹੋਣਗੇ। ਉਹ ਗਿਆਤਾ ਹੋਵੇ। ਚਾਵਲ ਕੁੱਟਣ ਵਾਲੇ ਨੇ ਕਿਹਾ ਕਿ ਮੇਰਾ ਨਾਮ ਲਿਖ ਲੈ। ਜਦੋਂ ਗੁਰੂ ਕੋਲ ਉਸਨੂੰ ਲਿਜਾਇਆ ਗਿਆ ਤਾਂ ਗੁਰੂ ਨੇ ਉਸਨੂੰ ਪੁੱਛਿਆ? ਉਹ ਆਦਮੀ ਕਹਿੰਦਾ ਕਿ ਨਾ ਕੋਈ ਗਿਆਤਾ ਹੈ ਨਾ ਅਗਿਆਤਾ, ਨਾ ਸ਼ੁੱਧ ਹੈ, ਨਾ ਅਸ਼ੁੱਧ ਹੈ। ਫਿਰ ਗੁਰੂ ਜੀ ਨੇ ਪੁੱਛਿਆ ਕਿ ਤੈਨੂੰ ਅਨੁਭਵ ਹੋ ਗਿਆ ਹੈ? ਉਸ ਨੇ ਕਿਹਾ ਅਨੁਭਵ ਹੋਣਾ ਕੀ ਹੈ, ਜੀ, ਉਹ ਅਨੁਭਵ ਤਾਂ ਇੱਕੋ ਹੀ ਹੈ। ਗੁਰੂ ਕਹਿੰਦਾ, ਬੱਸ! ਆਪਣੀ ਸੋਟੀ ਤੇ ਕਮੰਡਲ ਜਿਉਂ ਦੇ ਤਿਉਂ ਉਸ ਨੂੰ ਦੇ ਦਿੱਤੇ, ਤੇ ਆਪ ਸਰੀਰ ਤਿਆਗ ਦਿੱਤਾ। ਫੇਰ ਉਸ ਆਦਮੀ ਨੂੰ ਗੁਰ-ਗੱਦੀ ਤੇ ਬਿਠਾ ਦਿੱਤਾ। ਇਸ ਕਰਕੇ ਭਾਈ! ਇਹ ਤਾਂ ਕੰਮ ਹਨ ਰੱਬ ਨੂੰ ਮਿਲਣ ਵਾਲੇ, ਤੇ ਜੇ ਤੀਸਰੇ ਪਾਤਸ਼ਾਹ ਇੱਕ ਸਾਲ ਹੀ ਪਾਣੀ

ਢੋਅ ਕੇ ਹਟ ਜਾਂਦੇ ਫਿਰ ਗੁਰੂ ਨਹੀਂ ਸਨ ਬਣ ਸਕਦੇ ਜਾਂ ਦਸ ਦਿਨ ਪਾਣੀ ਢੋਅ ਕੇ ਹੀ ਹਟ ਜਾਂਦੇ ਕਿ ਹੁਣ ਕਿਸੇ ਹੋਰ ਤੋਂ ਢੁਆਓ। ਨਾ, ਬਿਲਕੁਲ ਨਹੀਂ, ਤੇ ਇਹ ਵੀ ਧੁਰੋਂ ਹੀ ਹੋਇਆ। ਇਤਿਹਾਸ ਵਿੱਚ ਇਹ ਵੀ ਗੱਲ ਲਿਖੀ ਹੈ, ਜਿਹੜੀ ਮੈਨੂੰ ਬਹੁਤ ਸੋਹਣੀ ਲੱਗੀ, ਜਦ ਬਾਰਾਂ ਸਾਲ ਪੂਰੇ ਹੋ ਗਏ, ਜਿੱਥੇ ਦਮਦਮਾ ਸਾਹਿਬ ਹੈ ਮੈਂ ਦੇਖਿਐ, ਇਸਦੇ ਆਲੇ ਦੁਆਲੇ ਇੱਟਾਂ ਲੱਗੀਆਂ ਹੋਈਆਂ ਸੀ। ਮੈਂ ਉਥੇ ਇੱਕ ਰਾਤ ਕੱਟੀ। ਇਹ ਬੜੀ ਪਵਿੱਤਰ ਜਗ੍ਹਾ ਹੈ ਭਾਈ! ਇਸ ਲਈ ਮੈਂ ਉਥੇ ਹੀ ਪੈ ਗਿਆ ਅਤੇ ਸਾਰੀ ਰਾਤ ਜਾਗਦਾ ਰਿਹਾ। ਇਹ ਉਹ ਜਗ੍ਹਾ ਸੀ ਜਿੱਥੇ ਬਾਰ੍ਹਵੇਂ ਸਾਲ ਦੇ ਅਖੀਰਲੇ ਦਿਨ ਜਦ ਗੁਰੂ ਅਮਰਦਾਸ ਜੀ ਉੱਥੇ ਆਕੇ ਖੜ੍ਹੇ ਹੋਏ। ਉਥੇ ਇੱਕ ਹੱਠ-ਯੋਗੀ ਦੀ ਹੱਡੀ ਪਈ ਸੀ, ਉਸਨੂੰ, ਉਹਨਾਂ ਦੇ ਪੈਰ ਦਾ ਅੰਗੂਠਾ ਲੱਗ ਗਿਆ। ਅੱਗੇ ਵੀ ਲੱਗਦਾ ਸੀ, ਪਰ ਉਸ ਦਿਨ ਉਹ ਯੋਗੀ ਖੜ੍ਹਾ ਹੋ ਗਿਆ ਅਤੇ ਕਹਿਣ ਲੱਗਿਆ, ਅੱਜ ਆਪ ਜੀ ਦੇ ਵਿੱਚ ਪੂਰਨ ਈਸ਼ਰੀ ਸ਼ਕਤੀ ਆ ਗਈ ਹੈ ਤੇ ਆਪ ਦੀ ਕਿਰਪਾ ਨਾਲ ਮੇਰੀ ਮੋਖਸ਼ ਹੋ ਗਈ ਹੈ। ਮੈਂ ਹੱਠ-ਯੋਗੀ ਸੀ, ਹੱਠ-ਯੋਗ ਕਰਦੇ-ਕਰਦੇ ਐਥੇ ਮੇਰਾ ਸਰੀਰ ਛੁੱਟਿਆ ਸੀ ਤੇ ਅੱਜ ਆਪ ਦੀ ਚਰਨ ਛੋਹ ਪ੍ਰਾਪਤ ਹੋਣ ਨਾਲ, ਮੇਰੀ ਮੋਖਸ਼ ਹੋ ਗਈ ਹੈ। ਅੱਜ ਆਪ ਦੇ ਵਿੱਚ ਈਸ਼ਵਰੀ ਸ਼ਕਤੀ ਆ ਚੁੱਕੀ ਹੈ। ਤੁਹਾਨੂੰ ਆਪ ਹੀ ਪਤਾ ਲੱਗ ਜੂ। ਅੱਗੇ ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਹੀ ਤਿਆਰੀ ਕੀਤੀ ਹੋਈ ਸੀ, ਰਾਗੀਆਂ ਨੂੰ ਕੀਰਤਨ ਕਰਨ ਤੇ ਲਾ ਦਿੱਤਾ ਗਿਆ, ਬਾਬਾ ਬੁੱਢਾ ਜੀ ਤੋਂ ਤਿਲਕ ਕਰਨ ਦੀ ਤਿਆਰੀ ਕਰਵਾ ਦਿੱਤੀ। ਅੱਧੀ ਗਾਗਰ ਨਾਲ ਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਅੱਧੀ ਪਾਣੀ ਦੀ ਗਾਗਰ ਨਾਲ ਸ੍ਰੀ ਗੁਰੂ ਅਮਰਦਾਸ ਜੀ ਨੂੰ ਇਸ਼ਨਾਨ ਕਰਵਾਇਆ। ਗੁਰੂ ਸਾਹਿਬ ਆਪ ਹੇਠ ਬੈਠ ਗਏ ਅਤੇ ਅਮਰਦਾਸ ਜੀ ਨੂੰ ਗੱਦੀ ਤੇ ਬਿਠਾ ਦਿੱਤਾ। ਬਾਬੇ ਬੁੱਢੇ ਨੇ ਤਿਲਕ ਕੀਤਾ। ਜੁਲਾਹੇ ਨੂੰ ਵੀ ਸੱਦਿਆ, ਜਿਸਨੇ ਅਮਰਦਾਸ ਜੀ ਨੂੰ ਗਾਲ਼ਾਂ ਕੱਢੀਆਂ ਸਨ ਤੇ ਉਸਦੇ ਸਾਹਮਣੇ ਹੀ ਅਮਰਦਾਸ ਜੀ ਨੂੰ ਬਹੁਤ ਵਰ ਦਿੱਤੇ। ਇਸ ਕਰਕੇ ਜਦੋਂ ਅੰਤਹਕਰਣ ਸ਼ੁੱਧ ਹੋ ਜਾਏਗਾ ਤਾਂ ਇਸਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਣਗੇ। ਇਹ ਤਾਂ

ਬਾਣੀ ਹੈ, ਕੋਈ ਕਿੱਸਾ ਤਾਂ ਨਹੀਂ ਹੈ ਤੇ ਉਤਸ਼ਾਹ ਹੈ, ਇਹ ਬਿਲਕੁਲ ਸੱਚੀ ਹੈ।

ਹੁਣਿ ਦੁਖਾ ਨਾਹੀ ਜਾਇ॥

ਹੁਣ ਦੁੱਖ ਕਿੱਥੇ ਰਹਿਣਗੇ ? ਅੰਤਹਕਰਣ ਸ਼ੁੱਧ ਹੋ ਗਿਆ। ਤੁਹਾਨੂੰ ਗਿਆਨ ਹੋ ਗਿਆ ਤੇ ਗਿਆਨ ਵਿੱਚ ਦੁੱਖ-ਸੁੱਖ ਹੁੰਦਾ ਹੀ ਨਹੀਂ –

ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥

(ਪੰਨਾ ੬੩੨)

ਉਹ ਤਾਂ ਸੁੱਖ, ਦੁੱਖ ਤੋਂ ਰਹਿਤ ਹੈ, ਚੇਤਨ ਹੈ, ਦੁੱਖਾਂ ਤੋਂ ਨਿਰਲੇਪ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਹੁਣ ਦੁੱਖਾਂ ਦੀ ਜਗ੍ਹਾ ਹੀ ਨਹੀਂ ਰਹੀ, ਕਿੱਥੇ ਰੱਖੋਂਗੇ ਦੁੱਖ? ਬ੍ਰਹਮ ਗਿਆਨੀ ਵਿੱਚ ਤੁਸੀਂ ਕਦੇ ਦੁੱਖ-ਸੁੱਖ ਦੇਖਿਆ ਹੈ? ਉਹ ਤਾਂ ਦੁੱਖ-ਸੁੱਖ ਦਾ ਪ੍ਰਕਾਸ਼ਕ ਹੈ, ਮੁਕਤ ਹੈ। ਜੋ ਗਿਆਨਵਾਨ ਹੁੰਦਾ ਹੈ, ਉਹ ਦੁੱਖ-ਸੁੱਖ ਨੂੰ ਆਪਣਾ ਧਰਮ ਨਹੀਂ ਮੰਨਦਾ ਹੁੰਦਾ। ਉਹ ਨਿਰਧਰਮ ਹੈ, ਵਿਆਪਕ ਹੈ।

ਇਛ ਪੁਨੀ ਵਡਭਾਗਣੀ

ਵੱਡੇ ਭਾਗ ਹੋਏ, ਮੇਰੀ ਸਾਰੀ ਇੱਛਾ ਪੂਰੀ ਹੋ ਗਈ, ਪੰਚਮ ਪਾਤਸ਼ਾਹ ਕਹਿੰਦੇ ਹਨ ਕਿ ਗੁਰੂ ਰਾਮਦਾਸ ਜੀ ਦੀ ਕਿਰਪਾ ਤੇ ਸਾਨੂੰ ਸਭ ਕੁੱਛ ਪ੍ਰਾਪਤ ਹੋ ਗਿਆ ਹੈ। ਕੀ ਪ੍ਰਾਪਤ ਹੋਇਆ?

ਵਰੁ ਪਾਇਆ ਹਰਿ ਰਾਇ॥

'ਹਰੀ' ਜੋ ਪ੍ਰਕਾਸ਼-ਰੂਪ ਪਰਮੇਸ਼ਰ ਹੈ, ਉਹ ਵਰ ਮੈਂ ਪਾ ਲਿਆ, **'ਵਰੁ'** ਕਹਿੰਦੇ ਹਨ ਮੁੰਡੇ ਨੂੰ ਜਾਂ ਪਤੀ ਨੂੰ, ਪਰ ਇੱਥੇ **'ਵਰੁ'** ਜੋ ਹੈ, ਉਹ ਪ੍ਰਕਾਸ਼-ਰੂਪ ਪਰਮੇਸ਼ਰ ਹੈ। ਉਹ ਵਰ ਮੈਂ ਪਾ ਲਿਆ। ਉਹੀ ਮੇਰਾ ਪਿਤਾ ਹੈ, ਉਹੀ ਮੇਰਾ ਗੁਰੂ ਹੈ, ਮੇਰਾ ਮਾਲਕ ਹੈ ਅਤੇ ਮੇਰਾ ਆਸਰਾ ਹੈ।

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥

ਹੁਣ ਤਾਂ ਸਹੀਆਂ ਨਾਲ ਮਿਲਕੇ, ਜਿਹੜੇ ਕਿ ਬਖਸ਼ੇ ਹੋਏ ਹਨ,

ਉਨ੍ਹਾਂ ਨਾਲ ਮਿਲਕੇ ਮੰਗਲ ਗਾਵਾਂਗੇ। ਹੁਣ ਮਿਲ ਗਏ, ਗੁਰੂ ਪਦਵੀ ਤੇ ਪਹੁੰਚ ਗਏ।

ਗੀਤ ਗੋਵਿੰਦ ਅਲਾਇ॥

ਹੁਣ ਗੋਵਿੰਦ ਦੇ ਗੀਤ ਅਲਾਇਆ ਕਰਾਂਗੇ। ਉਸਦਾ ਭਜਨ ਕਰਿਆ ਕਰਾਂਗੇ, ਜਸ ਗਾਇਆ ਕਰਾਂਗੇ। ਆਹ, ਪੰਚਮ ਪਾਤਸ਼ਾਹ ਨੇ ਆਪ ਜਸ ਗਾਇਆ ਹੈ। ਹੋਰ ਕੀ ਹੈ? ਹੁਣ, ਪਰਮੇਸ਼ਰ ਤੋਂ ਬਿਨਾਂ ਹੋਰ ਤਾਂ ਕੋਈ ਹੈ ਹੀ ਨਹੀਂ, ਹੋਰ ਸਾਰਾ ਝੂਠ ਹੈ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੦੮੩)

ਝੂਠੇ ਅਤੇ ਮਿਥਿਆ ਦੇ ਗੁਣ ਨਹੀਂ ਗਾਉਣੇ। ਆਹ ਸਾਰੀ ਬਾਣੀ ਵਿੱਚ ਪਰਮੇਸ਼ਰ ਦੇ ਗੁਣ ਗਾਏ ਹੋਏ ਨੇ।

ਹਰਿ ਜੇਹਾ ਅਵਰੁ ਨ ਦਿਸਈ

ਮੈਨੂੰ ਹਰੀ ਜੈਸਾ ਕੋਈ ਪ੍ਰੇਮੀ ਨਹੀਂ ਮਿਲਿਆ।

ਤੈਡੀ ਬੰਦਸਿ ਮੈ ਕੋਇ ਨਾ ਡਿਠਾ ਤੂ ਨਾਨਕ ਮਨਿ ਭਾਣਾ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥

(ਪੰਨਾ ੯੬੪)

ਗੁਰੂ ਸਾਹਿਬ ਕਹਿੰਦੇ ਕਿ ਪਰਮੇਸ਼ਰ ਵਰਗਾ ਕੋਈ ਨਹੀਂ ਹੈ ਪਰ ਜਿਸਨੂੰ ਮਿਲਕੇ ਮੈਂ ਕੰਤ ਪਛਾਣਿਆ ਹੈ, ਮੈਂ ਉਸਨੂੰ ਨਮਸ਼ਕਾਰ ਕਰਦਾ ਹਾਂ ਤੇ ਪਰਮੇਸ਼ਰ ਨੂੰ ਵੀ ਕਰਦਾ ਹਾਂ।

ਕੋਈ ਦੂਜਾ ਲਵੈ ਨ ਲਾਇ॥

ਉਸਦੇ ਬਰਾਬਰ ਕੋਈ ਸਤਿ ਹੈ ਹੀ ਨਹੀਂ, ਸਤਿ ਇੱਕ ਹੈ। ਇਹ ਸਤਿ 'ਰਿਸ਼ੀਆਂ' ਨੂੰ ਹੀ ਪਤਾ ਹੈ। ਹੈ ਇੱਕ ਹੀ, ਦੂਜਾ ਤਾਂ ਕੋਈ ਸਤਿ ਨਹੀਂ ਹੈ? ਦੋ ਸਤਿ ਤਾਂ ਨਹੀਂ ਹਨ? ਫਿਰ ਦੂਜੇ ਨੂੰ ਲਵੇ ਕਿਸ ਤਰ੍ਹਾਂ ਲਾਈਏ? ਉਹ ਸਤਿ ਇੱਕ, ਅਨੰਦ, ਪਰਮੇਸ਼ਰ ਇਹਦਾ ਆਤਮਾ ਹੈ, ਆਪਾ ਹੈ, ਹੋਰ ਇਸਦੇ ਬਰਾਬਰ ਕੋਈ ਨਹੀਂ, ਪਰ ਏਥੇ ਜਾ ਕੇ ਜਿੱਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਮਹਾਰਾਜ ਖੜ੍ਹੇ ਹਨ।

ਹਲਤੁ ਪਲਤੁ ਸਵਾਰਿਓਨੁ

ਲੋਕ ਪਰਲੋਕ ਸਾਰੇ ਸਵਾਰੇ ਗਏ, ਸ਼ੁੱਧ ਹੋ ਗਏ।

ਨਿਹਚਲ ਦਿਤੀਅਨੁ ਜਾਇ॥

ਉਹ ਅਟੱਲ ਹੈ, ਅਮਰ ਹੈ। ਉਸ ਜਗ੍ਹਾ ਤੇ ਮੈਨੂੰ, ਗੁਰੂ ਰਾਮਦਾਸ ਜੀ ਨੇ ਕਿਰਪਾ ਕਰਕੇ ਪਹੁੰਚਾ ਦਿੱਤਾ।

ਸੰਸਾਰ ਸਾਗਰ ਤੇ ਰਖਿਅਨੁ

ਉਨ੍ਹਾਂ ਨੇ ਸਾਨੂੰ ਜਨਮ-ਮਰਨ ਤੋਂ ਰੱਖ ਲਿਆ। ਸੰਸਾਰ ਦਾ ਜਨਮ-ਮਰਨ ਉਦੋਂ ਤੱਕ ਹੀ ਹੈ, ਜਦ ਤੱਕ ਪੂਰਨ ਕਿਰਪਾ ਨਹੀਂ ਸੀ ਹੋਈ। ਹੁਣ ਜਨਮ-ਮਰਨ ਦਾ ਸਵਾਲ ਹੀ ਨਹੀਂ ਰਿਹਾ ਹੈ। ਬ੍ਰਹਮ ਗਿਆਨੀ ਦਾ ਅੱਜ ਤੱਕ ਕਦੇ ਜਨਮ- ਮਰਨ ਨਹੀਂ ਹੋਇਆ।

ਬਹੁੜਿ ਨ ਜਨਮੈ ਧਾਇ॥

ਹੁਣ ਦੁਬਾਰਾ ਜਨਮ-ਮਰਨ ਵਿੱਚ ਨਹੀਂ ਜਾਵਾਂਗੇ।

ਜਿਹਵਾ ਏਕ ਅਨੇਕ ਗੁਣ

ਕਹਿੰਦੇ ਹਨ ਗੁਰੂ ਸਾਹਿਬ, ਸਾਡੀ ਜਿਹਬਾ ਇੱਕ ਹੈ, ਹੇ ਪਰਮੇਸ਼ਰ! ਤੇਰੇ ਗੁਣ ਬੇਅੰਤ ਹਨ। ਪ੍ਰਭੂ ਤੂੰ ਕਿਰਪਾ ਕਰ।

ਤਰੇ ਨਾਨਕ ਚਰਨੀ ਪਾਇ॥

ਅਪਣੇ ਚਰਨਾਂ ਦਾ ਆਸਰਾ ਦੇਕੇ ਪਾਰ ਕਰੋ, ਗੁਰੂ ਰਾਮਦਾਸ ਜੀ ਦੇ ਚਰਨਾਂ ਤੇ ਪਏ।

ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ (ਪੰਨਾ ੬੧੨)

ਪੰਚਮ ਪਾਤਸ਼ਾਹ ਕਹਿੰਦੇ, ਹੁਣ ਹਰੀ ਦਾ ਨਾਮ ਰਾਮਦਾਸ ਪੈ ਗਿਆ ਹੈ, ਲੋਕਾਂ ਨੂੰ ਪਤਾ ਨਹੀਂ।

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥

ਪੰਚਮ ਪਾਤਸ਼ਾਹ ਕਹਿੰਦੇ ਹਨ, ਇਸ ਮਹੀਨੇ ਵਿੱਚ ਪਰਮੇਸ਼ਰ ਦੀ ਸਲਾਹਣਾ ਕਰਿਆ ਕਰੋ, ਗੁਣ ਗਾਇਆ ਕਰੋ, ਜਿਹੜਾ ਪ੍ਰਭੂ ਸਾਰੇ

ਸਮਾਇਆ ਹੋਇਆ ਹੈ।

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥(ਪੰਨਾ ੨)

ਗੁਰੂ ਸਾਹਿਬ ਕਹਿੰਦੇ, ਉਸਨੂੰ ਕਦੇ ਭੁੱਲਿਓ ਨਾ, ਇਹ ਗੱਲ ਮੰਨ ਲਉ, ਯਾਦ ਕਰ ਲਉ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ।।

੧੩

ਜੈਤਸਰੀ ਮਹਲਾ ੪ ਘਰੁ ੧ ਚਉਪਦੇ ੴ ਸਤਿਗੁਰ ਪ੍ਰਸਾਦਿ ॥
ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥
ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥
ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥
ਮੋਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥
ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥

(ਪੰਨਾ ੬੯੬)

ਜੈਤਸਰੀ ਮਹਲਾ ੪ ਘਰੁ ੧ ਚਉਪਦੇ ੴ ਸਤਿਗੁਰ ਪ੍ਰਸਾਦਿ ॥
ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥

ਸਭ ਸੰਗਤ, ਕਿਰਪਾ, ਦਇਆ, ਮਿਹਰ ਕਰਕੇ ਬੋਲੋ, ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ। ਚੌਥੇ ਪਾਤਸ਼ਾਹ ਦੁਆਰਾ ਸ਼ਬਦ ਆਇਆ ਹੈ। ਚੌਥੇ ਪਾਤਸ਼ਾਹ ਸੋਢੀ ਪਾਤਸ਼ਾਹ ਸਨ। ਰਾਜ, ਬੇਦੀਆਂ ਦੇ ਹੱਥ ਵਿੱਚ ਸੀ, ਬੇਦੀਆਂ ਤੋਂ ਸੋਢੀਆਂ ਹੱਥ ਆਇਆ। ਸੋਢੀਆਂ ਨੇ ਬੇਦੀਆਂ ਨੂੰ ਨਿਕਾਲ ਦਿੱਤਾ। ਕਾਂਸ਼ੀ ਚਲੇ ਗਏ, ਚਾਰ

ਵੇਦ ਪੜ੍ਹੇ, ਦੁਨੀਆਂ ਦੇ ਧਰਮ ਕਰਮ ਕਰਾਏ, ਤੇ ਬੜੀ ਸ਼ੋਭਾ ਹੋਈ। ਸੋਢੀ ਬੜੇ ਸਤਿਕਾਰ ਦੇ ਨਾਲ ਲਿਆਏ, ਲਿਆ ਕੇ ਚਾਰ ਵੇਦ ਸੁਣੇ, ਚਾਰ ਵੇਦ ਸੁਣਕੇ, ਸੋਢੀ ਪਾਤਸ਼ਾਹ ਜੋ ਉਸ ਵਖਤ ਸੀ, ਰਾਜ ਭਾਗ ਚੜ੍ਹਾਕੇ ਜੰਗਲ ਨੂੰ ਚਲਿਆ ਗਿਆ। ਬੇਦੀਆਂ ਨੇ ਬਰ ਦਿੱਤਾ ਕਿ ਚੌਥੀ ਗੱਦੀ ਤੁਹਾਡੀ ਹੋਏਗੀ, ਚਾਰ ਵੇਦ ਸੁਣਕੇ, ਤੁਸੀਂ ਸਭ ਕੁੱਛ ਅਰਪਣ ਕੀਤਾ, ਚੌਥੀ ਗੱਦੀ ਤੁਹਾਡੀ ਹੋ ਗਈ।

ਜਬ ਬਰਦਾਨਿ ਸਮੈ ਵਹੁ ਆਵਾ॥
ਰਾਮਦਾਸ ਤਬ ਗੁਰੂ ਕਹਾਵਾ॥
ਤਿਹ ਬਰਦਾਨਿ ਪੁਰਾਤਨਿ ਦੀਆ॥
ਅਮਰਦਾਸਿ ਸੁਰਪਰਿ ਮਗੁ ਲੀਆ॥ (ਬਚਿੱਤ੍ਰ ਨਾਟਕ)

ਭੱਲੇ ਕੁਲ ਦੇ ਵਿੱਚ ਸ੍ਰੀ ਗੁਰੂ ਅਮਰਦਾਸ ਹੋਏ। ਭੱਲਿਆਂ ਦੀ ਕੁਲ ਭਰਥ ਦੀ ਕੁਲ ਹੈ, ਇਹ ਭਰਥ ਦੀ ਕੁਲ ਵਿੱਚ ਹੋਏ। ਬੇਦੀ, ਗੁਰੂ ਨਾਨਕ ਦੀ ਕੁੱਲ ਵਿੱਚੋਂ ਹੋਏ, ਰਾਮ ਦੀ ਕੁਲ ਵਿਚੋਂ ਹੋਏ, ਸੂਰਜ ਵੰਸ਼ੀ ਪ੍ਰੰਪਰਾ ਸੇ। ਉਸਤੋਂ ਬਾਅਦ ਸੋਢੀ ਆਏ। ਉਨ੍ਹਾਂ ਨੂੰ ਪਾਤਸ਼ਾਹੀ ਚੌਥੀ, ਗੱਦੀ ਮਿਲੀ। ਉਨ੍ਹਾਂ ਦੁਆਰੇ ਜੋ ਵਾਕ ਆਇਆ ਹੈ, ਉਸਦੀ ਵਿਆਖਿਆ ਸੁਣੋ –

ਜੈਤਸਰੀ ਮਹਲਾ ੪

ਜੈਤਸਰੀ ਰਾਗ ਵਿੱਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਕਥਨ ਕਰਦੇ ਨੇ–

ਘਰੁ ੧

ਪਹਿਲੀ ਤਾਰ ਵਿੱਚ ਗਾਉਣਾ ਹੈ, ਇਹ ਸ਼ਬਦ।

ਚਉਪਦੇ

ਚਾਰ ਪਦਾਂ ਦਾ ਇਹ ਸ਼ਬਦ ਹੈ।

ੴ ਸਤਿਗੁਰ ਪ੍ਰਸਾਦਿ॥

ਇੱਕ ਜੋ ਪਰਮੇਸ਼ਰ ਹੈ ਪਰੀਪੂਰਨ, ਉਹ ਪੂਰਨ ਗੁਰੂ ਦੀ ਕਿਰਪਾ ਤੋਂ

ਪ੍ਰਾਪਤ ਹੁੰਦਾ ਹੈ। ਗੁਰੂ, ਪਰਮੇਸ਼ਰ ਦੀ ਕਿਰਪਾ ਤੋਂ ਪ੍ਰਾਪਤ ਹੁੰਦਾ ਹੈ ਤੇ ਗੁਰੂ ਦੀ ਕਿਰਪਾ ਤੋਂ ਪਰਮੇਸ਼ਰ ਪ੍ਰਾਪਤ ਹੁੰਦਾ ਹੈ।

ਮੇਰੇ ਹੀਅਰੈ ਰਤਨੁ ਨਾਮੁ ਹਰਿ ਬਸਿਆ

ਹਰੀ ਜੋ ਸ਼ੁੱਧ ਹੈ, ਰਤਨ, ਉਹ ਮੇਰੇ ਹਿਰਦੇ ਦੇ ਵਿੱਚ ਪ੍ਰਗਟ ਹੋ ਗਿਆ ਹੈ, ਗੁਰੂ ਰਾਮਦਾਸ ਜੀ ਆਖਦੇ ਹਨ। ਉਸ ਗੁਰੂ ਅਮਰਦਾਸ ਜੀ ਨੇ ਮੇਰੇ ਸਿਰ ਦੇ ਉੱਪਰ ਐਸਾ ਹੱਥ ਰੱਖਿਆ, ਮੈਨੂੰ ਪਰਮੇਸ਼ਰ ਦਾ ਸਾਖਸ਼ਾਤ ਕਰਾ ਦਿੱਤਾ ਹੈ ਅਤੇ ਮੇਰੇ ਹਿਰਦੇ ਵਿੱਚ ਪ੍ਰਗਟ ਹੋ ਗਿਆ ਹੈ। ਮੈਨੂੰ ਇਹ ਪਤਾ ਲੱਗ ਗਿਆ ਬਈ ਇਹ ਜਿਹੜਾ ਮੇਰਾ ਆਤਮਾ ਸਾਖਸ਼ੀ, ਚੇਤਨ ਹੈ, ਇਹ ਮੇਰਾ ਆਪਾ ਹੈ, ਬਾਕੀ ਸਾਰੀ ਪ੍ਰਕਿਰਤੀ ਹੈ। ਇਹ ਤਿੰਨ ਗੁਣ ਹਨ -

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ~ ਤਿਨ~ ਹੀ ਪਰਮ ਪਦੁ ਪਾਇਆ॥

(ਪੰਨਾ ੧੧੨੩)

ਉਹ ਚੌਥਾ ਪਦ ਪਰਮੇਸ਼ਰ ਹੈ ਸ਼ੁੱਧ, ਸਤਿ ਸਰੂਪ। ਇਹ ਮੇਰੇ ਮਨ ਦੇ ਵਿੱਚ ਅਤੇ ਹਿਰਦੇ ਦੇ ਵਿੱਚ ਪ੍ਰਗਟ ਹੋ ਗਿਆ, ਮੈਨੂੰ ਸਾਖਸ਼ਾਤਕਾਰ ਹੋ ਗਿਆ। ਮੈਂ, ਮਨ-ਬੁੱਧੀ ਤੋਂ ਅੱਗੇ ਲੰਘ ਗਿਆ। ਇਹ ਜੀਵ, ਮੋਹ ਮਾਇਆ ਵਿੱਚ ਫਸਿਆ ਰਹਿੰਦਾ ਹੈ, ਅਖੀਰੀ ਜੇ ਬਹੁਤਾ ਜਾਂਦਾ ਹੈ ਤਾਂ ਬੁੱਧੀ ਤੱਕ ਜਾਂਦਾ ਹੈ। ਬੁੱਧੀ ਵਿਗਿਆਨ ਵਿੱਚ ਜੀਵ ਹੈ। ਇਹ ਵੀ, ਦੁਨੀਆਂ ਦੀ ਕਲਪਨਾ ਕਰਦੀ ਰਹਿੰਦੀ ਹੈ। ਇਹਦੇ ਅੰਦਰੋਂ ਕਲਪਣਾ ਹੀ ਨਹੀਂ ਜਾਂਦੀ ਕਿਉਂਕਿ ਬੁੱਧੀ ਕਲਪਨਾ ਹੀ ਕਰਦੀ ਹੈ। ਜਦੋਂ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ, ਬੁੱਧੀ ਲੀਨ ਹੋ ਜਾਂਦੀ ਹੈ, ਉਸ ਵਕਤ ਬੁੱਧੀ ਨਹੀਂ ਹੁੰਦੀ। ਬੁੱਧੀ ਤਾਂ ਸਸ਼ੁਪਤੀ ਵਿੱਚ, ਘੋਰ ਨਿੰਦਰਾ ਵਿੱਚ ਚਲੀ ਜਾਂਦੀ ਹੈ, ਉਦੋਂ ਅਗਿਆਨ ਰਹਿ ਜਾਂਦਾ ਹੈ, ਤੇ ਮਨ-ਬੁੱਧੀ ਲੀਨ ਹੋ ਜਾਂਦੇ ਹਨ। ਜੇ ਅਗਿਆਨ ਨਾ ਹੋਵੇ ਤਾਂ ਬ੍ਰਹਮਗਿਆਨੀ ਹੋ ਜਾਵੇ। ਇਸ ਕਰਕੇ, ਮਨ ਬੁੱਧੀ ਦੇ ਅੱਗੇ, ਜਦੋਂ ਇਹ ਜਾਂਦਾ ਹੈ, ਤਾਂ ਇਹਦਾ ਮਨ ਅਗਿਆਨ ਦੇ ਵਿੱਚ ਫਸ ਜਾਂਦਾ ਹੈ। ਇਹਨੂੰ ਕੁੱਛ ਪਤਾ ਨਹੀਂ ਲਗਦਾ ਕਿ ਮੈਂ ਕੌਣ ਹਾਂ, ਪਰਮੇਸ਼ਰ ਕੌਣ

ਹੈ, ਕਿਸ ਵਾਸਤੇ ਮੇਰਾ ਜਨਮ ਹੋਇਐ? ਇਹਨੂੰ ਕੋਈ ਪਤਾ ਨਹੀਂ। ਅਖੀਰੀ ਪਰਮੇਸ਼ਰ ਦੀ ਕਿਰਪਾ ਹੋਵੇ, ਗੁਰੂ ਦਾ ਮਿਲਾਪ ਹੋਵੇ, ਉਹ ਇਹਨੂੰ ਹਿਰਦੇ ਦੇ ਵਿੱਚ ਜਿਹੜਾ ਸਾਖਸ਼ੀ, ਦਾਨਾ-ਬੀਨਾ, ਪਰਮੇਸ਼ਰ ਦਿਖਾਲਦਾ ਹੈ ਤਾਂ ਉਹਦਾ ਇਹਨੂੰ ਪਤਾ ਲਗਦਾ ਹੈ। ਜਦ ਉਸਦਾ ਪਤਾ ਲੱਗ ਜਾਏ ਤਾਂ ਇਹਨੂੰ ਪਰਮੇਸ਼ਰ ਦਾ ਸਾਖਸ਼ਾਤ ਹੋ ਜਾਂਦਾ ਹੈ। ਉਹ ਮੇਰੇ ਹਿਰਦੇ ਦੇ ਵਿੱਚ ਪ੍ਰਗਟ ਹੋ ਗਿਆ, ਗੁਰੂ ਰਾਮਦਾਸ ਜੀ ਕਹਿੰਦੇ ਨੇ -

ਗੁਰਿ ਹਾਥੁ ਧਰਿਓ ਮੇਰੈ ਮਾਥਾ॥

ਮੇਰੇ ਮੱਥੇ ਤੇ ਗੁਰੂ ਅਮਰਦਾਸ ਜੀ ਨੇ ਹੱਥ ਰੱਖਿਆ, ਤੇ ਮੈਨੂੰ ਪਰਮੇਸ਼ਰ ਦਾ ਸਾਖਸ਼ਾਤ ਹੋ ਗਿਆ। ਮੇਰੇ ਤੇ ਗੁਰੂ-ਪਰਮੇਸ਼ਰ ਦੀ ਬੜੀ ਕ੍ਰਿਪਾ ਹੋਈ ਹੈ, ਤੇ ਮੈਨੂੰ ਹਿਰਦੇ ਦੇ ਵਿੱਚ ਪਰਮੇਸ਼ਰ ਪ੍ਰਾਪਤ ਹੋ ਗਿਆ ਹੈ।

ਜਨਮ ਜਨਮ ਕੇ ਕਿਲਬਿਖ ਦੁਖ ਉਤਰੇ

ਇਹ ਜਿਹੜੇ ਜਨਮ-ਜਨਮ ਦੇ ਅੰਦਰ ਪਾਪ-ਪੁੰਨ ਬੈਠੇ ਸਨ, ਉਨ੍ਹਾਂ ਦੇ ਸੰਸਕਾਰ ਬੈਠੇ ਸਨ, ਉਹ ਸਭ ਚਲੇ ਗਏ। ਪਰਮੇਸ਼ਰ ਵਿੱਚ ਸੰਸਕਾਰ ਨਹੀਂ ਹੁੰਦਾ। ਜਦੋਂ ਤੱਕ ਪਰਮੇਸ਼ਰ ਪ੍ਰਗਟ ਨਾ ਹੋਵੇ, ਨਾਮ ਦੇ ਨਾਲ ਮਨ ਨਾ ਜੁੜੇ, ਨਾਮੀ ਦੀ ਪ੍ਰਾਪਤੀ ਨਾ ਹੋਵੇ, ਤਦ ਤੱਕ ਇਹਦੇ ਸੰਸਕਾਰ ਇਹਨੂੰ ਨਹੀਂ ਛੱਡਦੇ। ਉਦੋਂ ਤੱਕ ਇਸਦੇ ਮਨ ਦੇ ਵਿੱਚ ਕਲਪਨਾ ਰਹਿੰਦੀ ਹੈ, ਉਸ ਕਲਪਨਾ ਵਿੱਚ ਫਸਿਆ ਹੋਇਆ ਜੀਵ ਹੁੰਦਾ ਹੈ। ਉਹ ਵਿਗਿਆਨ-ਮਯ ਕੋਸ਼ ਹੁੰਦਾ ਹੈ, ਉਹ ਅਜੇ ਅਨੰਦਮਈ ਅਵਸਥਾ ਵਿੱਚ ਵੀ ਨਹੀਂ ਪਹੁੰਚਿਆ ਤੇ ਸਾਖਸ਼ਾਤ ਪਰਮੇਸ਼ਰ ਨੂੰ ਤਾਂ ਕੀ ਜਾਣਨਾ ਸੀ? ਇਸ ਕਰਕੇ, ਮੇਰੇ ਉਹ ਸਾਰੇ ਪਾਪ-ਪੁੰਨ ਨਾਸ਼ ਹੋ ਗਏ ਹਨ। ਗੁਰੂ ਰਾਮਦਾਸ ਜੀ ਕਹਿੰਦੇ ਕਿ ਗੁਰੂ ਅਮਰਦਾਸ ਜੀ ਦੀ ਕਿਰਪਾ ਤੋਂ ਮੇਰੇ ਸਾਰੇ ਪਾਪ-ਪੁੰਨ ਨਾਸ ਹੋ ਗਏ ਨੇ।

ਗੁਰਿ ਨਾਮੁ ਦੀਓ ਰਿਨੁ ਲਾਥਾ॥

ਮੇਰਾ ਮਨ ਖਾਲੀ ਹੋ ਗਿਆ ਹੈ, ਮੇਰਾ ਮਨ ਅਤੇ ਬਿਰਤੀ ਖਾਲੀ ਹੋ ਗਈ ਹੈ। ਮੈਨੂੰ, ਗੁਰੂ ਨੇ ਨਾਮ ਦੇ ਦਿੱਤਾ ਹੈ ਕਿ ਇਸ ਨਾਮ ਨਾਲ ਭਾਈ ! ਮਨ ਨੂੰ ਜੋੜਕੇ, ਤੈਂ ਪਰਮੇਸ਼ਰ ਕੋਲ ਪਹੁੰਚਣਾ ਹੈ। ਉਹ ਗੁਰੂ ਨੇ ਮੇਰੇ ਮੱਥੇ ਉੱਪਰ ਹੱਥ ਰੱਖਕੇ, ਮੇਰੀ ਕਲਪਨਾ ਹਟਾ ਦਿੱਤੀ ਤੇ ਮੈਨੂੰ ਨਾਮ ਦੇ ਦਿੱਤਾ, ਰਸਤਾ ਦੱਸ ਦਿੱਤਾ ਕਿ ਇਸ ਰਸਤੇ, ਤੈਂ ਪਰਮੇਸ਼ਰ ਨੂੰ ਮਿਲਣਾ ਹੈ।

ਰਿਨੁ ਲਾਥਾ॥

ਉਹ ਜਿਹੜੇ ਰਿਣ ਸਨ, ਪਿਤਰੀ ਰਿਣ, ਰਿਸ਼ੀ ਰਿਣ, ਦੇਵ ਰਿਣ, ਇਹ ਸਾਰੇ ਨਾਸ ਹੋ ਗਏ ਹਨ। ਇਹਦੇ ਜੁੰਮੇ ਤਿੰਨ ਰਿਣ ਹੁੰਦੇ ਹਨ, ਉਹ ਤਿੰਨ ਰਿਣ ਮੇਰੇ ਨਾਸ ਹੋ ਗਏ ਹਨ। ਹੁਣ ਮੈਂ ਕਰਜਾਈ ਨਹੀਂ ਰਿਹਾ। ਮੇਰਾ ਸਭ ਪਾਪ-ਪੁੰਨ ਨਾਸ ਹੋ ਗਿਆ ਹੈ, ਮੈਨੂੰ ਕੋਈ ਰਿਣ ਨਹੀਂ ਰਿਹਾ। ਹੁਣ ਕਿਸੇ ਦਾ ਮੈਂ ਕਰਜਾਈ ਨਹੀਂ ਰਿਹਾ। ਮੇਰਾ ਦੇਣਾ-ਲੈਣਾ ਨਹੀਂ ਰਿਹਾ, ਮੇਰਾ ਕਰਮਾਂ ਦਾ ਹਿਸਾਬ ਮੁੱਕ ਗਿਆ ਹੈ।

ਮੇਰੇ ਮਨ ਭਜੁ ਰਾਮ ਨਾਮ ਸਭਿ ਅਰਥਾ॥

ਹੇ ਮੇਰੇ ਮਨ ! ਹੁਣ ਤੂੰ ਇਹ ਰਾਮ ਦਾ ਨਾਮ ਜਪ

ਰਮਤ ਰਾਮ ਜਨਮ ਮਰਣੁ ਨਿਵਾਰੈ॥ (ਪੰਨਾ ੯੬੫)

ਉਹ ਜਿਹੜਾ ਸਾਰੇ ਵਿਆਪਕ ਪਰਮੇਸ਼ਰ ਹੈ, ਉਸਦਾ ਨਾਮ ਜਪ, ਤੇਰੇ ਸਾਰੇ ਕਾਰਜ ਆਪੇ ਹੀ ਸਿੱਧ ਹੋ ਜਾਣਗੇ। ਹੁਣ ਤੂੰ ਕੋਈ ਫਿਕਰ ਨਾ ਕਰ, ਹੁਣ ਨਾਮ ਤੈਨੂੰ ਪ੍ਰਾਪਤ ਹੋ ਗਿਆ ਹੈ, ਤੇ ਨਾਮ ਦੇ ਨਾਲ ਨਾਮੀ ਪ੍ਰਾਪਤ ਹੋਵੇਗਾ ਅਤੇ ਤੇਰੀ ਮੋਖਸ਼ ਹੋ ਜਾਵੇਗੀ। ਮਨ ! ਹੁਣ ਤੂੰ ਕੋਈ ਫਿਕਰ ਨਾ ਕਰ।

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ

ਗੁਰੂ ਅਮਰਦਾਸ ਜੀ ਨੇ ਮੈਨੂੰ ਨਾਮ ਦ੍ਰਿੜ ਕਰਵਾ ਦਿੱਤਾ, ਬਈ ! ਆਹ ਜਿਹੜਾ ਨਾਮ ਹੈ, ਨਾਮੀ ਇਹਦੇ ਤੋਂ ਅਲੱਗ ਨਹੀਂ ਹੈ। ਉਹ ਸਾਰੇ ਵਿਆਪਕ ਹੈ। ਤੇਰੀ ਬਿਰਤੀ ਦੇ ਵਿੱਚ ਬੈਠਾ ਜਿਹੜਾ ਦੇਖਦੈ, ਜਾਣਦੈ, ਦਾਨਾ-ਬੀਨਾ, ਸਾਂਈ-ਮਾਲਕ ਹੈ, ਉਹ ਪਰਮੇਸ਼ਰ ਹੈ, ਉਸਦੇ

ਬਿਨਾਂ ਸਭ ਮਿੱਥਿਆ ਹੈ, 'ਝੂਠ' ਹੈ। ਇਸ ਕਰਕੇ, ਮੈਨੂੰ ਪਰਮੇਸ਼ਰ ਦਾ ਦ੍ਰਿੜ੍ਹ ਨਿਸ਼ਚਾ ਕਰਵਾ ਦਿੱਤਾ ਹੈ।

ਬਿਨੁ ਨਾਵੈ ਜੀਵਨੁ ਬਿਰਥਾ॥ ਰਹਾਉ॥

ਜੇ ਜੀਵ ਨੂੰ ਨਾਮ ਨਾ ਪ੍ਰਾਪਤ ਹੋਵੇ ਤਾਂ ਇਹਦਾ ਸਾਰਾ ਜਨਮ ਵਿਅਰਥ ਚਲਿਆ ਜਾਂਦਾ ਹੈ ਕਿਉਂਕਿ ਨਾਮ ਤੋਂ ਬਿਨਾਂ ਨਾਮੀ ਤਾਂ ਪ੍ਰਾਪਤ ਹੁੰਦਾ ਹੀ ਨਹੀਂ। ਇਸ ਕਰਕੇ, ਇਹਦਾ ਸਾਰਾ ਜਨਮ ਵਿਅਰਥ ਚਲਿਆ ਜਾਂਦਾ ਹੈ। ਇਸ ਕਰਕੇ ਭਾਈ! ਪਹਿਲਾਂ ਤੁਸੀਂ ਪਰਮੇਸ਼ਰ ਅੱਗੇ ਬੇਨਤੀ ਕਰੋ ਤਾਂ ਉਹ ਕੋਈ ਗੁਰੂ ਭੇਜੇਗਾ, ਉਸ ਗੁਰੂ ਤੋਂ ਨਾਮ ਲਵੋ। ਨਾਮ ਲੈਕੇ, ਨਾਮ ਦੇ ਨਾਲ ਚੱਲਿਓ। ਇੱਕ ਜਗ੍ਹਾ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਵੀ ਆਉਂਦਾ ਹੈ ਬਈ, ਇਹ ਜਿਹੜਾ ਸੰਸਾਰ ਸਮੁੰਦਰ ਹੈ ਇਹਦੇ ਵਿੱਚ ਜਦੋਂ ਇਹਦਾ ਬੇੜਾ ਚਲਿਆ ਜਾਂਦਾ ਹੈ, ਇਹ ਨਿਕਲਣਾ ਬੜਾ ਮੁਸ਼ਕਿਲ ਹੈ। ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਵੀ ਸੰਸਾਰ ਸਮੁੰਦਰ ਵਿੱਚ ਵੜਿਆ ਪਰ ਮੈਂ ਨਾਮ ਨੂੰ ਨਾਲ ਲੈ ਕੇ ਵੜਿਆ, ਅਤੇ ਮੈਂ ਇਸ ਤੋਂ ਪਾਰ ਹੋ ਗਿਆ। ਇਸ ਕਰਕੇ, ਸੰਸਾਰ ਸਮੁੰਦਰ ਵਿੱਚ ਜੀਵ ਜਾਂਦਾ ਹੈ। ਜਦੋਂ ਤੱਕ ਇਹਨੂੰ ਨਾਮ ਨਾ ਪ੍ਰਾਪਤ ਹੋਵੇ ਤਬ ਤੱਕ ਇਹ ਸੰਸਾਰ ਵਿੱਚੋਂ ਨਿੱਕਲ ਨਹੀਂ ਸਕਦਾ। ਇਸ ਕਰਕੇ ਭਾਈ! ਜੇ ਨਾਮ ਨਾ ਪ੍ਰਾਪਤ ਹੋਇਆ, ਤੇਰਾ ਜਨਮ ਵਿਅਰਥ ਚਲਿਆ ਜਾਵੇਗਾ।

ਬਿਨੁ ਗੁਰ ਮੂੜ ਭਏ ਹੈ ਮਨਮੁਖ

ਜਿਹੜੇ ਆਪਣੇ ਮਨ ਦੇ ਮਗਰ ਚੱਲਣ ਵਾਲੇ ਹਨ, ਉਹ ਮੂੜ ਹਨ ਅਤੇ ਮੂਰਖ ਹਨ ਕਿਉਂਕਿ ਉਹ ਮਨਮੁੱਖ ਹਨ। ਉਨ੍ਹਾਂ ਨੇ ਗੁਰੂ ਦਾ ਰਸਤਾ ਨਹੀਂ ਫੜਿਆ, ਗੁਰੂ ਦਾ ਰਸਤਾ ਕੀ ਸੀ? 'ਨਾਮ' ਗੁਰੂ ਦਾ ਮਾਰਗ ਸੀ । ਉਹ ਨਾਮ ਦੇ ਨਾਲ ਨਹੀਂ ਤੁਰੇ, ਆਪਣੇ ਮਨ ਦੇ ਮਗਰ ਚੱਲੇ। ਇਸ ਕਰਕੇ, ਉਹ ਮੂਰਖ ਨੇ, ਮੂੜ ਨੇ ਤੇ ਸੰਸਾਰ ਵਿੱਚੋਂ ਨਹੀਂ ਨਿਕਲਣਗੇ ਕਿਉਂਕਿ ਨਾਮ ਉਨ੍ਹਾਂ ਦੇ ਪਾਸ ਨਹੀਂ ਹੈ।

ਤੇ ਮੋਹ ਮਾਇਆ ਨਿਤ ਫਾਥਾ॥

ਉਹ ਮਾਇਆ ਦੇ ਮੋਹ ਵਿੱਚ ਨਿੱਤ ਫਸੇ ਹੋਏ ਹਨ। ਮਾਇਆ ਦਾ ਮੋਹ ਅਨੇਕ ਪ੍ਰਕਾਰ ਦਾ ਹੈ, ਇੱਕ ਪ੍ਰਕਾਰ ਦਾ ਤਾਂ ਨਹੀਂ। ਜਿੰਨਾਂ ਚਿਰ ਮਾਇਆ ਦੇ ਵਿੱਚ ਹੈ, ਓਨਾਂ ਚਿਰ ਪਾਰ ਨਹੀਂ ਹੋ ਸਕਦਾ, ਉਹ ਜੀਵ ਮਾਇਆ ਦੇ ਮੋਹ ਵਿੱਚ ਫੱਸ ਗਿਆ। ਇਸ ਕਰਕੇ, ਉਸਨੂੰ ਕੁੱਛ ਨਹੀਂ ਲੱਭਿਆ ਹੈ।

ਤਿਨ ਸਾਧੂ ਚਰਣ ਨ ਸੇਵੇ ਕਬਹੂ

ਉਹਨੇ ਸਾਧੂਆਂ, ਬ੍ਰਹਮ ਗਿਆਨੀ ਮਹਾਂਪੁਰਸ਼ਾਂ ਦੀ ਸੇਵਾ ਨਹੀਂ ਕੀਤੀ। ਜਨ, ਸਾਧੂ, ਨਾਥ ਇਹ ਸਾਰੇ ਬ੍ਰਹਮ ਗਿਆਨੀ ਦੇ ਵਾਚਕ ਹਨ। ਇਨ੍ਹਾਂ ਨੂੰ ਬ੍ਰਹਮ ਗਿਆਨੀ ਮਹਾਂਪੁਰਸ਼ ਦਾ ਸੰਗ ਪ੍ਰਾਪਤ ਨਹੀਂ ਹੋਇਆ। ਰੂਹਾਨੀਅਤ ਉਸ ਵਿੱਚ ਨਹੀਂ ਆਈ, ਰੂਹਾਨੀਅਤ ਤਾਂ ਚੇਤਨ ਦਾ ਹੀ ਨਾਮ ਹੈ, ਹੋਰ ਤਾਂ ਸਾਰਾ ਹੀ ਵਿਹਾਰ ਹੈ। ਵਿਹਾਰ ਤਾਂ ਤੈਂ ਸ਼ੁੱਧ ਕਰਨਾ ਹੈ ਅਤੇ ਰੂਹਾਨੀਅਤ ਤਾਂ ਇਹਦਾ ਆਪਾ ਹੈ, ਉਹ ਤਾਂ ਚੇਤਨ ਹੈ। ਇਸ ਕਰਕੇ, ਉਨ੍ਹਾਂ ਨੇ, ਕਿਸੇ ਮਹਾਂਪੁਰਖ ਦੀ ਸੇਵਾ ਨਹੀਂ ਕੀਤੀ, ਅਤੇ ਉਨ੍ਹਾਂ ਨੇ ਕਿਸੇ ਪੂਰਨ ਬ੍ਰਹਮ ਗਿਆਨੀ ਦਾ ਸੰਗ ਨਹੀਂ ਕੀਤਾ। ਇਸ ਕਰਕੇ, ਉਹ ਭਾਈ ! ਪਾਰ ਨਹੀਂ ਹੋਣਗੇ।

ਤਿਨ ਸਭੁ ਜਨਮੁ ਅਕਾਥਾ॥

'ਅਕਾਥਾ' ਦਾ ਅਰਥ ਹੈ ਵਿਅਰਥ। ਅਕਾਥਾ ਮਹਿਨੇ ਵਿਅਰਥ। ਉਨ੍ਹਾਂ ਦਾ ਸਾਰਾ ਜਨਮ ਵਿਅਰਥ ਚੱਲਿਆ ਗਿਆ। ਜਿੰਨਾਂ ਜਨਮ ਸੀ ਉਨ੍ਹਾਂ ਮਨਮੁੱਖਾਂ ਦਾ, ਉਹ ਸਾਰਾ ਹੀ ਵਿਅਰਥ ਚਲਿਆ ਗਿਆ ਹੈ, ਉਹ ਮਨ ਦੇ ਮਗਰ ਚੱਲੇ । ਇਹ ਮਨ, ਮਾਇਆ ਦੇ ਮੋਹ ਵਿਚ ਫੱਸ ਗਿਆ। ਉਹ, ਇੱਥੋਂ ਨਿੱਕਲਿਆ ਹੀ ਨਹੀਂ, ਇਸ ਕਰਕੇ, ਇਹਦਾ ਸਾਰਾ ਜਨਮ ਵਿਅਰਥ ਚਲਿਆ ਗਿਆ ਹੈ।

ਜਿਨ ਸਾਧੂ ਚਰਣ ਸਾਧ ਪਗ ਸੇਵੇ

ਜਿਨ੍ਹਾਂ ਨੇ ਪੂਰਨ ਪੁਰਸ਼, ਸਾਧੂ ਦੀ ਸੇਵਾ ਕੀਤੀ ਹੈ, ਉਹ ਸੇਵਾ ਕਰਕੇ, ਉਨ੍ਹਾਂ ਨੂੰ ਪਰਮੇਸ਼ਰ ਪ੍ਰਾਪਤ ਹੋਇਆ। ਗੁਰੂ ਅਮਰਦਾਸ ਨੇ ਬਾਰਾਂ ਸਾਲ ਸੇਵਾ ਕੀਤੀ, ਬਾਰਾਂ ਸਾਲ ਤੋਂ ਬਾਅਦ ਈਸ਼ਰੀ ਸ਼ਕਤੀ

ਆਪਣੇ ਆਪ ਆਈ। ਜਿਸਨੂੰ ਪ੍ਰਕਿਰਤੀ ਕਹਿੰਦੇ ਹਨ ਅਤੇ ਮਾਇਆ ਕਹਿੰਦੇ ਹਨ । ਉਹ ਈਸ਼ਵਰੀ ਸ਼ਕਤੀ ਹੈ ਉਹ ਈਸ਼ਵਰ ਤੋਂ ਅਲੱਗ ਨਹੀਂ ਹੁੰਦੀ, ਈਸ਼ਵਰ ਦੇ ਹੁਕਮ ਵਿੱਚ ਹੁੰਦੀ ਹੈ । ਜੋ ਵੀ ਕੰਮ ਹੋਵੇਗਾ, ਹੁਕਮ ਵਿੱਚ ਹੀ ਹੋਵੇਗਾ। ਇਸ ਕਰਕੇ, ਉਹਨੂੰ ਈਸ਼ਵਰੀ ਸ਼ਕਤੀ ਨਹੀਂ ਪ੍ਰਾਪਤ ਹੋਈ। ਤੁਹਾਨੂੰ ਪਤਾ ਹੈ ਕਿ ਗੁਰੂ ਅਮਰਦਾਸ ਜੀ ਦੇ ਜਦ ਬਾਰਾਂ ਸਾਲ ਸੇਵਾ ਦੇ ਪੂਰੇ ਹੋ ਗਏ, ਉੱਥੇ ਇੱਕ ਜੋਗੀ ਰਹਿੰਦਾ ਸੀ। ਉਹ ਹੱਠ-ਜੋਗੀ ਸੀ, ਉਥੇ ਉਹਦੀ ਹੱਡੀ ਪਈ ਸੀ, ਉਥੇ ਗੁਰੂ ਅਮਰਦਾਸ ਜੀ ਖੜ੍ਹ ਕੇ ਦਮ ਲੈਂਦੇ ਹੁੰਦੇ ਸਨ। ਹੁਣ ਤਾਂ ਉਸ ਥਾਂਉਂ ਦਾ ਨਾਂ ਦਮਦਮਾ ਸਾਹਿਬ ਹੈ। ਹੁਣ ਤਾਂ ਉਸ ਥਾਂ ਪਰ ਬੜਾ ਭਾਰੀ ਗੁਰਦੁਆਰਾ ਬਣ ਗਿਆ ਹੈ। ਗੁਰੂ ਅਮਰਦਾਸ ਜੀ ਉਥੇ ਕਰੀਰ (ਇੱਕ ਪੇੜ) ਤੇ ਗਾਗਰ ਰੱਖ ਕੇ ਦਮ ਲੈਂਦੇ ਹੁੰਦੇ ਸਨ। ਗੁਰੂ ਜੀ ਨੂੰ ਜਦੋਂ ਸੇਵਾ ਕਰਦਿਆਂ ਬਾਰਾਂ ਸਾਲ ਬੀਤ ਗਏ, ਤਾਂ ਉਸ ਜੋਗੀ ਦੀ ਹੱਡੀ ਨੂੰ ਗੁਰੂ ਅਮਰਦਾਸ ਜੀ ਦਾ ਅਗੂੰਠਾ ਛੂਹ ਗਿਆ ਤਾਂ ਉਹ ਜੋਗੀ ਉੱਠਕੇ ਖੜ੍ਹਾ ਹੋ ਗਿਆ। ਤਾਂ ਜੋਗੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗਿਆ ਕਿ ਤੁਹਾਡੇ ਚਰਨ ਛੂਹਣ ਨਾਲ ਮੇਰਾ ਉਧਾਰ ਹੋ ਗਿਆ ਹੈ। ਗੁਰੂ ਅਮਰਦਾਸ ਜੀ ਕਹਿੰਦੇ, ਅਸੀਂ ਤਾਂ ਇੱਥੇ ਬਾਰਾਂ ਸਾਲ ਤੋਂ ਖੜ੍ਹਦੇ ਹਾਂ। ਜੋਗੀ ਕਹਿਣ ਲੱਗਿਆ ਬਾਰਾਂ ਸਾਲ ਦੇ ਤਾਂ ਤੁਸੀਂ ਖੜ੍ਹਦੇ ਹੋਂ, ਪਰ ਈਸ਼ਰੀ ਸ਼ਕਤੀ ਤਾਂ ਅੱਜ ਆਈ ਹੈ। ਜੋਗੀ ਕਹਿੰਦਾ, ਆਪ ਦਾ ਕੋਰਸ ਪੂਰਾ ਹੋ ਗਿਆ ਹੈ, ਇਸ ਲਈ ਈਸ਼ਵਰੀ ਸ਼ਕਤੀ ਆਈ ਹੈ। ਜੋਗੀ, ਗੁਰੂ ਸਾਹਿਬ ਨੂੰ ਕਹਿਣ ਲੱਗਿਆ, ਆਪ ਨੂੰ ਪਤਾ ਲੱਗ ਜਾਊਗਾ ਕਿ ਆਪ ਦੇ ਵਾਸਤੇ ਅੱਜ ਗੱਦੀ ਤਿਆਰ ਹੈ, ਜਦੋਂ ਤੁਸੀਂ ਜਾਵੋਂਗੇ ਤਾਂ ਪਤਾ ਲੱਗ ਜਾਵੇਗਾ। ਜੋਗੀ, ਗੁਰੂ ਸਾਹਿਬ ਨੂੰ ਕਹਿਣ ਲੱਗਿਆ, ਪਰ ਤੁਹਾਨੂੰ ਇਸ ਗੱਲ ਦਾ ਪਤਾ ਨਹੀਂ ਕਿ ਈਸ਼ਰੀ ਸ਼ਕਤੀ ਆ ਚੁੱਕੀ ਹੈ। ਉਸਨੇ ਗੁਰੂ ਸਾਹਿਬ ਨੂੰ ਇਹ ਗੱਲ ਦੱਸੀ ਕਿ ਜਦੋਂ ਇਹਨੂੰ ਈਸ਼ਵਰੀ ਸ਼ਕਤੀ ਪ੍ਰਾਪਤ ਹੋ ਜਾਵੇ ਤਾਂ ਇਹ ਅਤੇ ਈਸ਼ਵਰ ਦੋ ਨਹੀਂ ਹੁੰਦੇ, ਇਹ ਇੱਕ ਹੁੰਦੇ ਹਨ। ਸ਼ਕਤੀ ਕਦੇ ਸਕਤਾ ਤੋਂ ਅਲੱਗ ਨਹੀਂ ਹੋਈ, ਉਸਨੂੰ ਈਸ਼ਰ ਪ੍ਰਾਪਤ ਹੋ ਜਾਂਦਾ ਹੈ। ਉਸ ਦਿਨ ਗੁਰੂ ਅਮਰਦਾਸ ਜੀ ਨੂੰ ਗੱਦੀ

ਪ੍ਰਾਪਤ ਹੋਈ। ਇਸ ਕਰਕੇ, ਇਹ ਸਾਧੂ ਦੇ ਚਰਨਾਂ ਦੀ ਸੇਵਾ ਕਰਦਾ ਰਹੇ। ਗੁਰੂ ਅਮਰਦਾਸ ਜੀ ਨੇ ਬਾਰਾਂ ਸਾਲ ਸੇਵਾ ਕੀਤੀ।

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ (ਪੰਨਾ ੪੯੦)

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਲਿਖਦੇ ਹਨ ਕਿ ਗੁਰੂ ਨਾਲ ਮਿਲਕੇ, ਮੈਂ ਵੀ ਗੁਰੂ ਹੋ ਗਿਆ ਹਾਂ, ਦੇਖੋ! ਪਰਮੇਸ਼ਰ ਦੀ ਰਜਾ ਕਿੰਨੀ ਸੱਚੀ ਹੈ, ਪਰਮੇਸ਼ਰ ਦਾ ਭਾਣਾ ਕਿੰਨਾ ਸੱਚਾ ਹੈ। ਜੀਵ, ਪਰਮੇਸ਼ਰ ਦਾ ਭਜਨ ਨਹੀਂ ਕਰਦਾ ਅਤੇ ਸਤਿਸੰਗ ਨਹੀਂ ਕਰਦਾ, ਇਸ ਕਰਕੇ, ਇਹ ਖਾਲੀ ਰਹਿ ਜਾਂਦਾ ਹੈ –

ਤਿਨ ਸਫਲਿਓ ਜਨਮੁ ਸਨਾਥਾ॥

ਇੱਕ ਤਾਂ ਉਨ੍ਹਾਂ ਦਾ ਜਨਮ ਸਫਲਾ ਹੋ ਗਿਆ ਹੈ, ਇੱਕ ਉਹ ਨਾਥ ਦੇ ਸਹਿਤ ਹੋ ਗਏ ਹਨ। ਨਾਥ, ਪਰਮੇਸ਼ਰ ਦਾ ਨਾਮ ਹੈ, ਮਾਲਕ ਦਾ । ਇਸ ਕਰਕੇ, ਉਹ ਮਾਲਕ ਵਾਲੇ ਹੋ ਗਏ ਹਨ। ਅੱਜ ਤੱਕ ਤਾਂ ਉਹ ਇਕੱਲੇ ਸਨ, ਅੱਜ ਉਨ੍ਹਾਂ ਨੂੰ ਉਹ ਪਰਮੇਸ਼ਰ ਪ੍ਰਾਪਤ ਹੋ ਗਿਆ।

ਰਾਖਾ ਏਕੁ ਹਮਾਰਾ ਸੁਆਮੀ॥

ਸਗਲ ਘਟਾ ਕਾ ਅੰਤਰਜਾਮੀ॥ (ਪੰਨਾ ੧੧੩੬)

ਪਰਮੇਸ਼ਰ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਗਿਆ ਹੈ । ਉਨ੍ਹਾਂ ਨੂੰ ਪਤਾ ਲੱਗ ਗਿਆ ਹੈ, ਬਈ! ਆਹ ਜਿਹੜਾ ਸਾਖਸ਼ੀ ਰੂਪ ਮੇਰੇ ਅੰਦਰ ਬੈਠਾ ਹੈ ਪਰਮੇਸ਼ਰ ਪਾਰਖ ਰੂਪੀ, ਇਹ ਪਰਮੇਸ਼ਰ ਹੈ। ਇਹੀ ਸਾਖਸ਼ਾਤ ਪਾਰਬ੍ਰਹਮ ਪਰਮੇਸ਼ਰ ਹੈ। ਅੱਜ ਤੱਕ ਇਹ ਉਨ੍ਹਾਂ ਨੂੰ ਪਤਾ ਨਹੀਂ ਸੀ।

ਮੋਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ॥

ਮੈਨੂੰ, ਉਸ ਪਰਮੇਸ਼ਰ ਦਾ ਦਾਸ ਬਣਾ ਦੇ, ਉਨ੍ਹਾਂ ਦੇ ਦਾਸਾਂ ਦਾ ਵੀ ਦਾਸ ਬਣਾ ਦੇ। ਮੈਂ, ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਦਾ ਦਾਸ ਹਾਂ, ਤਿੰਨ ਵਾਰੀ ਆਖਿਆ ਹੈ ਕਿ ਦਾਸਾਂ ਦਾ ਵੀ ਦਾਸ ਹਾਂ। ਹੇ ਪਰਮੇਸ਼ਰ! ਹੁਣ ਮੈਨੂੰ ਦਾਸ ਹੀ ਬਣਾ ਕੇ ਰੱਖੀਂ, ਮੈਨੂੰ ਜੋ ਕੁੱਛ ਪ੍ਰਾਪਤ ਹੋਇਆ ਹੈ, ਉਹ ਦਾਸਾਂ ਤੋਂ ਹੀ ਹੋਇਆ ਹੈ। ਮੈਂ ਹੁਣ ਵੀ ਪਰਮੇਸ਼ਰ ਦਾ ਦਾਸ ਹੀ ਬਣਿਆ ਰਹਾਂ।

ਹਰਿ ਦਇਆ ਧਾਰਿ ਜਗੰਨਾਥਾ॥

ਹੇ ਜਗਤ ਦੇ ਨਾਥ, ਪਰਮੇਸ਼ਰ, ਮਾਲਕ! ਮੇਰੇ ਉੱਤੇ ਦਇਆ ਧਾਰ, ਕ੍ਰਿਪਾ ਕਰ। ਮੈਨੂੰ ਦਾਸ ਬਣਾ ਦੇ, ਮੇਰੇ ਅੰਦਰ ਹੰਕਾਰ ਨਾ ਆਵੇ। ਜੇ ਹੰਕਾਰ ਆ ਜਾਵੇ ਤਾਂ ਦਾਸ-ਪਣਾ ਚਲਿਆ ਜਾਂਦਾ ਹੈ। ਇਸ ਕਰਕੇ, ਮੇਰੇ ਅੰਦਰ ਨਿਰਹੰਕਾਰਤਾ ਬਣੀ ਰਹੇ ਅਤੇ ਮੇਰਾ ਮਨ ਪਰਮੇਸ਼ਰ ਨਾਲ ਜੁੜਿਆ ਰਹੇ। ਮੈਂ ਹੋਰ ਕੋਈ ਚੀਜ ਨਹੀਂ ਮੰਗਦਾ ਹਾਂ-

ਹਮ ਅੰਧੁਲੇ ਗਿਆਨਹੀਨ ਅਗਿਆਨੀ

ਅਸੀਂ ਅੰਨ੍ਹੇ ਹਾਂ, ਗਿਆਨ ਤੋਂ ਹੀਨ ਅਤੇ ਅਗਿਆਨੀ ਹਾਂ। ਤੁਹਾਨੂੰ ਪਤਾ ਹੈ ਕਿ ਅਗਿਆਨ ਨੂੰ ਦੂਰ ਕਰਨ ਵਾਲਾ ਕੌਣ ਹੈ? ਗਿਆਨ ਹੁੰਦਾ ਹੈ। ਅਗਿਆਨ ਤਾਂ ਜੜ੍ਹ ਹੈ ਅਤੇ ਅਗਿਆਨ ਨੂੰ ਤਾਂ ਪਤਾ ਹੀ ਨਹੀਂ ਕਿ ਹਨ੍ਹੇਰੇ ਨੂੰ ਦੂਰ ਕਰਨ ਵਾਲਾ ਚਾਨਣ ਹੁੰਦਾ ਹੈ। ਅਗਿਆਨ ਨੂੰ ਨਾਸ਼ ਕਰਨ ਵਾਲਾ, ਗਿਆਨ ਹੀ ਹੁੰਦਾ ਹੈ -

ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨੁ ਭਇਆ ਤਹ ਕਰਮਹ ਨਾਸੁ॥ (ਪੰਨਾ ੧੧੬੭)

ਜਦੋਂ ਤੱਕ ਇਸਨੂੰ ਗਿਆਨ ਨਾ ਹੋ ਜਾਵੇ, ਉਦੋਂ ਤੱਕ ਇਸਨੇ ਸ਼ੁੱਭ-ਕਰਮ ਕਰਨੇ ਹਨ? ਨਿਸ਼ਕਾਮ ਕਰਮ ਅਤੇ ਨਿਸ਼ਕਾਮ ਸੇਵਾ ਕਰਨੀ ਹੈ ਅਤੇ ਸਿਮਰਨ ਕਰਨਾ ਹੈ? ਜਦੋਂ ਇਸਨੂੰ ਗਿਆਨ ਹੋ ਜਾਵੇ ਤਾਂ ਫੇਰ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਇਸਨੂੰ ਕਿਸੇ ਵੀ ਚੀਜ਼ ਦੀ ਜ਼ਰੂਰਤ ਨਹੀਂ ਰਹਿੰਦੀ, ਫੇਰ ਇਹ ਦੁਨੀਆਂ ਨੂੰ ਤਾਰਣ ਵਾਲਾ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ ਸਨ। ਉਨ੍ਹਾਂ ਨੇ ਕਿੰਨੀ ਦੁਨੀਆਂ ਨੂੰ ਤਾਰਿਆ ਹੈ। ਕਬੀਰ ਨੇ ਕਿਤਨਿਆਂ ਨੂੰ ਤਾਰਿਆ, ਦਾਦੂ ਨੇ ਕਿਤਨਿਆਂ ਨੂੰ ਤਾਰਿਆ। ਇਹ ਸਭ ਲੋਕ ਜੋ ਹੁੰਦੇ ਹਨ, ਇਹ ਤਾਂ ਪਰਮੇਸ਼ਰ ਆਪ ਅਵਤਾਰ ਧਾਰਕੇ ਦੁਨੀਆਂ ਦੇ ਵਿੱਚ ਆਉਂਦਾ ਹੈ ਅਤੇ ਦੁਨੀਆਂ ਨੂੰ ਸਿੱਧੇ ਰਸਤੇ ਤੇ ਲਾਉਂਦਾ ਹੈ।

ਹਮ ਅੰਧੁਲੇ ਗਿਆਨਹੀਨ ਅਗਿਆਨੀ

ਅਸੀਂ ਅੰਨ੍ਹੇ ਹਾਂ, ਗਿਆਨ ਤੋਂ ਹੀਨ, ਅਗਿਆਨੀ ਹਾਂ।

ਕਿਉ ਚਾਲਹ ਮਾਰਗਿ ਪੰਥਾ॥

ਇਹ ਸਿੱਧੇ ਰਸਤੇ ਕੈਸੇ ਚੱਲੇ? ਜਦ ਇਸਨੂੰ ਗਿਆਨ ਹੀ ਨਹੀਂ ਹੈ, ਸਿੱਧੇ ਰਸਤੇ ਤੇ ਕੈਸੇ ਚੱਲੇਗਾ? ਇਸ ਕਰਕੇ, ਇਸ ਨੂੰ ਨਾਮ ਨਹੀਂ ਥਿਆਇਆ (ਲੱਭਿਆ) ਅਤੇ ਇਸਨੂੰ ਰਸਤਾ (ਮਾਰਗ) ਨਹੀਂ ਥਿਆਇਆ ਹੈ, ਇਹਦਾ ਮਨ ਨਾਮ ਨਾਲ ਜੁੜਿਆ ਨਹੀਂ। ਜਦੋਂ ਮਨ, ਨਾਮ ਨਾਲ ਜੁੜ ਗਿਆ ਤਾਂ ਇਸਨੂੰ ਨਾਮੀ ਪ੍ਰਾਪਤ ਹੋ ਜਾਵੇਗਾ। ਇਹ ਤੁਸੀਂ ਆਪ ਹੀ ਆਪਣੇ ਅਨੁਭਵ ਵਿੱਚ ਦੇਖੋ, ਇਹ ਪੁੱਛਣ ਵਾਲੀ ਗੱਲ ਨਹੀਂ ਹੈ। ਤੁਸੀਂ ਸਵੇਰੇ ਉੱਠਕੇ ਬੈਠਕੇ ਦੇਖੋ, ਜੇ ਤਾਂ ਤੁਹਾਡਾ ਮਨ ਨਾਮ ਨਾਲ ਜੁੜ ਗਿਆ ਤਾਂ ਤੁਹਾਨੂੰ ਸ਼ਾਂਤੀ ਪ੍ਰਾਪਤ ਹੋ ਜਾਵੇਗੀ। ਜੇ ਦੁਨੀਆਂ ਦੀਆਂ ਕਲਪਣਾ ਵਿੱਚ ਹੀ ਫਿਰਦਾ ਰਿਹਾ ਜਾਂ ਅਗਲੀ ਜਾਂ ਪਿਛਲੀ ਕਲਪਣਾ ਵਿੱਚ ਫਿਰਦਾ ਰਿਹਾ ਕਿ ਐਂ ਕਰਾਂਗੇ, ਉਹ ਹੋਏਗਾ, ਐਸਾ ਕਰਾਂਗੇ, ਐਸਾ ਹੋਏਗਾ। ਇਨ੍ਹਾਂ ਕਲਪਣਾ ਵਿੱਚ ਫਿਰਨ ਕਰਕੇ ਮਨ, ਨਾਮ ਦੇ ਨਾਲ ਨਹੀਂ ਜੁੜਦਾ। ਇਸ ਕਰਕੇ, ਇਹ ਦੁਨੀਆਂਦਾਰ ਹੀ ਬਣਿਆ ਰਹਿੰਦਾ ਹੈ। ਇਹ ਮੋਹ ਮਾਇਆ ਵਿੱਚ ਹੀ ਫਸਿਆ ਰਹਿੰਦਾ ਹੈ। ਜਦੋਂ ਤੱਕ ਇਸਨੂੰ ਨਾਮ ਨਹੀਂ ਥਿਆਏਗਾ (ਲੱਭੇਗਾ), ਉਦੋਂ ਤੱਕ ਸਿੱਧਾ ਮਾਰਗ, ਇਹਦੇ ਹੱਥ ਨਹੀਂ ਆਏਗਾ। ਉਦੋਂ ਤੱਕ ਇਹ ਮੋਹ ਮਾਇਆ ਵਿੱਚੋਂ ਨਹੀਂ ਨਿੱਕਲ ਸਕਦਾ-

ਹਮ ਅਧੁਲੇ ਕਉ ਗੁਰ ਅੰਚਲੁ ਦੀਜੈ

ਗੁਰੂ ਨੇ ਮੈਨੂੰ **'ਅੰਚਲੁ'** ਦੇ ਦਿੱਤਾ ਹੈ, ਪੱਲਾ ਦੇ ਦਿੱਤਾ ਹੈ, ਪੱਲਾ ਕੀ ਹੈ? 'ਨਾਮ ਹੈ' ਗੁਰੂ ਨੇ ਨਾਮ ਮੈਨੂੰ ਫੜਾਇਆ ਅਤੇ ਮੇਰੇ ਮਨ ਨੂੰ ਨਾਮ ਦੇ ਨਾਲ ਜੋੜਿਆ ਅਤੇ ਫੇਰ ਮੈਂ ਨਾਮ ਦੇ ਪਿੱਛੇ ਚੱਲ ਪਿਆ ਹਾਂ। ਜਦੋਂ ਮੈਨੂੰ ਨਾਮ ਪ੍ਰਾਪਤ ਹੋਇਆ ਤਾਂ ਮੈਂ ਨਾਮੀ ਕੋਲ ਪਹੁੰਚ ਜਾਊਂਗਾ।

ਜਨ ਨਾਨਕ ਚਲਹ ਮਿਲੰਥਾ॥

ਤੇ ਹੁਣ ਤਾਂ ਇਹ ਚੱਲੇਗਾ, ਕਿਉਂਕਿ ਇਸਨੂੰ ਨਾਮ ਰੂਪੀ ਪੱਲਾ ਗੁਰੂ ਨੇ ਦੇ ਦਿੱਤਾ ਹੈ, ਉਸਦੇ ਨਾਲ ਚੱਲੇਗਾ। ਹੁਣ ਇਹਦਾ ਮੇਲ ਹੋਵੇਗਾ (ਮਿਲੰਥਾ), ਹੁਣ ਇਹ ਮਿਲੇਗਾ, ਨਾਮ ਦੁਆਰਾ ਹੀ ਨਾਮੀ

ਨਾਲ ਮਿਲੇਗਾ, ਹੋਰ ਕੋਈ ਉਪਾਅ ਨਹੀਂ ਹੈ। ਗੁਰੂ ਰਾਮਦਾਸ ਜੀ ਕਹਿੰਦੇ ਨੇ ਕਿ ਮੈਨੂੰ ਗੁਰੂ ਅਮਰਦਾਸ ਜੀ ਨੇ ਨਾਮ ਦਿੱਤਾ ਹੈ, ਉਸ ਨਾਮ ਦੇ ਨਾਲ ਮੈਂ ਚੱਲਿਆ ਅਤੇ ਮੇਰਾ ਪਰਮੇਸ਼ਰ ਨਾਲ ਮੇਲ ਹੋ ਗਿਆ ਹੈ। ਮਨ ਦਾ ਵੀ ਮੇਲ ਹੋ ਗਿਆ ਹੈ ਅਤੇ ਮੇਰਾ ਜਨਮ-ਮਰਨ ਕੱਟਿਆ ਗਿਆ ਹੈ।

ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ॥

੧੪

ਧਨਾਸਰੀ ਮਹਲਾ ੫॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥ ੧॥

ਠਾਕੁਰੁ ਗਾਈਐ ਆਤਮ ਰੰਗਿ॥

ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ॥ ਰਹਾਉ॥

ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥

ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ॥

(ਪੰਨਾ ੬੭੯-੬੮੦)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!! ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੁਆਰਾ ਰੱਬੀ ਬਾਣੀ ਦਾ ਹੁਕਮਨਾਮਾ ਆਇਆ ਹੈ। ਜੈਸੇ ਪਰਮੇਸ਼ਰ ਦੀ ਕਿਰਪਾ ਹੋਵੇਗੀ, ਤੈਸੇ ਵਖਿਆਨ ਕਰਾਂਗੇ। ਪੜ੍ਹ ਭਾਈ!

ਸਤਿਨਾਮ ਸ੍ਰੀ ਵਾਹਿਗੁਰੂ ਸਾਹਿਬ ਜੀਉ !

ਧਨਾਸਰੀ ਮਹਲਾ ੫॥

ਧਨਾਸਰੀ ਰਾਗ ਦੇ ਵਿੱਚ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਇਸ ਕਲਜੁਗ ਦੇ ਵਿੱਚ ਜਿਸਨੂੰ ਪਰਮੇਸ਼ਰ ਦਾ ਸੱਚਾ ਪ੍ਰੇਮ ਲੱਗ

ਜਾਏ, ਜਿਸਦੇ ਮਨ ਵਿੱਚ ਪ੍ਰੇਮ ਆ ਜਾਏ, ਪ੍ਰੇਮ ਤੋਂ ਪਰਮੇਸ਼ਰ ਮਿਲਦਾ ਹੈ –

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ (ਅਕਾਲ ਉਸਤਤਿ)

ਪ੍ਰੇਮ, ਹੰਕਾਰ ਦੀ ਨਵਿਰਤੀ ਕਰਦਾ ਹੈ ਅਤੇ ਪ੍ਰੇਮ ਹੀ ਪਰਮੇਸ਼ਰ ਨੂੰ ਮਿਲਾਉਂਦਾ ਹੈ। ਜਿਸਦੇ ਹਿਰਦੇ ਵਿੱਚ ਪ੍ਰੇਮ ਪ੍ਰਗਟ ਹੋ ਜਾਂਦਾ ਹੈ ਤਾਂ ਉਹ ਇਸ ਜੁੱਗ ਦੇ ਵਿੱਚ–

ਸੋ ਕਹੀਅਤ ਹੈ ਸੂਰਾ॥

ਉਹ ਸਾਰੀ ਦੁਨੀਆਂ ਵਿੱਚੋਂ ਸੂਰਮਾ ਗਿਣਿਆ ਜਾਂਦਾ ਹੈ ਕਿਉਂਕਿ ਉਸਨੇ ਸੰਸਾਰ ਦੇ ਵੱਲ ਪਿੱਠ ਕਰ ਦਿੱਤੀ ਹੈ।

ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ॥
ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ॥ (ਪੰਨਾ ੬੦)

ਗੁਰੂ ਤੋਂ ਬਿਨਾਂ, ਇਸਨੂੰ ਪ੍ਰੇਮ ਪ੍ਰਾਪਤ ਨਹੀਂ ਹੁੰਦਾ। ਇਹ ਪ੍ਰੇਮ ਇੱਕ ਬਖਸ਼ਿਸ਼ ਹੈ ਅਤੇ ਨਾਮ ਵੀ ਬਖਸ਼ਿਸ਼ ਹੈ। ਜਿਸ ਉੱਤੇ ਵੀ ਪਰਮੇਸ਼ਰ ਦੀ ਬਖਸ਼ਿਸ਼ ਹੋਈ ਹੈ, ਉਸਨੂੰ ਪ੍ਰੇਮ ਪ੍ਰਾਪਤ ਹੋਇਆ ਹੈ। ਪ੍ਰੇਮ ਇੱਕ ਐਸਾ ਪਦਾਰਥ ਹੈ, ਜਿਹੜਾ ਪ੍ਰੇਮੀ ਨੂੰ ਪਰਮੇਸ਼ਰ ਨਾਲ ਮਿਲਾਉਣ ਵਾਲੀ ਵਸਤੂ ਹੈ। ਜਿਸਨੂੰ ਇਸ ਜੁੱਗ ਦੇ ਵਿੱਚ ਪ੍ਰੇਮ ਲੱਗ ਗਿਆ, ਤੁਸੀਂ ਆਪਣੇ ਅੰਤਹਕਰਣ ਮੇਂ ਆਪ ਹੀ ਦੇਖ ਲਉ, ਉਹ (ਹੰਕਾਰ) ਕਿੱਥੇ ਚਲਿਆ ਜਾਂਦਾ ਹੈ?

ਬਿਨ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ॥ (ਪੰਨਾ ੬੦)

ਹੰਕਾਰ ਦੀ ਮੈਲ, ਬਿਨਾਂ ਪ੍ਰੇਮ ਦੇ, ਨਾਸ਼ ਨਹੀਂ ਹੁੰਦੀ। ਜੇ ਨਾਮ ਅਤੇ ਪ੍ਰੇਮ ਦਾ ਸਾਬਣ ਲਾਵੋਂਗੇ ਤਾਂ ਹੰਕਾਰ ਦੀ ਮੈਲ ਦੂਰ ਹੋਏਗੀ। ਫੇਰ ਕੀ ਹੋਏਗਾ ?

ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ॥ (ਪੰਨਾ ੬੦)

ਇਹ ਸੋਹੰ ਜੋ ਪਰਮੇਸ਼ਰ ਵਿਆਪਕ ਹੈ, ਉਹ ਤੁਹਾਡੇ ਹਿਰਦੇ ਦੇ ਵਿੱਚ ਹੈ। ਇਹ ਨਹੀਂ ਕਿ ਵਿਆਪਕ ਤੇਰੇ ਹਿਰਦੇ ਵਿੱਚ ਨਹੀਂ ਹੈ –

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥(ਪੰਨਾ ੧੪੨੭)

ਸਭ ਤੋਂ ਪਹਿਲਾਂ ਤੈਨੂੰ ਆਪਣੇ ਆਪ ਦਾ ਪ੍ਰਤਯਕਸ਼ ਹੋਣਾ ਹੈ, ਪਰ ਤੂੰ ਅੱਗੇ ਲੱਗ ਜਾਂਦਾ ਹੈਂ। ਆਹ ਦੇਖੋ ਅਸੀਂ, ਇਸਨੂੰ ਦੇਖਦੇ ਹਾਂ, ਕੌਣ ਦੇਖਦਾ ਹੈ? ਅੱਖਾਂ ਦੇਖਦੀਆਂ ਹਨ? ਮਨ ਦੇਖ ਰਿਹਾ ਹੈ? ਜਾਂ ਬੁੱਧੀ ਦੇਖ ਰਹੀ ਹੈ? ਇਹ ਤਾਂ ਜੜ੍ਹ ਨੇ। ਇਸ ਕਰਕੇ, ਦੇਖਣੇ ਵਾਲਾ ਬੁੱਧੀ ਦੇ ਪਿਛਲੇ ਪਾਸੇ ਅਨੁਭਵ ਬੈਠਾ ਹੈ, ਉਹ ਚੇਤਨ ਹੈ, ਉਹ ਦ੍ਰਸ਼ਟਾ ਹੈ।

ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥ (ਪੰਨਾ ੧੫੨)

ਦ੍ਰਸ਼ਟਾ, ਜਨਮ-ਮਰਨ ਦੇ ਵਿੱਚ ਨਹੀਂ ਹੁੰਦਾ ਹੈ। ਉਹ ਦ੍ਰਸ਼ਟਾ, ਤੁਹਾਡਾ ਆਪਾ ਹੈ। ਇੱਥੋਂ ਤੁਸੀਂ ਚੱਲੋ ਬਈ ਅੱਖਾਂ ਤਾਂ ਇੱਕ ਬਾਰੀਆਂ (ਖਿੜਕੀਆਂ) ਨੇ, ਮਨ ਇੱਕ ਜੜ੍ਹ ਬਿਰਤੀ ਹੈ ਅਤੇ ਬੁੱਧੀ ਵੀ ਜੜ੍ਹ ਬਿਰਤੀ ਹੈ। ਇਨ੍ਹਾਂ ਦੇ ਅੱਗੇ ਜਾਵੋਂਗੇ ਤਾਂ ਆਪਣੇ ਦ੍ਰਸ਼ਟਾ ਦੇ ਵਿੱਚ ਚਲੇ ਜਾਉਂਗੇ। ਜਿੱਥੇ ਤੁਸੀਂ ਬੈਠੇ ਹੋਂ, ਇਹ ਅੰਤਰ-ਮੁਖਤਾ ਹੈ। ਉੱਥੇ ਬੈਠ ਕੇ ਤੁਸੀਂ ਬੁੱਧੀ ਦੁਆਰਾ, ਮਨ ਦੁਆਰਾ ਸੰਜੋਗ ਕਰਕੇ ਅੱਖਾਂ ਦੁਆਰੇ ਇਸ ਦਾ ਪ੍ਰਤਯਕਸ਼ ਕਰ ਲਿਆ ਹੈ। ਉਹ ਦ੍ਰਸ਼ਟਾ, ਚੇਤਨ ਹੀ ਹੋਏਗਾ। ਜੜ੍ਹ ਕਦੇ ਦ੍ਰਸ਼ਟਾ ਅੱਜ ਤੱਕ ਹੋਇਆ ਹੀ ਨਹੀਂ। ਗਿਆਤਾ, ਚੇਤਨ ਹੀ ਹੁੰਦਾ ਹੈ। ਗਿਆਤਾ, ਕਦੇ ਹੋਰ ਵਸਤੂ ਹੋ ਹੀ ਨਹੀਂ ਸਕਦੀ। ਇਸ ਕਰਕੇ, ਇਹ ਆਤਮਾ ਹੈ, ਪਰਮਾਤਮਾ ਹੈ, ਚੇਤਨ ਸ੍ਵਰੂਪ ਹੈ, ਇਹੀ ਦ੍ਰਸ਼ਟਾ ਹੈ। ਇਹ ਆਪਣੇ ਆਪ ਨੂੰ ਪਛਾਣ ਕੇ ਉੱਥੋਂ ਚੱਲੇ, ਤਾਂ ਇਸਨੂੰ ਪਤਾ ਲੱਗ ਜਾਏਗਾ ਬਈ ਮੈਂ ਇੱਥੇ ਬੈਠਾ ਦੇਖਦਾ ਹਾਂ, ਇਹ ਸਾਰਾ ਸਾਮਾਨ ਜੜ੍ਹ ਹੈ -

ਆਪਿ ਉਪਦੇਸੈ ਸਮਝੈ ਆਪਿ ॥ (ਪੰਨਾ ੨੭੯)

ਇਹ ਆਪ ਹੀ ਉਪਦੇਸ਼ ਕਰਦਾ ਹੈ ਤੇ ਸਮਝਦਾ ਵੀ ਕੰਨਾਂ ਦੁਆਰਾ ਆਪ ਹੀ ਹੈ।

ਆਪੇ ਰਚਿਆ ਸਭ ਕੈ ਸਾਥਿ॥ (ਪੰਨਾ ੨੭੯)

ਇਹ ਸਾਰਿਆਂ ਦੇ ਸਾਥ, ਆਪ ਹੀ ਰਚਿਆ ਹੈ, ਇਹਨੂੰ ਆਪਣੇ ਆਪੇ ਦੀ ਪਛਾਣ ਨਹੀਂ ਹੋਈ–

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥(ਪੰਨਾ ੬੮੪)

ਜਿੰਨਾਂ ਚਿਰ ਤੁਸੀਂ, ਆਪਣੇ ਆਪ ਨੂੰ ਨਹੀਂ ਪਛਾਣੋਂਗੇ, ਓਨਾਂ ਚਿਰ ਤੁਹਾਡੇ ਭਰਮਾਂ ਦੀ ਕਾਈ (ਪੜਦਾ) ਨਹੀਂ ਮਿਟੇਗੀ, ਭਰਮ ਦੂਰ ਨਹੀਂ ਹੋਏਗਾ। ਇਸ ਕਰਕੇ, ਪ੍ਰੇਮ ਤੁਹਾਨੂੰ ਪਰਮੇਸ਼ਰ ਦੇ ਨਜਦੀਕ ਲੈ ਜਾਵੇਗਾ। ਜਦੋਂ ਪ੍ਰੇਮ ਦੇ ਨਾਲ ਮਨ, ਨਾਮ ਨਾਲ ਮਿਲ ਗਿਆ, ਤੁਹਾਨੂੰ ਨਾਮੀ ਦੀ ਪ੍ਰਾਪਤੀ ਦੀ ਬਹੁਤੀ ਜਰੂਰਤ ਨਹੀਂ ਪਵੇਗੀ, ਆਪਣੇ ਆਪ ਹੀ ਹੋ ਜਾਏਗੀ। ਨਾਮ-ਨਾਮੀ ਦਾ ਤਾਂ ਅਭੇਦ ਹੈ। ਇਹ ਨਹੀਂ ਕਿ ਨਾਮ ਕੋਈ ਹੋਰ ਵਸਤੂ ਹੈ ਤੇ ਨਾਮੀ ਕੋਈ ਹੋਰ ਵਸਤੂ ਹੈ –

ਨਾਮ ਕੇ ਧਾਰੇ ਖੰਡ ਬ੍ਰਹਮੰਡ॥ (ਪੰਨਾ ੨੮੪)

ਨਾਮ ਨੇ ਤਾਂ ਸਾਰੇ ਖੰਡ ਬ੍ਰਹਮੰਡ ਧਾਰਨ ਕੀਤੇ ਹੋਏ ਨੇ। ਉਹ ਨਾਮ ਤੁਹਾਡੇ ਅੰਦਰ ਨਹੀਂ ਹੈ? ਉਹ 'ਦ੍ਰਸ਼ਟਾ' ਬਣਕੇ ਤੁਹਾਡੇ ਅੰਦਰ ਬੈਠਾ ਹੈ –

ਨਹੀਂ ਦ੍ਰਸ਼ਟੂ ਦ੍ਰਿਸ਼ਟੀ ਨ ਲਿਪਯਤੇ । (ਗੀਤਾ)

ਦ੍ਰਸ਼ਟਾ ਦੀ ਦ੍ਰਿਸ਼ਟੀ ਅੱਜ ਤੱਕ ਕਦੇ ਲੋਪ ਨਹੀਂ ਹੋਈ, ਉਹ ਅਬਿਨਾਸ਼ੀ ਹੈ। ਤੁਸੀਂ ਇਹ ਦੱਸੋ? ਜਿੰਨੇ ਵੀ ਤੁਹਾਡੇ ਖਿਆਲ ਹੁੰਦੇ ਨੇ, ਤੁਸੀਂ ਇੱਕ ਖਿਆਲ ਛੱਡਦੇ ਹੋਂ, ਦੂਜਾ ਫੜ ਲੈਂਦੇ ਹੋਂ, ਫਿਰ ਤੀਜਾ ਖਿਆਲ ਫੜ ਲੈਂਦੇ ਹੋਂ। ਪਰ ਜਿਹੜਾ ਤੁਹਾਡਾ ਦ੍ਰਸ਼ਟਾ ਹੈ, ਉਸਦੀ ਦ੍ਰਿਸ਼ਟੀ ਕਦੇ ਨਾਸ਼ ਨਹੀਂ ਹੁੰਦੀ। ਉਹ ਦੱਸੀ ਵੀ ਜਾਂਦਾ ਹੈ, ਸੋਚੀ ਵੀ

ਜਾਂਦਾ ਹੈ ਬਈ ਉਹ ਖਿਆਲ ਗਲਤ ਸੀ, ਆਹ ਖਿਆਲ ਸਹੀ ਹੈ। ਫੇਰ ਇਹ ਆਖੇਗਾ, ਇਹ ਖਿਆਲ ਵੀ ਸਹੀ ਨਹੀਂ, ਆਹ ਖਿਆਲ ਸਹੀ ਹੈ। ਇਸ ਕਰਕੇ, ਉਹ 'ਦ੍ਰਸ਼ਟਾ' ਵਿਆਪਕ ਹੈ, ਪਰੀਪੂਰਨ ਹੈ ਤੇ ਤੁਹਾਡਾ ਆਪਾ ਹੈ। ਸ਼ੰਕਰਾਚਾਰੀਆ ਨੇ ਉਦੋਂ ਬੜਾ ਹੀ ਆਸਾਨ ਕੰਮ ਕੀਤਾ। ਉਹ ਕਹਿੰਦਾ, ਗਿਆਨ ਤਿੰਨ ਪ੍ਰਕਾਰ ਦਾ ਹੈ। ਇੱਕ ਤਾਂ ਅਪਰੋਕਸ਼ ਗਿਆਨ (ਆਪਾ) ਤੇ ਇੱਕ ਗਿਆਨ ਪ੍ਰਤੱਕਸ਼ ਹੈ। ਇੱਕ ਹੈ ਪਰੋਕਸ਼ ਗਿਆਨ, ਜਿਹੜਾ ਅਨੁਮਾਨ ਦੁਆਰਾ ਹੁੰਦਾ ਹੈ। ਵਿਗਿਆਨ ਸਾਨੂੰ ਦਿਸਦਾ ਨਹੀਂ ਹੈ ਤੇ ਜਿਹੜਾ ਇਹ ਪ੍ਰਤਕਸ਼ ਗਿਆਨ ਹੈ, ਇੱਥੋਂ ਉੱਠ ਕੇ ਜਾਈਏ ਪਰੋਕਸ਼ ਹੋ ਜਾਏਗਾ। ਉਹਨੇ ਕਦੇ ਪਰੋਕਸ਼ ਹੋਣਾ ਹੀ ਨਹੀਂ, ਉਹ ਤਾਂ ਅਪਰੋਕਸ਼ ਹੈ। ਤੁਹਾਨੂੰ ਆਪਣੇ ਆਪ ਦਾ ਪਤਾ ਨਹੀਂ? ਉਹ ਤੁਹਾਨੂੰ ਹਰ ਵਕਤ ਪ੍ਰਾਪਤ ਹੈ। ਕੋਈ ਐਸਾ ਵਖਤ ਨਹੀਂ ਜਦ ਤੁਹਾਨੂੰ ਨਾ ਪ੍ਰਾਪਤ ਹੋਵੇ। ਤੁਸੀਂ ਸਾਰੇ ਸੰਸਾਰ ਨੂੰ ਸਾਮ੍ਹਣੇ ਤੋਲ (ਵਿਚਾਰ) ਲਵੋ, ਜਿੰਨਾਂ ਸੰਸਾਰ ਹੈ, ਮਿਥਿਆ ਹੈ, ਪਰ ਉਹ ਤਾਂ ਸਤਿ ਹੈ। ਤੁਹਾਡਾ ਆਪਾ ਵੀ ਸਤਿ ਹੈ। ਉਹ ਕਦੇ ਅਸਤਿ ਨਹੀਂ ਹੋਇਆ। ਉਹਦਾ ਤਾਂ ਕਦੇ ਜਨਮ-ਮਰਨ ਨਹੀਂ ਹੋਇਆ-

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਪੰਨਾ ੧)
ਯਤਿ ਸਾਖਿਆਤ ਅਪਰੋਕਸ਼ ਪਾਰਬ੍ਰਹਮ ॥ (ਉਪਨਿਸ਼ਦ)

ਉਪਨਿਸ਼ਦ ਵਿੱਚ ਸਾਫ ਕਹਿ ਦਿੱਤਾ ਹੈ ਕਿ ਇਹ ਗਿਆਨ ਹੈ। ਇਹੀ ਗਿਆਨ ਤੇਰਾ ਆਪਾ ਹੈ। ਉਹ ਵਿਆਪਕ ਹੈ, ਪਰੀਪੂਰਨ ਹੈ ਪਰ ਅਜੇ ਤੱਕ ਤੈਨੂੰ ਉਸਦੀ ਸੋਝੀ ਨਹੀਂ ਆਈ। ਅਗਿਆਨ ਕਰਕੇ, ਤੈਨੂੰ ਭੁੱਲ ਹੈ। ਪ੍ਰੇਮ ਨਾਲ ਜਦੋਂ ਸਿਮਰਨ ਕਰੇਂਗਾ, ਉਹ ਤੇਰੇ ਅੰਦਰ ਪ੍ਰਗਟ ਹੋ ਜਾਵੇਗਾ।

ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥

'**ਆਤਮ**' ਇੱਥੇ ਮਨ ਦਾ ਵਾਚਕ ਹੈ। ਉਹ ਤਾਂ ਪੂਰਨ ਵਿਆਪਕ ਹੈ। ਉਹਨੂੰ ਜਿੱਤਣੇ ਵਾਲਾ ਤਾਂ ਦੁਨੀਆਂ ਵਿੱਚ ਜੰਮਿਆ ਹੀ ਨਹੀਂ। ਉਹ ਤਾਂ ਨਿੱਤ ਹੈ, ਸਤਿ ਹੈ। ਇਸ ਕਰਕੇ -

ਆਤਮ ਜਿਣੈ ਸਗਲ ਵਸਿ ਤਾ ਕੈ

ਜਿਹੜਾ ਆਪਣੇ ਮਨ ਨੂੰ ਜਿੱਤ ਲਵੇਗਾ, ਸਭ ਕੁੱਛ ਉਹਦੇ ਵੱਸ ਹੋਜੇਗਾ। ਜੇ ਤੂੰ ਆਪਣੇ ਆਪ ਦੀ ਪਛਾਣ ਕਰ ਲਵੇਂਗਾ, ਤੇਰਾ ਮਨ ਜਿੱਤਿਆ ਜਾਵੇਗਾ ਤਾਂ ਸਾਰਾ ਸੰਸਾਰ ਤੇਰੇ ਵੱਸ ਵਿੱਚ ਹੋ ਜਾਵੇਗਾ। ਤੇਰੀਆਂ ਇੰਦਰੀਆਂ ਤੇਰੇ ਵੱਸ ਵਿੱਚ ਹੋ ਜਾਣਗੀਆਂ। ਇਹ ਸਾਰਾ ਸੰਸਾਰ ਬਣਾਉਟੀ ਗਿਆਨ ਹੈ। ਉਹ ਤੇਰਾ ਆਪਾ ਸਤਿ ਹੈ। ਇਸ ਕਰਕੇ, ਜਦੋਂ ਤੂੰ ਆਪਣੇ ਮਨ ਨੂੰ ਜਿੱਤ ਲਵੇਂਗਾ ਤਾਂ ਸਭ ਤੇਰੇ ਵੱਸ ਵਿੱਚ ਹੋ ਜਾਏਗਾ।

ਜਾ ਕਾ ਸਤਿਗੁਰੁ ਪੂਰਾ॥

ਜਿਸ ਉੱਪਰ ਸਤਿਗੁਰੂ ਨਿਹਾਲ ਹੋ ਜਾਵੇਗਾ, ਉਸਨੂੰ ਇਹ ਚੀਜ ਪ੍ਰਾਪਤ ਹੋ ਜਾਏਗੀ –

ਨਾਨਕ ਨਦਰੀ ਨਦਰਿ ਨਿਹਾਲ॥ (ਪੰਨਾ ੮)

ਕੀ ਤੁਹਾਨੂੰ ਪਤਾ ਹੈ? ਘਾਹੀ ਨੇ ਪੰਜ ਪੈਸੇ ਚੜ੍ਹਾਏ, ਉਹਨੇ ਰੋਟੀ ਵੀ ਨਹੀਂ ਖਾਧੀ। ਫੇਰ ਉਹ ਘਾਹੀ, ਜਹਾਂਗੀਰ ਦੇ ਤੰਬੂ ਵਿੱਚ ਚਲਿਆ ਗਿਆ। ਉਨ੍ਹਾਂ ਲੋਕਾਂ (ਅਹਿਲਕਾਰਾਂ) ਨੇ ਸਲਾਹ ਕਰ ਲਈ ਕਿ ਅੱਜ ਜਦੋਂ ਕੋਈ ਆਵੇ ਅਤੇ ਸੱਚੇ ਪਾਤਸ਼ਾਹ ਦਾ ਤੰਬੂ ਪੁੱਛੇ ਤਾਂ ਉਸਨੂੰ ਜਹਾਂਗੀਰ ਦੇ ਤੰਬੂ ਵਿੱਚ ਲੈ ਜਾਣਾ ਹੈ। ਉਹ (ਘਾਹੀ) ਜਹਾਂਗੀਰ ਦੇ ਤੰਬੂ ਵਿੱਚ ਗਿਆ। ਜਹਾਂਗੀਰ ਦੀਆਂ ਚਾਰ ਪ੍ਰਕਰਮਾਂ ਕਰਕੇ, ਅੱਗੇ ਦੋ ਪੈਸੇ ਰੱਖਕੇ, ਹੱਥ ਜੋੜਕੇ ਖੜ੍ਹਾ ਹੋ ਗਿਆ। ਜਹਾਂਗੀਰ ਬਾਦਸ਼ਾਹ ਨੇ ਪੁੱਛਿਆ ਕੀ ਮੰਗਦਾ ਹੈਂ? ਘਾਹੀ ਕਹਿੰਦਾ–ਮੁਕਤੀ ਮੰਗਦਾ ਹਾਂ। ਬਾਦਸ਼ਾਹ ਕਹਿੰਦਾ–ਮੁਕਤੀ ਵਾਲੇ ਦਾ ਤੰਬੂ ਤਾਂ ਉਹ ਪਰੇ ਹੈ, ਮੈਂ ਮੁਕਤੀ ਵਾਲਾ ਪਾਤਸ਼ਾਹ ਨਹੀਂ। ਦੁਨੀਆਂ ਦੀ ਚੀਜ ਮੇਰੇ ਤੋਂ ਕੋਈ ਮੰਗ ਲੈ, ਕੋਈ ਪਿੰਡ ਲੈ ਲੈ। ਘਾਹੀ ਨੇ ਕਿਹਾ ਨਾ ਜੀ, ਮੈਂ ਤਾਂ ਮੁਕਤੀ ਲੈਣ ਆਇਆ ਹਾਂ। ਮੈਨੂੰ ਪਤਾ ਲੱਗਿਆ ਸੀ ਕਿ ਸੱਚੇ ਪਾਤਸ਼ਾਹ ਐਥੇ ਆਏ ਹਨ। ਜਹਾਂਗੀਰ ਨੇ ਸਾਫ ਕਹਿ ਦਿੱਤਾ ਕਿ ਸੱਚੇ ਪਾਤਸ਼ਾਹ ਦਾ ਤੰਬੂ ਤਾਂ ਉਹ ਸਾਮ੍ਹਣੇ ਹੈ। ਘਾਹੀ ਨੇ ਉਹ ਪੰਜ ਪੈਸੇ ਚੱਕ ਲਏ ਤੇ

ਚੱਲ ਪਿਆ। ਉਹੀ ਕ੍ਰਿਆ ਉਸਨੇ ਉਥੇ ਜਾ ਕੇ ਕੀਤੀ। ਜਹਾਂਗੀਰ ਅਤੇ ਸਾਰੇ ਅਹਿਲਕਾਰ ਪਿੱਛੇ-ਪਿੱਛੇ ਚੱਲ ਪਏ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੁੱਛਿਆ-ਹਾਂ ਬਈ ਸਿੱਖਾ! ਕੀ ਮੰਗਦਾ ਹੈਂ? ਉਹ ਘਾਹੀ ਕਹਿੰਦਾ- ਜੀ ਮੁਕਤੀ। ਗੁਰੂ ਸਾਹਿਬ ਨੇ ਕਿਹਾ ਸਾਡੀ ਅੱਖ ਨਾਲ ਅੱਖ ਮਿਲਾ। ਜਦੋਂ ਮਿਲਾਈ, ਉਹ ਕਹਿੰਦਾ- ਨਿਹਾਲ! ਨਿਹਾਲ!! ਉਹ ਨਿਹਾਲ ਹੋ ਗਿਆ। ਜਹਾਂਗੀਰ ਕਹਿਣ ਲੱਗਿਆ, ਇੱਕ ਬਾਤ ਮੈਂ ਪੁੱਛਾਂ? ਗੁਰੂ ਸਾਹਿਬ ਨੇ ਕਿਹਾ-ਕੀ ਕਹਿੰਦਾ ਹੈਂ? ਜਹਾਂਗੀਰ ਕਹਿੰਦਾ-ਹਿੰਦੂਆਂ ਦੀ ਮੁਕਤੀ ਬੜੀ ਸਸਤੀ ਹੈ, ਜਿਹੜੀ ਦੋ ਪੈਸੇ ਨਾਲ ਮਿਲ ਜਾਂਦੀ ਹੈ। ਗੁਰੂ ਸਾਹਿਬ, ਜਹਾਂਗੀਰ ਨੂੰ ਆਖਣ ਲੱਗੇ ਕਿ ਤੂੰ ਘਾਹੀ ਨੂੰ ਕੀ ਦਿੰਦਾ ਸੀ? ਜਹਾਂਗੀਰ ਕਹਿੰਦਾ- ਮੈਂ ਤਾਂ ਬਹੁਤ ਕੁੱਛ ਦੇ ਚੁੱਕਿਆ। ਇਹ ਤਾਂ ਮੰਨਿਆ ਹੀ ਨਹੀਂ। ਘਾਹੀ ਨੇ ਕਿਹਾ-ਮੈਂ ਤਿੰਨਾਂ ਲੋਕਾਂ ਦਾ ਰਾਜ ਵੀ ਨਹੀਂ ਮੰਗਦਾ, ਮੈਨੂੰ ਤਾਂ ਮੁਕਤੀ ਚਾਹੀਦੀ ਹੈ। ਮੁਕਤੀ ਤਾਂ ਪੂਰਨ ਗੁਰੂ ਦੇ ਸਕਦੇ ਹਨ। ਪਰ ਦਿੰਦੇ ਉਸਨੂੰ ਹਨ, ਜਿਹੜਾ ਪੂਰਨ ਅਧਿਕਾਰੀ ਹੋਵੇ। ਜਿਸਨੂੰ ਹੋਰ ਕਿਸੇ ਚੀਜ ਦੀ ਲੋੜ ਨਾ ਹੋਵੇ। ਪ੍ਰੇਮ ਤੇ ਬੈਰਾਗ ਨਾਲ ਹਿਰਦਾ ਸ਼ੁੱਧ ਹੋਇਆ ਹੋਵੇ। ਉਸਨੂੰ ਮੁਕਤੀ ਮਿਲਦੀ ਹੈ -

ਠਾਕੁਰੁ ਗਾਈਐ ਆਤਮ ਰੰਗਿ॥

ਆਪਣੀ ਜੀਭ ਦੇ ਨਾਲ, ਮਨ ਦੇ ਨਾਲ ਤੁਸੀਂ ਠਾਕੁਰ ਨੂੰ ਗਾਵੋਗੇਂ। ਜਦੋਂ ਤੁਹਾਨੂੰ ਆਤਮਾ ਦੀ ਪ੍ਰਾਪਤੀ ਹੋ ਗਈ, ਫੇਰ ਤੁਹਾਡੀ ਬਿਰਤੀ ਕਿਸੇ ਹੋਰ ਪਾਸੇ ਜਾ ਨਹੀਂ ਸਕਦੀ।

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਉਹ ਇੱਕੋ ਹੀ ਵਸਤੂ ਹੈ। ਇਹ ਅਸਲੀ 'ਖੁਦਾ ਸਨਾਸ਼ੀ' ਹੈ, ਜੇ 'ਖੁਦ ਸਨਾਸ਼ੀ' ਨਾ ਹੋਈ ਤਾਂ 'ਖੁਦਾ ਸਨਾਸ਼ੀ' ਨਹੀਂ ਹੋਣੀ। ਇਹ ਸੂਫੀਆਂ ਦਾ ਮੱਤ ਹੈ ਕਿ 'ਖੁਦ ਸਨਾਸ਼ੀ' ਕਰੋ। ਖੁਦਾ ਤਾਂ ਤੁਸੀਂ ਹੋਂ ਹੀ, ਤੁਸੀਂ ਤਾਂ ਚੇਤਨ ਹੋਂ, ਜੜ੍ਹ ਤਾਂ ਤੁਸੀਂ ਹੋਂ ਨਹੀਂ, ਤੁਸੀਂ ਤਾਂ ਗਿਆਨ ਤੇ ਆਨੰਦ ਹੋਂ, ਜੜ੍ਹ ਤਾਂ ਤੁਸੀਂ ਹੈ ਨਹੀਂ। ਇਸ ਕਰਕੇ, ਪ੍ਰੇਮ ਨਾਲ ਪਰਮੇਸ਼ਰ

ਦੇ ਗੁਣ ਗਾਉਣੇ ਹਨ –

ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥ ਰਹਾਉ ॥

ਜੇ ਹਮੇਸ਼ਾ ਨਾਮ ਧਿਆਉਣਾ ਹੈ ਤਾਂ ਪਰਮੇਸ਼ਰ ਦੀ ਸ਼ਰਣ ਪੈ ਜਾ–

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ। (ਗੀਤਾ)

ਅਹੰ ਤਵਾ ਸਰਵ ਪਾਪੇਭਯੋ ਮੋਖਯ ਯਿਾਮਿ ਮਾ੍ ਚਃ।।

ਤੂੰ ਸਾਰੇ ਧਰਮਾਂ ਨੂੰ ਤਿਆਗ ਦੇ, ਜਿੰਨੇ ਵੀ ਅਰੰਭੇ ਹੋਏ ਹਨ ਲੋਕਾਂ ਦੇ। ਇਹ ਪਾਗਲਾਂ ਨੇ ਜਿਹੜੇ ਤੇਰੇ ਵਿੱਚ ਭਰ ਦਿੱਤੇ ਹਨ, ਇਨ੍ਹਾਂ ਨੂੰ ਪਰੇ ਸੁੱਟ ਦੇ। 'ਆਪਣੇ ਆਪ' ਵਿੱਚ ਇਸਥਿਤ ਹੋ ਜਾ। ਬਿਲਕੁਲ ਕਿਸੇ ਦੀ ਪ੍ਵਾਹ ਨਹੀਂ ਕਰਨੀ, ਤੂੰ ਚੇਤਨ ਹੈਂ। ਮੈਨੂੰ ਇੱਕ ਸਾਧ ਮਿਲਿਆ ਜੋ ਨਾਲ ਦੇ (ਸਾਥੀ) ਨੂੰ ਕਹਿੰਦਾ–ਤੈਨੂੰ ਗਿਆਨ ਦੇਵਾਂਗੇ। ਮੈਂ ਕਿਹਾ, ਗਿਆਨ ਸਰੂਪ, ਚੇਤਨ ਸਰੂਪ ਤਾਂ ਇਹ ਪਹਿਲਾਂ ਹੀ ਹੈ। ਤੁਸੀਂ ਕਿਹੜਾ ਗਿਆਨ ਦੇਵੋਂਗੇ? ਤੁਸੀਂ ਇਹਨੂੰ ਭੁਲਾਉਂਦੇ ਕਿਉਂ ਹੋ? ਇਹ ਤਾਂ ਆਪ ਚੇਤਨ ਹੈ। ਇਸਨੂੰ ਕਹਿ ਬਈ ਤੂੰ ਤਾਂ ਆਪ ਚੇਤਨ ਹੈਂ, ਜਿਹੜੀਆਂ ਤੁਹਾਡੀਆਂ ਬਿਰਤੀਆਂ ਅੰਦਰ ਉਠਦੀਆਂ ਹਨ, ਉਨ੍ਹਾਂ ਦੇ ਦੇਖਣੇ ਵਾਲਾ ਦ੍ਰਸ਼ਟਾ ਆਪ ਹੈ ਕਿ ਨਹੀਂ? ਉਹ ਤੁਹਾਡਾ ਆਪਾ ਨਹੀਂ ਹੈ? ਉਹ ਪਰਮੇਸ਼ਰ ਹੈ, ਗਿਆਨ ਹੈ, ਵਿਆਪਕ ਹੈ। ਇਹ ਆਪਣੇ ਆਪ ਨੂੰ ਭੁੱਲੇ ਨਾ ਕਦੀ –

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ ॥ (ਪੰਨਾ ੨)

ਉਹ ਗਿਆਨ ਹੈ ਭਾਈ ! ਪਰਮੇਸ਼ਰ ਨੂੰ ਸਦਾ ਯਾਦ ਰੱਖਿਆ ਕਰੋ।

ਸਹਜਿ ਸਮਾਵਨ ਸੰਗਿ ॥

ਜੇ ਤੇਰਾ ਸੰਗ ਨਾਮ ਨਾਲ ਹੋ ਗਿਆ –

ਨਾਮੁ ਸੰਗੀ ਸੋ ਮਨਿ ਨ ਬਸਾਇਓ ॥
ਛੋਡਿ ਜਾਹਿ ਵਾਹੂ ਚਿਤੁ ਲਾਇਓ ॥ (ਪੰਨਾ ੭੧੫)

ਜੇ ਨਾਮ ਦੇ ਸੰਗੀ ਤੁਸੀਂ ਹੋ ਗਏ, ਤਾਂ ਸਹਜ ਵਿੱਚ ਚਲੇ ਜਾਵੋਂਗੇ।

ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ (ਪੰਨਾ ੬੮)

'ਸਹਜੁ', ਗਿਆਨ ਦਾ ਨਾਂ ਹੈ। **'ਚਉਥੇ ਪਦ'** ਵਿੱਚ ਤੁਹਾਨੂੰ ਪਹੁੰਚਾ ਦੇਵੇਗਾ। ਇਸ ਕਰਕੇ, ਸਹਜ (ਗਿਆਨ) ਵਿਆਪਕ ਹੈ। ਗੁਰੂ ਸਾਹਿਬ ਨੇ ਲਿਖਿਆ ਹੈ।

ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥
ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ ੮੩੮)

ਜਦੋਂ ਤੁਸੀਂ ਖੋਜਕੇ ਸਾਰਿਆਂ ਦੇ ਹਿਰਦੇ ਵਿੱਚ 'ਏਕਾ' ਦੇਖ ਲਿਆ ਤਾਂ ਤੁਹਾਡੀ ਕਿਸੇ ਨਾਲ ਦਵੈਸ਼ ਨਹੀਂ ਰਹੇਗੀ। ਭਾਈ ਘਨੱਈਆ ਨੇ ਸਾਰਿਆਂ ਵਿੱਚ ਏਕਾ ਦੇਖਿਆ। ਸਾਰਿਆਂ ਨੂੰ ਇੱਕੋ ਜਿਹਾ ਪਾਣੀ ਪਿਲਾਇਆ, ਅਤੇ ਸਾਰਿਆਂ ਨਾਲ ਇੱਕੋ ਜਿਹਾ ਵਰਤਾਉ ਕੀਤਾ। ਤੁਸੀਂ ਸਾਰਿਆਂ ਵਿੱਚ ਏਕਾ ਦੇਖ ਲਉ, ਤੁਹਾਡਾ ਕੰਮ ਠੀਕ ਹੋ ਜਾਏਗਾ। ਜੇ ਇੱਕ ਵਿੱਚ ਅਨੇਕ ਦੇਖੋਂਗੇ ਤਾਂ ਭੁੱਲ 'ਚ ਜਾਵੋਂਗੇ। ਜੇ ਅਨੇਕ ਵਿੱਚ ਏਕ ਦੇਖੋਂਗੇ ਤਾਂ ਸਹੀ ਹੋ ਜਾਵੋਂਗੇ। ਇਸ ਕਰਕੇ, ਉਹ ਪਰਮੇਸ਼ਰ ਵਿਆਪਕ ਹੈ, ਉਹ ਸਹਜ ਅਵਸਥਾ ਤੁਹਾਨੂੰ ਪ੍ਰਾਪਤ ਹੋ ਜਾਵੇਗੀ।

ਜਨ ਕੇ ਚਰਨ ਵਸਹਿ ਮੇਰੈ ਹੀਅਰੈ

ਮੇਰੇ ਹਿਰਦੇ ਵਿੱਚ ਰੱਬ ਦੇ ਪਿਆਰਿਆਂ ਦੇ **'ਚਰਨ'** ਵਸਦੇ ਨੇ। **'ਚਰਨ'** ਕਈ ਜਗ੍ਹਾ ਨਾਮ ਦਾ ਵਾਚਕ ਵੀ ਹੈ। ਉਹ ਜਿਹੜਾ ਮੈਨੂੰ ਨਾਮ ਦਿੱਤਾ ਹੈ, ਪਰਮੇਸ਼ਰ ਦੇ ਪਿਆਰਿਆਂ ਨੇ, ਉਹ ਪਰਮੇਸ਼ਰ ਘਟ ਘਟ ਵਿੱਚ ਵਸਦਾ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥(ਪੰਨਾ ੧੪੨੭)

ਉਹ ਜਿਹੜਾ ਤੁਹਾਡੇ ਹਿਰਦੇ ਵਿੱਚ ਨਾਮ ਵਸਦਾ ਹੈ 'ਚੇਤਨ' ਉਹ ਪਰਮੇਸ਼ਰ ਹੈ, ਸਾਰਿਆਂ ਦੇ ਵਿੱਚ ਉਹੀ ਵਿਆਪਕ ਹੈ। ਇਸ ਕਰਕੇ, ਮੇਰੇ ਹਿਰਦੇ ਵਿੱਚ ਉਨ੍ਹਾਂ ਪਰਮੇਸ਼ਰ ਦੇ ਪਿਆਰਿਆਂ ਦੇ ਚਰਨ ਵਸਦੇ ਹਨ, ਜਿਨ੍ਹਾਂ ਨੇ ਮੇਰੇ ਉੱਪਰ ਕਿਰਪਾ ਕੀਤੀ ਹੈ, ਗੁਰੂ ਰਾਮਦਾਸ ਮਹਾਰਾਜ ਨੇ –

ਸੰਗਿ ਪੁਨੀਤਾ ਦੇਹੀ॥

ਸਾਥ ਹੀ ਮੇਰੀ ਇਹ ਦੇਹੀ ਵੀ ਪਵਿੱਤਰ ਹੋ ਗਈ ਜਦੋਂ ਮੈਨੂੰ ਨਾਮ ਪ੍ਰਾਪਤ ਹੋ ਗਿਆ। ਨਾਮ-ਨਾਮੀ ਦਾ ਤਾਂ ਅਭੇਦ ਹੈ।

ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ॥

ਮੈਨੂੰ ਪਰਮੇਸ਼ਰ ਦੇ ਜਨਾਂ ਦੀ ਧੂੜ ਦੇ ਦੇ, ਬੱਸ ਮੈਂ ਹੋਰ ਕੁੱਛ ਮੰਗਦਾ ਹੀ ਨਹੀਂ। ਜੇ ਧੂੜ ਮਿਲ ਜਾਏ ਤਾਂ ਸਾਰੇ ਕਾਰਜ ਸਿੱਧ ਹੋ ਜਾਂਦੇ ਹਨ। ਤੁਹਾਨੂੰ ਪਤਾ ਹੋਏਗਾ ਜਦ ਭਾਈ ਅਦਲੀ ਨੇ ਬਿਧੀ ਚੰਦ ਨੂੰ, ਗੁਰੂ ਹਰਗੋਬਿੰਦ ਸਾਹਿਬ ਕੋਲ ਭੇਜ ਦਿੱਤਾ। ਉਹਨੇ ਜਾਕੇ ਗੁਰੂ ਸਾਹਿਬ ਨੂੰ ਆਖਿਆ-ਜੀ ਮੈਨੂੰ ਕਿਸੇ ਸੇਵਾ ਤੇ ਲਾ ਲਵੋ। ਤਾਂ ਗੁਰੂ ਮਹਾਰਾਜ ਨੇ ਕਿਹਾ, ਬਹੁਤ ਅੱਛਾ! ਤੂੰ ਇੱਥੇ ਆਟਾ ਗੁੰਨ੍ਹਿਆ ਕਰ। ਬਿਧੀ ਚੰਦ ਬਹੁਤ ਤਕੜਾ ਸੀ, ਉਸਨੇ ਆਟਾ ਗੁੰਨ੍ਹਣ ਦੀ ਬਹੁਤ ਸੇਵਾ ਕੀਤੀ। ਜਦੋਂ ਗੁਰੂ ਸਾਹਿਬ ਬਾਹਰ ਜਾਂਦੇ ਤਾਂ ਸੰਗਤ ਕਹਿੰਦੀ ਬਈ ਸਾਡੇ ਭਾਂਡੇ ਇਕ ਜਗ੍ਹਾ ਨਹੀਂ ਹੁੰਦੇ, ਬਦਲੇ ਹੋਏ ਹੁੰਦੇ ਹਨ। ਗੁਰੂ ਸਾਹਿਬ ਨੇ ਬਚਨ ਕੀਤਾ, ਹਟ ਜਾਣਗੇ। ਇੱਕ ਰੇਖਾ ਹੈ, ਭਗਤ ਦੇ ਮੱਥੇ ਤੇ, ਉਹ ਮੇਟ ਦਿਆਂਗੇ। ਗੁਰੂ ਸਾਹਿਬ, ਸੈਰ ਕਰਨ ਲਈ ਬਾਹਰ ਗਏ ਤੇ ਬਿਧੀ ਚੰਦ ਆਇਆ। ਉਸਨੇ ਹੱਥ ਪਿੱਛੇ ਕਰ ਲਏ, ਆਟਾ ਗੁੰਨ ਰਿਹਾ ਸੀ, ਉਹਨੇ ਗੁਰੂ ਸਾਹਿਬ ਦੇ ਚਰਨਾਂ ਉੱਪਰ ਮੱਥਾ ਟੇਕਿਆ, ਚਰਨਾਂ ਦੀ ਧੂੜ ਲੱਗ ਗਈ। ਗੁਰੂ ਸਾਹਿਬ ਆਖਣ ਲੱਗੇ, ਨੀਵਾਂ ਹੋ। ਗੁਰੂ ਸਾਹਿਬ ਨੇ ਮੱਥੇ ਦੀ ਰੇਖਾ ਤੇ ਅੰਗੂਠਾ ਫੇਰ ਦਿੱਤਾ ਤੇ ਕਹਿੰਦੇ ਜਾਹ, ਬਖਸ਼ ਦਿੱਤਾ ਭਾਈ! ਉਹ ਧੂੜ ਇਹੋ ਜਿਹੀ ਲੱਗੀ, ਉਹਦੀ ਰੇਖਾ ਹੀ ਮਿਟ ਗਈ, ਬਿਧੀ ਚੰਦ ਪਵਿੱਤਰ ਹੋ ਗਿਆ। ਇਸ ਕਰਕੇ, ਉਸ ਦਿਨ ਤੋਂ ਜਦ ਉਸਨੂੰ ਪੂਰਨ ਪੁਰਸ਼ ਦੀ ਚਰਨ ਧੂੜ ਮਿਲ ਗਈ ਤਾਂ ਸਾਰਾ ਹਿਰਦਾ ਹੀ ਪਵਿੱਤਰ ਹੋ ਗਿਆ ਅਤੇ ਸਰੀਰ ਵੀ ਪਵਿੱਤਰ ਹੋ ਗਿਆ। ਮੈਂ ਉਨ੍ਹਾਂ ਸੰਤਾਂ ਦੀ ਕਿਰਪਾ ਮੰਗਦਾ ਹਾਂ ਜਿਹੜੇ ਉਸ ਪਰਮੇਸ਼ਰ ਨਾਲ ਇੱਕ ਹੋਏ ਹਨ। ਇੱਕ ਤਾਂ ਸਾਰੇ ਹੀ ਹਨ, ਇਸ ਵਿੱਚ ਕੋਈ ਸ਼ੱਕ ਨਹੀਂ-

ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ (ਪੰਨਾ ੧੩)

ਜੋਤ ਤਾਂ ਸਾਰਿਆਂ ਦੇ ਅੰਦਰ ਹੈ। ਤੁਸੀਂ ਆਪਣੀਆਂ ਬਿਰਤੀਆਂ ਵੀ ਤਾਂ ਜੋਤ ਨਾਲ ਹੀ ਦੇਖਦੇ ਹੋਂ। ਉਹ ਜਿਹੜਾ ਬ੍ਰਹਮ ਗਿਆਨੀ ਹੈ, ਉਹ ਵੀ ਉਸੇ ਜੋਤ ਨਾਲ ਦੇਖਦਾ ਹੈ ਪਰ ਤੁਹਾਨੂੰ ਇਹ ਨਹੀਂ ਪਤਾ ਕਿ ਇਹ ਜੋਤ ਉਹੀ ਹੈ। ਤੁਸੀਂ ਕੋਈ ਹੋਰ ਜੋਤ ਮੰਨਦੇ ਹੋਂ, ਬਾਕੀ, ਹੈ ਜੋਤ ਇੱਕੋ ਹੀ। ਜਦ ਤੁਸੀਂ ਘੋਰ ਨਿੰਦਰਾ ਵਿੱਚ ਜਾਂਦੇ ਹੋਂ, ਮੈਂ ਇੱਕ ਉਦਾਹਰਣ ਦਿੰਦਾ ਹਾਂ – ਉੱਥੇ ਤੁਸੀਂ ਇਹ ਕਹਿੰਦੇ ਹੋਂ–ਅਸੀਂ ਸੁੱਖ ਤੇ ਸੋਏ, ਕੁੱਛ ਨਹੀਂ ਜਾਣਦੇ ਸੀ, ਉਹ ਸਸ਼ੁਪਤੀ (ਗੂੜ੍ਹ ਨਿੰਦ੍ਰਾ) ਨੂੰ ਤੁਸੀਂ ਦੇਖਿਆ ਨਾਲੇ ਜਾਣਿਆ ਵੀ। ਫੇਰ ਆ ਕੇ ਤੁਸੀਂ ਦਸਦੇ ਹੋਂ, ਬੜੇ ਸੁੱਖ ਨਾਲ ਸੁੱਤੇ ਸੀ ਪਰ ਫੇਰ ਕੁੱਛ ਪਤਾ ਨਾ ਲੱਗਿਆ। ਉੱਥੇ ਇੱਕ ਅਗਿਆਨ ਸੀ, ਫੇਰ ਤੁਸੀਂ ਦੱਸੋ ਬਈ ਜਦੋਂ ਉਥੇ ਪੰਜ ਇੰਦਰੀਆਂ ਕੰਮ ਨਹੀਂ ਸਨ ਕਰਦੀਆਂ, ਉਹ ਲੀਨ ਹੋਈਆਂ ਹੋਈਆਂ ਸਨ ਅਤੇ ਮਨ ਬੁੱਧੀ ਵੀ ਲੀਨ ਹੋਏ ਹੋਏ ਸੀ। ਉਸ ਸਸ਼ੁਪਤੀ ਨੂੰ, ਤੁਸੀਂ ਕਾਹਦੇ ਨਾਲ ਦੇਖਿਆ, ਬਿਨਾਂ ਗਿਆਨ ਤੋਂ? ਉੱਥੇ ਤਾਂ ਇਕ ਜੋਤ ਸੀ, ਉਹ ਜੋਤ ਈਸ਼ਰੀ ਜੋਤ ਸੀ, ਉਹ ਜਿਹੜੀ ਜੋਤ ਨਾਲ ਤੁਸੀਂ ਸਸ਼ੁਪਤੀ ਨੂੰ ਦੇਖਿਆ ਸੀ, ਸੁੱਖ ਨਾਲ ਸੋਏ ਅਤੇ ਕੁੱਛ ਨਹੀਂ ਜਾਣਦੇ ਸੀ। ਉਹ ਜੋਤ ਸਰੂਪ ਚੇਤਨ ਹੈ, ਉਹ ਈਸ਼ਰੀ ਗਿਆਨ ਹੈ, ਪ੍ਰੋਕਸ਼ ਗਿਆਨ ਨਹੀਂ ਹੈ। ਕਿਉਂ? ਇੰਦਰੀਆਂ ਕਰਕੇ ਮਨੁੱਖ ਨੂੰ ਗਿਆਨ ਹੁੰਦਾ ਹੈ, ਪਰ ਇੰਦਰੀਆਂ ਤੁਹਾਡੀਆਂ ਉਥੇ ਹੈ ਹੀ ਨਹੀਂ, ਗਿਆਨ ਇੰਦਰੀਆਂ ਤਾਂ ਲੀਨ ਹਨ। ਮਨ ਉਥੇ ਤੁਹਾਡਾ ਹੈ ਹੀ ਨਹੀਂ, ਲੀਨ ਹੋਇਆ–ਹੋਇਆ ਹੈ। ਬੁੱਧੀ ਤੁਹਾਡੀ ਉਥੇ ਹੈ ਨਹੀਂ, ਲੀਨ ਹੋਈ ਹੋਈ ਹੈ। ਉਸ ਸਸ਼ੁਪਤੀ ਨੂੰ ਤੁਸੀਂ ਦੇਖਦੇ ਆਏ, ਨਾਲੇ ਦਸਦੇ ਹੋਂ, ਉਹ ਕਾਹਦੇ ਨਾਲ ਦੇਖਿਆ? ਉਸੇ ਜੋਤ ਨਾਲ ਦੇਖਿਆ, ਉਹ ਈਸ਼ਰੀ ਜੋਤ ਹੈ, ਜਾਗਦੀ ਜੋਤ ਹੈ, ਤੁਹਾਡਾ ਆਪਣਾ ਆਪ ਹੈ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਮੁੱਖ ਤੋਂ, ਅਸੀਂ ਸੁਣਿਆਂ ਸੀ ਛੋਟੇ ਹੁੰਦਿਆਂ ਨੇ। ਉਹ ਇਹ ਬਾਤ ਜਪਾਉਂਦੇ ਹੁੰਦੇ ਸੇ – 'ਜਪੋ ਖਾਲਸਾ ਜੀ ਸਾਰੇ, ਜਾਗਦੀ ਜੋਤ ਨੂੰ' ਤੇ ਇੱਕ ਸਵੱਯਾ ਵੀ ਪੜ੍ਹਦੇ ਹੁੰਦੇ ਸੀ।

ਜਾਗਤ ਜੋਤਿ ਜਪੈ ਨਿਸ ਬਾਸੁਰ
ਏਕ ਬਿਨਾ ਮਨ ਨੈਕ ਨ ਆਨੈ॥

ਇਹ ਸਵੱਯਾ ਪੜ੍ਹਕੇ ਧਾਰਨਾ ਲਾਉਂਦੇ ਹੁੰਦੇ ਸੇ, ਪਿੱਛੋਂ ਇੱਕ ਬਾਤ ਕਹਿੰਦੇ ਹੁੰਦੇ ਸੇ- ਖਾਲਸਾ ਜੀ ! ਤੁਸੀਂ ਜਾਗਦੀ ਜੋਤ ਦੇ ਉਪਾਸ਼ਕ ਹੋਂ, ਤੇ ਫੇਰ ਤੁਸੀਂ ਅੱਗੇ ਪਿੱਛੇ ਚਲੇ ਜਾਂਦੇ ਹੋਂ। ਇਸ ਕਰਕੇ, ਜਾਗਦੀ ਜੋਤ ਤੁਹਾਡਾ ਆਪਾ ਨਹੀਂ ਹੈ? ਜੇ ਆਪਾ ਨਹੀਂ, ਤਾਂ ਤੁਹਾਡਾ ਆਪਾ ਫੇਰ ਕੀ ਹੈ? ਫੇਰ ਉੱਥੇ, ਇੰਦਰੀਆਂ ਤਾਂ ਹੈ ਹੀ ਨਹੀਂ, ਮਨ ਹੈ ਨਹੀਂ, ਬੁੱਧੀ ਹੈ ਨਹੀਂ, ਤੁਸੀਂ ਦੇਖਿਆ ਕਾਹਦੇ ਨਾਲ? ਤੇ ਜਾਨਿਆ ਕਾਹਦੇ ਨਾਲ? ਉਹੀ ਜਾਗਦੀ ਜੋਤ, '**ਜਾਗ੍ਰਤ**' ਵਿੱਚ ਕੰਮ ਕਰਦੀ ਹੈ, ਉਹੀ '**ਸੁਪਨ**' ਵਿੱਚ ਕੰਮ ਕਰਦੀ ਹੈ, ਉਹੀ '**ਸਸ਼ੁਪਤੀ**' ਵਿੱਚ ਕੰਮ ਕਰਦੀ ਹੈ, ਤਿੰਨਾਂ ਨੂੰ ਛੱਡ ਕੇ, '**ਵਿਆਪਕ ਜੋਤ**' ਤੁਹਾਡਾ '**ਆਪਾ**' ਹੈ। ਉਸ ਈਸ਼ਵਰੀ ਗਿਆਨ ਵਿੱਚ ਤੁਸੀਂ ਪੱਕਾ ਨਿਸ਼ਚਾ ਕਰ ਲਵੋ। ਈਸ਼ਰੀ ਗਿਆਨ, ਤੁਹਾਡਾ ਆਪਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਗ੍ਰੰਥਕਾਰਾਂ ਨੇ ਇਹੀ ਬਾਤ ਸਿੱਧ ਕੀਤੀ ਹੈ। ਇਸ ਕਰਕੇ, '**ਜਾਗਦੀ ਜੋਤ**' ਦੇ ਉਪਾਸ਼ਕ ਹੋ ਜਾਵੋ। ਉਹ ਤੁਹਾਡਾ ਆਪਾ ਹੈ, ਉਸਦਾ ਹੀ ਸਿਮਰਨ ਕਰੋ, ਉਸੇ ਦਾ ਧਿਆਨ ਕਰੋ। ਚੱਲ ਭਾਈ-

ਜਨ ਕੀ ਧੂਰਿ ਦੇਹੁ ਕਿਰਪਾ ਨਿਧਿ

ਹੇ ਕਿਰਪਾ ਨਿਧ ਪਰਮੇਸ਼ਰ ! ਮੈਨੂੰ ਰੱਬ ਦੇ ਪਿਆਰਿਆਂ ਦੀ ਧੂੜ ਦੇ ਦੇ।

ਨਾਨਕ ਕੈ ਸੁਖੁ ਏਹੀ॥

ਨਾਨਕ ਦੇ ਘਰ ਵਿੱਚ ਏਹੀ ਸੁੱਖ ਹੈ ਜਿਹੜਾ ਰੱਬ ਦੇ ਪਿਆਰਿਆਂ ਦੀ ਧੂੜ ਮਿਲ ਜਾਣੀ ਹੈ, ਕਿਰਪਾ ਹੋ ਜਾਣੀ ਹੈ, ਆਪਣੇ ਸਰੂਪ ਦੀ ਪ੍ਰਾਪਤੀ ਹੋ ਜਾਣੀ ਹੈ, ਪ੍ਰੇਮ ਦੁਆਰਾ ਨਾਮ ਜਪਕੇ। ਗੁਰੂ ਨਾਨਕ ਦਾ ਏਹੀ ਘਰ ਹੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ❑

੧ੴ ਸਤਿਗੁਰ ਪ੍ਰਸਾਦਿ॥

੧੫

ਸੋਰਠਿ ਮਹਲਾ ੯
ਮਾਈ ਮੈ ਕਿਹਿ ਬਿਧਿ ਲਖਉ ਗੁਸਾਈ॥
ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥੧॥ਰਹਾਉ॥
ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ॥
ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ॥
ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ॥
ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ॥ (ਪੰਨਾ ੬੩੨)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ, ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!! ਇਹ ਸ਼ਬਦ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੁਆਰੇ ਰੱਬੀ ਬਾਣੀ ਦਾ ਆਇਆ ਹੈਗਾ। ਤੁਸੀਂ ਜਾਣਦੇ ਹੋਵੋਂਗੇ –

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨੀ ਕਰੀ॥ ਸੀਸੁ ਦੀਆ ਪਰ ਸੀ ਉਚਰੀ।੧੩।
(ਬਚਿੱਤ੍ਰ ਨਾਟਕ ੫.੧੩)

ਇਹ ਸ਼ਬਦ ਓਸ ਗੁਰੂ ਬਾਰੇ ਹੈ, ਦਸਮ ਪਾਤਸ਼ਾਹ ਲਿਖਦੇ ਨੇ। ਉਹ ਕੌਣ ਸੀਗਾ? ਕਹਿੰਦੇ – ਜੀਹਨੇ ਤਿਲਕ ਤੇ ਜੰਜੂ ਦੀ ਰਖਸ਼ਾ ਕੀਤੀ, ਆਪਣਾ ਸੀਸ ਦਿੱਤਾ। ਉੱਥੇ ਸਾਡੇ ਕੋਲ ਇੱਕ ਸੰਤ ਆਇਆ ਸੀ, ਉਹ ਗਾਲਾਂ ਜਹੀਆਂ ਕੱਢਦਾ ਹੁੰਦਾ ਸੀ। ਉਹ ਕਹਿੰਦਾ, ਓਏ! ਅਸੀਂ ਦਿੱਲੀ ਜਾਕੇ ਲਹੂ ਡੋਲ੍ਹਿਆ, ਅਖੇ ਆਹ ਲਹੂ ਪੀਣ ਆਲੇ ਜੰਮ ਪਏ ਹੁਣ। ਉਹ ਕਹਿੰਦਾ – ਅਸੀਂ ਤਾਂ ਦਿੱਲੀ ਜਾਕੇ ਲਹੂ ਡੋਲ੍ਹਿਆ ਸੀ

ਸਾਡੇ ਗੁਰੂਆਂ ਨੇ, ਹੁਣ ਜੰਮ ਪਏ ਲਹੂ ਪੀਣ ਆਲੇ, ਕਹਿੰਦਾ, ਦੱਸੋ ਕੀ ਕਰੋਂਗੇ ਇਨ੍ਹਾਂ ਦਾ ਤੁਸੀਂ? ਅਸਲ ਗੱਲ ਏਹੀ ਹੈਗੀ। ਓਸ ਗੁਰੂ ਦਾ ਸ਼ਬਦ ਹੈ ਤੇ ਇਹ ਇਸਦੀ ਉਥਾਨਕਾ ਹੈ।

ਸਭ ਸੇ ਨਜਦੀਕ ਮਨ ਹੈ। ਜਦ ਥੋਨੂੰ ਅਪਣਾ ਮਨ ਦਿਸ ਜਾਵੇ, ਫੇਰ ਥੋਡਾ ਕੰਮ ਬਣ ਜੂ। ਮਨ ਦੋ ਚੀਜਾਂ ਦਾ ਬਨਿਆ ਹੋਇਆ ਹੈ, ਇੱਕ ਤਾਂ ਓਥੇ ਹੈ '**ਚੇਤਨ**', ਇੱਕ ਹੈ '**ਜੜ੍ਹ ਬਿਰਤੀ**', ਉਹ ਬਿਰਤੀ ਤਾਂ ਜੜ੍ਹ ਹੈ, ਬਿਰਤੀ ਵਿੱਚ ਬੈਠਣ ਆਲਾ –

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥ (ਪੰਨਾ ੪੪੧)

ਮਨ '**ਜੋਤਿ ਸਰੂਪ ਹੈ**', ਪਰ ਉਹ ਜਿਹੜੀ ਬਿਰਤੀ ਹੈ, ਉਹਦੀ ਸੱਤਾ ਹੈ ਨਹੀਂ ਪਰ ਅਗਿਆਨ ਕਰਕੇ ਉਹਦੀ ਪੂਰੀ ਸੱਤਾ ਬਣ ਗਈ। ਏਸ ਕਰਕੇ, ਥੋਡੇ ਮਨ ਦਾ ਥੋਨੂੰ ਪਤਾ ਨਹੀਂ ਲੱਗਿਆ ਹੈਗਾ। ਇਹ ਚਿੱਤ ਤੇ ਜੜ੍ਹ ਦੀ ਇਕ ਗ੍ਰੰਥੀ (ਗੰਢ) ਪੈ ਗਈ। ਦੋਨੋਂ ਚੀਜਾਂ ਮਿਲ ਗਈਆਂ ਤੇ ਇਸ ਕਰਕੇ, ਮਨ ਦੀ ਜਦ ਗ੍ਰੰਥੀ ਖੁੱਲੇਗੀ ਤਾਂ ਥੋਡੀ ਅੱਖ ਖੁੱਲ੍ਹੇਗੀ। ਅੱਖ ਜਿਸ ਵਕਤ ਖੁੱਲ੍ਹੇਗੀ, ਜੜ੍ਹ ਪਰੇ ਹੋਜੂ ਤੇ ਤੁਸੀਂ ਤਾਂ ਚੇਤਨ ਹੋਂ –

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ ॥ (ਪੰਨਾ ੧੩੬੩)

ਜਦ ਉੱਥੇ ਇੱਕ ਸੰਤ ਸਾਨੂੰ ਮਿਲਿਆ ਤੇ ਉਹ ਜਿਹੜੀ ਬਾਤ ਕਰੇ, ਉਹ ਬਾਤ ਸਾਨੂੰ ਸਮਝ ਨਾ ਆਵੇ। ਜਦ ਮੈਂ ਗਿਆ ਬਾਤ ਹੋਈ ਤਾਂ ਉਹਨੇ ਆਖਿਆ, ਉਹ ਈਸ਼ਵਰ ਕੁਟੀ ਮੇਂ ਸੀ। ਉਹਦੀ ਬੋਲੀ ਸੀ ਮਦਰਾਸ ਦੀ, 'ਕੁਟੀ' ਦਾ ਅਰਥ ਹੈ '**ਕੋਟੀ**', ਤੇ ਉਹ ਬਾਤ ਕਰੇ ਅਖੇ ਫਲਾਣਾ ਈਸ਼ਵਰ ਕੁਟੀ ਮੇਂ ਸੀ, ਉਹ ਜੀਵ ਕੁਟੀ ਮੇਂ ਨਹੀਂ ਸੀ। ਜੀਵ ਕੁਟੀ ਦਾ ਜੀਵ ਅਲਪੱਗ ਹੁੰਦਾ ਹੈ, ਈਸ਼ਵਰ ਕੁਟੀ ਦਾ ਕੋਈ ਵੀ ਹੋਵੇ, ਉਹ ਸਰਬੱਗ ਹੁੰਦਾ ਹੈ, ਜੈਸੇ ਗੁਰੂ ਨਾਨਕ ਦੇਵ ਹੋਏ –

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥(ਪੰਨਾ ੧੪੦੮)

ਇਹ ਤਾਂ ਤੁਸੀਂ ਸਮਝ ਲਿਆ ਹੈਗਾ–

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਪੰਨਾ ੯੬੬)

ਇਹ ਤਾਂ ਇੱਕ ਜੋਤ ਹੈ, ਉਹ ਜੋਤ ਕੀ ਹੈ? ਉਸਨੂੰ 'ਜਾਗਦੀ ਜੋਤ' ਕਹਿੰਦੇ ਨੇ।

ਜਾਗਤਿ ਜੋਤਿ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨਾ ਆਨੈ॥

(ਦਸਮ ਗ੍ਰੰਥ)

ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਗੁਰ ਸਾਖੀ ਜੋਤਿ ਪਰਗਟੁ ਹੋਇ॥ (ਪੰਨਾ ੧੩)

ਤੇ ਇਹ ਜੋਤ ਤਾਂ ਚਾਰੇ ਖਾਣੀਆਂ ਵਿੱਚ ਹੈ, ਪਰ –

ਗੁਰਸਾਖੀ ਜੋਤਿ ਪਰਗਟੁ ਹੋਇ॥

ਗੁਰੂ ਮਹਾਰਾਜ, ਜਿਨ੍ਹਾਂ ਦਾ ਨਾਮ ਪਹਿਲੇ ਲਹਿਣਾ ਸੀ ਤੇ ਜਿਹੜੇ ਦੇਵੀ ਦੇ ਉਪਾਸ਼ਕ ਸਨ, ਜੇ ਉਹ ਜੀਵ ਕੋਟੀ ਦੇ ਨਾ ਹੁੰਦੇ ਤਾਂ ਦੇਵੀ ਦੇ ਉਪਾਸ਼ਕ ਨਾ ਹੁੰਦੇ। ਜੇ ਜੀਵ ਕੋਟੀ ਦੇ ਨਾ ਹੁੰਦੇ, ਗੰਗਾ ਜੀ ਦੇ ਉਪਾਸ਼ਕ ਨਾ ਹੁੰਦੇ। ਪਰ ਜਦ ਉਨ੍ਹਾਂ ਨੂੰ ਉਹ ਪਾਰਸ ਲੱਗਿਆ, ਉਹ ਜੋਤ ਆਈ, ਤਾਂ ਉਹ ਈਸ਼ਵਰ ਕੋਟੀ ਮੇਂ ਪਹੁੰਚ ਗਏ। ਏਸ ਕਰਕੇ, ਇਹ ਸ੍ਰਿਸ਼ਟੀ ਧੁਰੋਂ ਹੀ ਦੋ ਪ੍ਰਕਾਰ ਦੀ ਆਉਂਦੀ ਹੈ। ਈਸ਼ਵਰ ਕੋਟੀ ਦੀ ਸ੍ਰਿਸ਼ਟੀ ਦੇ ਆਪਣੇ ਕਰਮ ਨਹੀਂ ਹੁੰਦੇ, ਇਹ ਗ੍ਰੰਥ ਪੜ੍ਹਕੇ ਦੇਖ ਲਉ ਸਾਰੇ ਵੇਦਾਂਤ ਦੇ ਤੇ ਜੀਵਾਂ ਦੇ ਆਪਣੇ ਕਰਮ ਹੁੰਦੇ ਨੇ। ਉਨ੍ਹਾਂ ਕਰਮਾਂ ਦੇ ਅਨੁਸਾਰ ਥੋਨੂੰ ਇੱਛਾ ਹੋਣੀ ਹੈ ਤੇ ਇੱਛਾ ਦੇ ਅਨੁਸਾਰ ਤੁਸੀਂ ਤੁਰਨਾ ਹੈਗਾ ਤੇ ਫੇਰ ਉਹ ਵਾਸ਼ਨਾ ਬਣ ਜਾਣੀ ਹੈ। ਥੋੜੀਆਂ ਇੱਛਾਵਾਂ ਨੇ ਇੱਕ ਦਿਨ ਵਾਸ਼ਨਾ ਬਣ ਜਾਣਾ ਹੈ। 'ਵਾਸ਼ਨਾ' ਉਸ ਚੀਜ ਦਾ ਨਾਮ ਹੈ ਜਿਹੜੀ ਬਹੁਤਾ ਚਿਰ ਵਸਦੀ ਰਹੇ। ਹੋਰ ਕਿਸੇ ਚੀਜ ਦਾ ਨਾਉਂ ਨਹੀਂ। ਫੇਰ ਜਦ ਉਹ ਵਾਸ਼ਨਾਵਾਂ ਥੋਡੇ ਹਿਰਦੇ 'ਚ ਵਸਦੀਆਂ ਰਹਿਣਗੀਆਂ, ਤਾਂ ਉਹ ਕਬਜਾ ਕਰਨਗੀਆਂ –

ਵਾਸਨਾ ਬਧਾ ਆਵੈ ਜਾਏ॥ (ਭਾਈ ਗੁਰਦਾਸ)

ਭਾਈ ਸਾਹਿਬ ਕਹਿੰਦੇ – ਕਿ ਇਹ ਜੀਵ, ਵਾਸ਼ਨਾ ਦਾ ਬੱਝਿਆ ਹੋਇਆ ਆਉਂਦਾ ਤੇ ਜਾਂਦਾ ਹੈ। ਏਸ ਕਰਕੇ, ਜੋ ਈਸ਼ਵਰ ਕੋਟੀ ਮੇਂ ਮਹਾਂਪੁਰਸ਼, ਆਪ ਪਰਮੇਸ਼ਰ ਹੈਗਾ, ਜੋਤੀ ਸਰੂਪ, ਉਹਦੇ ਤੇ ਕਿਸੇ ਕਰਮ ਦਾ ਬੋਝ ਨਹੀਂ ਹੁੰਦਾ ਹੈਗਾ। ਉਹ ਜੀਵਾਂ ਨੂੰ ਕਰਮ ਭੁਗਤਾਉਣ ਵਾਸਤੇ ਆਉਂਦਾ ਹੈ, ਚਾਹੇ ਗੀਤਾ ਪੜ੍ਹੋ, ਚਾਹੇ ਦਸਮ ਪਾਤਸ਼ਾਹ ਦੀ ਬਾਣੀ ਪੜ੍ਹੋ, ਚਾਹੇ ਗੁਰੂ ਗ੍ਰੰਥ ਸਾਹਿਬ –

ਮੈ ਆਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰ ਕਰਬੇ ਕਉ ਸਾਜਾ॥
ਜਹਾਂ ਕਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰ ਪਛਾਰੋ॥

(ਦਸਮ ਗ੍ਰੰਥ)

ਅਖੀਰ ਇੱਥੇ ਗੱਲ ਮੁਕਾਊ ਬਈ ਮੈਂ ਥੋਨੂੰ ਆਪਣਾ ਇੱਕ ਪੁੱਤਰ, ਅਤਿਅੰਤ ਪਿਆਰਾ ਬਣਾਕੇ ਦੁਨੀਆਂ 'ਚ ਭੇਜਦਾ ਹਾਂ –

ਮੈ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਉ ਸਾਜਾ॥ (ਦਸਮ ਗ੍ਰੰਥ)

ਤੁਸੀਂ, ਇੱਕ ਧਰਮ ਦਾ ਪੰਥ ਪ੍ਰਗਟ ਕਰਨਾ ਹੈ।

ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥ (ਦਸਮ ਗ੍ਰੰਥ)

ਕੋਈ ਹੈ ਈਸ਼ਵਰ, ਉਹ ਜਿਸਦੇ ਸਾਹਮਣੇ ਖੜ੍ਹਕੇ ਉਹਨੂੰ ਕਹਿੰਦੇ ਨੇ। ਜਿਸਦਾ ਇੱਕ ਰੂਪ ਹੋ ਕੇ ਕਹਿੰਦੇ ਨੇ– ਜਦ ਤੁਸੀਂ ਸਹਾਇਤਾ ਕਰੋਂਗੇ! ਇਹ ਸੰਬੋਧਨ ਹੈ ਤਾਂ ਮੈਂ ਏਸ ਕੰਮ ਨੂੰ ਕਰ ਸਕੂੰਗਾ, ਮੇਰੀ ਤਾਂ ਸਮਰੱਥਾ ਨਹੀਂ ਹੈ –

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਕਹਾਂ ਤੁਮ ਧਰਮ ਬਿਥਾਰੋ॥ ਦੁਸ਼ਟ ਦੋਖੀਅਨ ਪਕਰ ਪਛਾਰੋ॥

(ਦਸਮ ਗ੍ਰੰਥ)

ਤੁਸੀਂ ਦੁਨੀਆਂ ਦੇ ਵਿੱਚ ਧਰਮ ਦਾ ਵਿਸਤਾਰ ਕਰਨਾ ਹੈ –

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ ੨੬੬)

ਇਹ ਗੁਰੂ ਸਾਹਿਬ ਨੇ ਫੈਸਲਾ ਕਰ ਲਿਆ। ਇੱਕ ਤਾਂ ਪਰਮੇਸ਼ਰ ਦਾ ਨਾਮ ਹੀ ਜਪਣਾ ਤੇ ਇੱਕ ਪਰਮੇਸ਼ਰ ਦੇ ਪਿਆਰਿਆਂ ਦੀ ਨਿਸ਼ਕਾਮ ਸੇਵਾ ਕਰਨੀ। ਇਹ ਸ਼ੁੱਭ ਕੰਮ ਕਰਨੇ ਤੇ ਨਾਮ ਨੂੰ ਕਦੇ ਛੱਡਣਾ ਨਹੀਂ–

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ (ਪੰਨਾ ੨)

ਜੀਵ ਨੇ, ਕਦੇ ਤਾਂ ਈਸ਼ਵਰ ਨਾਲ ਮਿਲਣਾ ਹੀ ਹੈ, ਕਿਉਂਕਿ ਦਸਮ ਪਾਤਸ਼ਾਹ ਦਾ ਦ੍ਰਿਸ਼ਟਾਂਤ ਹੈ –

ਦ੍ਵੈ ਤੇ ਏਕ ਰੂਪਿ ਹੋਇ ਗਇਓ ॥ (ਬਚਿੱਤਰ ਨਾਟਕ)

ਪਹਿਲਾਂ ਦੋ ਥੇ, ਤਾਂ ਇੱਕ ਰੂਪ ਹੋਇਆ, ਉਹ ਦੂਜਾ ਕੌਣ ਸੀ? ਦੂਜਾ ਮਾਇਆ ਦਾ ਆਛਾਦਨ ਕੀਤਾ ਹੋਇਆ ਜੀਵ ਸੀ –

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ ੪੬੩)

ਉਸ ਮਾਇਆ ਦੇ ਵਿੱਚ, ਜੀਵ ਦਾ ਅੰਤਹਕਰਣ ਐਸਾ ਜੁੜਿਆ, ਇਹ ਵਾਸ਼ਨਾ, ਕਾਮਨਾ, ਤ੍ਰਿਸ਼ਨਾ ਆਦਿ ਦਾ ਐਸਾ ਰੋਗ ਲੱਗਿਆ–

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ (ਪੰਨਾ ੪੬੬)
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
(ਪੰਨਾ ੯੧੯)

ਤੇ ਦੋਹਾਂ ਦੀ ਦਵਾਈ ਵੀ ਬਿਲਕੁਲ ਸਹੀ ਦੱਸੀ –

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥ (ਪੰਨਾ ੨੭੪)
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ (ਪੰਨਾ ੪੬੮)

ਸੱਚ ਹੀ ਪਰਮੇਸ਼ਰ ਹੈ।

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਪੰਨਾ ੧)

ਸਤਿਅਮ ਗਿਆਨ ਅਨੰਤਮ ਬ੍ਰਹਮ॥ (ਉਪਨਿਸ਼ਦ)

ਉਪਨਿਸ਼ਦ ਨੇ ਜਦ ਸਰੂਪ ਲਕਸ਼ਣ ਕੀਤਾ, ਉਹਨੇ ਆਖਿਆ, ਪਰਮੇਸ਼ਰ ਕਿਹੋ ਜਿਹਾ ਹੈ? ਉਹਨੇ ਆਖਿਆ –

ਸਤਿਅਮ ਗਿਆਨ ਅਨੰਤਮ ਬ੍ਰਹਮ॥ (ਉਪਨਿਸ਼ਦ)

ਉਹ ਸਤਿ ਸਰੂਪ ਹੈ, ਉਹ ਅਨੰਤ ਸਰੂਪ ਹੈ, ਉਹ ਵਿਆਪਕ ਹੈ, ਉਹ ਸੁੱਖ, ਅਨੰਦ ਸਰੂਪ ਹੈ। ਉਹ ਐਸਾ ਪਰਮੇਸ਼ਰ ਹੈ ਜਿਸਦੇ ਨਾਲ ਤੈਂ ਲਿਵ ਜੋੜਨੀ ਹੈ। ਪਰ ਉਸ ਦਾ ਇਲਾਜ ਵੀ ਨਾਲ ਦੱਸਿਆ ਹੈ–

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ (ਪੰਨਾ ੨੮੫)

ਜਦ ਤੱਕ ਇਸਨੂੰ ਪੂਰਾ ਵਿਸ਼ਵਾਸ਼ ਨਹੀਂ ਆਏਗਾ, ਤਦ ਤੱਕ ਇਹਦਾ ਮਨ ਜੁੜੇਗਾ ਨਹੀਂ। ਜਬ ਤੱਕ ਪਰਮੇਸ਼ਰ ਮੇਂ ਪੂਰਨ ਪ੍ਰੇਮ ਨਹੀਂ ਆਏਗਾ, ਤਬ ਤੱਕ ਇਸਦੇ ਸਾਰੇ ਬੰਧਨ ਕੱਟੇ ਨਹੀਂ ਜਾਣਗੇ। ਥੋਨੂੰ ਪਤਾ ਹੈ, ਉਹ ਮੁਸਲਮਾਨ, ਜਿਹੜੇ ਬੜੇ ਮੌਲਵੀ ਹੁੰਦੇ ਨੇ। ਉਨ੍ਹਾਂ ਨਾਲ ਜਦ ਗੁਰੂ ਨਾਨਕ ਸਾਹਿਬ ਨੇ ਨਮਾਜ ਨਾ ਪੜ੍ਹੀ ਤਾਂ ਉਹ ਨਮਾਜ ਪੜ੍ਹਦਾ ਹੋਇਆ ਕਹਿੰਦਾ, ਹਿੰਦੂ ਝੂਠੇ ਹੁੰਦੇ ਨੇ। ਕਲ੍ਹ ਇਨ੍ਹਾਂ ਨੇ ਕਿਹਾ ਸੀ, ਨਮਾਜ ਪੜ੍ਹਾਂਗੇ, ਅੱਜ ਨਹੀਂ ਪੜ੍ਹੀ। ਗੁਰੂ ਸਾਹਿਬ ਨੇ ਆਖਿਆ, ਕੀਹਦੇ ਨਾਲ ਪੜ੍ਹਦੇ? ਅਖੇ ਜੀ ! ਸਾਡੇ ਨਾਲ। ਗੂਰੂ ਸਾਹਿਬ ਕਹਿੰਦੇ, ਤੂੰ ਤਾਂ ਆਪਣੀ ਬਛੇਰੀ ਦੀ ਨਮਾਜ ਪੜ੍ਹਦਾ ਸੀ? ਦੌਲਤ ਖਾਂ ਪਠਾਣ ਨੇ ਆਖਿਆ ਸਾਡੇ ਨਾਲ ਪੜ੍ਹਦੇ। ਤੂੰ ਆਪਣੇ ਘੋੜਿਆਂ ਦੀ ਪੜ੍ਹਦਾ ਸੀ। ਅਖੇ ਜੀ, ਹੋਰ ਕਿਸੇ ਨੂੰ ਵੀ ਪੁੱਛੋ। ਤਾਂ ਇੱਕ ਕਹਿੰਦਾ, ਜੀ ਮੈਂ ਗਾਧੀ ਹੱਕਦਾ ਆਇਆ ਸੀ, ਮੈਨੂੰ ਫਿਕਰ ਸੀ ਬਈ ਮੇਰਾ ਪਾਣੀ ਨਾ ਟੁੱਟ ਜਾਏ। ਜਿਉਂ ਲੱਗੇ ਕਰਨ, ਗੁਰੂ ਸਾਹਿਬ ਕਹਿੰਦੇ, ਦੱਸ ਬਈ? ਤੈਂ ਸਾਡੇ ਨਾਲ ਬਾਤ ਕੀਤੀ ਸੀ ਖੁਦਾ ਦੀ ਨਮਾਜ ਪੜ੍ਹਨ ਦੀ ਤੇ ਤੇਰੀ ਇਹ ਗੈਰ ਹਾਜਰੀ ਦੀ ਨਮਾਜ ਅਸੀਂ ਕਿਉਂ ਪੜ੍ਹੀਏ? ਤੇਰੀ ਹਜੂਰੀ

ਦੀ ਨਮਾਜ ਹੁੰਦੀ, ਪਰ ਹੁੰਦੀ ਖੁਦਾ ਦੀ ਫੇਰ ਅਸੀਂ ਵੀ ਪੜ੍ਹਦੇ। ਪਰਮੇਸ਼ਰ ਤਾਂ ਇੱਕੋ ਹੀ ਹੈ, ਉਸਦੇ ਨਾਮ ਹੀ ਭਿੰਨ ਭਿੰਨ ਹਨ –

ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥
ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ ੮੩੮)

ਉਹ ਤਾਂ ਗੁਰੂ ਸਾਹਿਬ ਕਹਿੰਦੇ, ਸਾਰਿਆਂ ਹਿਰਦਿਆਂ ਵਿੱਚ ਇੱਕ ਹੈ। ਉਹ ਤਾਂ ਸ਼ੇਰ ਮੇਂ, ਸੱਪ ਮੇਂ ਸਾਰਿਆਂ 'ਚ ਇੱਕ ਹੈ। ਪਰ ਮੈਂ ਇੱਕ ਆਦਮੀ ਨੂੰ ਆਖਿਆ, ਸਰਪ ਦੇ ਹਿਰਦੇ ਵਿੱਚ ਹੈ? ਅਖੇ ਹਾਂ ਹੈ, ਕਾਫੀ ਸਿਆਣਾ ਆਦਮੀ ਸੀ। ਫੇਰ ਮੈਂ ਕਿਹਾ, ਫੇਰ ਡਰਦਾ ਕਿਉਂ ਹੈਂ? ਕਹਿੰਦਾ, ਨਿਰਵੈਰ ਪੜ੍ਹਦਾ ਤਾਂ ਹਾਂ, ਪਰ ਨਿਰਵੈਰਤਾ ਆਈ ਤਾਂ ਨਹੀਂ ਹੈ। ਬਾਤ ਕਿੰਨੀ ਸੱਚੀ ਕਰਤੀ। ਕਹਿੰਦਾ, ਨਿਰਭਉ, ਨਿਰਵੈਰ ਪੜ੍ਹਦਾ ਤਾਂ ਹਾਂ, ਮੇਰੇ ਵਿੱਚ ਤਾਂ ਨਹੀਂ ਆਈ ਹੈਗੀ। ਜੇ ਆਈ ਹੁੰਦੀ ਤਾਂ ਕਿਉਂ ਡਰਦਾ? ਮੈਂ ਆਖਿਆ ਬੱਸ ਹੁਣ ਤੇਰਾ ਜਵਾਬ ਬਿਲਕੁਲ ਠੀਕ ਹੈਗਾ। ਏਸ ਕਰਕੇ, ਐਂ ਜਬ ਤੱਕ ਅਸੀਂ ਗੁਰੂ ਤੇਗ ਬਹਾਦਰ ਦੇ ਪੂਰਨਿਆਂ ਨੂੰ ਗ੍ਰਹਿਣ ਨਹੀਂ ਕਰਾਂਗੇ ਤਬ ਤੱਕ ਨਿਰਵੈਰਤਾ, ਨਿਰਭੈਤਾ ਕੈਸੇ ਆਏਗੀ? ਜੇ ਤੁਸੀਂ ਆਖੋਂ ਕਿ ਗੁਰੂ ਤੇਗ ਬਹਾਦਰ ਨੂੰ ਕੋਈ ਦੁੱਖ ਹੋਇਆ ਜਾਂ ਕੋਈ ਤਕਲੀਫ ਹੋਈ, ਇਨ੍ਹਾਂ ਬਾਤਾਂ ਨੂੰ ਮੈਂ ਤਾਂ ਮੰਨਣ ਨੂੰ ਤਿਆਰ ਨਹੀਂ। ਈਸ਼ਵਰ ਕੋਟੀ 'ਚ ਕਦੇ ਦੁੱਖ-ਸੁੱਖ ਹੁੰਦਾ ਈ ਨਹੀਂ। ਜਦ ਇੱਥੇ ਤੱਕ ਹੋ ਗਿਆ –

ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥

(ਪੰਨਾ ੬੩੨)

ਜਿਹੜਾ ਥੋਡੇ ਅੰਦਰ ਵਸਦਾ ਹੈ, ਜਦ ਉਹ ਵੀ ਦੁੱਖ-ਸੁੱਖ ਤੇ ਰਹਿਤ ਹੈ, ਤਾਂ ਈਸ਼ਵਰ ਮੇਂ ਦੁੱਖ-ਸੁੱਖ ਕਿੱਥੋਂ ਆਏਗਾ? ਚੇਤਨ ਤਾਂ ਨਿਰਲੇਪ ਹੈ, ਵਿਆਪਕ ਹੈ, ਸ਼ੁੱਧ ਹੈ –

ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥

ਸਗਲ ਸਮਗ੍ਰੀ ਜਾ ਕਾ ਤਨਾ॥ ਆਪਨ ਜਸੁ ਆਪ ਹੀ ਸੁਨਾ॥
ਆਵਨ ਜਾਨੁ ਇਕੁ ਖੇਲੁ ਬਨਾਇਆ॥ਆਗਿਆਕਾਰੀ ਕੀਨੀ ਮਾਇਆ॥
ਸਭ ਕੈ ਮਧਿ ਅਲਿਪਤੋ ਰਹੈ॥ ਜੋ ਕਿਛੁ ਕਹਣਾ ਸੁ ਆਪੇ ਕਹੈ॥
(ਪੰਨਾ ੨੯੪)

ਉਹ ਤਾਂ ਨਿਰਲੇਪ ਹੈ। ਹੁਕਮ ਦੇ ਵਿੱਚ ਜੀਵ ਆਉਂਦੇ ਨੇ, ਜਾਂਦੇ ਨੇ, ਇਹ ਸਾਰਾ ਸੰਸਾਰ ਹੁਕਮ 'ਚ ਹੈ। ਪਰ ਈਸ਼ਵਰ ਕੋਟੀ ਵਾਲੇ, ਜੀਵ ਤਾਂ ਨਹੀਂ? ਉਹ ਉਸ ਅਕਾਲ ਪੁਰਖ ਦੇ ਹੁਕਮ 'ਚ ਨੇ। ਥੋਨੂੰ ਪਤਾ ਹੈ? ਜਦ ਲਹੌਰੀਏ ਆਕੇ ਮਿਲੇ ਤਾਂ ਉਨ੍ਹਾਂ ਨੇ ਕਿਹਾ, ਤਲਾਅ ਦੇ ਉਰਲੇ ਪਾਸੇ ਦਸਮ ਪਾਤਸ਼ਾਹ ਠਹਿਰ ਗਏ। ਜਦ ਉਨ੍ਹਾਂ ਨੇ ਮੱਥਾ ਟੇਕਿਆ, ਉਹ ਕਹਿੰਦੇ– ਕੀ ਬਾਤ ਹੈ? ਗੁਰੂ ਸਾਹਿਬ ਨੂੰ ਕਹਿੰਦੇ– ਜੀ! ਅਸੀਂ ਥੋਡੀ ਸੁਲ੍ਹਾ ਕਰਾਉਣ ਆਏ ਹਾਂ। ਉਹ ਕਹਿੰਦੇ– ਸਾਡੀ ਸੁਲ੍ਹਾ ਤੁਸੀਂ ਕੀ ਕਰਾਉਣੀ ਹੈ, ਪਹਿਲਾਂ ਆਪਣੀ ਤਾਂ ਕਰ ਲਉ, ਜੇ ਸਾਡੀ ਕਿਸੇ ਨਾਲ ਦੁਸ਼ਮਣੀ ਹੋਵੇ ਤਾਂ ਸੁਲ੍ਹਾ ਕਰਾਉਂ, ਅਸੀਂ ਤਾਂ ਹੁਕਮ 'ਚ ਤੁਰੇ ਜਾਨੇ ਹਾਂ। ਅਖੀਰ, ਅਖੇ ਤੁਸੀਂ ਹੁਣ ਕੀ ਕਰੋਂਗੇ? ਗੁਰੂ ਜੀ ਕਹਿੰਦੇ – ਜੋ ਪਰਮੇਸ਼ਰ ਦਾ ਹੁਕਮ ਹੋਏਗਾ, ਓਹੀ ਅਸੀਂ ਕਰਾਂਗੇ, ਪਰ ਤੁਸੀਂ ਸਾਡਾ ਹੁਕਮ ਮੰਨੋ । ਜੇ ਹੁਕਮ ਮੰਨਣਾ ਹੈ ਤਾਂ ਆ ਜਾਉ । ਜੇ ਹੁਕਮ ਨਹੀਂ ਮੰਨਣਾ ਤਾਂ ਚਲੇ ਜਾਉ । ਪਰ ਅਸੀਂ ਤਾਂ ਅਕਾਲ ਪੁਰਖ ਦੇ ਹੁਕਮ 'ਚ ਹਾਂ। ਅਸੀਂ ਥੋਡੀ ਬਾਤ ਤੇ ਕੋਈ ਮਿਲਾਪ ਨਹੀਂ ਕਰਨਾ ਹੈਗਾ। ਜਦ ਇੱਕ ਆਦਮੀ, ਦੂਸਰੇ ਆਦਮੀ ਨਾਲ ਮਿਲਾਪ ਕਰਦੈ ਤਾਂ ਉਹਦੇ ਮਨ ਵਿੱਚ ਵੀ ਓਨਾ ਹੀ ਫਰਕ ਆਜੂ ਜਿੰਨਾਂ ਉਹਦੇ ਵਿੱਚ ਹੋਏਗਾ। ਜੇ ਨਾਮ ਦੇ ਨਾਲ ਜੁੜਿਆ ਹੋਏਗਾ ਤਾਂ ਮਨ ਸ਼ੁੱਧ ਹੋਏਗਾ –

ਸਭ ਕੈ ਮਧਿ ਅਲਿਪਤੋ ਰਹੈ॥
ਜੋ ਕਿਛੁ ਕਹਣਾ ਸੁ ਆਪੇ ਕਹੈ॥ (ਪੰਨਾ ੨੯੪)

ਕਹਿੰਦਾ ਵੀ ਹੈ –

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥(ਪੰਨਾ ੫੨੦)

ਦੱਸੋ, ਥੋਡੇ ਕਿਹੜੇ ਖਿਆਲ ਨੂੰ ਟਾਈਪ ਨਹੀਂ ਕਰਦਾ ਉਹ ਤੇ ਕਿਹੜੇ ਖਿਆਲ ਨੂੰ ਨਹੀਂ ਦੇਖਦਾ, ਉਹ ਬੀਨਾ? ਤੇ ਕਿਹੜੇ ਖਿਆਲ

ਨੂੰ ਉਹ ਦਾਨਾ, ਨਹੀਂ ਜਾਣਦਾ? ਪਰ ਸਾਨੂੰ ਯਕੀਨ ਨਹੀਂ ਆਇਆ ਕਿ ਪਰਮੇਸ਼ਰ, ਅੰਤਰਜਾਮੀ ਹੈ, ਦ੍ਰਸ਼ਟਾ ਹੈ, ਸਾਖਸ਼ੀ ਹੈ, ਵਿਆਪਕ ਹੈ। ਜੋ ਕੁੱਛ ਅਸੀਂ ਕਰਦੇ ਹਾਂ, ਉਹ ਦੇਖਦਾ ਹੈ –

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ (ਪੰਨਾ ੩੬)

ਜਦ ਉਹ ਸਭ ਕੁੱਛ ਸੁਣਦਾ ਤੇ ਦੇਖਦਾ ਹੈ ਫੇਰ ਮੁੱਕਰ ਕੈਸੇ ਜਾਵੋਂਗੇ ਤੁਸੀਂ? ਉਹ ਤਾਂ ਪ੍ਰਤੱਕਸ਼ ਹੈ। ਪਹਿਲਾਂ ਥੋਨੂੰ ਉਹ ਪ੍ਰਤੱਕਸ਼ ਹੋਏਗਾ ਨਿਰਲੇਪ, ਚੇਤਨ, ਆਪਣਾ ਆਪ । ਫੇਰ ਤੁਸੀਂ ਬੁੱਧੀ ਨੂੰ ਦੇਖੋਂਗੇ ਕਿ ਮੇਰੀ ਬੁੱਧੀ, ਇਹੋ ਜਿਹੀ ਹੈ ਐਸ ਵਕਤ, ਤੇ ਬੁੱਧੀ ਦੇ ਵਿੱਚ ਥੋਡੀਆਂ ਵਾਸ਼ਨਾਂ, ਕਾਮਨਾਂ, ਤ੍ਰਿਸ਼ਨਾਂ ਵੀ ਭਰੀਆਂ ਰਹਿਣਗੀਆਂ ਤੇ ਫੇਰ ਦੇਖੋਂਗੇ। ਪਹਿਲਾਂ ਤੁਸੀਂ ਆਪ ਖੜ੍ਹੇ ਹੋਵੋਂਗੇ, ਬੁੱਧੀ ਤਾਂ ਤੁਹਾਡਾ ਦ੍ਰਿਸ਼ ਹੈ –

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧੦੮੩)

ਪਰ ਦ੍ਰਿਸ਼ਟਮਾਨ ਤਾਂ ਸਾਰਾ ਮਿਥਿਆ ਹੈ। ਤੁਸੀਂ ਅੱਜ ਤੱਕ ਕਦੇ ਦ੍ਰਸ਼ਟਾ ਬਾਰੇ ਵੀ 'ਮਿਥਿਆ' ਪੜ੍ਹਿਆ ਹੈ? ਕਿਸੇ ਗ੍ਰੰਥ 'ਚ ਕਿਸੇ ਨੇ ਪੜ੍ਹਿਆ ਹੈ ਅੱਜ ਤੱਕ? ਉਹ ਸੁਰਤੀ ਤੋਂ ਅਲੱਗ ਹੈ –

ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥

(ਪੰਨਾ ੧੫੨)

ਐਥੇ ਇੱਕ ਸਵਾਲ ਕੀਤਾ ਹੈ ਬਾਣੀ ਦੇ ਵਿੱਚ। ਜਦ ਸਾਨੂੰ ਪੜ੍ਹਾਉਂਦੇ ਹੁੰਦੇ ਥੇ ਗਿਆਨੀ ਸਰੋਵਰ ਸਿੰਘ ਜੀ, ਉਹ ਨਾਲ-ਨਾਲ ਸਵਾਲ ਵੀ ਕਰਦੇ ਹੁੰਦੇ ਤੇ ਪੰਡਿਤ ਤਾਰਾ ਸਿੰਘ ਵੀ ਸਵਾਲ ਕਰਕੇ ਅਰਥ ਕਰਦੇ ਹੁੰਦੇ ਤੇ ਏਸ ਕਰਕੇ, ਉਹ ਪੰਡਿਤ ਕਹਿੰਦਾ, ਮੇਰੇ ਲੜਕੇ ਦਾ ਮੈਨੂੰ ਸ਼ੋਕ ਹੋਇਆ, ਉਹ ਤਾਂ ਤੁਸੀਂ ਦੂਰ ਕਰ ਦਿੱਤਾ ਕਿ ਸਰੀਰ ਪੰਜਾਂ ਤੱਤਾਂ ਦਾ ਸੀ, ਉਹਦੀ ਬੁੱਧੀ ਸੀ, ਐਸਾ ਸੀ, ਪ੍ਰਕ੍ਰਿਤੀ ਮਿਥਿਆ ਹੈ, ਦ੍ਰਸ਼ਟਾ ਸੱਤ ਹੈ, ਸਹੀ ਹੈ, ਪਰ ਕੀ ਤੁਸੀਂ ਨਹੀਂ ਮਰੋਂਗੇ? ਤਾਂ ਗੁਰੂ ਸਾਹਿਬ ਕਹਿੰਦੇ

–

ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥ ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥ (ਪੰਨਾ ੧੫੨)

ਚਾਰੇ ਖਾਣੀਆਂ ਦੇ ਹਿਰਦਿਆਂ ਦੀ ਗੁਫਾ ਦੇ ਵਿੱਚ ਜੋ ਬੈਠਾ ਹੈਗਾ, ਉਸਨੂੰ ਕੈਸੇ ਤੁਸੀਂ ਛੁਪਾ ਸਕਦੇ ਹੋਂ? ਗੁਰੂ ਤੇਗ ਬਹਾਦਰ, ਉਹ ਜੋਤੀ ਸਰੂਪ ਸੀ। ਇਹ ਸਾਰੇ ਜੋਤ ਸਰੂਪ ਹੁੰਦੇ ਨੇ। ਗੁਰੂ ਤੇਗ ਬਹਾਦਰ, ਦਸੇ ਪਾਤਸ਼ਾਹੀਆਂ, ਕਬੀਰ, ਦਾਦੂ ਤੇ ਈਸਾ। ਇਹ ਕੋਈ ਜੀਵ ਕੋਟੀ ਦੇ ਪੁਰਸ਼ ਨਹੀਂ ਹੁੰਦੇ, ਇਹ ਈਸ਼ਵਰ ਕੋਟੀ ਦੇ ਨੇ। ਉਹ ਦੁਨੀਆਂ ਦਾ ਸੁਧਾਰ ਕਰਨ ਵਾਸਤੇ ਆਉਂਦੇ ਨੇ ਤੇ ਅਸੀਂ ਆਪਣੇ ਕਰਮਾਂ ਦੇ ਬੰਨ੍ਹੇ ਬੈਠੇ ਹਾਂ। ਉਨ੍ਹਾਂ ਦਾ ਤੇ ਸਾਡਾ ਇਹੀ ਫਰਕ ਹੈ। ਸਾਡੇ ਵਿੱਚ ਵੀ ਕੁੱਛ ਆਦਮੀ ਐਸੇ ਹੋਣਗੇ, ਜਿਨ੍ਹਾਂ ਨੂੰ ਯੋਗ-ਭ੍ਰਸ਼ਟ ਕਿਹਾ ਹੈਗਾ। ਬਾਲਮੀਕ, ਬਿਧੀ ਚੰਦ ਜੈਸੇ ਕਿਤਨੇ ਲੋਕ ਗਲਤ ਕੰਮ ਕਰਨ ਵਾਲੇ, ਤੇ ਇਕ ਦਮ ਉਹ ਪਰਮੇਸ਼ਰ ਮੇਂ ਜੁੜ ਗਏ, ਜਿਸ ਦਿਨ ਤੋਂ ਉਨ੍ਹਾਂ ਨੇ ਨਾਮ ਲਿਆ। ਜਬ ਤੱਕ ਉਨ੍ਹਾਂ ਦਾ ਮਿਲਾਪ ਨਹੀਂ ਹੋਇਆ ਤਬ ਤੱਕ ਉਨ੍ਹਾਂ ਨੇ ਸਰੀਰ ਉਤੇ ਸਿਉਂਕ (ਦੀਮਕ) ਲੱਗੀ ਹੋਈ ਵੀ ਨਹੀਂ ਦੇਖੀ। ਉਹ ਵੀ ਈਸ਼ਵਰ ਕੋਟੀ ਮੇਂ ਜਾ ਪਹੁੰਚੇ । ਏਸ ਕਰਕੇ, ਉਹ ਪਰਮੇਸ਼ਰ ਥੇ। ਉਹ ਈਸ਼ਵਰ ਕੋਟੀ ਕੇ ਥੇ, ਉਹ ਗੁਰੂ ਤੇਗ ਬਹਾਦਰ, ਮਹਾਂਪੁਰਸ਼ ਪਰਉਪਕਾਰੀ ਥੇ।

ਚੱਲ ਬਈ ਪੜ੍ਹ –

ਸੋਰਠਿ ਮਹਲਾ ੯

ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਕਥਨ ਕਰਦੇ ਨੇ, ਸੁਣ ਲਓ। ਇਹ ਪੜ੍ਹਨ ਵਾਲਾ, ਮੈਂ ਸੁਣਾਉਣ ਵਾਲਾ ਤੇ ਕਥਨ ਅਕਾਲ ਪੁਰਖ ਦਾ ਹੈ –

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥

ਇਹ ਪ੍ਰਸ਼ਨ ਹੈ। ਹੇ ਭਾਈ ! ਹੇ ਬਾਬਾ ! ਹੇ ਪਿਆਰੇ ! ਮੈਂ ਉਸ ਮਾਲਕ

ਨੂੰ ਕੈਸੇ ਲਖਾਂ ? ਗੋਸਾਈਂ ਉਹ ਹੈ, ਜਿਹੜਾ **'ਗੋ'** ਦਾ ਸਾਈਂ (ਮਾਲਕ) ਹੋਵੇ, **'ਗੋ'** ਨਾਮ ਹੈ ਸ੍ਰਿਸ਼ਟੀ ਦਾ, ਗਊਆਂ ਦਾ ਤੇ ਹੋਰ ਬਹੁਤ ਸਾਰੀਆਂ ਚੀਜਾਂ ਦਾ । ਜਿਹੜਾ ਸਭ ਦਾ ਮਾਲਕ ਹੋਵੇ, ਉਸਨੂੰ ਗੋਸਾਈਂ ਕਹਿੰਦੇ ਨੇ। ਮੈਂ, ਉਸ ਮਾਲਕ ਨੂੰ ਕਿਹੜੀ ਵਿਧੀ ਨਾਲ ਲਖਾਂ ? ਮੈਨੂੰ ਉਹ ਵਿਧੀ ਦੱਸੋ, ਜਿਸ ਕਰਕੇ ਮੈਂ ਪਰਮੇਸ਼ਰ ਨੂੰ ਲਖ ਲਵਾਂ? ਪਰਮੇਸ਼ਰ ਦੇਖਿਆ ਨਹੀਂ ਜਾਂਦਾ, ਉਹ ਦ੍ਰਿਸ਼ ਨਹੀਂ ਹੈ, ਉਹ ਲਖਿਆ ਜਾਂਦਾ ਹੈ, ਬੁੱਧੀ ਵਿੱਚ ਸਮਝਿਆ ਜਾਂਦਾ ਹੈਗਾ, ਬਈ ਆ ਜਿਹੜਾ ਮੇਰੀ ਬੁੱਧੀ ਨੂੰ ਸੱਤਾ-ਸਫੁਰਤੀ ਦੇਣ ਵਾਲਾ, ਮੇਰੀ ਬੁੱਧੀ ਵਿੱਚ ਬੈਠਾ, ਮੇਰੀ ਬੁੱਧੀ ਨੂੰ ਦੇਖਦਾ ਹੈ, ਇਹੀ ਪ੍ਰਮੇਸ਼ਰ ਹੈ। ਜਦ ਤੁਸੀਂ ਕੋਈ ਮਾੜਾ ਸੰਕਲਪ ਚਿਤਵਦੇ ਹੋਂ ਤਾਂ ਖਿਝ ਨਹੀਂ ਆਉਂਦੀ ਹੈਗੀ? ਜਦੋਂ ਕੋਈ ਅੱਛਾ ਕੰਮ ਕਰਦੇ ਹੋਂ, ਖੁਸ਼ੀ ਨਹੀਂ ਆਉਂਦੀ ਹੈ? ਉਹ ਕੌਣ ਹੈ ਜਿਹੜਾ ਥੋਡੀ ਬੁੱਧੀ ਵਿੱਚ ਬੈਠਾ ਹੈ? "**ਦਾਨਾ ਬੀਨਾ ਸਾਂਈ**" ਉਹੀ ਹੈ, ਕੋਈ ਹੋਰ ਤਾਂ ਨਹੀਂ, ਉਹ ਸਾਰਿਆਂ ਦੇ ਅੰਦਰ ਹੈ, ਚਾਰ ਖਾਣੀਆਂ ਦੇ ਅੰਦਰ ਹੈ। ਸਾਡੀ ਜਿਹੜੀ ਇਹ ਅਰਦਾਸ ਹੈ, "**ਤੇਰੇ ਭਾਣੇ ਸਰਬੱਤ ਦਾ ਭਲਾ**", ਇਹ ਬਹੁਤ ਅੱਛੀ ਹੈ ਪਰ ਇਹ ਵਾੜੇ ਦੇ ਅੰਦਰ ਹੀ ਰਹਿ ਜਾਂਦੀ ਹੈ। ਜਦ ਇੱਥੋਂ ਜਾਂਦੇ ਹੋਂ ਤਾਂ ਫਾਟਕ ਵੀ ਨਹੀਂ ਟਪਦੀ ਹੈਗੀ । ਜੇ ਨਾਲ ਲੈ ਜਾਉਂ ਤਾਂ ਬਹੁਤ ਅੱਛਾ ਹੈ। ਕਹੋਂਗੇ ਜਰੂਰ "**ਤੇਰੇ ਭਾਣੇ ਸਰਬੱਤ ਦਾ ਭਲਾ**" ਪਰ ਜੇ ਹਮੇਸ਼ਾਂ ਵਾਸਤੇ ਸਾਥ ਰੱਖੋਂ ਤਾਂ ਫੇਰ ਦੋਸ਼ ਹੀ ਕੋਈ ਨਾ ਆਵੇ । ਜਦ ਅਸੀਂ ਸਾਰਿਆਂ ਦਾ ਭਲਾ ਹੀ ਕਰਨਾ ਹੈਗਾ, ਫੇਰ ਸਾਡਾ ਦੁਸ਼ਮਣ ਕੌਣ ਹੈ?

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

(ਪੰਨਾ ੧੨੯੯)

ਫੇਰ ਤਾਂ ਇਹ ਬਾਤ ਹੈ ਬਈ ਉਹ ਮੈਨੂੰ ਗੱਲ ਦੱਸੋ ? ਮੈਂ ਉਸ ਮਾਲਕ ਨੂੰ ਕਿਸ ਵਿਧੀ ਨਾਲ ਦੇਖ ਲਵਾਂ, ਜਾਣ ਲਵਾਂ?

ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ ॥ ਰਹਾਉ ॥

ਆਹ ਜਿਹੜਾ ਮੋਹ ਹੈਗਾ, ਇਹ ਅਤਿਅੰਤ ਬੜਾ **'ਤਿਮਰਿ'** ਹੈ, ਜੰਗਲ ਹੈ ਸੰਘਣਾ, ਇਹਦੇ ਵਿੱਚ ਮੇਰਾ ਮਨ ਉਲਝ ਚੁੱਕਿਐ, ਫਸ

ਚੁੱਕਿਆ ਹੈਗਾ । ਇਹ ਤੁਸੀਂ ਹੁਣ ਆਪੇ ਹੀ ਆਪਣੇ ਮਨ ਦੇ ਜੱਜ ਬਣਕੇ ਦੇਖਿਉ ਕਿ ਜਿੱਥੇ-ਜਿੱਥੇ ਥੋੜਾ ਮਨ ਲੱਗਿਆ ਹੋਊਗਾ ਦੁਨੀਆਂ ਵਿੱਚ। ਕਈਆਂ ਦੀਆਂ ਬਾਤਾਂ ਤਾਂ ਉਈਂ ਹੁੰਦੀਆਂ ਨੇ ਬਈ ਮੈਨੂੰ ਪੁੱਤਰ ਬੜਾ ਪਿਆਰਾ ਹੈ, ਬਈ ਮੈਨੂੰ ਇਸਤਰੀ ਪਿਆਰੀ ਹੈ, ਬਈ ਮੈਨੂੰ ਫਲਾਣਾ ਪਿਆਰਾ ਹੈ, ਮੇਰਾ ਬੜਾ ਪ੍ਰੇਮ ਹੈ, ਇਹ ਗੱਲ ਗਲਤ ਹੈ। ਪ੍ਰੇਮ, ਪਰਮੇਸ਼ਰ ਨਾਲ ਹੁੰਦਾ ਹੈ ਜਾਂ ਗੁਰੂ ਨਾਲ ਹੁੰਦਾ ਹੈ। ਇਹ ਮੋਹ ਹੈ, ਇਸ ਮੋਹ ਨੂੰ ਲੋਕ ਪ੍ਰੇਮ ਕਹਿਣ ਲੱਗ ਪਏ । ਇਉਂ ਸਾਰੇ ਭੁੱਲ ਗਏ, ਇਹ ਤਾਂ ਮੋਹ ਹੈਗਾ, ਉਹ ਵੀ ਸੁਆਰਥ ਵਾਲਾ ਮੋਹ ਹੈਗਾ। ਜੇ ਪਰਮਾਰਥ ਵਾਲਾ ਮੋਹ ਹੋਵੇ ਤਾਂ ਵੀ ਕੁੱਛ ਚੰਗਾ ਰਹੇ। ਇਹ ਸੁਆਰਥ ਵਾਲਾ ਤਾਂ ਮੋਹ ਹੈ, ਇਹ ਤਾਂ ਬੜਾ ਗਲਤ ਹੈ। ਇਸੇ ਮੋਹ ਵਿੱਚ, ਅਗਿਆਨ ਵਿੱਚ, ਮੇਰਾ ਮਨ ਫਸ ਚੁੱਕਿਐ। ਫੇਰ ਗੁਰੂ ਸਾਹਿਬ ਸਾਨੂੰ ਕਹਿੰਦੇ ਨੇ ਸਾਰਿਆਂ ਨੂੰ -

ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥

ਮੇਰਾ ਮਨ, ਇਸ ਮੋਹ ਦੇ ਵਿੱਚ ਉਲਝ ਗਿਆ ਹੈ। ਸਾਰਿਆਂ ਪ੍ਰਤੀ ਉਪਦੇਸ਼ ਕਰਦੇ ਨੇ । ਅਪਣੇ ਮਨ ਦੇ ਪ੍ਰਤੀ ਉਪਦੇਸ਼ ਕਰਕੇ ਕਹਿੰਦੇ ਨੇ। ਇਹ ਪਹਿਲੀ ਪ੍ਰਕਾਰ ਦਾ ਉਪਦੇਸ਼ ਹੈ। ਤਿੰਨ ਪ੍ਰਕਾਰ ਦਾ ਉਪਦੇਸ਼ ਹੁੰਦਾ ਹੈ। ਜਿਹੜਾ ਮਨ ਦੇ ਪ੍ਰਤੀ ਕਰਕੇ ਕਹੇ, ਉਹ ਉਪਦੇਸ਼, ਉੱਤਮ ਪੁਰਖ ਦੁਆਰਾ ਹੁੰਦਾ ਹੈ। ਮੇਰਾ ਮਨ, ਐਥੇ ਉਲਝ ਗਿਆ। ਭਾਈ ਤੁਸੀਂ ਦੇਖਿਉ ! ਆਪ ਹੀ ਖਿਆਲ ਕਰਨਾ, ਮੇਰਾ ਮਨ ਤਾਂ ਗੁਰੂ ਸਾਹਿਬ ਕਹਿੰਦੇ ਨੇ ਐਥੇ ਉਲਝਿਐ, ਕਹਿੰਦੇ ਸਾਨੂੰ ਨੇ, ਪਰ ਅਪਣੇ ਮਨ ਪ੍ਰਤੀ ਕਹਿ ਕੇ, ਕਹਿੰਦੇ ਨੇ।

ਰਹਾਉ॥

'**ਰਹਾਉ**' ਹੁੰਦਾ ਹੈ ਰਾਗੀਆਂ ਵਾਸਤੇ, ਬਈ ਇਹ ਪੰਕਤੀ ਦੋ ਵਾਰ ਪੜ੍ਹੋ।

ਸਗਲ ਜਨਮ ਭਰਮ ਹੀ ਭਰਮ ਖੋਇਓ

ਸਾਰਾ ਜਨਮ ਤਾਂ ਮੈਂ ਭਰਮ ਦੀ ਦੁਨੀਆਂ ਦੇ ਵਿੱਚ ਖੋ ਦਿੱਤਾ ।

ਜਦ ਤੁਸੀਂ ਵੇਦਾਂਤ ਜਾਂ ਹੋਰ ਕੋਈ ਗ੍ਰੰਥ ਪੜ੍ਹੋਂਗੇ, ਤੀਜਾ ਕੋਈ ਨਹੀਂ ਆਏਗਾ। ਇੱਕ ਯਥਾਰਥ ਗਿਆਨ, ਇੱਕ ਭਰਮ ਗਿਆਨ, ਤੀਸਰਾ ਤਾਂ ਗਿਆਨ ਹੀ ਨਹੀਂ ਕੋਈ। ਭਰਮ ਗਿਆਨ ਕੀ ਹੈ? ਥੋਨੂੰ ਸ਼ਾਮ ਨੂੰ, ਰਾਤ ਨੂੰ ਰੱਸੀ 'ਚ ਸਰਪ ਦਿਸ ਪਿਆ। ਭਰਮ ਗਿਆਨ ਤੇ ਤੁਸੀਂ ਭੱਜ ਪਵੋਂਗੇ, ਕਹੋਂਗੇ, ਲਿਆ ਉਏ ਸੋਟੀ ! ਫਲਾਣਾ, ਧਿਮਕਾ, ਭੱਜੇ ਫਿਰੋਂਗੇ। ਜੇ ਬਹੁਤਾ ਡਰ ਜਾਉਂਗੇ ਤਾਂ ਡਿੱਗ ਪਵੋਂਗੇ। ਇਹ ਭਰਮ ਗਿਆਨ ਹੈ। ਜੇ ਤੁਸੀਂ ਲਾਲਟੈਣ ਜਾਂ ਦੀਵਾ ਲੈ ਆਂਦਾ, ਰੱਸੀ ਨੂੰ ਠੀਕ ਰੱਸੀ ਦੇਖ ਲਿਆ, ਇਹ ਯਥਾਰਥ ਗਿਆਨ ਹੈ, ਕੋਈ ਇਹਦੇ 'ਚ ਹਰਜਾ ਤਾਂ ਨਹੀਂ ਹੈ। ਸੂਤਰਾਂ ਦੇ ਵਿੱਚ ਬਹੁਤ ਅਰਥ ਲਿਖਿਆ ਹੁੰਦਾ ਹੈ। ਹੁਣ ਤੁਸੀਂ ਐਂ ਦੱਸੋ, ਥੋਨੂੰ ਆਪਣੇ ਆਤਮਾ ਦੇ ਵਿੱਚ ਭਰਮ ਤਾਂ ਨਹੀਂ ਦਿੱਸ ਰਿਹਾ? ਰੱਸੀ ਦੇ ਵਿੱਚ ਸਰਪ ਦਾ ਭਰਮ ਨਹੀਂ ਰਹਿੰਦਾ ਜਦ ਤੁਸੀਂ ਦੇਖ ਲੈਂਦੇ ਹੋਂ। ਜੇ ਕੋਈ ਹੋਰ ਵੀ ਆਖੇ ਸਰਪ ਸੀ, ਤੁਸੀਂ ਕਹਿੰਦੇ ਹੋਂ ਨਹੀਂ, ਕੋਈ ਨਾ, ਆਜੋ, ਆਜੋ ।ਮੈਂ ਵਿਚਾਰ ਸਾਗਰ ਪੜ੍ਹਾਉਂਦਾ ਹੁੰਦਾ ਸੀ, ਬਹੁਤ ਛੇਤੀ ਦਸਦਾ ਹਾਂ, ਜਦ ਮੈਂ ਉਦਾਹਰਣ ਦਿੱਤੇ, ਉਨ੍ਹਾਂ ਨੇ ਗੱਲ ਨਾ ਮੰਨੀ। ਇਸ ਲਈ, ਮੈਂ ਕਿਹਾ, ਚਲੋ ਚੰਗਾ। ਇੱਕ ਨਹਿਰ ਚਲਦੀ ਸੀ। ਮੈਂ ਇੱਕ ਇਹੀ ਜਿਹੀ ਲੱਕੜੀ ਲੈ ਲੀ ਜਿਸਦਾ ਸਿਰ ਬੜਾ ਸੀ, ਉਹ ਪੁਲ ਦੇ ਵਿਚਾਲੇ ਰੱਖ 'ਤੀ। ਉਹੀ ਤਿੰਨ ਜਣੇ ਗੱਲਾਂ ਕਰਦੇ ਆਉਂਦੇ ਸੀ, ਜਿਹੜੇ ਮੰਨਦੇ ਨਹੀਂ ਸੀ। ਜਦ ਕੋਲ ਆਏ ਤਾਂ ਭੱਜੇ ਸਾਰੇ, ਅਖੇ, ਜੀ ਸਰਪ ਬੈਠਾ ਹੈ ਪੁਲ ਦੇ ਵਿਚਾਲੇ। ਮੈਂ ਕਿਹਾ ਆਜੋ ਮੈਂ ਦੇਖਦਾ ਹਾਂ । ਮੈਂ ਉਸ ਲਕੜੀ ਤੇ ਪੈਰ ਰੱਖ ਲਿਆ, ਫੇਰ ਸਾਰੇ ਹੱਸ ਪਏ। ਮੈਂ ਕਿਹਾ, ਕਿਉਂ? ਕਹਿੰਦੇ, ਹਾਂ ਜੀ ਠੀਕ ਹੈ। ਭਰਮ ਗਿਆਨ ਦੇ ਵਿੱਚ ਜੀਵ ਐਸਾ ਫਸਿਐ ਕਿ ਇਸਨੂੰ ਆਪਣੇ ਆਤਮਾ ਦਾ ਯਥਾਰਥ ਗਿਆਨ ਹੋਇਆ ਹੀ ਨਹੀਂ। ਪਰ ਨਾਲੇ ਇਹ ਸਿਧਾਂਤ ਹੈ –

ਰਿਦੈ ਗਿਆਨਨ ਨ ਮੁਕਤੀ
ਗਿਆਨਸਤੂ ਕੇਵਲੰ
ਨਾ ਅਨਿਐ ਪੰਥਾ ਜਗਤੇਨ

ਹੋਰ ਕੋਈ ਪੰਥ ਨਹੀਂ ਹੈ ਮੋਖਸ਼ ਦਾ, ਬਿਨਾਂ ਗਿਆਨ ਤੇ। ਪਹਿਲੇ

ਸਾਧਨ ਨੇ, ਪਹਿਲੇ ਯੱਗ ਆਦਿ ਨਿਸ਼ਕਾਮ ਸਾਧਨ ਨੇ, ਫਿਰ ਬੈਰਾਗ ਆਦਿ ਸਾਧਨ ਨੇ, ਫੇਰ ਸ੍ਵਣ, ਮੰਨਣ, ਨਿਧਿਆਸਣ ਆਦਿ ਨੇ –

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥ (ਪੰਨਾ ੪)

ਉਸ ਤੀਰਥ ਦੇ ਵਿੱਚ ਥੋਡੇ ਮਨ ਦਾ ਇਸ਼ਨਾਨ ਉਦੋਂ ਹੋਵੇਗਾ, ਜਦੋਂ ਥੋਡੀ ਲਿਵ ਲੱਗ ਜਾਊਗੀ, ਜਦ ਥੋਡੀ ਬਿਰਤੀ ਬ੍ਹਮਾਕਾਰ ਹੋਊਗੀ। ਨਾਰਦ ਨੇ ਤਾਂ ਆਉਣਾ ਸੀ, ਸ਼ਾਸਤਰ ਕੰਠ ਕੀਤੇ ਬੜੇ, ਸਭ ਕੁੱਛ ਕੀਤਾ ਪਰ ਸ਼ੋਕ ਨਾ ਗਿਆ। ਜਦ ਸ੍ਰੀ ਸਨਕ, ਸਨੰਦਨ ਦੇ ਪਾਸ ਗਿਆ ਤਾਂ ਉਸਨੇ ਆਖਿਆ ਕੈਸੇ ਹੋ? ਤੂੰ ਤਾਂ ਦੇਵ ਰਿਸ਼ੀ ਹੈਂ। ਕਹਿੰਦਾ, ਜੀ! ਮੈਨੂੰ ਸ਼ੋਕ ਵਿਆਪਦਾ ਹੈ, ਉਹ ਨਹੀਂ ਗਿਆ। ਜੋ ਪੜ੍ਹਿਆ ਸੀ, ਉਸਨੇ ਸਾਰਾ ਸੁਣਾ ਦਿੱਤਾ, ਚੌਂਦਾਂ ਵਿੱਦਿਆਂ ਵੀ ਮੂੰਹ ਜੁਬਾਨੀ। ਉਸਨੇ ਆਖਿਆ ਵਿੱਦਿਆ ਪੜ੍ਹਨ ਨਾਲ, ਤੇਰੀ ਬਿਰਤੀ ਤਾਂ ਪਰਮੇਸ਼ਰ ਨਾਲ ਨਹੀਂ ਜੁੜੀ ? ਜਿਸਨੂੰ ਅਸੀਂ ਲਿਵ ਕਹਿੰਦੇ ਹਾਂ। ਉਸ ਲਿਵ ਤੋਂ ਅਬਿਨਾਸ਼ੀ ਪਦ ਦੀ ਪ੍ਰਾਪਤੀ ਹੁੰਦੀ ਹੈ। ਉਸਨੇ ਪੁੱਛਿਆ, ਤੇਰਾ ਮਨ ਪਰਮੇਸ਼ਰ ਨਾਲ ਜੁੜਿਐ? ਤਾਂ ਨਾਰਦ ਕਹਿੰਦਾ, ਨਾ ਜੀ! ਫੇਰ ਅਖੇ ਸ਼ੋਕ ਕੈਸੇ ਜਾਏਗਾ? ਹੁਣ ਤੂੰ ਇੱਕ ਕੰਮ ਕਰ, ਅਖੇ ਜੀ! ਹੁਣ ਤੁਸੀਂ ਮੈਨੂੰ ਉਪਦੇਸ਼ ਦਿਉ? ਫਿਰ ਉਨ੍ਹਾਂ ਨੇ ਭੂਮਾ ਵਿੱਦਿਆ ਦਾ ਉਪਦੇਸ਼ ਦਿੱਤਾ। 'ਭੂਮਾ' ਵਿਆਪਕ ਨੂੰ ਕਹਿੰਦੇ ਨੇ! ਜਿਹੜਾ ਵਿਆਪਕ ਹੈ, ਉਸਦੇ ਬਿਨਾਂ ਤੂੰ ਆਪਣੀ ਬਿਰਤੀ ਦੇ ਵਿੱਚ ਕੋਈ ਸੰਸਕਾਰ ਨਾ ਪਾਈਂ, ਤੇ ਉਸ ਵਿਆਪਕ ਦੇ ਉਤੇ ਠੀਕ ਨਿਸ਼ਚਾ ਰੱਖੀਂ –

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥ (ਪੰਨਾ ੩੮੪)

ਤੂੰ ਨਾਮ ਨਾਲ ਜੋੜ ਮਨ ਨੂੰ, ਤੇ ਦੁਨੀਆਂ ਨਾਲ ਕਰੀਂ **'ਠਾਠਾ ਬਾਗਾ'** ਜਦ ਤੇਰੀ ਲਿਵ ਪਰਮੇਸ਼ਰ ਨਾਲ ਜੁੜੇਗੀ ਤਾਂ ਕਦੇ ਨਹੀਂ ਛੁੱਟੇਗੀ, ਤਾਂ ਤੇਰੇ ਹਰਖ, ਸੋਗ ਸਾਰੇ ਦੂਰ ਹੋ ਜਾਣਗੇ। ਜਦ ਉਸਦਾ ਅਭਿਆਸ ਕੀਤਾ ਤੇ ਮਨ ਜੁੜਿਆ ਤਾਂ ਸੋਗ ਦੂਰ ਹੋ ਗਿਆ । ਫਿਰ

ਉਸੇ ਨਾਰਦ ਨੇ ਆਕੇ, ਪ੍ਰਹਿਲਾਦ ਨੂੰ ਉਪਦੇਸ਼ ਦਿੱਤਾ ਤੇ ਬਿਆਸ ਨੂੰ ਵੀ ਉਸੇ ਨੇ ਉਪਦੇਸ਼ ਦਿੱਤਾ। ਇਸ ਕਰਕੇ ਜਦ ਤੱਕ ਇਹ ਜੀਵ, ਯਥਾਰਥ ਨਹੀਂ ਜਾਣ ਲਏਗਾ ਕਿ ਯਥਾਰਥ ਦੁਨੀਆਂ ਵਿੱਚ ਇੱਕੋ ਚੀਜ ਹੈ, ਹੋਰ ਤਾਂ ਯਥਾਰਥ ਕੱਖ ਵੀ ਨਹੀਂ। ਏਕਾ ਤਾਂ ਸੰਕੇਤ ਹੈ, ਇਹ ਏਕਾ ਜੋ ਹੈਗਾ –

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ (ਪੰਨਾ ੩੫੦)

ਬੱਸ ਇਹ ਨਿਸਚਾ ਪੱਕਾ ਹੋ ਜਾਏ, ਭਾਈ ! ਮੇਰਾ ਪਰਮੇਸ਼ਰ ਇੱਕ ਹੈ, ਉਹ ਵਿਆਪਕ ਹੈ –

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥ (ਪੰਨਾ ੧੪੨੭)

ਉਹ ਮੈਨੂੰ ਵਿਧੀ ਦੱਸੋ? ਹੁਣ ਉਹ ਵਿਧੀ ਦਸਦੇ ਨੇ –

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥

ਸਾਰਾ ਜਨਮ ਭਰਮ ਦੇ ਵਿੱਚ ਖੋ ਗਿਆ, ਮੈਨੂੰ ਉਹ ਯਥਾਰਥ ਗਿਆਨ, ਆਤਮਾ ਦਾ, ਜਾਗਦੀ-ਜੋਤ ਦਾ ਨਾਂ ਹੋਇਆ। ਸਾਥ ਇਹ ਵੀ ਹੈ ਕਿ ਅਸੀਂ ਸੰਤ ਮਸਤੂਆਣੇ ਵਾਲਿਆਂ ਦੇ ਮੁੱਖ ਤੋਂ ਸੁਣਿਆਂ। ਜਦ ਉਨ੍ਹਾਂ ਨੇ ਧਾਰਨਾ ਲਾਈ "ਜਪੋ ਖਾਲਸਾ ਜੀ, ਸਾਰੇ ਜਾਗਦੀ ਜੋਤ ਨੂੰ।" ਫੇਰ ਸਾਰਿਆਂ ਨੇ ਕਿਹਾ। ਜਾਗਦੀ ਜੋਤ ਜਿਹੜੀ ਤੁਸੀਂ ਜਪਣੀ ਹੈ, ਜੇ ਉਹ ਜਾਗਦੀ ਨਾ ਹੋਵੇ ਤਾਂ ਬੁੱਧੀ ਨੂੰ ਕਾਹਦੇ ਨਾਲ ਵੇਖੋਂਗੇ? ਬੁੱਧੀ ਦੇ ਖਿਆਲਾਂ ਨੂੰ ਕਾਹਦੇ ਨਾਲ ਦੇਖੋਂਗੇ ? ਉਹ ਜਾਗਦੀ ਜੋਤ ਹੀ ਯਥਾਰਥ ਹੈ –

ਜਨਮ ਮਰਨ ਤੇ ਰਹਤ ਨਾਰਾਇਣ ॥

ਉਹ ਜਨਮ-ਮਰਨ ਤੋਂ ਰਹਿਤ ਨਰਾਇਣ ਹੈਗਾ। ਉਹ ਵਿਆਪਕ ਹੈ, ਮੈਨੂੰ ਤੁਸੀਂ ਉਹ ਵਿਧੀ ਦੱਸੋ ?

ਨਹ ਅਸਥਿਰੁ ਮਤਿ ਪਾਈ ॥

"**ਅਸਥਿਰੁ ਮਤਿ**" ਕਦੋਂ ਹੁੰਦੀ ਹੈ? ਜਦ ਇਹ ਇੱਕ ਦੇ ਸਨਮੁੱਖ ਹੋ ਜਾਏ। '੧ਓ' ਇੱਕ ਦੇ ਆਕਾਰ ਬਿਰਤੀ ਹੋ ਜਾਏ। ਮਨ, ਇੱਕ ਦੇ ਨਾਲ ਜੁੜਿਆ ਹੋਵੇ। ਮੈਨੂੰ ਉਹ ਮਤਿ ਪ੍ਰਾਪਤ ਨਾਂ ਹੋਈ ਜਿਹੜੀ ਪਰਮੇਸ਼ਰ ਦੇ ਨਾਲ ਮਿਲਕੇ ਲੀਨ ਹੋ ਜਾਂਦੀ ਹੈ ਅਤੇ ਬਾਕੀ ਆਪਣਾ ਆਪ ਰਹਿ ਜਾਂਦਾ ਹੈ।ਮੈਂ '**ਅਸਥਿਰੁ ਮਤਿ**' ਨਹੀਂ ਪਾਈ।ਨੌਂਵੇਂ ਪਾਤਸ਼ਾਹ ਕਹਿੰਦੇ ਹਨ, ਭਾਈ! ਜਦ ਤੱਕ ਸਾਡੀ ਮਤਿ ਇਸਥਿਤ ਨਹੀਂ ਹੋਵੇਗੀ, ਤਦ ਤੱਕ ਸਾਨੂੰ ਪਰਮੇਸ਼ਰ ਪ੍ਰਾਪਤ ਨਹੀਂ ਹੋਵੇਗਾ ਅਤੇ ਤੁਸੀਂ ਆਪਣੇ ਅੰਦਰ ਦੇਖੋ, ਤੁਹਾਡੇ ਅੰਦਰ ਕਿੰਨੇ ਖਿਆਲ ਚਲਦੇ ਨੇ। ਜਦ ਤੱਕ ਥੋਡੀ ਬੁੱਧੀ ਇਸਥਿਤ ਨਹੀਂ ਹੁੰਦੀ ਤਾਂ ਉਸ ਵਿੱਚ ਪ੍ਰਤੀਬਿੰਬ ਕਾਹਦਾ ਪਵੇਗਾ? ਚਲਦੇ ਜਲ ਤੇ ਪ੍ਰਤੀਬਿੰਬ ਨਹੀਂ ਪਏਗਾ? ਇਸ ਕਰਕੇ, ਸਾਨੂੰ ਉਹ ਸਥਿਰ ਬੁੱਧੀ ਨਾ ਪ੍ਰਾਪਤ ਹੋਈ। ਜੇ ਤੇਰੀ ਬੁੱਧੀ ਪਰਮੇਸ਼ਰ ਨਾਲ ਮਿਲਕੇ ਇਸਥਿਤ ਹੋ ਜਾਂਦੀ, ਫੇਰ ਕਦੇ ਚੰਚਲ ਨਾਂ ਹੁੰਦੀ।

ਬਿਖਿਆਸਕਤ ਰਹਿਓ ਨਿਸੁ ਬਾਸੁਰ ਨਹ ਛੂਟੀ ਅਧਮਾਈ॥

ਮਨ ਸਾਰੀ ਉਮਰ ਵਿਸ਼ਿਆਂ ਦੇ ਵਿੱਚ ਆਸ਼ਕਤ ਹੋਇਆ ਰਿਹਾ, ਵਿਸ਼ਿਆਂ ਵਿੱਚ ਲੱਗਿਆ ਰਿਹਾ, ਸਾਰੇ ਕੰਮ ਕਰਦਾ ਰਿਹਾ। ਉਸਨੇ ਭੀਸ਼ਮ ਨੂੰ ਜਦ ਪ੍ਰਸ਼ਨ ਕਰਕੇ ਪੁੱਛਿਆ ਕਿ ਕਿਉਂ ਜੀ ! ਇਹ ਪਦਾਰਥ ਅੱਛੇ ਨੇ ? ਇਹ ਸੰਸਾਰ ਅੱਛਾ ਹੈ? ਇਹ ਸਾਰੇ ਪ੍ਰਸ਼ਨ ਕਰਕੇ, ਫੇਰ ਇਹ ਮਾਇਆ ਅੱਛੀ ਹੈ ਜੋ ਲੋਕ ਕੱਠੀ ਕਰਦੇ ਨੇ? ਉਹ ਕਹਿੰਦੇ ਭਾਈ! ਇੱਕੋ ਹੀ ਬਾਤ ਹੈ, ਜੇ ਤੁਸੀਂ ਮਾਇਆ ਨਾਲ ਜੁੜੋਂਗੇ, ਪਦਾਰਥਾਂ ਦੇ ਨਾਲ ਜੁੜੋਂਗੇ ਜਾਂ ਮੋਹ ਨਾਲ ਜੁੜੋਂਗੇ, ਤਾਂ ਰੋਣਾ ਥੋਨੂੰ ਪਏਗਾ । ਜੇ ਧਨ ਥੋਡੇ ਹੁੰਦੇ ਚਲਿਆ ਗਿਆ ਤਾਂ ਤੁਸੀਂ ਰੋਣਾ ਹੈ, ਜੇ ਤੁਸੀਂ ਛੱਡਕੇ ਚਲੇ ਗਏ ਤਾਂ ਫੇਰ ਵੀ ਤੁਸੀਂ ਰੋਂਦੇ ਜਾਣਾ ਹੈ, ਰੋਣਾ ਥੋਡੇ ਜਿੰਮੇ ਪੈਣਾ ਹੈ, ਥੋਡੇ ਪੱਲੇ ਇੱਕ ਚੀਜ ਰਹਿਣੀ ਹੈ। ਪਦਾਰਥਾਂ ਨੂੰ ਮੋਹ ਕਰੋਂਗੇ, ਉਹ ਚਲੇ ਜਾਣਗੇ ਤਾਂ ਰੋਵੋਂਗੇ । ਜੇ ਮੋਹ ਬਣਿਆ ਰਹੇਗਾ, ਤੁਸੀਂ ਜਾਵੋਂਗੇ ਤਾਂ ਰੋਂਦੇ ਜਾਉਂਗੇ ਤੇ ਜਿਸਦਾ ਮਨ ਨਾਮ ਨਾਲ ਜੁੜ ਗਿਆ, ਉਹ ਤਾਂ ਫਿਰ –

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥

ਨਾਨਕ ਜੀਅ ਕਾ ਇਹੈ ਅਧਾਰ॥ (ਪੰਨਾ ੨੯੫)

ਮਨ, ਆਪਣੀ ਨੀਚਤਾ ਨਹੀਂ ਛੱਡਦਾ। ਉਸ ਉੱਪਰ ਕਿਸੇ ਦਾ ਵੀ ਯਤਨ ਸਫਲ ਨਹੀਂ ਹੁੰਦਾ, ਨਾ ਰਵਿਦਾਸ ਦਾ, ਨਾ ਨਾਮਦੇਵ ਦਾ, ਨਾ ਧੰਨੇ ਦਾ ਅਤੇ ਨਾ ਜੈ ਦੇਵ ਦਾ। ਪਰ ਜਿਨ੍ਹਾਂ ਪੁਰਸ਼ਾਂ ਨੇ ਵੀ ਈਸ਼ਵਰ ਅੱਗੇ ਪ੍ਰਾਰਥਨਾ ਕਰਕੇ ਯਤਨ ਕੀਤਾ, ਸਭ ਪਾ ਗਏ। ਇੱਕ ਸਾਡੇ ਮਹੰਤ ਹੁੰਦੇ ਸੀ। ਉਹ ਕਹਿੰਦੇ, ਮੈਂ ਐਨਾ ਕੀਤਾ, ਐਨਾ ਆਹ ਕੀਤਾ, ਐਨਾ ਔਹ ਕੀਤਾ। ਜਦ ਸਾਰਾ ਕਹਿ ਚੁੱਕਿਆ ਤਾਂ ਉਸਨੂੰ ਕਿਹਾ ਗਿਆ ਕਿ ਤੈਂ ਆਪਣੇ ਤੋਂ ਕੀ ਕੀਤਾ? ਤਦ ਉਹ ਕਹਿੰਦਾ, ਜੀ! ਮੈਨੂੰ ਇਸ ਗੱਲ ਦਾ ਤਾਂ ਪਤਾ ਨਹੀਂ। ਅਖੇ ਤੈਂ ਆਪਣੇ ਸਰੂਪ ਨੂੰ ਜਾਣ ਲਿਆ? ਅਖੇ ਜੀ ! ਉਹ ਤਾਂ ਨਹੀਂ ਜਾਣਿਆ। ਫੇਰ ਕੀ ਕੀਤਾ ਤੂੰ ? ਕੀਤਾ ਸੁਆਹ। ਤੈਂ ਤਾਂ –

ਪਹਿਲੇ ਮਨੁ ਪ੍ਰਬੋਧਹਿ ਆਪਣਾ ਪਾਛੈ ਅਵਰ ਰੀਝਾਵੈ॥

ਪਹਿਲੇ, ਆਪਣੇ ਮਨ ਨੂੰ ਪਰਬੋਧਣਾ ਹੈ ਫਿਰ ਜਨਕ ਬਣਨਾ ਹੈ। ਜਨਕ ਜੈਸੇ ਨਿਰਲੇਪ ਰਿਹਾ ਰਾਜ ਵਿੱਚ ਜਿੱਥੇ ਬੈਠੇ ਉੱਥੇ ਨਿਰਲੇਪ ਰਹਿਣਾ ਹੈਗਾ। ਪਹਿਲਾਂ ਆਪਣੇ ਮਨ ਨੂੰ ਪਰਬੋਧਣਾ ਚਾਹੀਦਾ ਹੈ। ਤੈਨੂੰ, ਆਪਣੀ ਆਤਮਾ ਦਾ ਸਾਖਸ਼ਾਤ ਹੋ ਜਾਣਾ ਚਾਹੀਦਾ ਹੈ। 'ਆਤਮਾ' ਨਾਮ ਆਪਣੇ ਆਪ ਦਾ ਹੈ –

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ (ਪੰਨਾ ੪੨੧)

ਪਹਿਲਾਂ ਇਹ ਆਪਣੀ ਆਤਮਾ ਨੂੰ ਜਾਣੇ, ਨਾ ਮਨ ਇਸਦਾ ਆਪਾ ਹੈ, ਨਾ ਬੁੱਧੀ ਆਪਾ ਹੈ, ਇੰਦਰੀਆਂ ਤੇ ਸਰੀਰ ਵੀ ਇਸਦਾ ਆਪਾ ਨਹੀਂ, ਕੋਈ ਇਸ ਦਾ ਆਪਾ ਨਹੀਂ। ਇੱਕ ਪ੍ਰਤੱਖ ਪ੍ਰਮਾਣ ਇਹਦਾ ਆਪਾ ਹੈ। ਇਸਨੂੰ ਜਦ ਇਹਨੇ ਬੁੱਝ ਲਿਆ, ਫੇਰ ਮਨ ਇਸਨੂੰ ਕੁੱਛ ਨਹੀਂ ਕਹੇਗਾ, ਫੇਰ ਮਨ ਇਹਦਾ ਦਾਸ ਹੋ ਜਾਏਗਾ, ਅਤੇ ਬੁੱਧੀ ਇਸਦੀ ਆਗਿਆ ਵਿੱਚ ਹੋ ਜਾਏਗੀ, ਸਾਰੇ ਕੰਮ ਆਪਣੇ ਆਪ ਹੋ ਜਾਣਗੇ। ਪਰ ਜਿਹੜਾ ਕੰਮ ਇਸਨੇ ਕਰਨਾ ਹੈ –

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥
ਸਰੰਜਾਮਿ ਲਾਗੁ ਭਵਜਲ ਤਰਨ ਕੈ॥
ਜਨਮੁ ਬ੍ਰਿਥਾ ਜਾਤਿ ਰੰਗਿ ਮਾਇਆ ਕੈ॥ (ਪੰਨਾ ੧੨)

ਗੁਰੂ ਸਾਹਿਬ ਨੇ ਆਪ ਇਹ ਫੈਸਲਾ ਕੀਤਾ ਕਿ ਇਹ ਮਾਇਆ ਦੇ ਮੋਹ ਦੇ ਰੰਗ ਨੇ ਖਿੱਚਿਆ ਹੋਇਆ ਹੈ। ਮਨ ਨੇ ਇਸਨੂੰ ਖਿੱਚ ਲਿਆ ਤੇ ਪਰਮੇਸ਼ਰ ਦੇ ਨਾਲ ਇਸਨੇ ਬਿਰਤੀ ਨਾ ਜੋੜੀ। ਉਸ ਨਾਲ ਪ੍ਰੇਮ ਨਾ ਜੋੜਿਆ –

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭਿ ਪਾਇਓ॥ (ਅਕਾਲ ਉਸਤਤਿ)
ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ॥

ਸੰਤਾਂ ਦੀ ਸੰਗਤ ਤਾਂ ਕੀਤੀ ਨਹੀਂ ਹੈਗੀ। ਸੰਤ ਤਾਂ ਇੱਕ ਇਹੋ ਜਿਹੀ ਚੀਜ ਹੈ ਦੁਨੀਆਂ ਵਿੱਚ, ਉਸ ਜੈਸੀ ਉੱਚੀ ਚੀਜ ਨਹੀਂ। ਕਿਉਂ ?

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥(ਪੰਨਾ ੨੯੩)

ਗੁਰੂ ਅਰਜਨ ਦੇਵ ਜੀ ਕਹਿੰਦੇ ਕਿ ਜਦ ਪਰਮੇਸ਼ਰ ਨੇ ਸਾਡੇ ਤੇ ਕ੍ਰਿਪਾ ਕੀਤੀ ਤਾਂ ਸਾਨੂੰ ਸੰਤ ਗੁਰੂ ਰਾਮਦਾਸ ਮਿਲਿਆ –

ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ (ਪੰਨਾ ੬੧੨)

ਹਰੀ, ਜਿਸਦਾ ਨਾਮ ਹੁਣ ਰਾਮਦਾਸ ਪੈ ਗਿਆ। ਫਿਰ ਕੀ ਹੋਇਆ?

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਮੈਂ, ਉਸ ਸੰਤ ਦੇ ਨਾਲ ਆਪਣੇ ਅੰਦਰ ਪਰਮੇਸ਼ਰ ਦੇਖਿਆ। ਦੱਸੋ,

ਇਸ ਤੋਂ ਵੱਡੀ ਕਿਹੜੀ ਚੀਜ ਹੈ? ਅਸੀਂ ਮਾਲਕ ਨੂੰ ਵੱਡਾ ਮੰਨਾਂਗੇ ਪਰ ਉਹ ਸੰਤ, ਜਿਹੜਾ ਨਾਮ ਦਿੰਦਾ ਹੈ, ਸ਼ਰਤ ਲਾ ਲਉ ਮੇਰੇ ਨਾਲ ਕਿ ਉਸ ਸੰਤ ਤੋਂ ਬਿਨਾਂ ਸਾਡਾ ਕੰਮ ਨਹੀਂ ਬਣਨਾ। ਸੰਤ ਤੋਂ ਬਿਨਾਂ ਮਿਲਾਉਣ ਵਾਲਾ ਵੀ ਕੋਈ ਨਹੀਂ ਹੈ। ਤੁਸੀਂ ਇਹ ਬਾਤ ਕਹਿ ਸਕਦੇ ਹੋਂ –

ਕੋਟਿ ਮਧੇ ਕੋਈ ਸੰਤੁ ਦਿਖਾਇਆ॥
ਨਾਨਕੁ ਤਿਨ ਕੈ ਸੰਗਿ ਤਰਾਇਆ॥ (ਪੰਨਾ ੧੩੪੮)

ਅਸੀਂ ਤਿੰਨ ਜਣਿਆਂ ਨੇ ਬਾਂਗਰ ਦੇ ਇਲਾਕੇ 'ਚ ਬਾਹਰ ਇੱਕ ਚੁਬਾਰੇ 'ਚ ਤਿੰਨ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕੀਤੇ । ਇੱਕ ਪੰਡਿਤ ਬਚਿੱਤਰ ਸਿੰਘ ਸੀ, ਇੱਕ ਮੈਂ ਸੀ ਅਤੇ ਇੱਕ ਹੋਰ ਸੀ, ਬਈ ਆਪਸ ਮੇਂ ਦੇਖੇਂ, ਨਾਲੇ ਸ਼ੁੱਧ ਜਾਣ ਲਵਾਂਗੇ। ਤਿੰਨ ਜੋ ਹੁੰਦੇ ਨੇ, ਤਿੰਨਾਂ ਦਾ ਫਰਕ ਨਹੀਂ ਪੈਂਦਾ। ਜਦ ਇਹ ਸ਼ਬਦ ਆਇਆ ਕਿ ਅਪਦਾ ਦਾ ਮਾਰਿਆ ਸਾਧ ਹੋ ਗਿਆ ਤਾਂ ਪੰਡਿਤ ਨੇ ਮੇਰੇ ਵੱਲ ਐਂ (ਟੇਢੀ ਅੱਖ ਨਾਲ) ਦੇਖਿਆ। ਦੱਸ ਬਈ? ਮੈਂ ਚੁੱਪ ਕਰ ਰਿਹਾ। ਪਰ ਜਦ ਆਹ ਪੰਕਤੀ ਆਈ, ਉਹ ਕਹਿੰਦੇ, ਜੀ ਹੁਣ ਕੋਈ ਹਰਜ ਨਹੀਂ, ਰਹਿ ਗਈ ।

ਕੋਟਿ ਮਧੇ ਕੋਈ ਸੰਤੁ ਦਿਖਾਇਆ॥
ਨਾਨਕੁ ਤਿਨ ਕੈ ਸੰਗਿ ਤਰਾਇਆ॥ (ਪੰਨਾ ੧੩੪੮)

ਪੰਡਿਤ ਜੀ ਕਹਿੰਦੇ, ਰਹਿ ਗਈ ਬਾਤ, ਹੁਣ ਕੋਈ ਫਿਕਰ ਨਹੀਂ ਹੈ, ਰਹਿ ਤਾਂ ਗਈ। ਕੋਈ ਹੈ ਤਾਂ ਸਈ, ਸਾਨੂੰ ਤਾਂ ਏਨਾ ਹੀ ਚਾਹੀਦਾ ਹੈ, ਬਈ ਸੰਤ ਹੈ। ਜਿੰਨਾਂ ਚਿਰ ਸੰਸਾਰ ਹੈ ਸਭ ਸਮਾਨ ਰਹੇਗਾ, ਅਵਤਾਰ ਵੀ ਰਹਿਣਗੇ, ਕਾਰਕ ਵੀ ਰਹੇਂਗੇ, ਜੀਵ ਵੀ ਰਹੇਂਗੇ। ਐਂ ਨਹੀਂ ਕਿ ਰੱਬ ਸੰਸਾਰ ਬਣਾ ਕੇ ਕਿਤੇ ਚਲਿਆ ਗਿਆ, ਉਹ ਤਾਂ –

ਘਟ ਘਟ ਮੈ ਹਰਿ ਜੂ ਬਸੈ (ਪੰਨਾ ੧੪੨੭)

ਪ੍ਰਭੂ ਸੰਸਾਰ ਬਣਾ ਕੇ, ਹਿਰਦੇ ਵਿੱਚ ਡੇਰਾ ਲਾਕੇ ਬੈਠਾ ਹੈਗਾ, ਪਰ ਉਹ ਬੁਰਾ ਕੰਮ ਕਰਨ ਵਾਲੇ ਨੂੰ ਨਹੀਂ ਦਿੱਸਦਾ। ਪਰ ਫੇਰ ਵੀ ਕਹਿੰਦਾ

ਹੈ, ਬਈ ਬੁਰਾ ਹੋ ਗਿਆ ਜਾਂ ਪਿਛਲੇ ਜਨਮ 'ਚ ਹੋ ਗਿਆ, ਇਹ ਕਿਵੇਂ ਕਹਿੰਦਾ ਹੈ? ਕਿਉਂਕਿ ਪਰਮੇਸ਼ਰ, ਚੇਤਨ ਉਸਦੇ ਅੰਦਰ ਮੌਜੂਦ ਹੈ। ਉਹ ਸਾਰਿਆਂ ਨੂੰ ਸਮਝਾਉਣ ਵਾਲਾ ਹੈਗਾ, ਜੇ ਸਾਧ ਸੰਗ ਕਰਦਾ ਤਾਂ ਕੀ ਹੋ ਜਾਂਦਾ?

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥ (ਪੰਨਾ ੨੯੩)

ਫੇਰ ਤਾਂ ਇਹ ਰੱਬ ਨੂੰ ਦੇਖ ਲੈਂਦਾ, ਪਰ ਇਸਨੇ ਸੰਤ ਦਾ ਤਾਂ ਸੰਗ ਹੀ ਨਹੀਂ ਕੀਤਾ। ਇਸਨੂੰ ਸੰਤ ਕੋਈ ਪਸੰਦ ਹੀ ਨਹੀਂ ਆਇਆ। ਇਹ ਤਾਂ ਜਿੱਦਾਂ ਮੇਲੇ ਵਿੱਚ ਦੇਖਦੈ ਡੰਗਰ, ਐਂ ਦੇਖਦੈ ਸੰਤ ਨੂੰ। ਦੱਸੋ ਭਲਾ, ਤੂੰ ਸੰਤ ਨੂੰ ਕੀ ਦੇਖੇਂਗਾ?

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥(ਪੰਨਾ ੨੭੩)

ਸੰਤ ਦੀ ਮਹਿਮਾ, ਸੰਤ ਜਾਣਦਾ ਹੈਗਾ। ਸੰਤ ਤੇਰੇ ਪਸੰਦ ਕੀਤੇ ਤੇ, ਤੇਰੇ ਭਾਲਣੇ ਤੇ ਨਹੀਂ ਮਿਲੇਗਾ, ਗੁਰੂ ਕਦੇ ਕਿਸੇ ਦੇ ਭਾਲਣ ਨਾਲ ਨਹੀਂ ਮਿਲਿਆ। ਗੁਰੂ-ਪਰਮੇਸ਼ਰ ਭਾਲਿਆਂ ਤੇ ਨਹੀਂ ਮਿਲਦਾ ਹੈ। ਝੰਡਾਬਾਢੀ ਬਹੁਤ ਅਫਸੋਸ ਵਿੱਚ ਸੀ ਕਿ ਸਾਰੀ ਜਿੰਦਗੀ ਚਲੀ ਗਈ ਪਰ ਪ੍ਰਭੂ ਪ੍ਰਾਪਤੀ ਨਹੀਂ ਹੋਈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਭੇਜ ਦਿੱਤਾ ਕਿ ਜਾਹ, ਰੋਟੀ ਖਾ ਆ। ਉਸਦੇ ਬਹਾਨੇ ਝੰਡਾਬਾਢੀ ਆ ਗਿਆ। ਜਦ ਉਹ ਬਹਿ ਗਿਆ ਤਾਂ ਗੁਰੂ ਜੀ ਕਹਿੰਦੇ - ਪ੍ਰਸ਼ਾਦ ਛਕ ਲੈ ਤਾਂ ਉਸਨੇ ਕਿਹਾ, ਛਕਾ ਕੇ ਛਕਾਂਗਾ। ਅਖੀਰੀ ਗੁਰੂ ਜੀ ਨੇ ਕਿਹਾ, ਕਿਉਂ ਅਫਸੋਸ 'ਚ ਪਿਆ ਹੈਂ? ਕੀਹਦਾ ਫਿਕਰ ਕਰਦਾ ਹੈਂ? ਉਹ ਤਾਂ ਫਿਕਰ ਦੇ ਯੋਗ ਹੀ ਨਹੀਂ। ਝੰਡੇ ਨੇ ਕਿਹਾ - ਬਾਤ ਤਾਂ ਠੀਕ ਹੈ ਪਰ ਕੁੱਝ ਵਿਖਸ਼ੇਪ ਆ ਗਿਆ ਸੀ। ਗੁਰੂ ਜੀ ਕਹਿੰਦੇ, ਕਿ ਤੇਰੇ ਅੰਦਰ ਵਿਖਸ਼ੇਪ ਨੂੰ ਦੇਖਣ ਵਾਲੀ ਕੋਈ ਵਸਤੂ ਹੈ? ਜਿਹੜੀ ਦਸਦੀ ਹੈ। ਕਹਿੰਦਾ, ਹੈ ਤਾਂ ਸਹੀ। ਉਹ ਕੌਣ ਹੈ? ਕਹਿੰਦੇ, ਉਹ ਦਾਨਾ-ਬੀਨਾ ਸਾਈਂ ਹੈ। ਤੇਰੇ ਅੰਦਰ ਜਾਨਣ ਵਾਲਾ ਆਤਮਾ ਹੈ ਪਰ ਤੂੰ ਉਸ ਨੂੰ ਚੀਨਿਆ ਨਹੀਂ? ਫੇਰ ਪੁੱਛਿਆ ਕਿ ਉਹ ਪ੍ਰਭੂ ਨਹੀਂ? ਅਖੇ ਜੀ ਹੈ।

ਤਾਂ ਬੁੱਧੀ ਨੂੰ ਉਸ ਸਤਿ ਦੇ ਵਿੱਚ ਇਕਾਗਰ ਕਰ, ਉਹ ਕਹਿੰਦਾ ਨਿਹਾਰ, ਉਹ ਪ੍ਰਭੂ ਸਾਰਿਆਂ ਦੇ ਅੰਦਰ ਹੈ ਪਰ –

ਸਸਾ ਸਤਿ ਸਤਿ ਸਤਿ ਸੋਊ ॥
ਸਤਿ ਪੁਰਖ ਤੇ ਭਿੰਨ ਨ ਕੋਊ ॥ (ਪੰਨਾ ੨੫੦)

ਉਹ ਜਿਹੜਾ ਸਤਿ–ਪੁਰਖ ਤੋਂ ਭਿੰਨ ਹੈ, ਉਸਨੂੰ ਚਿੱਤ ਵਿੱਚ ਨਹੀਂ ਜਮਾ ਲੈਣਾ, ਜੇ ਤੁਸੀਂ ਜਮਾ ਲਿਆ ਤਾਂ ਕੱਢਣਾ ਮੁਸ਼ਕਲ ਹੋ ਜਾਊਗਾ–

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥
(ਪੰਨਾ ੩੮੪)

ਤ੍ਰਿਸ਼ਨਾ ਰੂਪੀ ਅਗਨੀ ਨੇ ਸਾਰਿਆਂ ਦੇ ਹਿਰਦੇ ਸਾੜ ਦਿੱਤੇ, ਕੋਈ–ਕੋਈ ਹਰਿਆ ਬੂਟਾ ਕਬੀਰ, ਜੈਦੇਵ, ਨਾਮਾ, ਧੰਨਾ, ਇਹ ਤ੍ਰਿਸ਼ਨਾ ਅਗਨੀ ਤੋਂ ਬਚੇ ਹਨ। ਜਦ ਨਾਮਦੇਵ ਨੂੰ ਤ੍ਰਿਲੋਚਨ ਨੇ ਆ ਕੇ ਕਿਹਾ ਕਿ ਤੂੰ ਹੁਣ ਲੋਭੀ ਹੋ ਗਿਆ ਹੈਂ, ਪੈਸਿਆਂ ਦੇ ਲੋਭ ਵਿੱਚ ਪੈ ਗਿਆ ਹੈਂ ਅਤੇ ਨਾਮ ਨੂੰ ਛੱਡਕੇ, ਸਾਰਾ ਦਿਨ ਕੰਮ ਵਿਚ ਲੱਗਿਆ ਰਹਿੰਦਾ ਹੈ, ਤਾਂ ਨਾਮਦੇਵ ਜੀ ਨੇ ਕਿਹਾ –

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥(ਪੰਨਾ ੧੩੭੬)

ਕੰਮ ਮੈਂ ਹੱਥਾਂ ਪੈਰਾਂ ਨਾਲ ਕਰਦਾ ਹਾਂ ਪਰ ਚਿੱਤ ਮੇਰਾ ਨਿਰੰਜਨ ਨਾਲ ਲੱਗਿਆ ਹੋਇਆ ਹੈ। ਇਸ ਲਈ ਭਾਈ! ਗੁਰੂ ਜੀ ਕਹਿੰਦੇ ਹਨ ਕਿ ਆਪੇ ਦੀ ਲੱਖਤਾ, ਸੰਤ ਦੇ ਸੰਗ ਤੋਂ ਬਿਨਾਂ ਨਹੀਂ ਹੁੰਦੀ। 'ਸੰਤ' ਰੱਬ ਦੇ ਬਖਸ਼ੇ ਹੋਏ ਦਾ ਨਾਉਂ ਹੈ, 'ਸੰਤ' ਕਿਸੇ ਜਾਨਵਰ ਦਾ ਨਾਉਂ ਨਹੀਂ, ਕਿਸੇ ਪੰਛੀ ਦਾ ਨਾਉਂ ਨਹੀਂ ਬਲਕਿ ਬਖਸ਼ੇ ਹੋਏ ਦਾ ਨਾਉਂ ਹੈ –

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਸੰਤ ਤਾਂ ਬਖਸ਼ੇ ਹੋਏ ਦਾ ਨਾਮ ਹੈਗਾ। ਜਦ ਗੁਰੂ ਅੰਗਦ ਦੇਵ ਬਖਸ਼ੇ ਗਏ ਤਾਂ ਪੂਰਨ ਸੰਤ ਹੋ ਗਏ। ਗੁਰੂ ਅਮਰ ਦੇਵ ਜੀ ਪੂਰਨ ਸੰਤ ਹੋ ਗਏ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਪੂਰਨ ਸੰਤ ਹੋ ਗਏ। ਬੱਸ

ਬਖਸ਼ੇ ਗਏ, ਉਨ੍ਹਾਂ ਨੇ ਵੀ ਜਿਹੜੇ ਅੱਗੇ ਬਖਸ਼ੇ, ਸੰਤ ਹੋ ਗਏ। ਬਖਸ਼ਿਸ਼ ਨਾਲ ਕਿੰਨੇ ਦੀਵੇ ਜਲੇ, ਹੋਰ ਵੀ ਕਿੰਨਿਆਂ ਨੂੰ ਬਖਸ਼ਿਆ। ਬੱਸ ਫੇਰ ਭਾਈ! ਪਰਮੇਸ਼ਰ, ਬਿਨਾਂ ਸਾਧੂ ਦੀ ਸੰਗਤ ਤੋਂ ਪ੍ਰਾਪਤ ਨਹੀਂ ਹੁੰਦਾ। ਸੰਤ ਦੇ ਸੰਗ ਤੇ ਪ੍ਰਾਪਤ ਹੋਊਗਾ। 'ਕੋਟਿ ਮਧੇ' ਵਿੱਚ ਕੋਈ ਹੀ ਸੰਤ ਹੈ ਜੋ ਰੱਬ ਦਾ ਬਖਸ਼ਿਆ ਹੋਇਆ ਹੈ। ਥੋਡਾ ਜਦ ਪੁੰਨ ਦਾ ਸਮਾਂ ਆਊਗਾ, ਪੁੰਨ ਪੁੰਜ ਜਦ ਪੂਰਨ ਹੋਜੇਗਾ, ਉਹ ਸੰਤ ਨੂੰ ਮਿਲਾ ਦੇਵੇਗਾ –

ਨਹ ਕੀਰਤਿ ਪ੍ਰਭ ਗਾਈ॥

ਫਿਰ ਇੱਕ ਪਰਮੇਸ਼ਰ ਦੀ ਕੀਰਤੀ ਗਾਉਣੀ ਹੈ।

ਉਸਤਤਿ ਮਨ ਮਹਿ ਕਰਿ ਨਿਰੰਕਾਰ॥
ਕਰਿ ਮਨ ਮੇਰੇ ਸਤਿ ਬਿਉਹਾਰ॥ (ਪੰਨਾ ੨੮੧)

ਮੈਂ ਪਰਮੇਸ਼ਰ ਦੀ ਕੀਰਤੀ ਗਾਉਣੀ ਸੀ, ਪਰ ਮੈਂ ਦੁਨੀਆਂ ਦੀ ਕੀਰਤੀ ਗਾਉਣ ਲੱਗ ਪਿਆ। ਮੈਂ ਓਸ ਇੱਕ ਦੀ ਸੇਵਾ ਕਰਨੀ ਸੀ, ਇੱਕ ਦਾ ਹੀ ਸਿਮਰਨ ਕਰਨਾ ਸੀ, ਇੱਕ ਦਾ ਹੀ ਧਿਆਨ ਕਰਨਾ ਸੀ –

ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ ॥
ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥
ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
ਅਨਿਕ ਬਿਸਥਾਰ ਏਕ ਤੇ ਭਏ॥ ਏਕੁ ਅਰਾਧਿ ਪਰਾਛਤ ਗਏ।
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥ (ਪੰਨਾ ੨੮੯)

ਏਥੇ ਮੁਕਾਈ ਗੱਲ, ਚੱਲੀਏ –

ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ॥

ਗੁਰੂ ਸਾਹਿਬ ਦਾ ਇਸ ਵਿੱਚ ਬਹੁਤ ਡੂੰਘਾ ਭਾਵ ਇਹ ਹੈ ਕਿ ਇਨ੍ਹਾਂ ਨੇ ਬੜਾ ਸਮਝਾਇਆ ਹੈਗਾ। ਬਈ ਇਹ ਕਹਿ ਦੇਣ ਕਿ ਮੇਰੇ ਵਿੱਚ ਕੋਈ ਗੁਣ ਨਹੀਂ। ਗੁਣ ਥੋਡੇ 'ਚ ਕੋਈ ਹੁੰਦਾ ਈ ਨਹੀਂ। ਚੇਤਨ ਵਿੱਚ ਕੋਈ ਗੁਣ ਨਹੀਂ ਹੁੰਦਾ, ਉਹ ਤਾਂ ਨਿਰਗੁਣ ਹੈਗਾ। ਗੁਣ–

ਔਗੁਣ ਤਾਂ ਥੋੜੇ ਅੰਤਹਕਰਣ ਵਿੱਚ ਨੇ, ਆਪਣੇ ਮਨ ਵਿੱਚ ਕੋਈ ਚੀਜ ਨਾ ਰੱਖੋ –

ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥

(ਪੰਨਾ ੨੬੬)

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥

(ਪੰਨਾ ੩੮੬)

ਗੁਰੂ ਜੀ ਕਹਿੰਦੇ ਨੇ ਕਿ ਤੁਸੀਂ ਕਦੇ ਇਹ ਨਾ ਕਹੋ ਕਿ ਮੇਰੇ ਵਿੱਚ ਇਹ ਗੁਣ ਹਨ। ਮੇਰੀ ਜਾਤੀ, ਮੇਰਾ ਮਜ਼ਬ, ਫਲਾਣਾ, ਧਿਮਕਾ। ਜਦ ਪਰਮਾਰਥ ਦੇ ਰਸਤੇ ਤੇ ਪਵੋ ਤਾਂ ਨਾਮ ਨੂੰ ਛੱਡਕੇ ਹੋਰ ਕੁੱਝ ਨਾ ਫੜੋ –

ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥

(ਪੰਨਾ ੫)

ਉਹ ਜਿਹੜਾ ਉੱਚਾ ਹੈ, ਬੜਾ ਹੈ, ਉਹ ਆਪਣੇ–ਆਪ ਨੂੰ ਆਪ ਹੀ ਜਾਣਦਾ ਹੈ। ਉਹ ਨਾਮ, ਤੁਹਾਨੂੰ ਨਾਮੀ ਨਾਲ ਮਿਲਾ ਦੇਵੇਗਾ। ਪਰ ਇਹ ਨਹੀਂ ਕਿ ਸਮੁੰਦਰ ਵਿੱਚ ਗੰਗਾ ਮਿਲੇਗੀ ਤਾਂ ਸਾਰਾ ਸਮੁੰਦਰ ਗੰਗਾ ਹੋ ਜਾਏਗਾ। ਪਰ ਉਹ ਤਾਂ ਉਹਦੇ ਵਿੱਚ ਲੀਨ ਹੋ ਗਈ, ਉਹ ਨਾਮ ਤੁਹਾਡੇ ਮਨ ਨੂੰ ਨਾਮੀ ਦੇ ਵਿੱਚ ਮਿਲਾ ਦੇਵੇਗਾ। ਹੋਰ ਇਸਤੋਂ ਵੱਧ ਕੋਈ ਬਾਤ ਨਹੀਂ ਹੈ, ਪਰ ਇਸ ਬਾਤ ਦਾ ਬੋਧ ਸਾਧੂ ਦੀ ਸੰਗਤ ਦੁਆਰਾ ਹੋਵੇਗਾ –

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

(ਪੰਨਾ ੫੪੪)

ਸਰਣ ਆਇਆਂ ਦੀ ਰਖਦਾ ਹੈ ਬੱਸ –

ਸਰਵ ਧਰਮਾਨ ਪਰਿਤਯਜਯ ਮਾਮੇਕੰ ਰਣੰ ਵ੍ਰਜ। (ਗੀਤਾ)

ਸਾਰੀ ਗੀਤਾ ਦਾ ਨਿਬੇੜਾ, ਇੱਥੇ ਕਰ'ਤਾ (ਕਰ ਦਿੱਤਾ) ਕ੍ਰਿਸ਼ਨ

ਨੇ। ਸ਼ਰਣ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਹੈ। ਸ਼ਰਣ ਸਾਰੇ ਪਾਪ ਕੱਟ ਦਿੰਦੀ ਹੈ। ਜਦ ਅਸੀਂ ਸ਼ਰਣ ਚਲੇ ਜਾਵਾਂਗੇ ਤਾਂ ਸਾਰੇ ਕਰਮ ਨਾਸ਼ ਹੋ ਜਾਣਗੇ। ਜਦ ਸੱਜਣ ਠੱਗ ਸ਼ਰਣ ਵਿੱਚ ਗਿਆ ਤਾਂ ਭਾਈ ਵੀਰ ਸਿੰਘ ਜੀ ਲਿਖਦੇ ਹਨ, ਕਿ ਉਸਨੇ ਅੱਖਾਂ ਦੇ ਜਲ ਨਾਲ ਮਹਾਰਾਜ ਜੀ ਦੇ ਚਰਣ ਧੋ ਦਿੱਤੇ। ਸ਼ਰਣ ਵਿੱਚ ਆ ਗਿਆ ਅਤੇ ਸੱਚਾ ਸੱਜਣ ਬਣ ਗਿਆ। ਇਸ ਕਰਕੇ ਭਾਈ! ਸ਼ਰਣ ਸਭ ਤੋਂ ਵੱਡਾ ਸਾਧਨ ਹੈ। ਪਰਮੇਸ਼ਰ ਦੇ ਜਨ ਤੋਂ ਬਖਸ਼ਿਸ਼ ਹੁੰਦੀ ਹੈ।

ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ॥ (ਪੰਨਾ ੨੭੭)

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ।।

੧੬

ਸੋਰਠਿ ਮਹਲਾ ੯ ॥

ਮਾਈ ਮਨੁ ਮੇਰੋ ਬਸਿ ਨਾਹਿ ॥

ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥ ੧ ॥ ਰਹਾਉ ॥

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥

ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥ ੧ ॥

ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥

ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥ ੨ ॥

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥

ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥ ੩ ॥ ੧ ॥

(ਪੰਨਾ ੬੩੨-੬੩੩)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!!

ਮਾਈ ਮਨੁ ਮੇਰੋ ਬਸਿ ਨਾਹਿ ॥

ਹੇ ਮਾਈ! ਮਨ ਮੇਰਾ, ਮੇਰੇ ਵੱਸ ਵਿੱਚ ਨਹੀਂ ਹੈ -

ਨਿਸ ਬਾਸੁਰ ਬਿਖਿਅਨ ਕਉ ਧਾਵਤ

ਦਿਨੇ ਰਾਤ ਵਿਸ਼ਿਆਂ ਵੱਲ ਨੂੰ ਭੱਜਿਆ ਜਾ ਰਿਹੈ। ਰਾਤ ਦਿਨ ਵਿਸ਼ਿਆਂ ਦਾ ਹੀ ਚਿੰਤਨ ਕਰਦਾ ਹੈ। ਇਹ ਬਾਤ ਕੋਈ ਦੱਸਣੇ ਵਾਲੀ ਨਹੀਂ ਹੈ। ਤੁਸੀਂ ਆਪਣੇ ਮਨ ਨੂੰ ਆਪ ਨਹੀਂ ਦੇਖਦੇ ਕਿ ਇਹ ਕੀ ਕਰਦਾ ਹੈ? ਵਿਸ਼ਿਆਂ ਵੱਲ ਭੱਜਿਆ ਫਿਰਦਾ ਹੈ। ਵਿਸ਼ਿਆਂ ਨੂੰ ਅਤੇ

ਵਿਸ਼ਿਆਂ ਵਾਲੀਆਂ ਚੀਜਾਂ ਨੂੰ ਜਮ੍ਹਾਂ ਕਰਦਾ ਰਹਿੰਦਾ ਹੈ।

ਕਿਹਿ ਬਿਧਿ ਰੋਕਉ ਤਾਹਿ॥ ੧॥

ਦੱਸੋ! ਕਿਹੜੀ ਵਿਧੀ ਨਾਲ ਇਸ ਮਨ ਨੂੰ ਰੋਕਾਂ? ਗੁਰੂ ਸਾਹਿਬ ਕਹਿੰਦੇ –ਕਿਹੜੀ ਵਿਧੀ ਨਾਲ ਰੋਕਾਂ ਮਨ ਨੂੰ? ਇਸ ਗੱਲ ਨੂੰ ਤੁਸੀਂ ਵਿਚਾਰ ਲਉ।

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ॥

ਬੇਦਾਂ, ਪੁਰਾਣਾਂ ਅਤੇ ਸਿਮ੍ਰਿਤੀਆਂ ਦੇ ਮਤ ਸੁਣ ਲਏ ਪਰ ਇੱਕ ਛਿਨ ਮਾਤਰ ਵੀ ਹਿਰਦੇ 'ਚ ਨਹੀਂ ਵਸਾਏ। ਇਉਂ ਨ ਸਮਝਿਓ ਬਈ ਕੁੱਛ ਪਤਾ ਹੀ ਨਹੀਂ, ਐਨੇ ਅਣਜਾਣ ਨਹੀਂ ਹਾਂ। ਸਭ ਕੁੱਛ ਸੁਣ ਬੈਠੇ ਹਾਂ, ਪਰ ਕਦੇ ਛਿਨ ਮਾਤਰ ਵੀ ਇਕਾਗਰ ਨਹੀਂ ਹੋਏ। ਜੇ ਮਨ ਛਿਨ ਮਾਤਰ ਵੀ ਇਕਾਗਰ ਹੋ ਜਾਂਦਾ ਤਾਂ, ਬਚ ਜਾਂਦੇ –

ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥ (ਅਕਾਲ ਉਸਤਤਿ)

ਤੁਸੀਂ ਆਪ ਦੇਖੋ! ਇਕਾਗਰ ਹੁੰਦਾ ਹੈ ਕਦੇ? ਸੁਬਾਹ ਨਹਾਕੇ ਬੈਠੋ ਤੇ ਕਰਕੇ ਦੇਖ ਲਓ। ਜੇ ਤਾਂ ਮਨ ਨਾਮ ਨਾਲ ਜੁੜ ਗਿਆ, ਤਾਂ ਤੁਹਾਡੀ ਫਤਹਿ ਹੈ। ਜੇ ਦੁਨੀਆਂ ਦੀਆਂ ਬਾਤਾਂ ਵਿੱਚ ਹੀ ਜਾਈ ਗਿਆ, ਫਿਰ ਕਾਹਦੀ ਫਤਹਿ ਹੈ? ਭਾਈ! ਇਸ ਕਰਕੇ, ਮਨ ਵਿਸ਼ਿਆਂ ਵਿੱਚੋਂ ਰੁਕਦਾ ਨਹੀਂ –

ਪਰ ਧਨ ਪਰ ਦਾਰਾ ਸਿਉ ਰਚਿਓ

ਕਹਿੰਦੇ, ਉਹ ਕਿਹੜੀ ਚੀਜ ਹੈ ਜਿਸ ਨਾਲ ਲਖੀ ਦਾ ਹੈ, ਗੁਰੂ? ਜੜ੍ਹ ਮਾਇਆ ਅਤੇ ਚੇਤਨ ਮਾਇਆ ਦੋ ਹਨ। ਚੇਤਨ ਮਾਇਆ ਇੱਕੋ ਹੀ ਹੈ, ਹੋਰ ਸਾਰੀ ਜੜ੍ਹ ਮਾਇਆ ਹੈ। ਉਨ੍ਹਾਂ ਵਿੱਚ ਰਚਿਆ ਹੋਇਆ ਹੈ। ਜਾਂ ਤਾਂ ਜੜ੍ਹ ਜਾਂ ਚੇਤਨ ਮਾਇਆ ਨੂੰ ਚਾਹੁੰਦਾ ਹੈ। ਦੱਸੋ! ਹੁਣ ਇਹਦਾ ਕੀ ਇਲਾਜ ਕਰਿਆ ਜਾਵੇ? ਪਰਾਇਆ ਧਨ ਅਤੇ ਪਰਾਈਆਂ ਇਸਤਰੀਆਂ ਤੇ ਲੁਭਾਇਮਾਨ ਹੋਇਆ ਰਹਿੰਦਾ ਹੈ–

ਬਿਰਥਾ ਜਨਮੁ ਸਿਰਾਵੈ॥

ਫਿਰ ਇਸ ਜਨਮ ਵਿੱਚ ਆਕੇ, ਕੀ ਪਾਇਆ? ਇਹ ਮਨ ਵਿਸ਼ਿਆਂ ਨਾਲ ਹੀ ਮਿਲਿਆ ਹੋਇਆ ਹੈ, ਜਿਹੜਾ ਪਹਿਲੇ ਜਨਮ ਦਾ ਹੀ ਨਿਬੇੜਾ ਹੈ। ਇਸ ਜਨਮ ਵਿੱਚ ਤੁਸੀਂ ਕੀ ਲਾਭ ਪ੍ਰਾਪਤ ਕੀਤਾ? ਬੀਮਾਰੀ ਤਾਂ ਜਿਹੋ ਜਿਹੀ ਪਹਿਲੇ ਸੀ, ਉਹੀ ਜਿਹੀ ਹੀ ਰਹਿ ਗਈ। ਫਿਰ ਉਹੀ ਚੁਰਾਸੀ ਦਾ ਗੇੜ ਬੱਝ ਗਿਆ –

ਮਦਿ ਮਾਇਆ ਕੈ ਭਇਓ ਬਾਵਰੋ

ਇੱਕ ਬੀਮਾਰੀ ਹੋਰ ਲੱਗ ਗਈ ਮਨ ਨੂੰ, ਮਾਇਆ ਦੇ ਮਦ ਵਿੱਚ ਪਾਗਲ ਹੋ ਗਿਆ। ਮਾਇਆ ਮਿਲ ਜਾਏ ਤਾਂ –

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ (ਪੰਨਾ ੩੧੩)

ਮਾਇਆਧਾਰੀ ਨੂੰ ਜੇ ਕੋਈ ਅਕਲ ਦੀ ਗੱਲ ਦੱਸੋਂਗੇ, ਜਾਂ ਨਾਮ ਦੀ, ਤਾਂ ਉਹ ਕਹੇਗਾ, ਤੇਰੇ ਵਰਗੇ ਮੰਗਤੇ ਬਥੇਰੇ ਫਿਰਦੇ ਨੇ। ਮਾਇਆ ਦੇ ਮਦ ਵਿੱਚ ਪਾਗਲ ਹੋ ਗਿਆ, ਦੀਵਾਨਾ ਹੋ ਗਿਆ।

ਸੂਝਤ ਨਹ ਕਛੁ ਗਿਆਨਾ॥

ਗਿਆਨ ਦੀ ਤਾਂ ਇਸਨੂੰ ਸੂਝ ਹੀ ਨਹੀਂ ਆਈ। ਉਹ ਜਿਹੜਾ ਦਾਨਾ–ਬੀਨਾ ਅੰਦਰ ਬੈਠਾ ਹੈ, ਜਿਹੜਾ ਸਾਖਸ਼ੀ ਰੂਪ ਹੋ ਕੇ, ਸਾਰਿਆਂ ਅੰਦਰ ਬਿਰਾਜਮਾਨ ਹੈ, ਉਹ ਕਦੇ ਦੇਖਿਆ ਹੈ ਕਿਸੇ ਨੇ? ਜਿਹੜਾ ਸਭ ਦਾ ਮਾਲਕ ਹੈ, ਉਹ ਸਾਖਸ਼ੀ ਹੈ, ਉਹੀ ਦ੍ਰਿਸ਼ਟਾ ਹੈ। ਕਦੇ ਉਸ ਨਾਲ ਮਿਲੇ ਹੋਂ? ਇਸ ਕਰਕੇ, ਇਸਨੂੰ ਗਿਆਨ ਨਹੀਂ ਹੈ –

ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ॥

ਕਹਿੰਦੇ, ਇਹ ਜਿਹੜਾ ਨਿਰਾਕਾਰ ਹੈ, ਇਹ ਥੋੜੇ ਹਿਰਦੇ ਦੇ ਵਿੱਚ ਵਸਦਾ ਹੈ, ਕਿਤੇ ਬਾਹਰ ਭਾਲਣ ਨਾ ਜਾਇਓ –

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧ ॥ ਰਹਾਉ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥

(ਪੰਨਾ ੬੮੪)

ਨੌਵੇਂ ਪਾਤਸ਼ਾਹ ਕਹਿੰਦੇ, ਤੁਹਾਡੇ ਹਿਰਦੇ ਵਿੱਚ ਵਸਦਾ ਹੈ ਨਿਰੰਜਨ, ਪਰ ਤੁਸੀਂ ਖੋਜਿਆ ਨਹੀਂ। ਆਪਣੀ ਬੁੱਧੀ ਦਾ ਮੁੱਖ, ਉੱਧਰ ਵੱਲ ਨਹੀਂ ਕੀਤਾ। ਬੁੱਧੀ ਪਿੱਛੇ ਰੱਖੀ ਹੈ ਪਰ ਉਸ ਵਾਹਿਗੁਰੂ ਦਾ ਧਿਆਨ ਸਾਰਿਆਂ ਦੀ ਬੁੱਧੀ ਵੱਲ ਹੈ। ਸਾਡੀਆਂ ਬੁੱਧੀਆਂ ਦੀ ਪਿੱਠ ਪਰਮੇਸ਼ਰ ਵੱਲ ਹੈ, ਇਹ ਕਿੰਨੀ ਉਲਟੀ ਬਾਤ ਹੈ? ਮਨ ਦੀ ਵੀ ਪਿੱਠ ਹੈ, ਜਿਸ ਦਿਨ ਮਨ ਦਾ ਮੁੱਖ ਉਸ ਵੱਲ ਹੋ ਗਿਆ, ਉਸੇ ਦਿਨ ਨਿਬੇੜਾ ਹੋ ਜਾਏਗਾ –

ਤਾ ਕੋ ਮਰਮੁ ਨ ਜਾਨਾ॥

ਉਸਦਾ ਮਰਮ ਨਾ ਜਾਣਿਆਂ। ਉਹ ਅਸਲੀ ਤੱਤ ਤਾਂ ਹਿਰਦੇ ਵਿੱਚ ਵਸਦਾ ਹੈ ਪਰ ਉਸ ਹਿਰਦੇ ਵਿੱਚ ਇਹ ਤੱਤ ਨਾ ਜਾਣਿਆਂ ਬਈ ਜਨਮ ਮਰਨ ਤੋਂ ਰਹਿਤ ਨਾਰਾਇਣ ਹੈ। ਇਹ ਕਦੇ ਜਨਮ ਮਰਨ ਵਿੱਚ ਨਹੀਂ ਆਇਆ ਹੈ। ਇਹ ਵਿਆਪਕ ਹੈ, ਪਰੀਪੂਰਣ ਹੈ–

ਘਟ ਘਟ ਮੈ ਹਰਿ ਜੂ ਬਸੈ (ਪੰਨਾ ੧੪੨)

ਇਹ ਜਿਹੜਾ ਆਤਮਾ ਹੈ ਅਮਰ ਹੈ, ਇਸ ਲਈ ਭਾਈ! ਇਹ ਤੱਤ ਨਾ ਜਾਣਿਆ ਬਈ ਇਹ ਮੇਰਾ ਆਪਾ, ਅਸੰਗ ਹੈ ਅਤੇ ਜਨਮ ਮਰਨ ਤੋਂ ਰਹਿਤ ਹੈ। ਜੇ ਛਿਨ ਮਾਤਰ ਵੀ ਇਕਾਗਰ ਹੋ ਜਾਏ ਤਾਂ ਕੰਮ ਚੱਲ ਜਾਏ –

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥

ਜਦ ਸਾਧ ਦਾ ਸੰਗ ਹੋਇਆ ਤਾਂ ਖੋਟੀ ਬੁੱਧੀ ਸਾਰੀ ਨਾਸ਼ ਹੋ ਗਈ। ਭਲਾ! ਦਲੀਲਾਂ ਨਾਲ ਖੋਟੀ ਬੁੱਧੀ ਨਾਸ਼ ਹੋ ਜੂ? ਖਿਆਲਾਂ ਨਾਲ ਹੋ ਜੂ? ਕਬੀਰ ਨੇ ਤਾਂ ਸਾਫ ਦੱਸਿਆ ਹੈ –

ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨਾ ਲੀਆ॥

(ਪੰਨਾ ੧੧੫੯)

ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ॥

(ਪੰਨਾ ੧੧੫੮-੫੯)

ਕਹਿੰਦਾ, ਇਹਨਾਂ ਚੀਜਾਂ ਵਿੱਚੋਂ, ਤੁਹਾਡੇ ਕਰਮ ਕਾਂਡਾਂ ਵਿੱਚੋਂ, ਤੁਹਾਡੀ ਸ਼ਰ੍ਹਾ 'ਚੋਂ, ਮੈਂ ਕੋਈ ਚੀਜ ਨਹੀਂ ਲੈਕੇ ਜਾਂਦਾ। ਇਹਨੂੰ ਸਾਂਭ ਕੇ ਰੱਖਿਓ ਆਪਣੇ ਕੋਲ ਅਤੇ ਮੇਰਾ ਕੋਈ ਕਿਸੇ ਤਰ੍ਹਾਂ ਦਾ ਝਗੜਾ ਨਹੀਂ ਹੈ। ਇਸ ਕਰਕੇ, ਗੁਰੂ ਸਾਹਿਬ ਕਹਿੰਦੇ, ਉਏ! ਤੂੰ ਆਪਣੇ ਆਪ ਵਿੱਚ ਪਹੁੰਚਿਆ ਨਹੀਂ। ਉਹ ਤਾਂ ਤੇਰੇ ਹਿਰਦੇ ਵਿੱਚ ਬੈਠਾ ਹੈ, ਤੂੰ ਤਾਂ ਉਸਦਾ ਮਰਮ ਨਾ ਜਾਣਿਆ, ਅਸਲੀ ਤੱਤ ਨ ਜਾਣਿਆ। ਉਹ ਵਿਆਪਕ ਹੈ, ਗਿਆਨ ਹੈ ਅਤੇ ਗਿਆਨ ਸਰੂਪ ਤੇਰਾ ਆਪਾ ਹੈ।

ਤਬ ਨਾਨਕ ਚੇਤਿਓ ਚਿੰਤਾਮਨਿ

ਫਿਰ ਮੈਂ ਸਾਰੇ ਪਾਸਿਓਂ ਹਾਰ ਕੇ, ਪਰਮੇਸ਼ਰ ਦਾ ਚਿੰਤਨ ਕਰਨ ਲੱਗਿਆ। ਜੈਸੇ ਬਾਲਮੀਕ ਦਾ ਮਨ ਲੱਗਿਆ। ਜਦੋਂ ਤੱਕ ਸ਼ਰੀਰ ਉਤੇ ਬਰਮੀ (ਦੀਮਕ ਦਾ ਘਰ) ਜੰਮ ਨਹੀਂ ਗਈ, ਜਦ ਤੱਕ ਉਸਨੇ ਰਾਮ ਨੂੰ ਬੁਲਾ ਨਹੀਂ ਲਿਆ, ਉਸ ਸਮੇਂ ਤੱਕ ਉਹ ਰਾਮ ਨਾਮ ਦੇ ਸਿਮਰਨ ਵਿੱਚ ਲੱਗਿਆ ਰਿਹਾ। ਨਾਮ ਨਾਲ ਮਨ ਨੂੰ ਜੋੜਾਂਗੇ, ਤਾਂ ਨਾਮੀ ਦੀ ਪ੍ਰਾਪਤੀ ਹੋ ਜਾਵੇਗੀ। ਇਹ ਮਰਮ ਹੈ ਕਿ ਨਾਮ ਨਾਲ ਮਨ ਨੂੰ ਜੋੜ ਲਉ, ਨਾਮੀ ਉਸੇ ਵੇਲੇ ਹੀ ਥੋਡੇ ਸਾਹਮਣੇ ਹੈ। ਜੇ ਮਨ ਕਿਤੇ ਹੋਰ ਹੋਵੇ ਤਾਂ ਗੈਰ ਹਾਜਰੀ ਦੀ ਨਮਾਜ ਵੀ ਮਨਜੂਰ ਨਹੀਂ ਹੁੰਦੀ। ਤਾਂ ਭਜਨ ਕੈਸੇ ਹੋ ਜਾਏਗਾ ਭਾਈ? ਇਹ ਸਾਰੀਆਂ ਗੈਰ ਹਾਜਰੀ ਦੀਆਂ ਬਾਤਾਂ ਹਨ -

ਕਾਟੀ ਜਮ ਕੀ ਫਾਸੀ॥

ਫੇਰ ਮੇਰੇ ਜਮਾਂ ਦੀ ਫਾਸੀ ਕੱਟ ਗਈ। ਜਦ ਸੰਤ ਨੇ ਕਿਰਪਾ ਕੀਤੀ ਤਾਂ ਮਰਮ ਮੇਰੀ ਸਮਝ ਵਿੱਚ ਆ ਗਿਆ, ਜਨਮ ਮਰਨ ਕੱਟਿਆ ਗਿਆ। ਜਨਮ ਮਰਨ ਚੇਤਨ ਦਾ ਹੈ ਹੀ ਨਹੀਂ, ਇਹ ਤਾਂ ਪ੍ਰਕਿਰਤੀ ਹੈ। ਬਸ ਦੋ ਹੀ ਚੀਜਾਂ ਹਨ, ਇੱਕ ਪ੍ਰਕਿਰਤੀ ਤੇ ਇੱਕ ਚੇਤਨ। ਇਹ

ਪ੍ਰਕਿਰਤੀ ਜੋ ਹੈ, ਉਸ ਵਿੱਚ ਚੇਤਨ ਤਾਂ ਵਿਆਪਕ ਹੈ। ਇਹ ਸਭ ਪ੍ਰਕਿਰਤੀ ਮਿਥਿਆ ਹੈ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੦੮੩)

ਇਹ ਸਭ ਝੂਠ ਹੈ। ਇਹ ਕੋਈ ਪਹਿਲਾ ਹੀ ਜਨਮ, ਸਾਨੂੰ ਮਿਲਿਆ ਹੈ? ਅੱਗੇ ਥੋਨੂੰ ਪਤਾ ਨਹੀਂ, ਕਿੰਨੇ ਕੁ ਜਨਮ ਮਿਲੇ ਹਨ? ਇਸ ਕਰਕੇ–

ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥ (ਪੰਨਾ ੧੭੬)

ਕੋਈ ਇਹ ਨਵੀਂ ਗੱਲ ਨਹੀਂ ਹੈ। ਪਰ ਜਦ ਸਾਡਾ ਮਨ ਚੇਤਨ ਨਾਲ ਜੁੜ ਜਾਏਗਾ, ਪਰਾ ਵਿਦਿਆ ਪ੍ਰਾਪਤ ਹੋ ਜਾਏਗੀ ਤਾਂ ਜਨਮ ਮਰਨ ਕੱਟਿਆ ਜਾਵੇਗਾ।

ਬੋਲੋ –

ਸਤਿਨਾਮ ਸ੍ਰੀ ਵਾਹਿਗੁਰੂ। ਸਤਿਨਾਮ ਸ੍ਰੀ ਵਾਹਿਗੁਰੂ।

❑

ੴ ਸਤਿਗੁਰ ਪ੍ਰਸਾਦਿ ॥

੧੭

ਸੋਰਠਿ ਮਹਲਾ ੯ ॥
ਮਨ ਰੇ ਕਉਨੁ ਕੁਮਤਿ ਤੈ ਲੀਨੀ ॥
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥ ਰਹਾਉ ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥ ੧ ॥
ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹਿ ਉਪਜਿਓ ਕਛੁ ਗਿਆਨਾ ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥ ੨ ॥
ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥ ੩ ॥
(ਪੰਨਾ ੬੩੧-੩੨)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮ ਸ੍ਰੀ ਵਾਹਿਗੁਰੂ!! ਸਤਿਨਾਮ ਸ੍ਰੀ ਵਾਹਿਗੁਰੂ!!!

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨਾ ਉਚਰੀ ॥ (ਬਚਿੱਤ੍ਰ ਨਾਟਕ)

ਇਹ ਪੰਗਤੀਆਂ ਦਸਮ ਪਾਤਸ਼ਾਹ ਨੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਬਤ ਉਚਾਰੀਆਂ ਹਨ। ਕਹਿੰਦੇ, ਉਹ ਕੌਣ ਸੀਗਾ ਜਿਸਨੇ ਤਿਲਕ ਜੰਞੂ ਦੀ ਰਖਸ਼ਾ ਕੀਤੀ ਆਪਣਾ ਸੀਸ ਦਿੱਤਾ? ਉੱਥੇ ਸਾਡੇ ਕੋਲ ਇੱਕ ਸੰਤ ਆਇਆ, ਉਹ ਗਾਲਾਂ ਬੜੀਆਂ ਕੱਢਦਾ ਹੁੰਦਾ ਸੀ। ਉਹ ਕਹਿੰਦਾ, ਦਿੱਲੀ ਲਹੂ ਡੋਲ੍ਹਿਆ ਓਏ ! ਅਸੀਂ ਜਾਕੇ,

ਅਖੇ !ਹੁਣ ਲਹੂ ਪੀਣ ਆਲੇ ਜੰਮ ਪਏ ਨੇ। ਦੱਸੋ ਕੀ ਕਰੋਂਗੇ ਇਨ੍ਹਾਂ ਦਾ ਤੁਸੀਂ? ਇਸ ਸ਼ਬਦ ਵਿੱਚ ਨੌਂਵੇਂ ਪਾਤਸ਼ਾਹ, ਮਨ ਦੇ ਪ੍ਰਤੀ ਕਹਿੰਦੇ ਹਨ। ਕਿਉਂਕਿ ਸਭ ਤੋਂ ਨਜਦੀਕ ਮਨ ਹੈ। ਮਨ ਦੋ ਚੀਜਾਂ ਦਾ ਬਣਿਆ ਹੋਇਆ ਹੈ। ਇੱਕ ਹੈ ਇਸ ਵਿੱਚ ਚੇਤਨ ਤੇ ਇੱਕ ਹੈ ਜੜ੍ਹ ਬਿਰਤੀ। ਬਿਰਤੀ ਜੜ੍ਹ ਹੈ ਪਰ ਇਸ ਵਿੱਚ ਬੈਠਣ ਵਾਲਾ ਚੇਤਨ ਹੈ। ਜਦ ਇਹ ਮਨ, ਬਿਰਤੀ ਥੋਨੂੰ ਦਿਸ ਜਾਵੇ ਤਾਂ ਤੁਹਾਡਾ ਕੰਮ ਬਣ ਜੂ–

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਪੰਨਾ ੪੪੧)

ਮਨ ਜੋਤ ਸਰੂਪ ਹੈ ਤੇ ਬਿਰਤੀ ਦੀ ਸੱਤਾ ਨਹੀਂ ਹੈ ਪਰ ਅਗਿਆਨ ਕਰਕੇ ਉਸਦੀ ਪੂਰੀ ਸੱਤਾ ਭਾਸਦੀ ਹੈ। ਇਸ ਕਰਕੇ, ਤੁਹਾਨੂੰ ਮਨ ਦਾ ਪਤਾ ਹੀ ਨਹੀਂ ਲੱਗਿਆ ਅਜੇ। ਇਹ ਚਿੱਤ ਤੇ ਜੜ੍ਹ ਦੀ ਗਰੰਥੀ (ਗੰਢ) ਪੈ ਗਈ। ਇਸ ਕਰਕੇ, ਉਹ ਮਨ ਦੀ ਗਰੰਥੀ ਜਦ ਖੁਲ੍ਹੇਗੀ ਤਾਂ ਤੁਹਾਡੀ ਅੱਖ ਖੁਲ੍ਹ ਜਾਏਗੀ। ਜੜ੍ਹ ਪਰੇ ਹੋ ਜਾਏਗਾ ਔਰ ਤੁਸੀਂ ਤਾਂ ਚੇਤਨ ਹੋ ਹੀ –

ਹੈ ਕਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥ (ਪੰਨਾ ੧੩੬੩)

ਕੋਈ ਇਹੋ ਜਿਹਾ ਹੈ ਸੱਚਾ ਮਿੱਤਰ! ਜੋ ਚਿੱਤ–ਜੜ੍ਹ ਦੀ ਗਰੰਥੀ ਖੋਲ੍ਹ ਦੇਵੇ?

ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥ (ਪੰਨਾ ੧੩੬੨)

ਗੁਰੂ ਸਾਹਿਬ ਕਹਿੰਦੇ– ਇੱਕ ਪਰਮੇਸ਼ਰ ਹੀ ਹੈ ਜੋ ਕਿਰਪਾ ਕਰ ਦੇਵੇ ਤਾਂ ਇਸਨੂੰ ਦਿਸ ਪਵੇ ਬਈ –

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਪੰਨਾ ੧੦੮੩)

ਜੋ ਵੀ ਦੇਖਣ ਵਿੱਚ ਆਉਂਦਾ ਹੈ, ਉਹ ਝੂਠ ਹੈ, ਮਿਥਿਆ ਹੈ, ਪਰ ਦ੍ਰਸ਼ਟਾ ਤਾਂ ਮਿਥਿਆ ਨਹੀਂ –

ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥ (ਪੰਨਾ ੧੫੨)

ਉਹ ਦੇਖਣ ਵਾਲਾ, ਜੰਮਣ–ਮਰਨ ਵਾਲਾ ਨਹੀਂ ਹੈ, ਉਹ ਤੇਰਾ ਆਪਣਾ ਆਪਾ ਹੈ। ਬਿਰਤੀ ਤੇਰੀ ਦ੍ਰਿਸ਼ ਹੈ ਤੇ ਤੂੰ ਇਸਦਾ ਦ੍ਰਸ਼ਟਾ ਹੈਂ।

ਜਦ ਇਸਨੂੰ ਆਪਣੇ ਆਪੇ ਦੀ ਸੁਰਤ ਆ ਗਈ ਤਾਂ ਫੇਰ ਇਹ ਕਿਸੇ ਦੀ ਨਹੀਂ ਸੁਣੇਗਾ। ਮਨ ਦੀ ਗੱਠ ਖੁਲ੍ਹ ਗਈ। ਜੜ੍ਹ, ਜੜ੍ਹ ਹੀ ਰਹੇਗਾ ਅਤੇ ਚੇਤਨ, ਚੇਤਨ ਹੀ ਰਹੇਗਾ। ਦ੍ਰਿਸ਼, ਸਦਾ ਗੇਅ ਰਹੇਗਾ ਤੇ ਦੇਖਣ ਵਾਲਾ ਗਿਆਤਾ ਹੀ ਰਹੇਗਾ। ਦੇਖਣ ਵਾਲਾ 'ਸਤਿ' ਅਤੇ ਦਿਸਣ ਵਾਲਾ 'ਝੂਠ'। ਇਸ ਲਈ ਭਾਈ! ਗੁਰੂ ਜੀ ਮਨ ਨੂੰ ਉਪਦੇਸ਼ ਕਰਦੇ ਹਨ –

ਮਨ ਰੇ ਕਉਨੁ ਕੁਮਤਿ ਤੈ ਲੀਨੀ॥

ਹੇ ਮੇਰੇ ਮਨ! ਤੂੰ ਕਿਹੜੀ ਖੋਟੀ ਬੁੱਧੀ ਫੜ ਲਈ ਹੈ? ਉਹ ਕਹਿੰਦੇ ਨੇ ਕਿ ਮੈਨੂੰ ਪਤਾ ਨਹੀਂ, ਇਹ ਕਿਹੜੀ ਖੋਟੀ ਬੁੱਧੀ ਹੈ ?

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥

ਤੂੰ ਐਥੇ ਤੱਕ ਹੀ ਪਹੁੰਚਿਆ ਹੈਂ, ਪਰਾਈਆਂ ਇਸਤਰੀਆਂ ਨੂੰ ਦੇਖਣਾ, ਪਰਾਏ ਧਨ ਨੂੰ ਲੁੱਟਣਾ, ਇਹ ਸਾਰੇ ਬੁਰੇ ਕੰਮ ਕਰਨੇ। ਤੂੰ ਇੱਥੇ ਹੀ ਖੜ੍ਹ ਗਿਆ। ਅੱਗੇ ਕੌਣ ਸੀ? ਅੱਗੇ ਸੀ ਭਗਤੀ ਅਤੇ ਪ੍ਰੇਮ।

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥ (ਪੰਨਾ ੧੩੯੮)

ਪਰਮੇਸ਼ਰ ਸੰਤ ਬਣਾ ਦਿੰਦਾ ਹੈ, ਪਰ ਕਾਹਦੇ ਨਾਲ? ਉਹ ਕਿਹੜਾ ਮਸਾਲਾ ਹੈ? ਉਹ ਮਸਾਲਾ ਹੈ 'ਪ੍ਰੇਮਾ-ਭਗਤੀ'। ਜਿੰਨਾ ਚਿਰ ਥੋਡੇ ਅੰਦਰ ਪ੍ਰੇਮਾ-ਭਗਤੀ ਨਹੀਂ ਆਵੇਗੀ, ਓਨਾ ਚਿਰ ਤੁਸੀਂ ਸੰਤ ਨਹੀਂ ਬਣ ਸਕਦੇ। ਸੰਤ ਬਣਾਉਣਾ ਹੈ ਪਰਮੇਸ਼ਰ ਨੇ, ਆਪਣੇ ਆਪ ਤੁਸੀਂ ਸੰਤ ਨਹੀਂ ਬਣ ਸਕਦੇ।

ਬ੍ਰਹਮ ਗਿਆਨੀ ਸੇ ਜਨ ਭਏ॥

ਨਾਨਕ ਜਿਨ ਪ੍ਰਭੁ ਆਪਿ ਕਰੇਇ॥ (ਪੰਨਾ ੨੭੨)

ਬ੍ਰਹਮ ਗਿਆਨੀ ਉਹ ਬਣੇਗਾ, ਜਿਸਨੂੰ ਪ੍ਰਭੂ ਆਪ ਕਰੇਗਾ। ਜਦ ਤੱਕ ਅਸੀਂ ਪ੍ਰੇਮਾ-ਭਗਤੀ ਐਨੀ ਨਹੀਂ ਕਰਦੇ ਜਾਂ ਤੁਹਾਡੀ ਬਿਰਤੀ ਉਸ ਨਾਮ ਨਾਲ ਨਹੀਂ ਜੁੜਦੀ, ਥੋਡਾ ਕੁੱਝ ਨਹੀਂ ਬਣੇਗਾ। ਆਹ ਹੈ ਧਰਮ ਦੀ ਪਹਿਲੀ ਪਉੜੀ, ਕਿ ਆਪਣੇ ਮਨ ਨੂੰ, ਨਾਮ ਨਾਲ ਜੋੜ

ਦਿਉ। ਫੇਰ ਕੀ ਹੋਇਆ –

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਜਿੰਨਾ ਚਿਰ ਤੁਹਾਡਾ ਮਨ, ਨਾਮ ਨਾਲ ਨਹੀਂ ਜੁੜਿਆ, ਤੁਸੀਂ ਮਨ ਵਿੱਚ ਇਹ ਨਾ ਸੋਚਿਓ ਬਈ ਸਾਡੀ ਮੋਖਸ਼ ਹੋਜੂਗੀ, ਐਵੇਂ ਕਮਲ਼ ਨਾ ਕੁੱਟੋ।

ਨਾਮੁ ਸੰਗੀ ਸੋ ਮਨਿ ਨ ਬਸਾਇਓ॥
ਛੋਡਿ ਜਾਹਿ ਵਾਹੂ ਚਿਤੁ ਲਾਇਓ॥
ਸੋ ਸੰਚਿਓ ਜਿਤੁ ਭੂਖ ਤਿਸਾਇਓ॥
ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ॥ (ਪੰਨਾ ੭੧੫)

ਮਨ ਨੂੰ ਨਾਮ ਨੇ ਹੀ ਨਾਮੀ ਨਾਲ ਜੋੜਨਾ ਹੈ ਅਤੇ ਤੁਹਾਨੂੰ ਨਾਮੀ ਦੀ ਪ੍ਰਾਪਤੀ ਹੋ ਜਾਵੇਗੀ। ਗੱਲ ਤਾਂ ਐਨੀ ਹੈ ਕੁੱਲ, ਇਸਤੋਂ ਵੱਧ ਤਾਂ ਕੋਈ ਨਹੀਂ, ਜੇ ਹੈ ਤਾਂ ਦੱਸ ਦਿਉ? ਪਰ ਤੁਸੀਂ ਦੱਸੋ, ਥੋਡਾ ਮਨ ਨਾਮ ਨਾਲ ਜੁੜ ਗਿਆ? ਜੇ ਨਹੀਂ ਤਾਂ ਵਾਧੂ ਗੱਲ ਹੈ, ਫੇਰ ਤੁਸੀਂ ਲੱਗੇ ਕਿਥੇ

ਸੋ ਸੰਚਿਓ ਜਿਤੁ ਭੂਖ ਤਿਸਾਇਓ॥ (ਪੰਨਾ ੭੧੫)

ਜਿਹੜੀ ਮਾਇਆ ਭੁੱਖ ਅਤੇ ਤੇਹ ਨੂੰ ਵਧਾਵੇ, ਉਹ ਮਾਇਆ ਤੁਸੀਂ ਤ੍ਰਿਸ਼ਨਾ ਦੁਆਰੇ ਸੰਚੀ (ਇੱਕਠੀ ਕੀਤੀ) ਤੇ ਮਾਇਆ ਦੇ ਮਗਰ ਭੱਜੇ ਫਿਰਦੇ ਹੋਂ –

ਸਹਸ ਖਟੇ ਲਖ ਕਉ ਉਠਿ ਧਾਵੈ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥ (ਪੰਨਾ ੨੭੮-੭੯)

ਬੈਂਕ ਵਿੱਚ ਐਨੇ ਪੈਸੇ ਰੱਖ ਦਿੱਤੇ, ਐਨੀ ਸਾਲੀਂ ਐਨੇ ਹੋ ਜਾਣਗੇ। ਇਹਨੂੰ ਪੁੱਛੋ ਸਹੁਰਿਆ! ਕੱਲ੍ਹ ਨੂੰ ਜੇ ਤੂੰ ਮਰ ਜਾਵੇਂ ਤਾਂ ਉਹਨੂੰ ਕੀ ਕਰੇਂਗਾ? ਸਾਰੇ ਬੇਵਕੂਫ ਕੱਠੇ ਹੋਏ-ਹੋਏ ਨੇ। ਇਸ ਕਰਕੇ, ਗੁਰੂ ਸਾਹਿਬ ਨੇ ਸਾਫ ਦੱਸਿਆ ਹੈ –

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥ (ਪੰਨਾ ੩੮੪)

ਇਸ ਮਾਇਆ ਨੇ ਸਾਰਿਆਂ ਦੇ ਅੰਤਹਕਰਣ ਝੁਲਸ ਕੇ ਰੱਖ ਦਿੱਤੇ। ਤੁਸੀਂ ਗੀਟੀਆਂ ਮਾਇਆ ਦੀਆਂ ਨਹੀਂ ਗਿਣਦੇ ਹਰ ਵਕਤ? ਦੱਸੋ ਤਾਂ? ਤੇ ਕਦੇ ਕਬੀਰ ਨੇ ਵੀ ਮਾਇਆ ਦੀਆਂ ਗੀਟੀਆਂ ਗਿਣੀਆਂ? ਉਸਨੇ ਸਾਫ ਕਹਿ ਦਿੱਤਾ–

ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥ (ਪੰਨਾ ੪੮੦)

ਕਬੀਰ ਜੀ ਕਹਿੰਦੇ, ਮਾਇਆ ਰੂਪੀ ਸਰਪਣੀ ਤੋਂ ਉੱਪਰ ਕੋਈ ਬਲਵਾਨ ਨਹੀਂ। ਇਸਨੇ ਬ੍ਰਹਮਾ, ਵਿਸ਼ਨੂੰ ਅਤੇ ਮਹਾਂਦੇਉ ਨੂੰ ਵੀ ਛਲਿਆ। ਪੁਰਾਣ ਪੜ੍ਹਕੇ ਦੇਖ ਲਓ ਕਿ ਸ਼ਿਵ ਦਾ ਕੀ ਹਾਲ ਹੋਇਆ ਤੇ ਬ੍ਰਹਮਾ ਦਾ ਕੀ ਹੋਇਆ? ਵਿਸ਼ਨੂੰ ਕਿੱਧਰ ਭੱਜਿਆ ਫਿਰਦਾ ਸੀ? ਤੁਸੀਂ ਤਾਂ ਕੀਹਦੇ ਵਿਚਾਰੇ ਹੋ? ਫੇਰ ਕਬੀਰ ਜੀ ਨੂੰ ਕਿਹਾ ਗਿਆ ਕਿ ਤੁਸੀਂ ਹੁਣ ਕੀ ਕਰੋਂਗੇ, ਤਾਂ ਕਹਿੰਦਾ–

ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥
ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥ (ਪੰਨਾ ੪੮੦)

ਉਹ ਕਹਿੰਦਾ, ਅਸੀਂ ਤਾਂ ਇਹਦਾ ਅਭਾਵ ਹੀ ਕਰ ਦਿੱਤਾ ਮਾਇਆ ਦਾ, ਤੇ ਇਹਨੂੰ ਸਮਝ ਗਏ ਹਾਂ। ਸੱਚ ਨੂੰ ਪਛਾਣ ਲਿਆ। ਉਹ ਸੱਚ ਕੀ ਹੈ ?

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਪੰਨਾ ੧)

ਉਹ ਤਾਂ ਤਿੰਨਾਂ ਕਾਲਾਂ ਵਿੱਚ ਇੱਕ ਰਸ ਰਹਿਣ ਵਾਲਾ ਸੱਚ ਹੈ, ਉਹ ਸੱਚ ਕੀ ਹੈ? ਇਹਦਾ ਲਖਸ਼ਣ ਇਹੀ ਸੀਗਾ ਕਿ ਜਿਹੜਾ ਤਿੰਨਾਂ ਕਾਲਾਂ ਵਿੱਚ ਇੱਕ ਰਸ ਰਹੇ। ਤੁਸੀਂ ਆਪਣੇ ਅੰਦਰ ਦੇਖੋ, ਥੋਡਾ ਆਤਮਾ ਕਦੇ ਨਹੀਂ ਬਦਲਿਆ। ਤੁਹਾਡੀਆਂ ਬਿਰਤੀਆਂ ਬਦਲਦੀਆਂ ਰਹਿੰਦੀਆਂ ਨੇ। ਹੁਣ ਆਹ ਸੰਕਲਪ ਹੋਊ, ਫਿਰ ਦੂਜਾ ਹੋਊ, ਫਿਰ

ਤੀਜਾ ਆ ਜੂ। ਤੁਸੀਂ ਦੱਸ ਵੀ ਦਿਉਂਗੇ ਕਿ ਅੱਜ ਮੇਰਾ ਕੀ ਸੰਕਲਪ ਹੈ, ਕਲ੍ਹ ਕੀ ਸੀ, ਪਰ ਉਹ ਦੇਖਣੇ ਵਾਲਾ ਤਾਂ ਨਹੀਂ ਬਦਲਿਆ। ਤੁਹਾਡਾ ਆਪਾ ਤਾਂ ਅਬਦਲ ਹੈ ਪਰ ਬਿਰਤੀਆਂ ਨਹੀਂ। ਉਹ ਤਾਂ ਬਿਰਤੀਆਂ ਨੂੰ ਭੀ ਦੇਖਣੇ ਵਾਲਾ ਹੈ। ਥੋਡੇ ਖਿਆਲਾਂ ਨੂੰ, ਥੋਡੀ ਕਾਮਨਾਂ ਨੂੰ ਭੀ ਦੇਖਣੇ ਵਾਲਾ ਹੈ। ਜਿਹੜੀ ਵਾਸ਼ਨਾਂ ਭਰੀ ਹੋਈ ਹੈ, ਉਸਨੂੰ ਭੀ ਦੇਖਦਾ ਹੈ –

ਵਾਸਨਾ ਬਧਾ ਆਵੈ ਜਾਇ॥ (ਭਾਈ ਗੁਰਦਾਸ)

ਵਾਸ਼ਨਾਂ ਤਾਂ ਇੱਕ ਹੱਥਕੜੀ ਹੈ, ਜੇ ਇਹਦੇ ਵਿੱਚ ਫੱਸ ਗਿਆ ਤਾਂ ਜੰਮੇਗਾ ਤੇ ਮਰੇਗਾ। ਉਹ ਕਹਿੰਦਾ ਕਿ ਐਨੇ ਰੁਪਏ ਅੱਠੀਂ ਸਾਲੀਂ ਦੂਣੇ ਹੋ ਜਾਂਦੇ ਹਨ ਤੇ ਮੈਂ ਉਸਨੂੰ ਪੁੱਛਿਆ ਕਿ ਜੇ ਤੂੰ ਕਲ੍ਹ ਨੂੰ ਮਰ ਗਿਆ ਤਾਂ ਫੇਰ ਕੀ ਕਰੇਂਗਾ? ਉਹ ਕਹਿੰਦਾ, ਐਂ ਤਾਂ ਕੁੱਛ ਵੀ ਪਤਾ ਨਹੀਂ। ਮੈਂ ਕਿਹਾ, ਤੂੰ ਲੋਕਾਂ ਦੀ ਰੀਸ ਵਿੱਚ ਲੱਗਿਆ ਹੋਵੇਂਗਾ। ਆਹ ਜਿਹੜੇ ਪੜ੍ਹੇ ਲਿਖੇ ਨੇ ਲੋਭੀ ਜਿਹੇ, ਇਹ ਲੋਕਾਂ ਨੂੰ ਸਿਖਾਲ ਦਿੰਦੇ ਹਨ। ਉਹ ਆਪ ਤਾਂ ਵਿਗੜੇ ਹੋਏ ਨੇ ਤੇ ਦੂਜਿਆਂ ਨੂੰ ਭੀ ਵਿਗਾੜ ਦਿੰਦੇ ਨੇ। ਇਸ ਲਈ ਭਾਈ! ਭਲਾ ਕੰਮ ਕਰਿਆ ਕਰੋ –

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥

ਤੂੰ ਲੋਕਾਂ ਦੀ ਨਿੰਦਿਆਂ ਵਿੱਚ ਰਚਿਆ, ਪਰਾਈਆਂ ਇਸਤਰੀਆਂ ਅਤੇ ਪਰਾਏ ਧਨ ਦੇ ਵਿੱਚ ਤੇਰਾ ਮਨ ਰਚ ਗਿਆ। ਨੌਂਵੇਂ ਪਾਤਸ਼ਾਹ ਕਹਿੰਦੇ ਬਈ ਉਹ ਪ੍ਰੇਮਾ-ਭਗਤੀ ਤੈਨੂੰ ਪ੍ਰਾਪਤ ਨਹੀਂ ਹੋਈ। ਸਭ ਤੋਂ ਪਹਿਲਾਂ ਪ੍ਰੇਮਾ-ਭਗਤੀ ਨੂੰ ਭਾਲ (ਲੱਭ) –

ਮੁਕਤਿ ਪੰਥੁ ਜਾਨਿਓ ਤੈ ਨਾਹਨਿ

ਮੁਕਤੀ ਦਾ ਰਸਤਾ ਤਾਂ ਤੈਂ ਜਾਣਿਆ ਹੀ ਨਹੀਂ ਭਾਈ! ਤੂੰ ਤਾਂ ਮਾਇਆ ਵਿੱਚ ਭੱਜਿਆ ਫਿਰਦਾ ਹੈਂ। ਮਾਇਆ ਦੀਆਂ ਗੀਟੀਆਂ ਗਿਣਦਾ ਹੈਂ। ਤੇਰਾ ਮਨ ਕਦੇ ਨਾਮ ਨਾਲ ਜੁੜਿਆ ਨਹੀਂ, ਤੂੰ ਐਵੇਂ ਫੋਕੀਆਂ ਗੱਲਾਂ ਕਰਦਾ ਹੈਂ। ਮਾਇਆ 'ਚ ਹੀ ਮਸਤ ਹੋ ਗਿਆ –

ਧਨ ਜੋਰਨ ਕਉ ਧਾਇਆ॥

ਰਾਤ ਦਿਨ ਧਨ ਕੱਠਾ ਕਰਨ ਨੂੰ ਭੱਜਿਆ ਫਿਰਦਾ ਹੈਂ ਕਿ ਫਲਾਣੇ ਨੇ ਕੋਠੀ ਪਾ ਲਈ ਤੇ ਆਪਾਂ ਵੀ ਪਾ ਲਈਏ ਭਾਵੇਂ ਠੱਗੀ ਮਾਰੋ। ਇੱਕ ਸਾਧ ਦਾ, ਇੱਕ ਚੇਲਾ ਸੀ, ਜਿਸ ਬਾਰੇ ਅਸੀਂ ਤੁਹਾਨੂੰ ਦਸਦੇ ਹਾਂ। ਚੇਲੇ ਨੇ ਕੋਠੀ ਪਾ ਲਈ ਅਤੇ ਸੰਤਾਂ ਨੂੰ ਦਿਖਾਉਣ ਲਈ ਲੈ ਗਿਆ। ਫਿਰ ਉਹ ਸਾਧ ਮੈਨੂੰ ਆਕੇ ਆਖੇ ਕਿ ਕਲ੍ਹ ਤੱਕ ਤਾਂ ਇਹ ਕਹਿੰਦਾ ਫਿਰਦਾ ਸੀ, ਦੋ ਆਨੇ ਦੇ ਦੋ ਕੇਲੇ, ਦੋ ਆਨੇ ਦੇ ਦੋ ਕੇਲੇ, ਤੇ ਅੱਜ ਕੋਠੀ ਪਾ ਲਈ। ਫੇਰ ਓਸ ਸਾਧ ਨੇ ਉਸਨੂੰ ਪੁੱਛਿਆ ਕਿ ਤੇਰੇ ਘਰ ਦੁੱਧ, ਘਿਓ ਹੈ? ਕਹਿੰਦਾ, ਜੀ ਨਹੀਂ। ਸਾਧ ਨੇ ਕਿਹਾ ਕਿ ਇੱਕ ਇੱਟ ਪੱਟ ਕੇ ਖਾ ਲਿਆ ਕਰ ਰੋਜ। ਉਹ ਸਾਧ ਐਸ ਤਰ੍ਹਾਂ ਦਾ ਹੀ ਸੀ। ਭਾਈ! ਇਸ ਕਰਕੇ, ਤੁਸੀਂ ਐਂ ਦੱਸੋ ਕਿ ਤੁਸੀਂ ਤਾਂ ਪਬਲਿਕ ਦੀ ਸੇਵਾ ਕਰਨੀ ਸੀ? ਪਰ ਕੈਸੇ ਕਰਨੀ ਸੀ, ਜਨ ਜਨਾਰਦਨ ਹੈ। ਆਹ, ਜਿੰਨੇ ਵੀ ਸੰਤ ਆਉਣਗੇ ਨਾ, ਉਹ ਪਹਿਲਾਂ ਇੱਕ ਲਫ਼ਜ ਬੋਲਣਗੇ, ਕਿ ਜਨ ਜਨਾਰਦਨ ਹੈ। ਕਹਿੰਦੇ, ਆਹ ਜਿਹੜੇ ਜਨ ਨੇ, ਇਹ ਰੱਬ ਹੈ। ਇਨ੍ਹਾਂ ਨੂੰ ਪਰਮੇਸ਼ਰ ਸਮਝ ਕੇ ਸੇਵਾ ਕਰੋ। ਸੇਵਾ ਦਾ ਫਲ ਨਹੀਂ ਤੁਸੀਂ ਦੇਖਦੇ? ਤੁਹਾਡਾ ਤਲਾਅ ਬਣਾ ਗਏ ਨੇ, ਜਿਲ੍ਹੇ ਕਰਨਾਲ ਦੇ ਤੇ ਤੁਸੀਂ ਕਦੇ ਗਏ ਹੋਂ ਉੱਥੇ? ਆਹ ਥੋਨੂੰ ਬਣਾਕੇ ਦੇ ਗਏ ਹਨ, ਤੁਸੀਂ ਤਾਂ ਨਹੀਂ ਜਾਂਦੇ ਹੁੰਦੇ? ਉਹ ਮੈਨੂੰ ਕਹਿਣ ਲੱਗੇ ਕਿ ਇੱਕ ਥ੍ਰਹੀ ਪਿੰਡ ਵਾਲੇ ਸੀ, ਹੋਰ ਤਾਂ ਕੋਈ ਨਹੀਂ ਆਇਆ। ਮੈਂ ਆਖਿਆ, ਉਹ ਇਸ ਗੱਲ ਨੂੰ ਜਾਣਦੇ ਹੀ ਨਹੀਂ, ਬੜੇ ਖਚਰੇ ਆਦਮੀ ਨੇ, ਉਨ੍ਹਾਂ ਦਾ ਵਿਸਾਹ ਨਾ ਕਰਿਓ ਕਦੇ। ਭਾਈ! ਤੁਸੀਂ ਐ ਦੱਸੋ, ਥੋਡਾ ਸੇਵਾ ਦਾ ਹੱਕ ਨਹੀਂ ਬਣਦਾ? ਤੁਸੀਂ ਢੱਠਿਆਂ ਵਰਗੇ ਆਦਮੀ ਬੈਠੇ ਹੋਂ ਘਰੀਂ, ਥੋਡਾ ਸੇਵਾ ਦਾ ਵੀ ਹੱਕ ਹੈ, ਭਾਈ! ਮਨ, ਤਨ ਅਤੇ ਧਨ ਦੁਆਰਾ ਸੇਵਾ ਕਰੋ, ਤੀਜੇ ਦਿਨ ਨੂੰ ਕੰਮ ਬਣ ਜੂ, ਕੋਈ ਹੋਰ ਕਰ ਜਾਣਗੇ ਤਾਂ ਥੋਡਾ ਕੀ ਬਣੂੰਗਾ। ਜੇ ਕਰਨਾਲ ਜਿਲ੍ਹੇ ਦੇ ਸੇਵਾ ਕਰਨਗੇ ਤਾਂ ਥੋਡਾ ਕੀ ਬਣੂੰਗਾ। ਇਸ ਕਰਕੇ, ਕੁੱਛ ਸੋਚਿਆ ਵੀ ਕਰੋ –

ਧਨ ਜੋਰਨ ਕਉ ਧਾਇਆ॥

ਇਹ ਬੜੇ ਸਿਆਣੇ ਨੇ, ਇਨ੍ਹਾਂ ਨਾਲ ਗੱਲ ਕਰੋਂਗੇ ਤਾਂ ਇਨ੍ਹਾਂ ਨੂੰ

ਪਤਾ ਹੈ ਕਿ ਅਸੀਂ ਤਾਂ ਬੜੇ ਰੁਪੱਈਏ ਕਮਾ ਲਏ ਨੇ। ਇਹ ਸਾਧ ਤਾਂ ਐਵੇਂ ਫਿਰਦਾ ਹੈ। ਇਹ ਗਲਤ ਹਨ। ਤੁਸੀਂ ਸਹੁਰਿਓ ਮਨ ਤਨ ਕਰਕੇ ਸੇਵਾ ਕਰੋ ਜੇ ਕਰਨੀ ਹੈ। ਬੱਸ ਰਾਤ ਦਿਨ ਧਨ ਜੋੜਨ ਨੂੰ ਭੱਜਿਆ ਫਿਰਦਾ ਹੈ, ਕੋਠੀ ਬਣਾ ਲਏਗਾ, ਹੋਰ ਕਰ ਲਵੇਗਾ। ਆਹ ਪਬਲਿਕ ਦਾ ਤੂੰ ਭਲਾ ਕਰ, ਗਰੀਬਾਂ ਨੂੰ ਤਾਂਹਾਂ ਚੱਕ। ਇੱਥੇ ਪਰਸੋਂ ਚੌਥੇ ਮੇਰੇ ਨਾਲ ਗੱਲਾਂ ਕਰਨ ਲੱਗ ਪਏ। ਮੈਂ ਆਖਿਆ, ਉਏ! ਜਿਹੜਾ ਪੰਜ ਚਾਰ ਕਿੱਲੇ ਜਮੀਨ ਤੋਂ ਨੀਵਾਂ ਜਿਮੀਂਦਾਰ ਹੈ, ਇੱਥੇ ਬੈਠੇ ਵੀ ਹੋਣਗੇ, ਉਹਦਾ ਕੋਈ ਹਾਲ ਹੈ? ਉਹਦਾ ਕੋਈ ਗੁਜਾਰਾ ਹੈ ਵਿਚਾਰੇ ਦਾ? ਉਹਦੇ ਨਿਆਣੇ ਨੰਗੇ ਫਿਰਦੇ ਨੇ, ਤੁਸੀਂ ਕਦੇ ਕੱਪੜੇ ਸਿਲਾ ਕੇ ਦਿੱਤੇ ਨੇ? ਸਾਰੇ ਹੀ ਚੁੱਪ ਕਰ ਗਏ। ਮੈਂ ਕਿਹਾ ਕਿ ਤੁਸੀਂ ਆਪਣੇ ਪਿੰਡ ਦੇ ਗਰੀਬਾਂ ਨੂੰ ਹੀ ਉੱਤੇ ਚੱਕ ਦਿੰਦੇ। ਜੇ ਕਿਸੇ ਜੱਟ ਕੋਲ ਜਮੀਨ ਥੋੜ੍ਹੀ ਹੈ ਤਾਂ ਉਸ ਨੂੰ ਬਟਾਈ ਤੇ ਦੇ ਦਿੰਦੇ ਜਾਂ ਕੁੱਛ ਹੋਰ ਕਰਦੇ। ਕੁੱਛ ਤਾਂ ਕਰੋ, ਤੁਸੀਂ ਤਾਂ ਹੋਰ ਹੀ ਕੰਮਾਂ ਵਿੱਚ ਪਏ ਹੋਂ, ਤੁਸੀਂ ਤਾਂ ਭਾਈ! ਗਲਤ ਚੱਲ ਪਏ ਹੋਂ, ਥੋਡਾ ਤਾਂ ਰਸਤਾ ਹੀ ਖਰਾਬ ਹੈ -

ਅੰਤਿ ਸੰਗ ਕਾਹੂ ਨਹੀ ਦੀਨਾ

ਅੰਤ ਨੂੰ ਉਸ ਧਨ ਨੇ, ਥੋਡਾ ਸਾਥ ਨਹੀਂ ਦੇਣਾ। ਮੈਨੂੰ, ਇੱਕ ਆਦਮੀ ਦਸਦਾ ਹੈ ਕਿ ਸ਼ਾਮਗੜ੍ਹ (ਕਰਨਾਲ) ਵਾਲਾ ਸਰਦਾਰ ਜਦੋਂ ਮਰਨ ਲੱਗਿਆ ਤਾਂ ਉਸਦੇ ਤਿੰਨੇ ਲੜਕੇ ਕਹਿਣ ਲੱਗੇ, ਜੀ ਦਸਖ਼ਤ ਕਰੋ, ਦਸਖ਼ਤ ਕਰੋ, ਐਥੇ ਕਰੋ। ਸਰਦਾਰ ਕਹਿਣ ਲੱਗਿਆ ਸਾਲ਼ਿਓ! ਵਿਹਲਾ ਹੋਕੇ ਮਰ ਤਾਂ ਲੈਣ ਦਿਉ। ਉਸਨੇ ਇਵੇਂ ਹੀ ਕਿਹਾ ਕਿ ਵਿਹਲਾ ਹੋਕੇ ਮਰ ਤਾਂ ਲੈਣ ਦਿਉ। ਸੋ ਆਹ ਹਾਲ ਹੈ ਧਨ ਦਾ, ਇਹ ਮਰਨ ਵੀ ਨਹੀਂ ਦਿੰਦਾ। ਜਦ ਤੁਸੀਂ ਮਰੋਂਗੇ, ਆਪਣੇ ਦਿੱਲ ਵਿੱਚ ਸੱਚ ਗੱਲ ਦੇਖ ਲਿਉ, ਥੋਨੂੰ ਐਂ ਹੋਊ ਕਿ ਓਸ ਕੰਧ ਵਿੱਚ ਹੈ ਯਾ ਫਲਾਣੇ ਥਾਂ ਹੈ। ਚਲ! ਐਨੇ ਨੂੰ ਪ੍ਰਾਣ ਨਿੱਕਲ ਜਾਣਗੇ, ਰੱਬ ਵੱਲ ਥੋਡੀ ਰੂਹ ਹੀ ਨਹੀਂ ਜਾਣੀ। ਇਸ ਕਰਕੇ -

ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥

ਧਨ ਨੇ, ਅੰਤ ਨੂੰ ਤੁਹਾਡਾ ਸਾਥ ਨਹੀਂ ਦੇਣਾ, ਬਿਰਥਾ ਹੀ ਤੂੰ ਲੋਭ

ਵਿੱਚ ਬੱਝ ਗਿਆ ਹੈਂ –

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥ (ਪੰਨਾ ੧੪੧੭)

ਲੋਭੀ ਦਾ ਤਾਂ ਕਦੇ ਵਿਸਾਹ ਹੀ ਨਾ ਕਰੋ, ਜਦ ਤੱਕ ਥੋੜਾ ਕੰਮ ਨਾ ਚੱਲ ਜਾਏ। ਖਬਰੈ, ਥੋਨੂੰ ਕਿੱਥੇ ਮਾਰੇ, ਕਿਹੜੇ ਖੂਹ ਵਿੱਚ ਸਿੱਟੇ ਜਾ ਕੇ? ਇਸ ਕਰਕੇ –

ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥

ਤੂੰ ਸਾਰੀ ਉਮਰ ਵਿਅਰਥ ਵਾਸ਼ਨਾ ਦੇ ਸੰਗਲ ਪਾ ਲਏ। ਭਾਈ ਗੁਰਦਾਸ ਜੀ ਕਹਿੰਦੇ–

ਵਾਸਨਾ ਬਧਾ ਆਵੈ ਜਾਇ ॥ (ਭਾਈ ਗੁਰਦਾਸ)

ਵਾਸ਼ਨਾ ਦੇ ਨਾਲ ਜੰਮੇਂਗਾ ਤੇ ਮਰੇਂਗਾ, ਪਰ ਥੋਨੂੰ ਏਸ ਗੱਲ ਦਾ ਪਤਾ ਹੀ ਨਹੀਂ, ਰੋਜ ਪੜ੍ਹਦੇ ਵੀ ਹੋਂ –

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥
(ਪੰਨਾ ੬੩੪)

ਬਿਨਾਂ ਪਰਮੇਸ਼ਰ ਦੇ ਅੰਤ ਨੂੰ ਥੋਡੀ ਰਖਸ਼ਾ ਕਰਨ ਵਾਲਾ ਹੋਰ ਕੋਈ ਹੈ ਹੀ ਨਹੀਂ, ਸਿੱਧੀ ਬਾਤ ਹੈ –

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥

ਨਾ ਤਾਂ ਥੋਨੂੰ ਹਰੀ ਦਾ ਭਜਨ ਮਿਲਿਆ। ਤੁਸੀਂ ਸੱਚ ਦੱਸੋ, ਥੋਡਾ ਮਨ ਜੁੜਿਆ ਹੈ, ਹਰੀ ਦੇ ਨਾਮ ਨਾਲ ਕਦੇ? ਤੇ ਫੇਰ, ਨਾ ਤੁਸੀਂ ਹਰੀ ਭਜਿਆ ਤੇ ਨਾ ਗੁਰੂ ਜਨ ਸੇਵਿਆ, ਨਾ ਹੀ ਕਿਸੇ ਮਹਾਂਪੁਰਸ਼ ਬ੍ਰਹਮ ਗਿਆਨੀ ਦੀ ਸੇਵਾ ਕੀਤੀ। ਤੇਰੇ ਹਿਰਦੇ ਵਿੱਚ ਗਿਆਨ ਹੀ ਨਹੀਂ ਆਇਆ ਆਤਮਾ ਦਾ, ਤੈਨੂੰ ਪ੍ਰਭੂ ਦਾ ਗਿਆਨ ਹੀ ਨਹੀਂ –

ਰਿਦੈ ਗਿਆਨਨ ਨ ਮੁਕਤੀ
ਗਿਆਨਸਤੂ ਕੇਵਲੁੰ ਨਾ ਅਨਿਐ ਪੰਥਾ ਜਗਤੇਨ । (ਵੇਦ)

ਇਹ ਤਾਂ ਵੇਦ ਦਾ ਢੰਢੋਰਾ ਹੈ, ਭਾਈ ! ਗਿਆਨ ਤੋਂ ਬਿਨਾਂ ਕਿਸੇ

ਦੀ ਮੁਕਤੀ ਨਹੀਂ ਹੈ, ਗਿਆਨ ਤੇ ਹੀ ਮੁਕਤੀ ਹੈ –

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ (ਪੰਨਾ ੫੯)

ਗੁਰੂ ਸਾਹਿਬ ਕਹਿੰਦੇ, ਜਾਹ ਉਏ! ਆਪਣੇ ਵੱਡਿਆਂ ਤੋਂ ਪੁੱਛ ਲੈ। ਬ੍ਰਹਮਾ ਨੂੰ ਜਿਹੜਾ ਥੋੜਾ ਬੜਾ ਹੈ ਤੇ ਬੇਦ ਬਿਆਸ ਨੂੰ ਭੀ ਪੁੱਛ ਲਉ। ਕਿਸੇ ਨੂੰ ਗੁਰੂ ਤੋਂ ਬਿਨਾਂ ਗਿਆਨ ਨਹੀਂ ਹੋਇਆ। ਗੁਰੂ, ਕਿਸਨੂੰ ਕਹਿੰਦੇ ਨੇ? ਗੁਰੂ, ਉਸਨੂੰ ਕਹਿੰਦੇ ਨੇ, ਜਿਸਨੂੰ ਪੂਰਨ ਗਿਆਨ ਹੋਵੇ, ਬ੍ਰਹਮ ਗਿਆਨੀ ਨੂੰ ਗੁਰੂ ਕਹਿੰਦੇ ਨੇ –

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥
ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥
ਬ੍ਰਹਮ ਗਿਆਨੀ ਕਾ ਸਗਲ ਅਕਾਰ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥ (ਪੰਨਾ ੨੭੩)

ਉਹ ਗੁਰੂ ਤਾਂ ਸਦਾ ਵਾਸਤੇ ਜੀਅ ਪਿਆ ਤੇ ਉਸ ਗੁਰੂ ਨੂੰ ਤੁਸੀਂ ਮਿਲਣਾ ਸੀ। ਉਹ ਵੀ ਥੋਨੂੰ ਪ੍ਰਾਪਤ ਨਹੀਂ ਹੋਇਆ, ਤਿੰਨੇ ਜਗ੍ਹਾ ਤੁਸੀਂ ਫੇਲ੍ਹ ਹੋ ਗਏ? ਨਾ ਹੀ ਨਾਮ ਪ੍ਰਾਪਤ ਹੋਇਆ, ਨਾ ਕਿਸੇ ਮਹਾਂਪੁਰਸ਼ ਦੀ ਸੇਵਾ ਕੀਤੀ, ਚਲ, ਖੜ੍ਹੀ ਵਾਰੀ ਲੰਘ ਗਈ –

ਘਟਿ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥

ਉਹ ਤੇਰੇ ਹਿਰਦੇ ਵਿੱਚ ਨਿਰਾਕਾਰ ਪਰਮੇਸ਼ਰ ਬੈਠਾ ਹੈ, ਜਿਹੜਾ ਮਨ ਦੀਆਂ ਬਿਰਤੀਆਂ ਨੂੰ ਦੇਖਦਾ ਹੈ। ਤੁਸੀਂ ਆਪਣੀਆਂ ਬਿਰਤੀਆਂ ਨੂੰ ਦੇਖਦੇ ਨਹੀਂ ਹੋਂ? ਕਿ ਅੱਜ ਮੇਰਾ ਆਹ ਖਿਆਲ ਹੈ, ਕਲ੍ਹ ਆਹ ਸੀਗਾ, ਅੱਜ ਮੇਰਾ ਮਨ ਠੀਕ ਨਹੀਂ ਹੈਗਾ। ਇਹ ਕੌਣ ਦਸਦਾ ਹੈ? **'ਦਾਨਾ ਬੀਨਾ'** ਦਸਦਾ ਹੈ, ਉਹ ਦ੍ਰਿਸ਼ਟਾ ਹੈ –

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥

(ਪੰਨਾ ੧੪੪)

ਜਿਹੜਾ ਤੁਹਾਡੇ ਚੰਗੇ ਤੇ ਮਾੜੇ ਕਰਮਾਂ ਨੂੰ ਟਾਈਪ ਕਰਦਾ ਹੈ, ਉਹ ਕੌਣ ਹੈ? ਉਹ **'ਪਾਰਖੁ'** ਆਪ ਹੈ, ਥੋਡੇ ਹਿਰਦੇ ਵਿੱਚ ਪ੍ਰਭੂ ਆਪ ਹੀ ਬੈਠਾ ਹੈ। ਗੁਰੂ ਸਾਹਿਬ ਦਸਦੇ ਹਨ –

ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥

ਉਹ ਤੇਰੇ ਹਿਰਦੇ ਵਿੱਚ ਬੈਠਾ ਹੈ ਤੇ ਤੂੰ ਜੰਗਲ ਵਿੱਚ ਲੱਭਦਾ ਫਿਰਦਾ ਹੈਂ। ਤੇ ਉਹ ਜੰਗਲ ਕੀ ਹੈ? ਵਿਸ਼ੇ-ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ। ਮੈਨੂੰ ਇੱਕ ਗੱਲ ਸੁਣਾਈ ਕਿਸੇ ਨੇ ਕਿ, ਜਿਸ ਦਿਨ ਰਾਮ ਤੀਰਥ ਆਉਣ ਲੱਗਿਆ ਵਲੈਤ ਤੋਂ ਤਾਂ ਉਹ ਕਹਿੰਦਾ, ਕਲ੍ਹ ਨੂੰ ਮੈਂ ਦੋ ਮਿੰਟ ਵਖਿਆਨ ਕਰੂੰਗਾ, ਫੇਰ ਮੈਂ ਹਿੰਦੁਸਤਾਨ ਨੂੰ ਜਾਣਾ ਹੈ। ਬੜੀ ਦੁਨੀਆਂ ਕੱਠੀ ਹੋਈ ਬਈ ਦੋ ਮਿੰਟ ਵਿੱਚ ਕਿਹੜਾ ਵਖਿਆਨ ਕਰਦੂ। ਜਦੋਂ ਸਾਰੇ ਕੱਠੇ ਹੋ ਗਏ ਤਾਂ ਰਾਮ ਤੀਰਥ ਕਹਿੰਦਾ ਕਿ ਆ ਗਏ ਸਾਰੇ? ਹੁਣ ਸੁਣੋ "ਜਿਸ ਪੁਰਸ਼ ਨੂੰ ਸੰਸਾਰ ਦੇ ਵਿਸ਼ੇ ਨਹੀਂ ਹਿਲਾ ਸਕਦੇ, ਉਹ ਸਾਰੇ ਸੰਸਾਰ ਨੂੰ ਹਿਲਾ ਦੂਗਾ। ਜਾਉ ਵੀਚਾਰੋ"। ਕਿੰਨੀ ਉੱਚੀ ਬਾਤ ਹੈ ਕਿ ਜਿਸਦੇ ਮਨ ਨੂੰ ਵਿਸ਼ੇ ਨਹੀਂ ਹਿਲਾ ਸਕਦੇ, ਉਹ ਸਾਰਿਆਂ ਨੂੰ ਹਿਲਾ ਦੇਵੇਗਾ। ਉਹ ਕੌਣ ਹੈ? ਉਹ ਪੂਰਨ ਪੁਰਸ਼ ਹੈ, ਉਸਨੂੰ ਸੰਤ ਕਹਿੰਦੇ ਹਨ, ਮਹਾਂਪੁਰਸ਼ ਕਹਿੰਦੇ ਹਨ, ਮੁਨੀ ਕਹਿੰਦੇ ਹਨ। ਤੁਸੀਂ ਦੇਖਦੇ ਨਹੀਂ ਆਪਣੇ ਮਨ ਦੇ ਅੰਦਰ? ਵਿਸ਼ੇ ਥੋਡੇ ਮਨ ਨੂੰ ਟੱਕਰ ਨਹੀਂ ਮਾਰਦੇ? ਪਰ ਤੁਸੀਂ ਖੁਸ਼ ਹੁੰਦੇ ਹੋਂ, ਜਿੱਧਰ ਨੂੰ ਵਿਸ਼ਾ ਪ੍ਰੇਰਦਾ ਹੈ ਓਧਰ ਨੂੰ ਭੱਜ ਲੈਂਦੇ ਹੋਂ। ਅੱਜ ਉੱਥੇ ਜਾਕੇ ਦੇਖਣਾ ਹੈ ਸਿਨਮਾ। ਬਈ! ਉਥੇ ਜਾਕੇ ਸੁਆਹ ਦੇਖਣਾ ਹੈ? ਵਿੱਚੇ ਈ ਸਿੱਖ ਬੈਠੇ ਹੁੰਦੇ ਨੇ, ਵਿੱਚੇ ਹੀ ਬੀੜੀਆਂ ਵੀ ਪੀਈ ਜਾਂਦੇ ਨੇ। ਇੱਕ ਹੋਰ ਲੈ ਆਂਦੇ ਨੇ ਇਨ੍ਹਾਂ ਪਾਗਲਾਂ ਜਿਹਾਂ ਨੇ, ਕੀ ਕਹਿੰਦੇ ਨੇ ਉਹਨੂੰ? 'ਟੈਲੀਵਿਜਨ'। ਇਹ ਘਰੇ ਹੀ ਲੈ ਆਉਂਦੇ ਨੇ ਕਿ ਸਾਰਾ ਟੱਬਰ ਦੇਖੀ ਜਾਊ। ਮੈਂ ਗਿਆ ਦਿੱਲੀ, ਮੇਰੀ ਕੁਰਸੀ ਡਾਹ ਦਿੱਤੀ ਅਮਰੀਕ ਨੇ ਤੇ ਉਹ ਸ਼ੁਰੂ ਕਰ ਦਿੱਤਾ। ਮੈਂ ਦੇਖਿਆ – ਇੱਕ ਚੋਰ ਜਾਕੇ ਐਂ ਭੱਜ ਜਾਏ ਤੇ ਦੂਜਾ ਐਂ ਕਰੇ। ਮੈਂ ਕਿਹਾ ਉਏ! ਇਹ ਕੀ ਕੀਤਾ ਤੁਸੀਂ? ਅਮਰੀਕ ਕਹਿੰਦਾ,

ਜੀ ਇਸਦੀ ਖਾਤਰ ਤਾਂ ਦੁਨੀਆਂ ਭੱਜੀ ਫਿਰਦੀ ਹੈ। ਮੈਂ ਆਖਿਆ ਜਵਾਕ ਵਿਗਾੜ ਲਉਂਗੇ। ਨਾ ਇਹ ਪੜ੍ਹਨ ਤੇ ਨਾ ਕੋਈ ਚੰਗਾ ਕੰਮ ਕਰਨ, ਰੋਜ ਦੇਖਣਗੇ ਤੇ ਉਹੀ ਸੰਸਕਾਰ ਪੈ ਜਾਣਗੇ, ਉਲਟੇ ਰਸਤੇ ਪੈ ਜਾਣਗੇ। ਮੈਂ ਤਾਂ ਉੱਠ ਕੇ ਚਲਿਆ ਗਿਆ, ਪਰ ਨਿਆਣੇ ਕਿੱਥੇ ਪਿੱਛਾ ਛੱਡਦੇ ਨੇ। ਪਿੰਡਾਂ ਵਿੱਚ ਤਾਂ ਇੱਕ ਦੇ ਘਰ ਹੋਵੇ ਤਾਂ ਅੱਧਾ ਪਿੰਡ ਉੱਥੇ ਹੀ ਆ ਜਾਂਦਾ ਹੈ। ਇਹ ਵੀ ਕੋਈ ਦੇਖਣ ਵਾਲੀ ਚੀਜ ਹੈ? ਤੁਸੀਂ ਤਾਂ ਇਹ ਦੇਖਣਾ ਹੈ ਕਿ ਸਾਡਾ ਮਨ, ਨਾਮ ਨਾਲ ਜੁੜ ਗਿਆ ਹੈ ਕਿ ਨਹੀਂ? ਦੇਖਣਾ ਤਾਂ ਇਹ ਸੀ, ਤੇ ਤੁਸੀਂ ਕੀ ਦੇਖਦੇ ਫਿਰਦੇ ਹੋਂ। ਜਿਹੜੀ ਵਸਤੂ ਨਾਮ ਨੂੰ ਭੁਲਾਉਣ ਵਾਲੀ ਹੈ, ਉਹਦੇ ਤੁਸੀਂ ਆਸ਼ਕ ਹੋ ਗਏ ਹੋਂ –

ਬਹੁਤੁ ਜਨਮ ਭਰਮਤ ਤੈ ਹਾਰਿਓ

ਵਿਸ਼ਿਆਂ ਵਿੱਚ ਲੱਗਕੇ ਤੁਸੀਂ ਬਹੁਤ ਜਨਮ ਭਰਮ ਕੇ ਹਾਰ ਗਏ –

ਅਸਥਿਰ ਮਤਿ ਨਹੀ ਪਾਈ॥

ਤੁਸੀਂ ਉਹ ਬੁੱਧੀ ਨਾ ਪਾਈ ਜਿਹੜੀ ਪਰਮੇਸ਼ਰ ਨਾਲ ਮਿਲ ਕੇ ਅਸਥਿਰ ਹੋ ਜਾਣੀ ਸੀ। ਉਹ ਮਤਿ ਥੋਨੂੰ ਪ੍ਰਾਪਤ ਨਹੀਂ ਹੋਈ –

ਮਾਨਸ ਦੇਹ ਪਾਇ ਪਦ ਹਰਿ ਭਜੁ

ਮਨੁੱਖ ਦੀ ਜੂੰਨੀ ਮਿਲ ਗਈ, ਇਹ ਕਿੰਨਾ ਅੱਛਾ ਹੋਇਆ। ਗੁਰੂ ਜੀ ਕਹਿੰਦੇ, ਹੁਣ ਤੈਨੂੰ ਹਰੀ ਦਾ ਭਜਨ ਕਰਨਾ ਚਾਹੀਦਾ ਹੈ –

ਨਾਨਕ ਬਾਤ ਬਤਾਈ॥

ਮੈਂ ਇਹ ਸ਼ਬਦ ਜੰਗਲ ਵਿੱਚ ਉੱਚੀ-ਉੱਚੀ ਪੜ੍ਹ ਰਿਹਾ ਸੀ। ਸੰਤ ਮੇਹਰ ਸਿੰਘ ਕਿਤੇ ਸੁਣ ਰਿਹਾ ਸੀ, ਜਦ ਮੈਂ ਆਖਿਆ –

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥

ਉਹ, ਸੰਤ ਮੇਹਰ ਸਿੰਘ ਕਹਿੰਦਾ ਕਿ "ਬਹੁਤ ਵਧੀਆ ਬਤਾਈ"। ਫੇਰ ਨਾਨਕ ਦੀ ਬਾਤ ਤਾਂ ਗਲਤ ਹੋ ਹੀ ਨਹੀਂ ਸਕਦੀ। ਮੈਂ ਉਸਨੂੰ

ਪਿੱਛੇ ਖੜ੍ਹੇ ਨੂੰ ਨਹੀਂ ਸੀ ਦੇਖਿਆ। ਇਸ ਲਈ ਭਾਈ! ਇਹ ਜਨਮ ਮਿਲ ਗਿਆ ਹੈ ਤਾਂ ਭਜਨ ਕਰੋ। ਇਹ ਬਾਤ ਗੁਰੂ ਨਾਨਕ ਦੇਵ ਨੇ ਬਤਾਈ ਹੈ। ਹੁਣ ਤੁਸੀਂ ਇਸ ਬਾਤ ਨੂੰ ਧਾਰਨ ਕਰ ਲਵੋਂਗੇ? ਕਿਉਂ ਭਾਈ? (ਜੀ! ਕੋਸ਼ਿਸ਼ ਕਰਾਂਗੇ) ਕੋਸ਼ਿਸ਼ ਦਾ ਕੀ ਕੰਮ ਹੈ ਸਹੁਰਿਉ! ਲੱਕ ਬੰਨ੍ਹ ਕੇ ਲੱਗ ਜਾਉ, ਤੀਏ ਦਿਨ ਨੂੰ ਕੰਮ ਬਣਜੂ –

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।

❑

੧ਓ ਸਤਿਗੁਰ ਪ੍ਰਸਾਦਿ ॥

੧੮

ਧਨਾਸਰੀ ਮਹਲਾ ੫ ॥
ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥
ਮਹਾ ਸੰਤੋਖੁ ਹੋਵੈ ਗੁਰ ਬਚਨੀ
ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ ਰਹਾਉ ॥
ਮਹਾ ਕਲੋਲ ਬੁਝਹਿ ਮਾਇਆ ਕੇ
ਕਰਿ ਕਿਰਪਾ ਮੇਰੇ ਦੀਨ ਦਇਆਲ ॥
ਅਪਣਾ ਨਾਮੁ ਦੇਹਿ ਜਪਿ ਜੀਵਾ
ਪੂਰਨ ਹੋਇ ਦਾਸ ਕੀ ਘਾਲ ॥ ੧ ॥
ਸਰਬ ਮਨੋਰਥ ਰਾਜ ਸੂਖ ਰਸ
ਸਦ ਖੁਸੀਆ ਕੀਰਤਨੁ ਜਪਿ ਨਾਮ ॥
ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ
ਨਾਨਕ ਜਨ ਕੇ ਪੂਰਨ ਕਾਮ ॥ ੨ ॥ (ਪੰਨਾ ੬੮੨-੮੩)

ਸਾਰੀ ਸੰਗਤ ਕਿਰਪਾ, ਦਇਆ ਅਤੇ ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ! ਸਤਿਨਾਮ ਸ੍ਰੀ ਵਾਹਿਗੁਰੂ !! ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੁਆਰਾ ਜੋ ਰੱਬੀ ਹੁਕਮਨਾਮਾ ਆਇਆ ਹੈ, ਉਹਦਾ ਵਿਚਾਰ ਕਰਦੇ ਹਾਂ, ਜਿਵੇਂ ਗੁਰੂ ਕਰਾਏਗਾ। ਚੱਲ ਭਾਈ ਪੜ੍ਹ-

ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥

(ਪੰਨਾ ੩੮੪)

ਇਹ ਤ੍ਰਿਸ਼ਨਾ ਰੂਪੀ ਜੋ ਦਾਵਾ (ਜੰਗਲ ਦੀ) ਅਗਨੀ ਹੈ, ਉਸਨੇ ਜੀਵਾਂ ਦੇ ਅੰਤਹਕਰਣ ਝੁਲਸ ਕੇ ਰੱਖ ਦਿੱਤੇ ਹਨ ਪਰ ਕਈ ਹਰੇ ਬੂਟੇ ਵੀ ਨੇ, ਜਿਨ੍ਹਾਂ ਨੂੰ ਤ੍ਰਿਸ਼ਨਾ ਅਗਨੀ ਛੂਹ ਨਹੀਂ ਸਕਦੀ। ਉਹ ਨੇ ਕਬੀਰ, ਨਾਮਦੇਵ, ਧੰਨਾ, ਹੋਰ ਜਿੰਨੇ ਵੀ ਭਗਤ ਮਹਾਂਪੁਰਸ਼ ਹੁੰਦੇ ਨੇ, ਕਿਉਂਕਿ ਉਨ੍ਹਾਂ ਪਾਸ '**ਨਾਮਿ**' ਹੁੰਦਾ ਹੈ। ਨਾਮ ਨਾਲ ਸਾਰੇ ਰੋਗ, ਆਪਣੇ ਆਪ ਨਵਿਰਤ ਹੋ ਜਾਂਦੇ ਹਨ। ਪਰ ਨਾਮ ਪੂਰਨ ਗੁਰੂ ਦੀ ਕਿਰਪਾ ਤੇ ਪ੍ਰਾਪਤ ਹੁੰਦਾ ਹੈ –

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਪੰਨਾ ੪੬੩)

ਅੱਜ ਉਨ੍ਹਾਂ ਰਾਗੀਆਂ ਨੇ ਪੜ੍ਹਿਆ ਕਿ **ਗੁਹਜ ਨਾਮ ਪਰਗਾਸਿਆ॥**

ਜਦ ਪੂਰੇ ਗੁਰੂ ਦੀ ਕਿਰਪਾ ਹੋ ਜਾਏ ਤਾਂ ਜਿਹੜਾ ਗੁੱਝਾ ਨਾਮ ਹੈ, ਉਸਦਾ ਪ੍ਰਕਾਸ਼ ਹੋ ਜਾਂਦਾ ਹੈ। ਨਿਰਗੁਣ ਪਰਮੇਸ਼ਰ ਨੇ ਆਪ ਸਰਗੁਣ ਹੋ ਕੇ, ਨਾਮ ਵੀ ਉਸਨੇ ਆਪਣਾ, ਆਪ ਹੀ ਰਚਿਆ ਹੈ –

ਨਾਮ ਕੇ ਧਾਰੇ ਖੰਡ ਬ੍ਰਹਮੰਡ॥ (ਪੰਨਾ ੨੮੪)

ਨਾਮ ਕੀ ਚੀਜ ਹੈ, ਜਿਸਨੇ ਖੰਡ ਬ੍ਰਹਮੰਡ ਧਾਰਨ ਕੀਤੇ ਹੋਏ ਨੇ? ਜਿਹੜਾ ਸਭ ਦੀ ਪਾਲਣਾ ਕਰਦਾ ਹੈ ਅਤੇ ਸਾਰਿਆਂ ਦੇ ਹਿਰਦੇ ਵਿੱਚ ਬੈਠਾ ਹੈ –

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥
(ਪੰਨਾ ੧੪੨੭)

ਨਾਮ ਔਰ ਨਾਮੀ ਇੱਕ ਨੇ, ਦੂਸਰੀ ਸ੍ਰਿਸ਼ਟੀ ਹੈ। ਉਹਦੇ ਵਿੱਚ ਵੀ ਨਾਮੀ ਆਪ ਸਾਰਿਆਂ ਦੇ ਹਿਰਦੇ ਵਿੱਚ ਆਸਣ ਲਾ ਕੇ, ਸਾਖਸ਼ੀ ਰੂਪ ਹੋ ਕੇ, ਬੈਠਾ ਹੈ। ਗੁਰੂ ਘਰ ਮੇਂ ਇੱਕੋ ਹੀ ਬਾਤ ਦੱਸੀ ਹੈ –

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ ੩੫੦)

ਮੇਰਾ ਮਾਲਕ ਇੱਕ ਹੈ, ਇੱਕ ਹੈ –

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥ (ਪੰਨਾ ੮੩੮)

ਉਹ ਸਾਰਿਆਂ ਦੇ ਹਿਰਦੇ ਵਿੱਚ ਬੈਠਾ ਹੈ, ਨਿਰਲੇਪ ਹੈ। ਉਹਦਾ ਕੋਈ ਨਾਮ ਰੂਪ ਨਹੀਂ। ਉਸ ਦਾ ਨਾਮ 'ਓਮ' ਹੈ, ਉਪਨਿਸ਼ਦ ਵਿੱਚ ਆਉਂਦਾ ਹੈ। ਪਰ ਬਾਤ ਇਹ ਹੈ ਕਿ ਉਸ 'ਓਮ' ਦਾ ਪ੍ਰਕਾਸ਼ ਕਿਵੇਂ ਹੋਵੇ? ਕਹਿੰਦੇ, ਉਹ ਸਤਿ ਹੈ **੧ੴ ਸਤਿਨਾਮ**। ਇਸ ਲਈ ਉਸਦਾ ਪ੍ਰਕਾਸ਼, ਪੂਰਨ ਗੁਰੂ ਅਤੇ ਪ੍ਰਭੂ ਦੀ ਕਿਰਪਾ ਹੀ ਕਰਦੀ ਹੈ। ਉਹ ਸਾਰਿਆਂ ਦਾ ਅਧਿਸ਼ਠਾਨ ਅਤੇ ਅਧਾਰ ਹੈ, ਸਾਰਿਆਂ ਦਾ ਰਖਸ਼ਕ ਹੈ, ਮਾਲਕ ਹੈ, ਤੇ ਪਾਰਖ ਹੈ। ਨਾਮ-ਨਾਮੀ ਦਾ ਅਭੇਦ ਹੈ। ਗੁਰੂ ਸਾਹਿਬ ਕਹਿੰਦੇ -

ਤ੍ਰਿਸਨਾ ਬੁਝੈ ਹਰਿ ਕੈ ਨਾਮਿ॥

ਇਹ ਤ੍ਰਿਸ਼ਨਾ ਰੂਪੀ ਬਿਮਾਰੀ, ਹੰਕਾਰ ਤੋਂ ਪੈਦਾ ਹੁੰਦੀ ਹੈ। **'ਤ੍ਰਿਸਨਾ'**, ਹੰਕਾਰ ਦੀ ਧੀ ਹੈ। ਇਸ ਲਈ ਹੰਕਾਰ ਦੇ ਨਾਲ ਹੀ ਤ੍ਰਿਸ਼ਨਾ ਵੀ ਹੋ ਜਾਂਦੀ ਹੈ, ਅਤੇ ਹੰਕਾਰ ਦੀ ਨਵਿਰਤੀ ਤੋਂ ਬਿਨਾਂ ਤ੍ਰਿਸ਼ਨਾ ਦੀ ਨਵਿਰਤੀ ਨਹੀਂ ਹੋ ਸਕਦੀ -

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ (ਪੰਨਾ ੪੬੬)

ਇਸ ਦੀ ਇੱਕੋ ਹੀ ਦਵਾਈ ਹੈ -

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥ ਨਾਨਕ ਜੀਅ ਕਾ ਇਹੈ ਅਧਾਰ॥
(ਪੰਨਾ ੨੯੫)

ਪ੍ਰਭੂ ਦਾ ਸਿਮਰਨ ਜਦ ਥੋਡੇ ਅੰਦਰ ਆਏਗਾ, ਤਾਂ ਸੱਚ ਤੁਹਾਡੇ ਅੰਦਰ ਆਪਣੇ ਆਪ ਆ ਜਾਏਗਾ। ਸੱਚ ਦੇ ਪਿੱਛੇ ਸਿਮਰਨ ਨੇ ਚੱਲਣਾ ਹੈ, ਇਹ ਸਾਰੇ ਗਰੰਥਾਂ ਦਾ ਇੱਕ ਨਿਯਮ ਹੈ -

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥ (ਪੰਨਾ ੪੬੮)

ਜਦ ਇਸਦੇ ਪੱਲੇ ਸੱਚ ਹੋਵੇਗਾ ਤਾਂ ਹਿਰਦੇ ਵਿੱਚ ਸਿਮਰਨ ਚੱਲ ਪਏਗਾ–

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥ (ਪੰਨਾ ੨੭੪)

ਹੋਰ ਸਾਰੀਆਂ ਬਿਮਾਰੀਆਂ ਦੀ ਵੀ ਇੱਕੋ ਹੀ ਦਵਾਈ ਹੈ, '**ਨਾਮੁ**'। ਇਹ ਨਾਮ ਹੀ ਅਹੰਕਾਰ ਨੂੰ ਨਵਿਰਤ ਕਰੇਗਾ, ਤੇ ਫੇਰ ਉਸ ਪ੍ਰਭੂ ਦੇ ਨਾਮ ਨਾਲ ਤ੍ਰਿਸ਼ਨਾ ਨਵਿਰਤ ਹੋ ਜਾਊਗੀ –

ਮਹਾ ਸੰਤੋਖੁ ਹੋਵੈ ਗੁਰ ਬਚਨੀ

ਜਦ ਪੂਰੇ ਗੁਰੂ ਦੇ ਬਚਨ, ਪ੍ਰਭੂ ਦੇ ਬਾਬਤ ਇਸਨੇ ਸੁਣੇ ਤਾਂ ਇਸਨੂੰ ਸ਼ਾਂਤੀ ਹੋ ਜਾਏਗੀ। ਜਿੰਨਾਂ ਚਿਰ ਗੁਰੂ ਦਾ ਬਚਨ ਪਰਾਪਤ ਨਹੀਂ ਹੋਇਆ ਤਦ ਤੱਕ '**ਸੰਤੋਖੁ**' ਦੀ ਪ੍ਰਾਪਤੀ ਨਹੀਂ –

ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥
(ਪੰਨਾ ੨੭੬)

ਕਈ ਕਰੋੜ ਲੋਕ ਪ੍ਰਭੂ ਨੂੰ ਖੋਜਣ ਚੱਲੇ, ਪਰ ਆਤਮਾ ਤੋਂ ਬਿਨਾਂ ਕਿਸੇ ਨੂੰ ਵੀ ਪਰਮਾਤਮਾ ਨਾ ਮਿਲਿਆ ਕਿਉਂਕਿ ਆਤਮਾ ਹੀ ਪ੍ਰਮਾਤਮਾ ਹੈ। ਮਹਾਂਵੀਰ ਤੇ ਬੁੱਧ ਥੋੜ੍ਹੇ ਨੇੜੇ ਹੋਏ, ਜੈਸੇ ਕਬੀਰ ਤੇ ਗੁਰੂ ਨਾਨਕ ਵੀ ਥੋੜ੍ਹੇ ਨਜ਼ਦੀਕ ਹੋਏ ਤੇ ਇਨ੍ਹਾਂ ਦਾ ਮੇਲ ਹੋਇਆ। ਬੁੱਧ ਨੂੰ ਕਿਸੇ ਨੇ ਪੁੱਛਿਆ ਕਿ ਤੂੰ ਆਤਮਾ ਨੂੰ ਪਰਮਾਤਮਾ ਕਿਉਂ ਨਹੀਂ ਕਹਿੰਦਾ? ਉਹ ਕਹਿੰਦਾ, 'ਆਤਮਾ–ਪਰਮਾਤਮਾ ਹੈ ਹੀ ਇੱਕ। ਮੈਂ ਇਸਨੂੰ ਦੂਈ ਵਾਰ ਕੀ ਕਹਾਂ ਕਿ ਆਤਮਾ ਹੀ ਪਰਮਾਤਮਾ ਹੈ ਅਤੇ ਮੈਂ ਆਤਮਾ ਤੇ ਜਾ ਕੇ ਠਹਿਰ ਗਿਆ।' ਕਬੀਰ, ਪਾਰਖ ਤੇ ਜਾਕੇ ਠਹਿਰ ਗਿਆ, ਬਿਆਸ ਨੇ ਵਿਆਪਕ ਕਹਿ ਦਿੱਤਾ। ਇਸ ਲਈ ਭਾਈ! ਪੂਰੇ ਗੁਰੂ ਦੇ ਉਪਦੇਸ਼ ਤੋਂ ਥੋਨੂੰ ਸ਼ਾਂਤੀ ਆ ਜਾਏਗੀ ਅਤੇ ਤ੍ਰਿਸ਼ਨਾ ਰੂਪੀ ਅਗਨੀ ਬੁਝ ਜਾਏਗੀ। ਹੰਕਾਰ ਦੀ ਨਵਿਰਤੀ ਹੋ ਜਾਏਗੀ ਤੇ ਸਾਰੇ ਰੋਗ ਚਲੇ ਜਾਣਗੇ। ਪੂਰਨ ਪ੍ਰਭੂ ਦੀ ਪ੍ਰਾਪਤੀ ਹੋ ਜਾਏਗੀ –

ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥

ਪਰਮਾਤਮਾ ਦੇ ਨਾਲ ਥੋਡਾ ਧਿਆਨ ਪੂਰਨ ਹੋ ਜਾਏ, ਰੱਤੀ ਮਾਤਰ ਵੀ ਫਰਕ ਨਾ ਹੋਵੇ। ਪਤੰਜਲ ਨੇ ਧਿਆਨ ਦੀ ਜੋ ਵਿਧੀ ਦੱਸੀ, ਬਿਆਸ ਨੇ ਉਹਦਾ ਖੰਡਨ ਕਰ ਦਿੱਤਾ। ਕਬੀਰ ਨੇ ਅੱਗੇ ਉਸਦਾ ਭੀ ਖੰਡਨ ਕਰ ਦਿੱਤਾ। ਉਹ ਕਹਿੰਦਾ ਕਿ ਜਿਸ ਅੰਗੁਸ਼ਟ ਮਾਤਰ ਦਾ ਧਿਆਨ ਤੂੰ ਦਸਵੇਂ ਦੁਆਰ ਵਿੱਚ ਕਰਦਾ ਹੈਂ, ਉਹ ਚੇਤਨ ਦਾ ਪ੍ਰਤੀਬਿੰਬ ਹੈ, ਉਸਨੂੰ ਦੇਖਣੇ ਜਾਨਣੇ ਵਾਲਾ ਤਾਂ ਪਰਮੇਸ਼ਰ ਆਪ ਹੀ ਹੈ, ਤੇ ਤੂੰ ਅਲੱਗ ਖੜ੍ਹ ਗਿਆ। ਜਿਹੜਾ ਦੇਖਣੇ ਆਲਾ ਦ੍ਰਸ਼ਟਾ ਸੀ, ਉਸ ਵਿੱਚ ਲੀਨ ਹੋਣਾ ਸੀ –

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥

(ਪੰਨਾ ੬੮੪)

ਤੇਰਾ ਭਰਮ ਨਹੀਂ ਦੂਰ ਹੋਇਆ, ਤੂੰ ਪ੍ਰਤੀਬਿੰਬ ਤੇ ਹੀ ਖੜ੍ਹ ਗਿਆ। ਕਬੀਰ ਨੇ ਵੀ ਇਹਦਾ ਖੰਡਨ ਕੀਤਾ, ਬੀਜਕ ਮੇਂ। ਕਹਿੰਦਾ, 'ਜੋਗੀ! ਤੂੰ ਬੜਾ ਉੱਚਾ ਗਿਆ ਪਰ ਪ੍ਰਤੀਬਿੰਬ ਤੇ ਹੀ ਖੜ੍ਹ ਗਿਆ। ਤੂੰ ਪ੍ਰਤੀਬਿੰਬ ਨੂੰ ਹੀ ਪਰਮੇਸ਼ਰ ਮੰਨ ਲਿਆ, ਦੇਖਣ ਆਲੇ ਨੂੰ ਤੈਂ ਜਾਣਿਆ ਹੀ ਨਹੀਂ।' ਇਸ ਲਈ ਜਿੰਨਾਂ ਚਿਰ ਇਹ ਉਸ ਵਿੱਚ ਪੂਰਨ ਧਿਆਨ ਨਹੀਂ ਲਾਉਂਦਾ, ਇਹਨੂੰ ਸ਼ਾਂਤੀ ਨਹੀਂ ਆਏਗੀ। ਉਹ ਤਾਂ ਦੇਖਣੇ ਵਾਲਾ, ਦ੍ਰਸ਼ਟਾ ਹੈ। ਪੂਰੇ ਗੁਰੂ ਨੂੰ ਮਿਲਕੇ ਹੀ ਉਸਦਾ ਪੂਰਨ ਧਿਆਨ ਪ੍ਰਾਪਤ ਹੋ ਸਕਦਾ ਹੈ, ਹੋਰ ਕਿਤੇ ਨਹੀਂ। ਧਿਆਨ ਦੇਖਣਾ ਨਹੀਂ, ਜਾਨਣਾ ਹੈ। ਪਰਮੇਸ਼ਰ ਪਰੀਪੂਰਨ ਹੈ, ਮੇਰੇ ਹਿਰਦੇ ਵਿੱਚ ਵੀ ਉਹੀ ਹੈ, ਗਿਆਤਾ –

ਮਹਾ ਕਲੋਲ ਬੁਝਹਿ ਮਾਇਆ ਕੇ

ਕਰਿ ਕਿਰਪਾ ਮੇਰੇ ਦੀਨ ਦਇਆਲ॥

ਹੇ ਦੀਨਾਂ ਉੱਤੇ ਦਇਆਲ! ਹੇ ਮੇਰੇ ਪਰਮੇਸ਼ਰ! ਉਹ ਜਿਹੜੇ ਮਹਾਂ ਕਲੋਲ ਦਿਨ ਤੇ ਰਾਤ, ਮਨ ਵਿੱਚ ਤੇ ਬਾਹਰ ਭੀ ਕਰਦਾ ਹਾਂ, ਉਹ ਕਦ ਬੁਝਣਗੇ?

ਕਰਿ ਕਿਰਪਾ ਮੇਰੇ ਦੀਨ ਦਇਆਲ॥

ਜਦ ਉਸ ਪ੍ਰਭੂ ਦੀ ਕਿਰਪਾ ਹੋਵੇਗੀ ਤਾਂ ਆਤਮ-ਪ੍ਰਾਪਤੀ ਹੋਵੇਗੀ ਤਾਂ ਇਸਦੀ ਕਲਪਣਾ ਹਟੇਗੀ। ਜਿਹੜਾ ਥੋਡਾ ਮਨ, ਮਹਾਂ ਕਲੋਲ ਕਰਦਾ ਹੈ, ਕਦੇ ਆਹ ਸੋਚਦਾ ਹੈ ਕਦੇ ਉਹ, ਉਹ ਪਰਮੇਸ਼ਰ ਦੀ ਕਿਰਪਾ ਬਿਨਾਂ ਨਹੀਂ ਹਟਣਗੇ। ਇਸ ਲਈ ਨੌਂਵੇਂ ਪਾਤਸ਼ਾਹ ਨੇ ਲਿਖਿਆ ਹੈ ਕਿ ਜਦ ਕਿਰਪਾ ਹੋ ਜਾਏਗੀ ਤਾਂ-

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥

(ਪੰਨਾ ੨੧੯)

ਜਦ ਪ੍ਰਭੂ ਇਸ ਤੇ ਦਿਆਲੂ ਹੋ ਜਾਏਗਾ ਤਾਂ ਇਸਨੂੰ ਸਾਰੀਆਂ ਵਿਧੀਆਂ ਆਪੇ ਹੀ ਬਣ ਜਾਣਗੀਆਂ, ਇਹ ਗਿਆਤਾ ਹੋ ਜਾਏਗਾ। ਜਿੰਨਾ ਚਿਰ ਗੁਰੂ ਦੀ ਕਿਰਪਾ ਨਹੀਂ ਹੋਵੇਗੀ, ਤਦ ਤੱਕ ਮਾਇਆ ਦੇ ਕਲੋਲ ਨਹੀਂ ਬੁਝਣਗੇ। ਕਲਪਣਾ ਨਹੀਂ ਹਟੇਗੀ, ਮਨ ਕਲਪਣਾ ਵਿੱਚ ਹੀ ਰਹੇਗਾ। ਤੁਸੀਂ ਆਪ ਮਨ ਨੂੰ ਦੇਖਿਓ, ਕਿਸੇ ਤੋਂ ਪੁਛਿਓ ਮਤ। ਦੇਖਿਉ ਬਈ ਥੋਡਾ ਮਨ ਕੀ ਕੀ ਕਰਦਾ ਹੈ? ਉਹ ਤੁਸੀਂ ਇਕੱਲੇ ਬਹਿਕੇ ਦੇਖਿਓ। ਜਦ ਤੱਕ ਧੁਰੋਂ ਕਿਰਪਾ ਨਹੀਂ ਹੋਏਗੀ, ਉਹ ਗੁਹਜ ਨਾਮ, ਜਿਹੜਾ ਥੋਡੇ ਅੰਦਰ ਏਕਾ ਬੈਠਾ ਹੈ, ਉਸਦਾ ਪ੍ਰਕਾਸ਼ ਨਹੀਂ ਹੋਵੇਗਾ -

ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ॥

ਤੇਰੀ ਬਾਬਤ ਅਸੀਂ ਕੀ ਕਹੀਏ? ਬੱਸ, ਤੂੰ ਬਖਸ਼ਿਸ਼ ਕਰ ਪ੍ਰਭੂ! ਆਪਣਾ ਨਾਮ ਮੈਨੂੰ ਬਖਸ਼ ਦੇਹ, ਫੇਰ ਮੇਰਾ ਜੀਵਨ ਸ਼ੁੱਧ ਹੋ ਜਾਏਗਾ, ਅਤੇ ਮੈਂ ਵੀ ਜਿਉਂਦਿਆਂ ਵਿੱਚ ਹੋ ਜਾਊਂਗਾ -

ਮਨ ਰੇ ਕਉਨੁ ਕੁਮਤਿ ਤੈ ਲੀਨੀ॥

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥

(ਪੰਨਾ ੬੩੧)

ਤੈਂ ਤਾਂ ਹੁਣ ਤੱਕ ਰਾਮ ਦੀ ਭਗਤੀ ਕੀਤੀ ਹੀ ਨਹੀਂ, ਤੂੰ ਤਾਂ ਇਨ੍ਹਾਂ ਰਸਾਂ ਵਿੱਚ ਭੱਜਿਆ ਫਿਰਦਾ ਹੈਂ, ਤੇਰੀ ਤਾਂ ਮਤਿ ਸੂਤ ਨਹੀਂ ਆਈ, '**ਕੁਮਤਿ**' ਹੈ।

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥

(ਪੰਨਾ ੬੩੧)

ਤੂੰ, ਨਾਮ ਜੋ ਮੁਕਤੀ ਦਾ ਰਸਤਾ ਹੈ, ਉਸਨੂੰ ਨਹੀਂ ਜਾਣਿਆ। ਉਹ ਤੈਨੂੰ ਪ੍ਰਾਪਤ ਨਹੀਂ ਹੋਇਆ, ਉਸ ਨਾਮ ਨਾਲ ਤੇਰਾ ਮਨ ਨਹੀਂ ਮਿਲਿਆ –

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਨਾਮੁ ਸੰਗੀ ਸੋ ਮਨਿ ਨ ਬਸਾਇਓ॥ ਛੋਡਿ ਜਾਹਿ ਵਾਹੂ ਚਿਤੁ ਲਾਇਓ॥ (ਪੰਨਾ ੭੧੫)

ਜਿਸਦਾ ਨਾਮ ਨਾਲ ਮਨ ਮਿਲ ਜਾਏਗਾ, ਉਹ ਪਰਮੇਸ਼ਰ ਨੂੰ ਜਾਣ ਲਏਗਾ। ਇਸ ਕਰਕੇ –

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥ (ਪੰਨਾ ੬੩੧–੩੨)

ਸਾਰੀ ਉਮਰ ਤੂੰ ਧਨ ਜੋੜਦਾ ਰਿਹਾ ਪਰ ਇਸਨੇ ਅੰਤ ਨੂੰ ਤੇਰਾ ਸਾਥ ਨਹੀਂ ਦੇਣਾ। ਜਿਹੜਾ ਧਨ ਤੂੰ ਇਕੱਠਾ ਕਰਦਾ ਰਿਹਾ ਹੈਂ, ਉਹ ਤੈਨੂੰ ਧੋਖਾ ਦੇ ਦੇਜੂਗਾ–

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥

(ਪੰਨਾ ੬੩੪)

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥

(ਪੰਨਾ ੬੩੨)

ਨਾ ਹੀ ਤੈਂ ਹਰੀ ਦਾ ਭਜਨ ਕੀਤਾ ਕਿਉਂਕਿ ਮਨ ਤੇਰਾ ਨਾਮ ਨਾਲ ਜੁੜਿਆ ਹੀ ਨਹੀਂ ਸੀ। ਇੱਕ ਸੰਤ ਸੀਗਾ। ਉਹ ਮੁਸਲਮਾਨਾਂ ਨੂੰ ਕਹਿੰਦਾ ਹੁੰਦਾ ਸੀ ਕਿ ਤੁਸੀਂ ਬਿਸਮਿੱਲਾ ਕਹਿੰਦੇ ਹੋਂ? ਉਹਦਾ ਅਰਥ ਤਾਂ ਹੈ ਕਿ ਸਾਰੇ ਵਿਸ਼ਵ ਵਿੱਚ ਅੱਲਾ ਹੈ। ਉਨ੍ਹਾਂ ਨੇ ਕਿਹਾ ਕਿ ਹਾਂ, ਅਰਥ ਤਾਂ ਇਹੀ ਹੈ। ਸੰਤ ਕਹਿੰਦਾ ਕਿ ਫਿਰ ਜੀਵਾਂ ਦੇ ਗਲੇ ਤੇ ਛੁਰੀ ਕਿਉਂ ਧਰਦੇ ਹੋਂ? ਰੋਜ ਸਵੇਰੇ ਨਾਲੇ ਤਾਂ ਬਿਸਮਿੱਲਾ, ਬਿਸਮਿੱਲਾ ਕਰਦੇ ਹੋਂ, ਫੇਰ ਉਸਦਾ ਹੀ ਬੁਰਾ ਕਰਦੇ ਹੋਂ। ਉਹ ਫੱਕੜ ਜਿਹਾ ਸਾਧ ਸੀ। ਮੈਂ ਆਖਿਆ, ਬਈ ਸਾਧ ਕਹਿੰਦਾ ਬੜਾ ਸੋਹਣਾ ਹੈ। ਇਨ੍ਹਾਂ ਗੱਲਾਂ ਨਾਲ ਕੁੱਛ ਨਹੀਂ ਬਣਨਾ, ਜਿਹੜੀਆਂ ਤੁਸੀਂ ਕਰਦੇ ਹੋਂ। ਜੇ ਤੁਸੀਂ ਕਹੋਂ ਕਿ ਇਨ੍ਹਾਂ ਗੱਲਾਂ ਨਾਲ ਤੁਹਾਡਾ ਰਸਤਾ ਸਾਫ ਹੋ ਜਾਏਗਾ ਤਾਂ ਕਦੇ ਨਹੀਂ ਹੋਏਗਾ –

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥ (ਪੰਨਾ ੬੩੨)

ਤੇਰੇ ਹਿਰਦੇ ਵਿੱਚ ਨਿਰਾਕਾਰ ਪਰਮੇਸ਼ਰ ਬੈਠਾ ਹੈ ਤੇ ਤੂੰ ਸੰਸਾਰ ਰੂਪੀ, ਵਿਸ਼ਿਆਂ ਰੂਪੀ ਜੰਗਲ ਵਿੱਚ ਵੜਿਆ ਫਿਰਦਾ ਹੈਂ। ਤੂੰ ਤਾਂ ਵਿਸ਼ਿਆਂ ਵਿੱਚ ਭੱਜਿਆ ਫਿਰਦਾ ਹੈਂ –

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥
(ਪੰਨਾ ੬੩੨)

ਤੂੰ ਬੜੇ ਜਨਮਾਂ ਵਿੱਚ ਫਿਰ-ਫਿਰ ਕੇ ਆਇਆ ਹੈਂ ਤੇ ਗਾਹਾਂ ਨੂੰ ਫਿਰਨ ਦੀ ਤਿਆਰੀ ਕਰਦਾ ਹੈਂ। ਪਰ ਤੈਂ ਉਹ ਸ਼੍ਰੇਸ਼ਟ ਬੁੱਧੀ ਨਹੀਂ ਪਾਈ, ਜਿਹੜੀ ਬੁੱਧੀ ਨੇ ਪਰਮੇਸ਼ਰ ਨਾਲ ਮਿਲਾਉਣਾ ਸੀ। ਬ੍ਰਹਮਾਕਾਰ ਬਿਰਤੀ, ਅਖੰਡਾਕਾਰ, ਉਹ ਤੈਨੂੰ ਹੁਣ ਤੱਕ ਨਹੀਂ ਮਿਲੀ –

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥(ਪੰਨਾ ੬੩੨)

ਨੌਵੇਂ ਪਾਤਸ਼ਾਹ ਕਹਿੰਦੇ – ਸਾਨੂੰ ਇਹ ਬਾਤ ਗੁਰੂ ਨਾਨਕ ਨੇ

ਬਤਾਈ ਹੈ, ਬਈ ਜੇ ਮਨੁੱਖਾ ਸਰੀਰ ਨੂੰ ਧਾਰਨ ਕਰ ਲਿਆ ਤਾਂ ਪਰਮੇਸ਼ਰ ਦੇ ਚਰਨਾਂ ਦਾ ਧਿਆਨ ਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰ, ਤਾਂ ਤੇਰਾ ਉਧਾਰ ਹੋਏਗਾ। ਹੋਰ ਕੋਈ ਉਪਾਅ ਨਹੀਂ ਹੈ –

ਆਪਣਾ ਨਾਮੁ ਦੇਹਿ ਜਪਿ ਜੀਵਾ

ਹੇ ਪ੍ਰਭੂ! ਜੇ ਤੂੰ ਆਪਣਾ '**ਨਾਮੁ**' ਮੈਨੂੰ ਦੇ ਦੇਵੇਂ ਤਾਂ ਮੈਂ ਵੀ ਜਿਉਂਦਿਆਂ ਵਿੱਚ ਹੋ ਜਾਵਾਂ। ਇਹ ਬਖਸ਼ਿਸ਼ ਦੀਆਂ ਚੀਜਾਂ ਹਨ। ਮੈਂ ਮਰਿਆ ਹੋਇਆ ਵੀ, ਨਾਮ ਨੂੰ ਜਪਕੇ ਮੁੜ ਕੇ ਜੀ ਪਵਾਂ–

ਪੂਰਨ ਹੋਇ ਦਾਸ ਕੀ ਘਾਲ॥

ਮੈਂ ਆਪ ਦਾ ਦਾਸ ਹਾਂ, ਮੇਰੀ ਜਿਹੜੀ ਘਾਲ ਹੈ, ਕਮਾਈ ਹੈ, ਉਹ ਆਪ ਦੀ ਕਿਰਪਾ ਨਾਲ ਪੂਰੀ ਹੋ ਜਾਏ ਤੇ ਆਪ ਮੈਨੂੰ ਨਾਮ ਬਖਸ਼ ਦਿਉ –

ਸਰਬ ਮਨੋਰਥ ਰਾਜ ਸੂਖ ਰਸ

ਜਿੰਨੇ ਵੀ ਤੇਰੇ ਮਨ ਦੇ ਮਨੋਰਥ ਹਨ ਉਹ ਪੂਰੇ ਹੋ ਜਾਣਗੇ, ਤੈਨੂੰ ਰਾਜ ਮਿਲ ਜਾਏਗਾ। ਸਾਰੇ ਸੁੱਖ ਤੇ ਰਸ ਜੋ ਚਾਹੁੰਦਾ ਹੈਂ ਮਿਲ ਜਾਣਗੇ ਤੇ ਫੇਰ ਤੈਨੂੰ ਕੀ ਕਰਨਾ ਪਊ?

ਸਦ ਖੁਸੀਆ ਕੀਰਤਨੁ ਜਪਿ ਨਾਮ॥

ਤਾਂ ਤੂੰ ਪਰਮੇਸ਼ਰ ਦਾ ਇੱਕ ਰਸ '**ਕੀਰਤਨੁ**' ਕਰ, ਉਸਦਾ ਹੀ ਨਾਮ ਜਪ। ਜਿਨ੍ਹਾਂ ਪਿੱਛੇ ਅੱਜ ਤੂੰ ਭੱਜਦਾ ਹੈਂ ਫੇਰ ਇਹ ਸਾਰੇ ਤੇਰੇ ਪਿੱਛੇ ਭੱਜੇ ਫਿਰਨਗੇ। ਪਰ ਤੂੰ ਤਾਂ ਏਧਰ ਚਲਦਾ ਹੀ ਨਹੀਂ, ਸ਼ੈਤਾਨੀਆਂ ਕਰਦਾ ਹੈਂ। ਅੱਜ ਕੱਲ੍ਹ ਤਾਂ ਦੁਨੀਆਂ ਹੀ ਸ਼ੈਤਾਨ ਹੋ ਗਈ ਹੈ। ਫੇਰ, ਕੋਈ ਫਾਇਦਾ ਤਾਂ ਨਹੀਂ ਹੋਇਆ। ਏਸ ਕਰਕੇ, ਤੂੰ ਨਾਮ ਜਪਿਆ ਕਰ ਅਤੇ ਕੀਰਤਨ ਕਰਿਆ ਕਰ, ਕੀਰਤਨ ਸੁਣਿਆ ਕਰ।

ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ
ਨਾਨਕ ਜਨ ਕੇ ਪੂਰਨ ਕਾਮ॥

ਜਿਸਦੇ ਕਰਮ ਪਰਮੇਸ਼ਰ ਲਿਖ ਦੇਵੇ, ਬਖਸ਼ਿਸ਼ ਕਰ ਦੇਵੇ, ਉਸਦੇ

ਪੂਰਨ ਭਾਗ ਹੁੰਦੇ ਹਨ। ਤੁਲਸੀ ਦਾਸ ਜੀ ਨੇ ਇੱਕ ਥਾਂ ਲਿਖਿਆ ਹੈ।

ਪੁੰਨ ਪੁੰਜ ਬਿਨ ਮਿਲੇ ਨਾ ਸੰਤਾ ।
ਸਤਸੰਗਤ ਸੰਸਕ੍ਰਿਤੀ ਕਾ ਹੰਤਾ । (ਰਾਮਾਇਣ)

ਜਦ ਸੰਤ ਦਾ ਪ੍ਰਸੰਗ ਆਇਆ ਤਾਂ ਤੁਲਸੀ ਦਾਸ ਨੂੰ ਪੁੱਛਿਆ ਕਿ ਉਹ ਪ੍ਰਭੂ ਕੈਸੇ ਪ੍ਰਾਪਤ ਹੋਵੇ? ਉਨ੍ਹਾਂ ਕਿਹਾ ਸੰਤਾਂ ਦੁਆਰੇ। ਫੇਰ ਪੁੱਛਿਆ ਕਿ ਸੰਤ ਕੈਸੇ ਪ੍ਰਾਪਤ ਹੋਵੇ, ਤਾਂ ਕਹਿੰਦੇ –

ਪੁਨੰਯ ਪੁੰਜ ਬਿਨੁ ਮਿਲਹਿ ਨ ਸੰਤਾ। (ਰਾਮਾਇਣ)

ਜਦ ਥੋਡੇ ਸਾਰੇ ਸ਼ੁੱਭ ਕਰਮਾਂ ਦਾ ਪੁੰਨ ਇਕੱਠਾ ਹੋ ਜਾਏਗਾ, ਨਿਸ਼ਕਾਮ ਕਰਮਾਂ ਦਾ ਪੁੰਨ, ਤਾਂ ਥੋਨੂੰ ਸੰਤ ਮਿਲ ਜਾਏਗਾ। ਉਹ ਸੰਤ ਕੀ ਕਰੇਗਾ? ਥੋਡੇ ਸੰਸਾਰ ਦਾ ਅੰਤ ਕਰ ਦੇਵੇਗਾ, ਤੁਹਾਡਾ ਸੰਸਾਰ ਮੁੱਕ ਜਾਊਗਾ। ਫਿਰ ਸੰਤ ਐਵੇਂ ਨਹੀਂ ਮਿਲਦਾ, ਕਿਰਪਾ ਤੇ ਮਿਲਦਾ ਹੈ। ਗੁਰੂ ਜੀ ਫੁਰਮਾਉਂਦੇ ਹਨ –

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥
(ਪੰਨਾ ੧੩੮੮)

ਕਿ ਪ੍ਰਭੂ ਦੀ ਕਿਰਪਾ ਨਾਲ ਫੇਰ ਤੁਸੀਂ ਵੀ ਸੰਤ ਬਣ ਜਾਉਂਗੇ –

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥
(ਪੰਨਾ ੨੯੩)

ਸੰਤ ਗੁਰੂ ਰਾਮਦਾਸ ਦੀ ਕਿਰਪਾ ਤੇ ਮੈਂ ਆਪਣੇ ਅੰਦਰ ਪਰਮੇਸ਼ਰ ਦੇਖ ਲਿਆ। ਹੁਣ ਮੈਨੂੰ ਪ੍ਰਭੂ, ਗੁਰੂ ਦੀ ਕਿਰਪਾ ਨਾਲ ਕਦੇ ਨਹੀਂ ਭੁਲਦਾ, ਹਮੇਸ਼ਾ ਯਾਦ ਰੱਖਦਾ ਹਾਂ, ਸਿਮਰਨ ਕਰਦਾ ਹਾਂ, ਮੇਰਾ ਹੁਣ ਉਧਾਰ ਹੋ ਗਿਆ, ਕਹਿੰਦੇ ਹਨ, ਗੁਰੂ ਅਰਜਨ ਦੇਵ ਜੀ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ❑